# ਭਾਸ਼ਾ ਵਿਗਿਆਨ :

## ਭਾਸ਼ਾਈ ਪੱਧਰ ਤੇ ਸੰਚਾਰ ਮਾਡਲ

Linguistics : Lingual Levels and Communicative Models

ਡਾ. ਪਰਮਜੀਤ ਸਿੰਘ

ਭਾਸ਼ਾ ਵਿਗਿਆਨ : ਭਾਸ਼ਾਈ ਪੱਧਰ ਤੇ ਸੰਚਾਰ ਮਾਡਲ

Linguistics : Lingual Levels and Communicative Models

3

# ਭਾਸ਼ਾ ਵਿਗਿਆਨ : ਭਾਸ਼ਾਈ ਪੱਧਰ ਤੇ ਸੰਚਾਰ ਮਾਡਲ

Linguistics : Lingual Levels and Communicative Models

ਡਾ. ਪਰਮਜੀਤ ਸਿੰਘ

ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ
ਜਲੰਧਰ।

Linguistics : Lingual Levels
and
Communicative Models
by
Dr. Paramjit Singh

ISBN : 81-902267-5-4

© ਸਭ ਹੱਕ ਰਾਖਵੇਂ ਹਨ।

ਪਹਿਲੀ ਵਾਰ – 2005

ਮੁੱਲ – 150–00

**Published By :**
Sunder Book Depot
Mai Hiran Gate, Jalandhar.
Ph : 2213184

***Type Setting & Printed By :***
R.K. Computers & Printers
Mitha Bazar, Jalandhar. Ph.· 0181-5001497, (M) 98724-40521

ਸਮਰਪਿਤ

ਮੇਰੇ ਰਹਿਬਰ ਡਾ. ਆਤਮਜੀਤ ਸਿੰਘ ਜੀ
(ਵਿਜ਼ਟਿੰਗ ਪ੍ਰੋ. ਬਰਕਲੇ ਯੂਨੀਵਰਸਿਟੀ ਅਮਰੀਕਾ ) ਨੂੰ
ਤੇ ਨੰਨੇ ਮੁੰਨੇ ਅਮਨ ਤੇ ਹਰਮਨ ਨੂੰ
ਜੋ ਇਸ ਉਦਮ ਲਈ ਪਰੇਰਨਾ ਸਰੋਤ ਬਣੇ

# ਭੂਮਿਕਾ

ਪਿਛਲੇ ਕੁਝ ਦਹਾਕਿਆਂ ਵਿਚ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਵੱਖ-ਵੱਖ ਦਿਸ਼ਾਵਾਂ ਵਿਚ ਬਹੁਤ ਤਰੱਕੀ ਹੋਈ ਹੈ। ਇਸ ਉੱਨਤੀ ਦੀ ਰਫ਼ਤਾਰ ਇੰਨੀ ਤੇਜ ਹੈ ਕਿ ਸਾਧਾਰਨ ਭਾਸ਼ਾ ਵਿਗਿਆਨੀ ਲਈ ਇਸ ਦੇ ਨਾਲ ਚੱਲਣਾ ਔਖਾ ਹੋ ਗਿਆ ਹੈ। ਭਾਸ਼ਾ ਵਿਗਿਆਨ ਸੰਬੰਧੀ ਬਹੁਤਾ ਸਾਹਿਤ ਉੱਨਤ ਭਾਸ਼ਾਵਾਂ ਵਿੱਚ ਲਿਖਿਆ ਗਿਆ ਹੈ। ਜਿਹਨਾਂ ਤੱਕ ਸਾਡੀ ਪਹੁੰਚ ਅੰਗਰੇਜ਼ੀ ਭਾਸ਼ਾ ਰਾਹੀਂ ਹੀ ਹੈ। ਭਾਵੇਂ ਸੰਸਕ੍ਰਿਤ ਭਾਸ਼ਾ ਵਿਚ ਤਾਂ ਇਸ ਬਾਰੇ ਬਹੁਤ ਕੁਛ ਲਿਖਿਆ ਗਿਆ ਹੈ ਪਰ ਆਧੁਨਿਕ ਭਾਸ਼ਾਵਾਂ ਵਿਚ ਇਸ ਬਾਰੇ ਨਾ ਮਾਤਰ ਸਾਹਿਤ ਹੀ ਰਚਿਆ ਗਿਆ ਹੈ। ਇਸ ਦਾ ਘਾਟ ਦੇ ਕਈ ਕਾਰਨ ਹੋ ਸਕਦੇ ਹਨ। ਸਾਡੀਆਂ ਜਿਹਨਾਂ ਭਾਸ਼ਾਵਾਂ ਨੇ ਭਾਸ਼ਾ ਵਿਗਿਆਨ ਦਾ ਨਾਂ ਕੁਝ ਦਹਾਕਿਆਂ ਤੋਂ ਹੀ ਸੁਣਿਆ ਹੈ, ਪੰਜਾਬੀ ਉਹਨਾਂ ਵਿਚੋਂ ਇਕ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾਂ ਭਾਸ਼ਾ ਵਿਗਿਆਨ ਦਾ ਵਿਸ਼ਾ ਐਮ.ਏ. ਕੋਰਸ ਵਿਚ ਲਾਇਆ ਗਿਆ। ਇਸ ਕੋਰਸ ਵਿਚ ਦੋ ਹੀ ਪੱਖ ਭਾਰੂ ਹੁੰਦੇ ਸਨ, ਇਕ ਗੁਰਮੁਖੀ ਲਿਪੀ ਬਾਰੇ ਜਾਣ-ਪਛਾਣ ਅਤੇ ਦੂਜਾ ਅਧਿਆਇ ਭਾਸ਼ਾ ਪਰਿਵਾਰ ਤੇ ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ। ਸਾਡਾ ਭਾਸ਼ਾ ਵਿਗਿਆਨ ਬਹੁਤ ਦੇਰ ਤਕ ਇਥੇ ਹੀ ਸੀਮਿਤ ਰਿਹਾ। ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਭਾਸ਼ਾ ਵਿਗਿਆਨ ਵਿਭਾਗ ਸਥਾਪਿਤ ਹੋਣ ਨਾਲ ਭਾਸ਼ਾ ਵਿਗਿਆਨ ਦੀ ਐਮ.ਏ.ਸ਼ੁਰੂ ਕੀਤੀ ਗਈ। ਪਰ ਕਿਉਂਕਿ ਇਸ ਦਾ ਮਾਧਿਅਮ ਅੰਗਰੇਜ਼ੀ ਸੀ ਇਸ ਕਰਕੇ ਵਿਦਿਆਰਥੀ ਅਤੇ ਅਧਿਆਪਕ ਅੰਗਰੇਜ਼ੀ ਪੁਸਤਕਾਂ ਨਾਲ ਹੀ ਆਪਣਾ ਕੰਮ ਸਾਰਦੇ ਸਨ। ਇਸਦੇ ਨਾਲ-ਨਾਲ ਐਮ.ਏ. ਪੰਜਾਬੀ ਵਿਚ ਵੀ ਭਾਸ਼ਾ ਵਿਗਿਆਨ ਦਾ ਇਕ ਪਰਚਾ ਸ਼ੁਰੂ ਕੀਤਾ ਗਿਆ। ਭਾਵੇਂ ਇਸ ਵਿਚ ਭਾਸ਼ਾ ਵਿਗਿਆਨ ਨਾ ਮਾਤਰ ਹੀ ਹੁੰਦਾ ਸੀ ਪਰ ਤਾਂ ਵੀ ਭਾਸ਼ਾ ਵਿਗਿਆਨ ਸੰਬੰਧੀ ਪੰਜਾਬੀ ਵਿਚ ਲਿਖੀਆਂ ਪੁਸਤਕਾਂ ਦੀ ਲੋੜ ਮਹਿਸੂਸ ਹੋਈ ਅਤੇ ਜ਼ਰੂਰੀ ਹੋ ਗਈ। ਪਿਛਲੇ ਦਸਾਂ ਸਾਲਾਂ ਵਿਚ ਭਾਸ਼ਾ ਵਿਗਿਆਨ ਵਿਸ਼ੇ 'ਤੇ ਕੁਝ ਪੁਸਤਕਾਂ ਪੰਜਾਬੀ ਵਿਚ ਲਿਖੀਆਂ ਵੀ ਗਈਆਂ। ਪਰ ਇਹਨਾਂ 'ਚੋਂ ਕਿਸੇ ਵੀ ਪੁਸਤਕ ਵਿਚ ਭਾਸ਼ਾ ਵਿਗਿਆਨ ਦੀ ਪੂਰੀ ਤਸਵੀਰ ਨਜ਼ਰ ਨਹੀਂ ਆਉਂਦੀ। ਪਰ ਹੁਣ ਜਦ ਕਿ ਭਾਸ਼ਾ ਵਿਗਿਆਨ ਦੀ ਐਮ.ਏ. ਤੇ ਐਮ.ਫਿਲ ਨੂੰ ਵੀ ਪੰਜਾਬੀ ਮਾਧਿਅਮ ਦੀ ਮਾਨਤਾ ਮਿਲ ਗਈ ਹੈ ਤਾਂ ਪੰਜਾਬੀ ਵਿਚ ਰਚੀਆਂ ਭਾਸ਼ਾ ਵਿਗਿਆਨ ਦੀਆਂ ਪੁਸਤਕਾਂ ਦੀ ਕਮੀ ਹੋਰ ਵੀ ਮਹਿਸੂਸ ਹੋਣ ਲੱਗ ਪਈ ਹੈ। ਪੰਜਾਬੀ ਭਾਸ਼ਾ ਦੀ ਉਨਤੀ ਲਈ ਕੰਮ ਕਰ ਰਹੇ ਸਰਕਾਰੀ, ਨੀਮ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰੇ ਅਵੇਸਲੇ ਹੀ ਜਾਪਦੇ ਹਨ। ਅਜਿਹੀ ਕਮੀ ਨੂੰ ਮਹਿਸੂਸ ਕਰਦਿਆਂ ਇਹ ਇਕ ਨਿਮਾਣਾ ਜਿਹਾ ਯਤਨ ਹੈ।

ਹਥਲੀ ਪੁਸਤਕ ਵਿਚ ਭਾਸ਼ਾ ਦੇ ਸਾਰੇ ਪੱਧਰ ਜਿਵੇਂ ਧੁਨੀ ਵਿਗਿਆਨ, ਰੂਪ ਵਿਗਿਆਨ, ਵਾਕ ਵਿਗਿਆਨ ਤੇ ਅਰਥ ਵਿਗਿਆਨ ਨੂੰ ਵਿਸਤਾਰ ਸਾਹਿਤ ਸਮਝਿਆ ਗਿਆ ਹੈ। ਧੁਨੀ ਵਿਗਿਆਨ ਦੀ ਪਰਿਭਾਸ਼ਾ, ਕਿਸਮਾਂ ਤੇ ਧੁਨੀਆਂ ਦੀ ਵੰਡ ਆਸਾਨ ਤਰੀਕੇ ਨਾਲ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਸਮਝਣ ਵਿਚ ਸੌਖ ਰਹੇ। ਰੂਪ ਵਿਗਿਆਨ ਡਾ. ਪਰਮਜੀਤ ਸਿੰਘ ਦਾ ਮੁੱਖ ਵਿਸ਼ਾ ਹੈ ਇਸ ਪੱਧਰ ਨੂੰ ਵਿਸਤਾਰਨ ਵਿਚ ਉਨ੍ਹਾਂ ਦੀ ਸਾਰਥਕਤਾ ਨੂੰ ਸੌਖੀਆਂ ਉਦਾਹਰਣਾਂ ਨਾਲ ਸਮਝਿਆ ਸਮਝਾਇਆ ਗਿਆ ਹੈ। ਵਾਕ ਵਿਗਿਆਨ ਤੇ ਅਰਥ ਵਿਗਿਆਨ ਭਾਸ਼ਾ ਵਿਗਿਆਨ ਦੇ ਦੋ ਅਹਿਮ ਪੱਧਰ ਹਨ। ਜਿਹਨਾਂ ਪੱਧਰਾਂ ਨਾਲ ਭਾਸ਼ਾਈ ਕਾਰਜ ਆਪਣੇ ਕਾਰਜ ਆਪਣੇ ਸਿਖਰ ਨੂੰ

ਪੁਹੰਚਦਾ ਹੈ। ਵਾਕ ਦੀ ਪਰਿਭਾਸ਼ਾ ਰੂਪ ਤੇ ਕਾਰਜ ਦੇ ਆਧਾਰ ਤੇ ਉਹਨਾਂ ਦੀ ਵੰਡ ਬੜੀ ਆਸਾਨ ਤੇ ਢੁਕਵੀਆਂ ਮਿਸਾਲਾਂ ਨਾਲ ਦੇ ਕੇ ਵਾਕ ਨੂੰ ਵਿਸਤਾਰਨ ਦਾ ਯਤਨ ਕੀਤਾ ਗਿਆ ਹੈ।

ਅਰਥ ਵਿਗਿਆਨ ਲੇਖ ਵਿਚ ਭਾਰਤੀ ਅਰਥ ਸੰਪਰਦਾਇ ਅਤੇ ਪੱਛਮੀ ਅਰਥ ਸੰਪਰਦਾਇ, ਦੋਨਾਂ ਦੇ ਹੀ ਦਿਰਿਸ਼ਟੀਕੋਣ ਤੋਂ ਅਰਥ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਭਾਸ਼ਾ ਦਾ ਮੁਖ ਕਾਰਜ ਅਰਥ ਸੰਚਾਰ ਕਰਨਾ ਹੁੰਦਾ ਹੈ ਇਸ ਕਰਕੇ ਇਸ ਲੇਖ ਵਿਚ ਡਾ. ਸਾਹਿਬ ਨੇ ਆਪਣੀ ਗਹਿਮ ਵਿਦਿਆ ਦਾ ਪਰਗਟਾਵਾ ਕੀਤਾ ਹੈ। ਅਗਲੇ ਲੇਖਾਂ 'ਚ ਜਿਵੇਂ ਪਰਵਚਨ ਦਾ ਪੱਧਰ, ਜੋ ਵਾਕ ਤੋਂ ਵਡੇਰੀ ਇਕਾਈ ਦੀ ਭਾਸ਼ਕ ਸੰਰਚਨਾ ਵਜੋਂ ਸਾਰਥਕਤਾ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ। ਸ਼ੈਲੀ ਵਿਗਿਆਨ ਦੀ ਪਰਿਭਾਸ਼ਾ, ਸ਼ੈਲੀ ਵਿਗਿਆਨ ਦੀ ਇਕ ਆਲੋਚਨਾ ਵਿਧੀ ਵਜੋਂ ਸਾਰਥਕਤਾ ਤੇ ਰਚਨਾ ਨੂੰ ਸਮਝਣ ਸਮਝਾਉਣ ਵਿਚ ਸ਼ੈਲੀ ਵਿਗਿਆਨ ਦੀ ਸਾਰਥਕਤਾ ਆਦਿ ਇਸ ਲੇਖ ਵਿਚ ਅਹਿਮ ਨੁਕਤੇ ਹਨ। ਸ਼ੈਲੀ ਵਿਗਿਆਨ ਵਿਚ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਮਾਡਲ ਵਿਚ ਦਿੱਤੇ ਸਾਰੇ ਮਾਡਲ ਦੂਜੇ ਲੇਖ ਵਿਚ ਵਿਸਤਾਰੇ ਗਏ ਹਨ। ਕਵਿਤਾ ਤੇ ਵਾਰਤਕ ਦੋਨਾਂ ਨੂੰ ਵੱਖ-ਵੱਖ ਮਾਡਲਾਂ ਦੁਆਰਾ ਹੀ ਵਿਆਖਿਆਇਆ ਜਾ ਸਕਦਾ ਹੈ ਇਕੋ ਨਾਲ ਨਹੀਂ। ਅਗਲੇ ਲੇਖਾਂ ਵਿਚ ਸਮਾਜ ਭਾਸ਼ਾ ਵਿਗਿਆਨ, ਕੋਸ਼ਕਾਰੀ ਸ਼ਬਦ ਜੋੜਾਂ ਦਾ ਮਿਆਰੀਕਰਨ ਤੇ ਦੁਭਾਸ਼ਿਕਤਾ, ਜਿਹਨਾਂ ਦਾ ਭਾਸ਼ਾ ਵਿਗਿਆਨ ਨਾਲ ਗੂੜ੍ਹਾ ਸੰਬੰਧ ਹੈ ਆਦਿ ਬੜੇ ਅਹਿਮ ਲੇਖ ਹਨ। ਕੁਲ ਮਿਲਾ ਕੇ ਇਹ ਪੁਸਤਕ ਭਾਸ਼ਾ ਦੇ ਮੰਚ ਪੱਧਰਾਂ ਨੂੰ ਆਪਣੇ ਵਿਚ ਸਮਾਉਣ ਦੀ ਸਾਰਥਕਤਾ ਰੱਖਦੀ ਹੈ। ਵਿਦਿਆਰਥੀਆਂ ਤੇ ਅਧਿਆਪਕਾਂ ਲਈ ਇਹ ਪੁਸਤਕ ਲਾਹੇਵੰਦ ਸਿੱਧ ਹੋਵੇਗੀ।

— ਪ੍ਰਿੰ. ਸਰਵਣ ਸਿੰਘ ਅੱਬੋਵਾਲ
ਹੁਸ਼ਿਆਰਪੁਰ।

# ਕੁਝ ਆਪਣੇ ਵੱਲੋਂ

ਪਿਛਲੇ ਕੁਝ ਦਹਾਕਿਆਂ ਤੋਂ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਕਾਫੀ ਉੱਨਤੀ ਹੋਈ ਹੈ ਪਰ ਪੰਜਾਬੀ ਵਿਚ ਇਸ ਵਿਸ਼ੇ ਨਾਲ ਜ਼ਿਆਦਾ ਪੁਸਤਕਾਂ ਨਹੀਂ ਮਿਲਦੀਆਂ ਜੋ ਮਿਲਦੀਆਂ ਵੀ ਹਨ ਉਹ ਭਾਸ਼ਾ ਵਿਗਿਆਨ ਦੇ ਸਾਰੇ ਪੱਧਰਾਂ ਨੂੰ ਰੂਪਮਾਨ ਨਹੀਂ ਕਰਦੀਆਂ। ਇਹ ਪੁਸਤਕ ਇਸ ਪੱਖੋਂ ਨਿਵੇਕਲੀ ਹੈ। ਭਾਸ਼ਾ ਵਿਗਿਆਨ ਦੇ ਸਾਰੇ ਪੱਧਰ ਧੁਨੀ ਤੋਂ ਲੈ ਕੇ ਅਰਥ ਪੱਧਰ ਤੇ ਪਰਵਚਨ ਪੱਧਰ ਤਕ ਤੇ ਸਮਾਜ ਭਾਸ਼ਾ ਵਿਗਿਆਨ, ਕੋਸ਼ਕਾਰੀ, ਦੁਭਾਸ਼ਿਕਤਾ ਵਰਗੇ ਅਹਿਮ ਵਿਸ਼ਿਆਂ ਨੂੰ ਸਰਲ ਰੂਪ ਵਿਚ ਦਰਿਸ਼ਟੀਗੋਚਰ ਕਰਦੀ ਹੈ। ਬਹੁਤ ਸਾਰੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਤੇ ਸਾਡੀ ਲੰਮੀ ਘਾਲਣਾਂ ਤੋਂ ਬਾਅਦ ਹੀ ਇਹ ਆਪਣੇ ਵਜੂਦ ਨੂੰ ਪਹੁੰਚੀ ਹੈ। ਜਿਨਾਂ ਮਿੱਤਰਾਂ ਨੇ ਵਿਦਵਤਾ ਪੂਰਨ ਸਲਾਹ ਮਸ਼ਵਰੇ ਅਤੇ ਵਿੱਤੀ ਮਦਦ ਕੀਤੀ ਡਾ. ਕੰਵਲਜੀਤ ਕੌਰ, ਮਾਸਟਰ ਚੰਦਰ ਕੁਮਾਰ, ਮਾਸਟਰ ਕੁਲਦੀਪ ਸਿੰਘ, ਮਾਸਟਰ ਰਾਜ ਕੁਮਾਰ, ਹੈੱਡ ਮਾਸਟਰ ਨਰਿੰਦਰ ਕੁਮਾਰ ਸੈਣੀ, ਪਾਲ ਹੋਠੀ (ਕੈਨੇਡਾ ਨਿਵਾਸੀ) ਤੇ ਪ੍ਰੋ. ਸਾਹਿਬ ਸਿੰਘ ਅਦਿ ਦੇ ਅਸੀਂ ਵਿਸ਼ੇਸ਼ ਰਿਣੀ ਹਾਂ। ਅਸੀਂ ਆਸ ਕਰਦੇ ਹਾਂ ਕਿ ਇਹ ਪੁਸਤਕ ਵਿਦਿਆਰਥੀਆਂ ਤੇ ਵਿਦਵਾਨਾਂ ਲਈ ਪਾਠ ਬਣੇ —

- ਪਰਮਜੀਤ ਸਿੰਘ (ਡਾ.)

- ਮੰਗਤ ਰਾਮ (ਡਾ.)

# ਤਤਕਰਾ


1. ਧੁਨੀ ਵਿਗਿਆਨਕ ਪੱਧਰ — ਡਾ. ਪਰਮਜੀਤ ਸਿੰਘ 11
(ਪਰਿਭਾਸ਼ਾ, ਪਰਕਾਰ, ਸ਼ਾਖਾਵਾਂ, ਵਰਗੀਕਰਨ)
Phonetics:- Definition, Types & Classification

2. ਰੂਪ ਵਿਗਿਆਨਕ ਪੱਧਰ — ਡਾ. ਪਰਮਜੀਤ ਸਿੰਘ 26
(ਪਰਕਿਰਤੀ, ਸਰੂਪ, ਪਰਿਭਾਸ਼ਾ, ਸ਼ਰੇਣੀਆਂ, ਕਿਸਮਾਂ, ਦਿਸ਼ਾਵਾਂ)
Morphology:- Nature, form and Definition, Catagories, Types and Directions

3. ਵਾਕ ਵਿਗਿਆਨਕ ਪੱਧਰ — ਡਾ. ਪਰਮਜੀਤ ਸਿੰਘ 46
(ਮੁਢਲੀ ਜਾਣ ਪਛਾਣ ਅਤੇ ਪੰਜਾਬੀ ਵਾਕ ਬਣਤਰ)
Synactic Level :- An Introduction and Punjabi synactic strcture

4. ਅਰਥ ਵਿਗਿਆਨਕ ਪੱਧਰ — ਡਾ. ਪਰਮਜੀਤ ਸਿੰਘ 59
(Smantic Level)

5. ਪਰਵਚਨ ਪੱਧਰ — ਡਾ. ਮੰਗਤ ਰਾਮ 65
Discourse Level

6. ਸ਼ੈਲੀ ਵਿਗਿਆਨ–ਜਾਣ ਪਛਾਣ — ਡਾ. ਮੰਗਤ ਰਾਮ 68
Stylistics : An INtrodution

7. ਸ਼ੈਲੀ ਵਿਗਿਆਨ–ਵਿਭਿੰਨ ਮਾਡਲ — ਡਾ. ਮੰਗਤ ਰਾਮ 80
Stylistics : Different Models

8. ਸਮਾਜ ਭਾਸ਼ਾ ਵਿਗਿਆਨਕ ਤੇ ਭਾਸ਼ਾਈ ਪੱਧਰ — ਡਾ. ਪਰਮਜੀਤ ਸਿੰਘ 104
Socio-Linguistic and Lingual Levels

9. ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਮਹੱਤਵ ਤੇ ਸ਼ਬਦ ਭੰਡਾਰ — ਡਾ. ਪਰਮਜੀਤ ਸਿੰਘ 117
Spelling Structure of Punjabi Language and its importance and treasure of words

10. ਦੋਭਾਸ਼ਿਕਤਾ — ਡਾ. ਪਰਮਜੀਤ ਸਿੰਘ 124
Diaglosia

11. ਨੋਮ ਚਾਮਸਕੀ – ਰੂਪਾਂਤਰੀ ਵਿਆਕਰਨ — ਡਾ. ਪਰਮਜੀਤ ਸਿੰਘ 129
Noam Choumesky : Transformational Grammer

12. ਕੋਸ਼ਕਾਰੀ ਤੇ ਪੰਜਾਬੀ ਕੋਸ਼ਕਾਰੀ — ਡਾ. ਮੰਗਤ ਰਾਮ 134
Dictionary Making & Punjabi dictionary Making

13. ਪੁਸਤਕ ਸੂਚੀ 140

# ਧੁਨੀ ਵਿਗਿਆਨਕ ਪੱਧਰ :

## ਪਰਿਭਾਸ਼ਾ, ਪਰਕਾਰ/ਸਾਖਾਵਾਂ, ਧੁਨੀਆਂ ਦਾ ਵਰਗੀਕਰਨ

## Phonetics : Definitions, types classfication of sounds

ਭਾਸ਼ਾ ਵਿਗਿਆਨ ਵਿਚ ਧੁਨੀ ਵਿਗਿਆਨ ਦਾ ਮਹੱਤਵਪੂਰਨ ਸਥਾਨ ਹੈ। ਮਨੁੱਖ ਦੇ ਮੂੰਹ ਤੋਂ ਨਿਕਲੀਆਂ ਧੁਨੀਆਂ ਦਾ ਵਿਸਤਰਿਤ ਅਧਿਐਨ ਧੁਨੀ-ਵਿਗਿਆਨ ਦੇ ਅੰਤਰਗਤ ਆਉਂਦਾ ਹੈ। ਕੰਨ ਰਾਹੀਂ ਸੁਣਾਈ ਦੇਣੇ ਵਾਲੇ ਕਿਸੇ ਵੀ ਸ਼ਬਦ ਨੂੰ ਧੁਨੀ ਕਹਿੰਦੇ ਹਨ। ਭਾਸ਼ਾ ਵਿਗਿਆਨ ਦੇ ਅੰਤਰਗੱਤ ਭਾਸ਼ਾ ਨਾਲ ਸੰਬੰਧਿਤ ਸ਼ਬਦ ਨੂੰ ਧੁਨੀ ਕਹਿੰਦੇ ਹਨ। ਧੁਨੀ ਪੱਧਰ ਤੇ ਛੋਟੀ ਤੋਂ ਛੋਟੀ ਇਕਾਈ ਫੋਨੀਮ (Phoneme) ਹੁੰਦੀ ਹੈ, ਉਵੇਂ ਹੀ ਰੂਪ ਪੱਧਰ ਤੇ ਛੋਟੀ ਤੋਂ ਛੋਟੀ ਭਾਵਪੂਰਤ ਇਕਾਈ ਨੂੰ ਮਾਰਫੀਮ (Morpheme) ਜਾਂ ਰੂਪਗ੍ਰਾਮ ਕਿਹਾ ਜਾਂਦਾ ਹੈ। ਫੋਨੀਮ ਤੇ ਮਾਰਫੀਮ (phoneme and morpheme) ਵਿਚ ਅੰਤਰ ਸਪਸ਼ਟ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਕ ਮਾਰਫੀਮ ਵਿਚ ਇਕ ਤੋਂ ਵੱਧ ਫੋਨੀਮ ਹੋ ਸਕਦੇ ਹਨ, ਪਰ ਜ਼ਰੂਰੀ ਨਹੀਂ ਕਿ ਮਾਰਫੀਮ ਦੀ ਗਿਣਤੀ ਫੋਨੀਮਾਂ ਦੀ ਗਿਣਤੀ ਦੇ ਬਰਾਬਰ ਜਾਂ ਉਹਨਾਂ ਉੱਪਰ ਅਧਾਰਿਤ ਹੋਵੇ। ਮਿਸਾਲ ਵਜੋਂ 'ਮਮਤਾ' ਸ਼ਬਦ ਵਿਚ ਪੰਜ ਫੋਨੀਮ, ਮ, ਅ, ਮ, ਤ, ਆ ਹਨ ਪਰ ਮਾਰਫੀਮ ਕੇਵਲ ਮਮ+ਅ+ਤਾ ਹਨ। ਧੁਨੀਆਂ ਦੇ ਆਪਸੀ ਕਾਰਜ ਅਤੇ ਵਤੀਰੇ ਨੂੰ ਫਨੋਲੋਜੀ (phonology) ਦਾ ਨਾਂ ਦਿੱਤਾ ਜਾਂਦਾ ਹੈ। ਔਲਗਾ ਅਖਮੋਨਵਾ 1971 (Olga akhmavova) ਨੇ ਆਪਣੀ ਪੁਸਤਕ 'ਫਾਨੋਲੋਜੀ ਮਾਰਫਨੋਲੋਜੀ ਮਾਰਫੋਲੋਜੀ (Phonology Morphonology Morphology) ਵਿਚ ਫਾਨੋਲੋਜੀ ਸੰਬੰਧੀ ਕਿਹਾ ਹੈ ਕਿ :

> "ਸਾਰਥਕ ਧੁਨੀ ਵਿਗਿਆਨ ਉਸ ਵਿਗਿਆਨ ਦੀ ਤਰ੍ਹਾਂ ਹੈ ਜੋ
> ਆਵਾਜ਼ਾਂ ਨੂੰ ਚਿਹਨ-ਵਿਗਿਆਨਕ ਪਰਸੰਗ ਵਿਚ ਰੱਖ ਕੇ ਵੇਖਦਾ ਹੈ।"[1]

### ਧੁਨੀ ਵਿਗਿਆਨ : ਪਰਿਭਾਸ਼ਾ

ਪੰਜਾਬੀ ਦਾ ਆਧੁਨਿਕ ਸਰੂਪ ਕਈ ਪੜਾਵਾਂ ਵਿਚੋਂ ਗੁਜ਼ਰ ਕੇ ਹੋਂਦ ਵਿਚ ਆਇਆ ਹੈ। ਜਿਥੇ ਸੰਸਕ੍ਰਿਤ ਭਾਸ਼ਾ ਤੋਂ ਪ੍ਰਾਕ੍ਰਿਤਾਂ ਅਤੇ ਫਿਰ ਅਪਭ੍ਰੰਸ਼ਾਂ ਵਿਚ ਧੁਨੀਆਤਮਕ ਪਰਿਵਰਤਨ ਹੋਇਆ ਉਥੇ ਆਧੁਨਿਕ ਪੰਜਾਬੀ ਵਿਚ ਵੀ ਇਸ ਪਰਿਵਰਤਨ ਦਾ ਸਿਲਸਿਲਾ ਜਾਰੀ ਰਿਹਾ। ਨਾਥਾਂ ਜੋਗੀਆਂ ਦੀ ਸਾਧ ਭਾਸ਼ਾ ਤੋਂ ਲੈ ਕੇ ਫਰੀਦ, ਗੁਰੂਆਂ, ਕਿੱਸਾਕਾਰਾਂ ਤੱਕ ਮਹੱਤਵਪੂਰਨ ਦੌਰ ਆਏ ਹਨ ਜਿਹਨਾਂ ਵਿਚ ਪੰਜਾਬੀ ਭਾਸ਼ਾ ਦੀ ਧੁਨੀ-ਵਿਉਂਤ ਉੱਪਰ ਲਗਾਤਾਰ ਪਰਭਾਵ ਪੈਂਦਾ ਰਿਹਾ। ਸੰਸਕ੍ਰਿਤ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਤੋਂ ਨਵੇਕਲਾ ਰੂਪ ਸਥਾਪਿਤ ਕਰਕੇ ਪੰਜਾਬੀ ਪਹਿਲਾਂ ਫਾਰਸੀ ਅਤੇ ਫਿਰ ਅੰਗਰੇਜ਼ੀ ਭਾਸ਼ਾ ਵਿਚ ਘਿਰੀ ਰਹੀ। ਅੱਜ ਕੱਲ੍ਹ ਅੰਗਰੇਜ਼ੀ ਅਤੇ ਹਿੰਦੀ ਦਾ ਬੋਲਬਾਲਾ ਹੈ ਜੋ ਇਸ ਦੇ ਧੁਨੀ ਜਗਤ ਤੇ ਲਗਾਤਾਰ ਅਸਰ ਅੰਦਾਜ਼ ਹੋ ਰਿਹਾ ਹੈ।

ਧੁਨੀ ਦੇ ਅਧਿਐਨ ਤੇ ਸੰਬੰਧ ਸ਼ਾਸਤਰ ਜਾਂ ਵਿਗਿਆਨ ਲਈ ਅੰਗਰੇਜ਼ੀ ਵਿਚ ਆਮ ਤੌਰ ਤੇ ਫੋਨੋਟਿਕਸ (phonetics) ਤੇ ਫਾਨੋਲੋਜੀ (phonogly) ਸ਼ਬਦ ਵਰਤੇ ਜਾਂਦੇ ਹਨ। ਇਹਨਾਂ ਦੋਹਾਂ ਸ਼ਬਦਾਂ ਦਾ ਸੰਬੰਧ ਯੂਨਾਨੀ ਸ਼ਬਦ (ਫੋਨ) ਨਾਲ ਹੈ, ਜਿਸ ਦਾ ਅਰਥ 'ਧੁਨੀ' ਹੈ। ਟਿਕਸ (tics) ਤੇ ਲਾਜੀ (logy)

1. "Phonology as the science of semiological relevance of speech sounds" Olga Akhmanova, Phonology Morphonology Morphology, 1971, P-9.

ਪਰਯੋਗ ਦੇ ਲਿਹਾਜ ਨਾਲ 'ਵਿਗਿਆਨ' (science) ਦੇ ਸਮਾਨਾਰਥੀ ਹੈ। ਇਸ ਪਰਕਾਰ ਦੋਵੇਂ ਇਕ ਪਰਕਾਰ ਤੋਂ ਧੁਨੀ ਦੇ ਵਿਗਿਆਨ ਹੀ ਹਨ, ਪਰ ਪਰਯੋਗ ਦੀ ਦਰਿਸ਼ਟੀ ਤੋਂ ਇਹਨਾਂ ਵਿਚ ਬਰੀਕ ਜਿਹਾ ਅੰਤਰ ਹੈ। ਮਿਸਾਲ ਵਜੋਂ ਫੋਨੋਟਿਕਸ ਵਿਚ ਧੁਨੀ ਦੀ ਪਰਿਭਾਸ਼ਾ ਭਾਸ਼ਾਧਵਨੀ, ਧੁਨੀਆਂ ਦੇ ਉਤਪੰਨ ਕਰਨ ਦੇ ਢੰਗ, ਧੁਨੀਆਂ ਦਾ ਵਰਗੀਕਰਨ (ਧੁਨੀ ਵੰਡ) ਅਤੇ ਉਹਨਾਂ ਦਾ ਸਰੂਪ, ਉਹਨਾਂ ਦੀਆਂ ਲਹਿਰਾਂ ਦਾ ਕਿਸੇ ਦੇ ਮੂੰਹੋਂ ਚਲਕੇ ਕਿਸੇ ਦੇ ਕੰਨ ਤੱਕ ਪੁੱਜਣ ਜਾਂ ਸੁਣਿਆ ਜਾਣਾ ਅਤੇ ਉਹਨਾਂ ਵਿਚਕਾਰ ਆਦਿ ਗੱਲਾਂ ਉੱਪਰ ਵਿਚਾਰ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਭਾਸ਼ਾ-ਵਿਸ਼ੇਸ਼ ਦੀਆਂ ਧੁਨੀਆਂ, ਉਹਨਾਂ ਦਾ ਉਚਾਰਣ ਤੇ ਵੰਡ ਆਦਿ ਵੀ ਏਸੇ ਦੇ ਅੰਤਰਗਤ ਆਉਂਦੇ ਹਨ। 'ਫਾਨੋਲੋਜੀ' ਵਿਚ ਭਾਸ਼ਾ ਵਿਸ਼ੇਸ਼ ਦੀਆਂ ਧੁਨੀਆਂ ਦੇ ਪਰਯੋਗ ਵੰਡਣਾ, ਇਤਿਹਾਸ ਤੇ ਪਰਿਵਰਤਨ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਕੁਝ ਭਾਸ਼ਾ ਵਿਗਿਆਨੀ 'ਫੋਨੋਟਿਕਸ' ਤੇ 'ਫਾਨੋਲੋਜੀ' ਨੂੰ ਸਮਅਰਥ ਦੇ ਰੂਪ ਵਿਚ ਵੀ ਵਰਤਦੇ ਹਨ ਭਾਵੇਂ ਅੱਜ ਕੱਲ੍ਹ ਐਸਾ ਨਹੀਂ ਹੋ ਰਿਹਾ ਹੈ। ਸੰਸਕ੍ਰਿਤ ਧੁਨੀ ਵਿਗਿਆਨ ਦਾ ਪੁਰਾਣਾ ਨਾਮ ਸਿਖਿਆ ਸ਼ਾਸਤਰ 'ਸ਼ਿਕਸ਼ਾ ਸਾਸ਼ਤਰ' ਸੀ। ਹਿੰਦੀ ਅਤੇ ਪੰਜਾਬੀ ਵਿਚ ਇਸ ਪਰਸੰਗ ਵਿਚ 'ਫੋਨੋਟਿਕਸ ਲਈ ਧੁਨੀ ਤੱਤ, ਧੁਨੀ ਸਿਖਿਆ, ਧੁਨੀ ਵਿਕਾਰ, ਧੁਨੀ ਵਿਗਿਆਨ, ਧੁਨੀ ਸ਼ਾਸਤਰ, ਵਰਣ ਵਿਗਿਆਨ ਆਦਿ ਸ਼ਬਦ ਵਰਤੇ ਜਾਂਦੇ ਹਨ। 'ਫਾਨੋਲੋਜੀ' ਲਈ ਧੁਨੀ ਵਿਕਾਰ, ਵਰਣ ਵਿਚਾਰ, ਧੁਨੀ ਵਿਚਾਰ, ਧੁਨੀ ਲੋਚਨ, ਧੁਨੀ ਵਿਗਿਆਨ, ਧੁਨੀ ਜਾਤ, ਧੁਨੀ ਪਰਕਿਰਿਆ ਵਿਗਿਆਨ ਆਦਿ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ। ਇਕਰੂਪਤਾ ਦੀ ਦਰਿਸ਼ਟੀ ਤੋਂ ਫੋਨੋਟਿਕਸ ਲਈ ਧੁਨੀ ਵਿਗਿਆਨ ਜਾਂ ਧੁਨੀ ਸਾਸ਼ਤਰ ਅਤੇ 'ਫਾਨੋਲੋਜੀ' ਲਈ 'ਧੁਨੀ ਪਰਕਿਰਿਆ' ਜਾਂ ਧੁਨੀ ਪਰਕਿਰਿਆ ਵਿਗਿਆਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਇੰਝ ਜਦ ਦੋਹਾਂ ਵਿਚ ਸਪਸ਼ਟ ਸਰਬ-ਸੰਮਤ ਭੇਦ ਨਹੀਂ ਹੈ, ਤਦ ਦੋਹਾਂ ਲਈ 'ਧੁਨੀ ਵਿਗਿਆਨ' ਨਾਮ ਵੀ ਅਵਿਗਿਆਨਕ ਨਹੀਂ ਕਿਹਾ ਜਾ ਸਕਦਾ। ਪੀਟਰ 1975 (Peter Ladefoged) ਨੇ ਆਪਣੀ ਪੁਸਤਕ 'ਏ ਕੋਰਸ ਇਨ ਫੋਨੋਟਿਕਸ' (A course in phonetics) ਵਿਚ ਧੁਨੀ ਵਿਗਿਆਨ ਸੰਬੰਧੀ ਕਿਹਾ ਹੈ ਕਿ:

> "ਧੁਨੀ ਵਿਗਿਆਨ ਦਾ ਸੰਬੰਧ ਸੰਸਾਰ ਵਿਚਲੀਆਂ ਭਾਸ਼ਾਵਾਂ ਤੋਂ ਪੈਦਾ ਹੋਈਆਂ ਧੁਨੀਆਂ ਨਾਲ ਹੁੰਦਾ ਹੈ। ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਇਹ ਧੁਨੀਆਂ ਕਿਸ ਪੈਟਰਨ ਵਿਚ ਪੈਦਾ ਹੁੰਦੀਆਂ ਹਨ ਅਤੇ ਵੱਖ ਵੱਖ ਹਾਲਤਾਂ ਵਿੱਚ ਕਿਵੇਂ ਬਦਲਦੀਆਂ ਹਨ। ਜ਼ਿਆਦਾ ਮਹੱਤਵਪੂਰਨ ਇਹ ਜਾਣਨਾ ਹੈ ਕਿ ਧੁਨੀਆਂ ਦੇ ਕਿਹੜੇ ਪੱਖ ਲੋੜੀਂਦੇ ਹਨ ਜਿਹੜੇ ਕਿ ਸੁਨੇਹੇ ਦਾ ਅਰਥ ਸੰਚਾਰ ਕਰਦੇ ਹਨ ਜਾਂ ਇਸ ਪੱਧਰ ਤੇ ਧੁਨੀ ਵਿਗਿਆਨੀ ਦਾ ਪ੍ਰਥਮ ਪਰਕਾਰਜ ਇਹ ਦੱਸਣਾ ਹੁੰਦਾ ਹੈ ਕਿ ਲੋਕ/ਮਨੁੱਖ ਜਦੋਂ ਗੱਲਾਂ ਕਰਦੇ ਹਨ ਤਾਂ ਕੀ ਕਰਦੇ ਹਨ ਜਾਂ ਜਦੋਂ ਉਹ ਗੱਲਾਂ ਸੁਣ ਰਹੇ ਹੁੰਦੇ ਹਨ ਤਾਂ ਕੀ ਮਹਿਸੂਸ ਕਰਦੇ ਹਨ।"[2]

ਜਾਨ ਲਾਇਲਜ਼-1971 (John Lyons) ਨੇ ਆਪਣੀ ਪੁਸਤਕ "ਇਨਟ੍ਰੋਡਕਸ਼ਨ ਟੂ ਥਿਊਰੇਟੀਕਲ ਲਿੰਗੁਇਸਟਿਕਸ" (Introduction to theoretical Linguistics) ਵਿਚ ਧੁਨੀ ਵਿਗਿਆਨ ਸੰਬੰਧੀ ਇੰਝ ਸੁਝਾਅ ਦਿੱਦਾ ਹੈ ਕਿ,

2. "Phonetics is concerned with describing the speech sounds that occur in the languages of the world. We want to know these sounds are, how they fall into patterns and how they change in different circumstances. Most importantly, we want to know what aspects of the sounds are necessary for conveying them eaning of what is being said, the first job of a phonetician is therefore trying to find out what people are doing when they are talking and when they are listening to speech."
Peter Ladefoged, A Course inPhonetics. 1925, P 1.

> "ਧੁਨੀ ਵਿਗਿਆਨ ਦੀ ਬੁਨਿਆਦੀ ਸਮੱਗਰੀ ਧੁਨੀ ਹੈ ਜਿਹੜੀ ਕਿ ਪਰਮੁੱਖ ਤੌਰ ਤੇ ਭਾਸ਼ਾਵਾਦੀ ਹੁੰਦੀ ਹੈ ਅਤੇ ਇਹ ਇਕ ਮਾਨਵੀ ਉਚਾਰਨ-ਅੰਗਾਂ ਦੁਆਰਾ ਉਤਪਤ ਅਜਿਹੀ ਇਕਾਈ ਹੈ, ਜਿਹੜੀ ਕਿ ਸੰਗਠਿਤ ਰੂਪ ਵਿਚ ਵਿਚਰ ਕੇ ਵੀ ਨਿਖੜਵੇਂ ਰੂਪ ਵਿਚ ਪਹਿਚਾਣੀ ਜਾ ਸਕਦੀ ਹੈ ਅਤੇ ਭਾਸ਼ਾ ਧੁਨੀ ਅਖਵਾਉਂਦੀ ਹੈ।"[3]

ਹਿੰਦੀ ਦੇ ਸੁਪਰਸਿੱਧ ਭਾਸ਼ਾ ਵਿਗਿਆਨੀ ਭੋਲਾ ਨਾਥ ਤਿਵਾੜੀ ਨੇ ਆਪਣੀ ਪੁਸਤਕ 'ਭਾਸ਼ਾ ਵਿਗਿਆਨ' ਵਿਚ ਧੁਨੀ ਸੰਬੰਧੀ ਕਿਹਾ ਹੈ ਕਿ,

> "ਭਾਸ਼ਾ ਧੁਨੀ ਅਜਿਹੀ ਆਵਾਜ਼ ਹੈ ਜਿਹੜੀ ਮਨੁੱਖੀ ਕੰਠ ਤੋਂ, ਖਾਸ ਥਾਂ ਤੋਂ ਖਾਸ ਮਤਲਬ ਲਈ ਉਚਰਦੀ ਹੈ ਤੇ ਸ੍ਰੋਤਾ ਉਸ ਨੂੰ ਗਰਹਿਣ ਕਰਦਾ ਹੈ। ਇਹ ਉਚਾਰਣ ਅਤੇ ਸ੍ਰਵਣ ਪੱਖੋਂ ਸੁਤੰਤਰ ਹੁੰਦੀ ਹੈ।"[4]

ਭਾਸ਼ਾ ਦੇ ਵਿਭਿੰਨ ਪੱਧਰਾਂ ਦੀ ਪਹਿਚਾਣ ਕਰਨ ਲਈ ਭਾਸ਼ਾ ਨੂੰ ਇਕ ਸਿਸਟਮ ਵਜੋਂ ਵੇਖਿਆ ਜਾਂਦਾ ਹੈ। ਭਾਸ਼ਾ ਇਕ ਸਿਸਟਮ ਹੈ, ਜਿਸ ਵਿਚ ਕਈ ਇਕਾਈਆਂ ਕਾਰਜਸ਼ੀਲ ਹੁੰਦੀਆਂ ਹਨ। ਧੁਨੀ ਪੱਧਰ ਤੋਂ ਲੈ ਕੇ ਅਰਥ ਪੱਧਰ ਤੱਕ ਇਹ ਇਕਾਈਆਂ ਜਿਵੇਂ ਰੂਪਗ੍ਰਾਮ, ਵਾਕੰਸ਼, ਉਪਵਾਕ, ਵਾਕ ਆਦਿ ਭਾਸ਼ਾ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਇਹ ਇਕਾਈਆਂ ਭਾਸ਼ਾ ਦੀ ਬਣਤਰ ਅਤੇ ਸੰਰਚਨਾ ਵਿਚ ਭਾਸ਼ਾ ਦੇ ਸੰਗਠਨ ਨੂੰ ਸਮੁੱਚੇ ਰੂਪ ਵਿਚ ਵਿਉਂਤਦੀਆਂ ਹਨ। ਕਈ ਭਾਸ਼ਾ ਵਿਗਿਆਨੀ ਇਹ ਮੰਨਦੇ ਹਨ ਕਿ ਭਾਸ਼ਾ ਸਾਰਥਕ ਧੁਨੀਆਂ ਦਾ ਸਮੂਹ ਹੈ, ਇਹ ਕਥਨ ਠੀਕ ਨਹੀਂ ਕਿਉਂਕਿ ਧੁਨੀ ਆਪਣੇ ਆਪ ਵਿਚ ਸਾਰਥਕ ਨਹੀਂ, ਧੁਨੀ ਦੀ ਹੋਂਦ ਉਦੋਂ ਬਣਦੀ ਹੈ ਜਦੋਂ ਕਿਸੇ ਪੈਟਰਨ ਵਿਚ ਆਉਂਦੀ ਹੈ, ਕਿਸੇ ਸਿਸਟਮ ਦੇ ਅੰਤਰਗਤ ਵਿਚਰਦੀ ਹੈ, ਭਾਵ ਧੁਨੀ ਦੀ ਹੋਂਦ ਸਾਰਥਕ ਸ਼ਬਦਾਂ ਵਿਚ ਹੈ। ਧੁਨੀਆਂ ਆਪਸ ਵਿਚ ਜੁੜ ਕੇ ਸ਼ਬਦ ਦਾ ਨਿਰਮਾਣ ਕਰਦੀਆਂ ਹਨ, ਸ਼ਬਦਾਂ ਤੋਂ ਵਾਕੰਸ਼, ਉਪਵਾਕ ਤੇ ਵਾਕਾਂ ਦਾ ਸਰੂਪ ਨਿਸ਼ਚਿਤ ਹੁੰਦਾ ਹੈ। ਮਿਸਾਲ ਵਜੋਂ 'ਸ਼ੈਲੀ ਨੇ ਪਾਣੀ ਪੀਤਾ' ਇਹ ਸੰਪੂਰਣ ਵਾਕ ਅੱਗੋਂ ਆਪਣੀਆਂ ਇਕਾਈਆਂ ਰੱਖਦਾ ਹੈ। ਸ਼ਬਦਾਂ ਦੇ ਪੱਖੋਂ ਇਸ ਵਿਚ ਚਾਰ ਸ਼ਬਦ ਹਨ (1) ਸ਼ੈਲੀ (2) ਨੇ (3) ਪਾਣੀ (4) ਪੀਤਾ। ਜੇਕਰ ਇਸ ਵਾਕ ਨੂੰ ਧੁਨੀ ਪੱਧਰ ਤੇ ਵਾਚੀਏ ਤਾਂ ਇਸ ਵਿਚ 14 ਧੁਨੀਆਂ ਹਨ।

ਜਦੋਂ ਇਹਨਾਂ ਨੂੰ ਸੰਰਚਨਾ ਜਾਂ ਜੁਟ ਵਿਚ ਬੰਨ੍ਹੀਏ ਤਾਂ ਇਹਨਾਂ ਦੀ ਸਾਰਥਿਕਤਾ ਸਾਨੂੰ ਇਕਾਈ ਦੇ ਰੂਪ ਵਿਚ ਉਪਲਬੱਧ ਹੋਵੇਗੀ।

ਧੁਨੀ ਭਾਸ਼ਕ ਸੰਰਚਨਾ ਦੀ ਬੁਨਿਆਦੀ ਇਕਾਈ ਹੈ। ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਜਾਂ ਖੰਡ ਹੈ। ਧੁਨੀ ਵੱਖਰੇ ਤੇ ਨਿਖੜਵੇਂ ਤੌਰ ਤੇ ਪਹਿਚਾਣੀ ਜਾ ਸਕਦੀ ਹੈ ਅਤੇ ਇਹ ਧੁਨੀ ਕੰਠ ਪਟਾਰੀ) 'ਚੋਂ ਉਚਰਿਤ ਹੁੰਦੀ ਹੈ। ਅਸਲ ਵਿਚ ਅਸੀਂ ਇਕੱਲੀ-ਇਕੱਲੀ ਧੁਨੀ ਨਹੀਂ ਉਚਾਰਦੇ, ਸਗੋਂ ਧੁਨੀਆਂ ਦਾ ਸਮੂਹ, ਜੋ ਗੱਲਬਾਤ ਵਿਚ ਸ਼ਬਦਾਂ ਵਾਂਗ ਕੰਮ ਆਉਂਦਾ ਹੈ, ਉਚਾਰਦੇ ਹਾਂ। ਜਦੋਂ ਕਿਸੇ ਵਿਸ਼ੇਸ਼ ਭਾਸ਼ਾ ਦਾਇਰੇ ਵਿਚ ਕੋਈ ਧੁਨੀ ਇਕ ਵਿਸ਼ੇਸ਼ ਸਥਾਨ ਗਰਹਿਣ ਕਰ ਲਵੇ ਤਾਂ ਉਹ ਇਕ ਵਿਸ਼ੇਸ਼ ਧੁਨੀ ਬਣ ਜਾਂਦੀ ਹੈ ਭਾਵ ਧੁਨੀਮ (phoneme) ਬਣ ਜਾਂਦੀ ਹੈ। ਧੁਨੀਮ ਅਸਲ ਵਿਚ ਧੁਨੀ ਦਾ ਹੀ ਵਿਸ਼ਿਸ਼ਟ ਰੂਪ ਹੈ। "ਅਧਿਐਨ ਦੇ ਪੱਧਰ ਤੇ ਧੁਨੀਆਤਮਕ ਪਸਾਰ ਨੂੰ ਧੁਨੀ ਅਤੇ ਧੁਨੀਮ ਦੀ ਵੱਖਰਤਾ ਦੇ ਸਨਮੁਖ ਰੱਖਕੇ ਵੇਖਿਆ ਜਾ ਸਕਦਾ ਹੈ ਇਸ ਨੂੰ ਇਕ ਚਾਰਟ ਰਾਹੀਂ ਵੀ ਸਮਝ ਸਕਦੇ ਹਾਂ।"[5]

ਭਾਸ਼ਾ ਧੁਨੀ :

| | | |
|---|---|---|
| ਧੁਨੀ | ਧੁਨੀ ਵਿਗਿਆਨ : | ਧੁਨੀਗਤ ਵਿਸ਼ਲੇਸ਼ਣ |
| Phone (sound) | Phonetics | (Phonetic analysis) |

3. John Lyons, Introduction to therical linguistics, 1971, p-99.
4. Bhola Nath Tiwari, Bhasha Vigyan p.
5. ਡਾ. ਪ੍ਰੇਮ ਸਿੰਘ ਧਾਲੀਵਾਲ, ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ 293

| ਧੁਨੀਮ | ਧੁਨੀਮ ਵਿਗਿਆਨ : | ਧੁਨੀਆਤਮਕ ਵਿਸ਼ਲੇਸ਼ਣ |
|---|---|---|
| (Phoneme) | (phonology) | (Phonological analysis) |

ਭਾਸ਼ਾਈ ਧੁਨੀਆਂ ਦਾ ਇਸ ਤਰ੍ਹਾਂ ਦਾ ਅਧਿਐਨ ਪਹਿਲਾਂ ਭਾਰਤੀ ਭਾਸ਼ਾ-ਵਿਗਿਆਨੀਆਂ ਦੇ ਦੇਣ ਸੀ। ਇਸ ਨਾਲ ਮਿਲਦਾ-ਜੁਲਦਾ ਕੰਮ ਯੂਰਪ ਵਿਚ, ਸਤਾਰਵੀਂ ਸਦੀ ਵਿਚ 'ਦੀ ਇੰਗਲਿਸ਼ ਸਕੂਲ ਆਫ ਫੋਨੈਟਿਕਸ' (The English School of Phonetics) ਦੀ ਸਥਾਪਨਾ ਨਾਲ ਸ਼ੁਰੂ ਹੋਇਆ।[6] ਇਸ ਤੋਂ ਮਗਰੋਂ ਦੇ ਯਤਨ ਇਸ ਨੂੰ ਹੋਰ ਵਿਸਤਾਰ ਦੇ ਗਏ ਤੇ ਇਸ ਤੋਂ ਬਾਅਦ ਨਵੀਆਂ-ਨਵੀਆਂ ਸੰਭਾਵਨਾਵਾਂ ਸਾਹਮਣੇ ਆਉਂਦੀਆਂ ਗਈਆਂ। ਇਸ ਸਾਰੇ ਕਾਲ ਦੌਰਾਨ ਧੁਨੀ ਵਿਗਿਆਨ ਦੀ ਸਾਰਥਿਕਤਾ ਨੂੰ ਸਵੀਕਾਰਿਆ ਗਿਆ ਅਤੇ ਇਸ ਦਾ ਕਾਫੀ ਵਿਸਤਾਰ ਹੋਇਆ। 1889 ਵਿਚ ਹੈਨਰੀ ਸ੍ਵੀਟ Henry sweet) ਦੇ ਯਤਨਾਂ ਸਦਕਾ international phonetic alphabet ਬਣੀ।[7]

## ਧੁਨੀ ਵਿਗਿਆਨ : ਅਧਿਐਨ ਦੀਆਂ ਸ਼ਾਖਾਵਾਂ/ਪਰਕਾਰ

ਧੁਨੀ ਵਿਗਿਆਨਕ ਅਧਿਐਨ ਵਿਚ ਧੁਨੀਆਂ ਦੇ ਭੌਤਿਕ ਢਾਂਚੇ (physical form) ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਭਾਵ ਇਸ ਅਧੀਨ ਮਨੁੱਖੀ ਭਾਸ਼ਾ ਦੇ ਬੋਲਾਂ (speech) ਦੀ ਆਵਾਜ਼ (sound) ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਖੇਤਰ ਦੇ ਅੰਤਰਗਤ ਉਹਨਾਂ ਸਾਰੀਆਂ ਆਵਾਜ਼ਾਂ ਦਾ ਅਧਿਐਨ ਕੀਤਾ ਜਾਂਦਾ ਹੈ, ਜੋ ਮਨੁੱਖ ਦੇ ਮੂੰਹ-ਪੋਲ (oral cavity) ਦੁਆਰਾ ਪੈਦਾ ਹੁੰਦੀਆਂ ਹਨ। ਵਿਸ਼ੇਸ਼ ਕਰਕੇ ਉਹਨਾਂ ਆਵਾਜ਼ਾਂ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ ਜਿਹਨਾਂ ਦੀ ਵਰਤੋਂ ਦੁਨੀਆ ਦੀਆਂ ਭਾਸ਼ਾਵਾਂ ਵਿਚ ਹੁੰਦੀ ਹੈ। ਧੁਨੀ ਵਿਗਿਆਨ ਅਧੀਨ ਸਭ ਤੋਂ ਪਹਿਲਾਂ ਭਾਸ਼ਾਈ ਬੋਲਾਂ ਦੀ ਆਵਾਜ਼ ਨੂੰ ਪੈਦਾ ਕਰਨ ਵਾਲੇ ਉਚਾਰਨ ਅੰਗਾਂ (articulation) , ਸੰਚਾਰ (transmission) ਤੇ ਸ੍ਰਵਣ ਨੂੰ ਬਿਆਨ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਧੁਨੀਆਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਅਧਿਐਨ ਲਈ ਧੁਨੀ ਵਿਗਿਆਨ ਨੂੰ ਹੇਠ ਲਿਖੇ ਤਿੰਨ ਅੰਤਰ ਸੰਬੰਧਿਤ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ।[8]

(1) ਉਚਾਰਨ ਧੁਨੀ ਵਿਗਿਆਨ (articulatory phonetics)

(2) ਸੰਚਾਰਨ ਧੁਨੀ ਵਿਗਿਆਨ (accoustic phonetics)

(3) ਸ੍ਰਵਣ ਧੁਨੀ ਵਿਗਿਆਨ (auditory phonetics)

**(1) ਉਚਾਰਨ ਧੁਨੀ ਵਿਗਿਆਨ** (articulatory phonetics)

ਧੁਨੀ ਵਿਗਿਆਨ ਦੇ ਜਿਸ ਹਿੱਸੇ ਵਿਚ ਉਚਾਰਨ ਅੰਗਾਂ (ਜਿਵੇਂ ਫੇਫੜੇ, ਸੁਰਤੰਦਾਂ, ਜੀਭ, ਤਾਲੂ, ਬੁਲ੍ਹ ਆਦਿ) ਧੁਨੀਆਂ ਦੇ ਉਚਾਰਣ ਅਤੇ ਵਰਗੀਕਰਨ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਉਚਾਰਣ ਧੁਨੀ ਵਿਗਿਆਨ ਕਿਹਾ ਜਾਂਦਾ ਹੈ।

## (2) ਸੰਚਾਰਨ ਧੁਨੀ ਵਿਗਿਆਨ (accoustic phonetics)

ਧੁਨੀ ਵਿਗਿਆਨ ਦੇ ਇਸ ਹਿੱਸੇ ਵਿੱਚ ਉਹਨਾਂ ਆਵਾਜ਼ਾਂ/ਲਹਿਰਾਂ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਇਕ ਵਿਅਕਤੀ (ਬੁਲਾਰੇ) ਦੇ ਉਚਾਰਣ ਅੰਗਾਂ ਤੋਂ ਪੈਦਾ ਹੋ ਕੇ ਦੂਜੇ ਵਿਅਕਤੀ (ਸਰੋਤੇ) ਦੇ ਕੰਨਾਂ ਤੱਕ ਸੰਚਾਰਿਤ ਹੁੰਦੀਆਂ ਹਨ। ਇਸ ਵਿਚ ਭਾਸ਼ਾ ਧੁਨੀਆਂ ਦੀ ਬਿੰਦੂ (ੳ) ਤੋਂ ਲੈ ਕੇ (ਅ) ਤੱਕ ਦੀ ਯਾਤਰਾ ਦਾ ਅਧਿਐਨ ਕੀਤਾ ਜਾਂਦਾ ਹੈ। ਬੁਲਾਰੇ (ੳ) ਦੇ ਮੂੰਹੋਂ ਨਿਕਲੀਆਂ ਧੁਨੀਆਂ ਤਰੰਗਾਂ ਦੇ ਰਾਹੀਂ ਸਰੋਤੇ ਦੇ ਕੰਨ (ਅ) ਤੱਕ ਯਾਤਰਾ ਕਰਦੀਆਂ ਹਨ। ਅਸਲ ਵਿੱਚ ਸੰਚਾਰਨ ਧੁਨੀ ਵਿਗਿਆਨ ਭੌਤਿਕ ਸ਼ਾਸਤਰ (physics) ਦਾ ਇਕ ਅੰਗ ਹੈ ਜਿਸ ਨੇ ਭਾਸ਼ਾ ਪਰਕਿਰਿਆ ਨੂੰ ਸਮਝਣ ਲਈ ਵਿਸ਼ੇਸ਼ ਯਤਨ ਕੀਤੇ ਹਨ।

## (3) ਸ੍ਰਵਣੀ ਧੁਨੀ ਵਿਗਿਆਨ (auditory phonetics)

ਧੁਨੀ ਵਿਗਿਆਨ ਦੇ ਜਿਸ ਹਿੱਸੇ ਵਿੱਚ ਕੰਨਾਂ ਦੁਆਰਾ ਆਵਾਜ਼ ਲਹਿਰਾਂ ਦੇ ਗਰਹਿਣ ਅਤੇ

6. R. H. Robins, 'A Short history of linguistics, 1969, p.12.
7. Ibid, P. 201-202.
8. David Crystal 'A Dictionary of Linguistics and Phonetics'. Page 228-229.

ਇਹਨਾਂ ਦੇ ਸੁਨੇਹੇ (message) ਵਿਚ ਤਬਦੀਲੀ ਦਾ ਅਧਿਐਨ ਕੀਤਾ ਜਾਂਦਾ ਹੈ. ਉਸ ਨੂੰ ਸ਼੍ਰਵਣੀ ਧੁਨੀ ਵਿਗਿਆਨ ਕਿਹਾ ਜਾਂਦਾ ਹੈ। ਭਾਸ਼ਾ ਧੁਨੀਆਂ ਨੂੰ ਸੁਣਨ ਜਾਂ ਗਰਹਿਣ (ਓ + ਅ) ਕਰਨ ਦੀ ਪਰਕਿਰਿਆ ਦੇ ਅਧਿਐਨ ਦਾ ਨਾਂ ਸ਼੍ਰਵਣੀ ਧੁਨੀ ਵਿਗਿਆਨ ਹੈ। ਧੁਨੀ ਤਰੰਗਾਂ ਪਹਿਲਾਂ ਕੰਨ ਦੇ ਬਾਹਰੀ ਪਰਦੇ ਤੇ ਪੈਂਦੀਆਂ ਹਨ ਤਾਂ ਉਹਨਾਂ ਵਿਚ ਕੁਝ ਹਰਕਤ ਪੈਦਾ ਹੁੰਦੀ ਹੈ। ਉਹ ਹਰਕਤ ਨਾੜੀ-ਜਾਲ ਰਾਹੀਂ ਮਨ ਵਿਚ ਕੁਝ ਭਾਵ ਉਜਾਗਰ ਕਰਦੀ ਹੈ। ਇਹ ਕਿਰਿਆ ਇਸ ਤਰ੍ਹਾਂ ਮਾਨਸਿਕ ਹੋ ਨਿਬੜਦੀ ਹੈ। ਇੰਜ ਇਸ ਅਧਿਐਨ ਦਾ ਸੰਬੰਧ ਮਨੋਵਿਗਿਆਨ (psychology) ਦੇ ਵਧੇਰੇ ਨੇੜੇ ਹੈ। ਇਹਨਾਂ ਤਿੰਨਾਂ ਨੂੰ ਇਕੱਠਿਆਂ ਮਿਲਾ ਕੇ instrumental phonetics ਵੀ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਤਿੰਨਾਂ ਹੀ ਵਿਧੀਆਂ ਵਿਚ ਮਸ਼ੀਨੀ ਸਾਧਨ (insturments) ਵਰਤੇ ਜਾਂਦੇ ਹਨ। ਮਿਸਾਲ ਵਜੋਂ ਸਾਊਂਡ ਸਪੈਕਟਰੋਗਰਾਫ (1940) ਮਸ਼ੀਨ ਰਾਹੀਂ ਭਾਸ਼ਾਈ ਉਚਾਰਣ ਦੇ ਸੰਚਾਰ ਦਾ ਅਧਿਐਨ ਕਰਨ ਵਿਚ ਮਦਦ ਮਿਲੀ। ਕੰਪਿਊਟਰ (computer) ਦੀ ਸਹਾਇਤਾ ਨਾਲ ਉਚਾਰਣ ਅੰਗਾਂ ਦੀਆਂ ਹਰਕਤਾਂ ਨੂੰ ਵੇਖਿਆ ਜਾਂਦਾ ਹੈ। ਭਾਸ਼ਾਈ ਉਚਾਰਣ ਦੇ ਅਧਿਐਨ ਲਈ ਇਲੈਕਟਰੋਮਾਇਉਗਰਾਫ (Electro myograph) ਦੀ ਵੀ ਵਰਤੋਂ ਵਧੇਰੇ ਹੁੰਦੀ ਹੈ। ਇਸੇ ਤਰ੍ਹਾਂ ਇਲੈਕਟਰੋਕਾਈਮੋਗਰਾਫੀ (electrokymography) ਦੀ ਵੀ ਵਰਤੋਂ ਹੋ ਰਹੀ ਹੈ। ਇਸ ਮਸ਼ੀਨ ਰਾਹੀਂ ਉਚਾਰਣ ਵੇਲੇ ਮੂੰਹ ਪੋਲ ਅਤੇ ਨੱਕ ਪੋਲ ਵਿਚ ਪੌਣਧਾਰਾ ਦੇ ਵਹਾਅ ਨੂੰ ਮਾਪਿਆ ਜਾਂਦਾ ਹੈ। ਇਸ ਤੋਂ ਪਰਾਪਤ ਨਤੀਜਿਆਂ ਨਾਲ ਫਿਰ ਉਚਾਰਣ ਅੰਗਾਂ ਦੀਆਂ ਹਰਕਤਾਂ ਦਾ ਅੰਦਾਜ਼ਾ ਲਗ ਜਾਂਦਾ ਹੈ। ਆਧੁਨਿਕ ਮਸ਼ੀਨੀ ਤਕਨੀਕਾਂ ਵਿਚ ਸਿਨੇ-ਰੇਡੀਉਗਰਾਫੀ (cine radiography) ਵੀ ਆਉਂਦੀ ਹੈ। ਇਸ ਨਾਲ ਭਾਸ਼ਾਈ ਉਚਾਰਣ ਵੇਲੇ ਉਚਾਰਣ ਅੰਗਾਂ ਦੀਆਂ ਤਸਵੀਰਾਂ ਲਈਆਂ ਜਾ ਸਕਦੀਆਂ ਹਨ। ਜਾਨ ਲਾਇਨਜ਼ (1972) (John Lyons) ਦੁਆਰਾ ਸੰਪਾਦਿਤ ਕੀਤੀ ਗਈ ਪੁਸਤਕ 'ਨਿਊ ਹਾਰੀਜਨਜ਼ ਇਨ ਲਿੰਗੁਇਸਟਿਕਸ (New Horizons in linguistics) ਵਿਚ ਇਸ ਸੰਬੰਧੀ ਕਿਹਾ ਹੈ ਕਿ "ਭੌਤਿਕ ਵਿਗਿਆਨ ਦੇ ਵਿਕਾਸ ਸਦਕਾ ਕਈ ਅਜਿਹੀਆਂ ਮਸ਼ੀਨਾਂ ਹੋਂਦ ਵਿਚ ਆਈਆਂ ਜਿਹਨਾਂ ਨਾਲ ਮਨੁੱਖੀ ਭਾਸ਼ਾ ਦੇ ਉਚਾਰਣ ਦਾ ਵਧੇਰੇ ਚੰਗੀ ਤਰ੍ਹਾਂ ਅਤੇ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।"[9] ਇਸ ਲਈ ਧੁਨੀਵਿਗਿਆਨ ਅਜਿਹਾ ਅਧਿਐਨ ਖੇਤਰ ਹੈ ਜਿਸ ਵਿਚ ਉਚਰਤ ਭਾਸ਼ਾ ਦੇ ਮਾਧਿਅਮ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਅਧਿਐਨ ਨਾਲ ਉਚਾਰਨ ਅੰਗਾਂ ਦੀ ਵਰਤੋਂ ਅਤੇ ਕਾਰਜ ਸੰਬੰਧੀ ਸਿੱਧਾਂਤ ਘੜਨ ਦਾ ਯਤਨ ਕੀਤਾ ਜਾਂਦਾ ਹੈ।

ਮਨੁੱਖੀ ਸਰੀਰ ਧੁਨੀ ਉਚਾਰਣ ਸਮੇਂ ਥੋੜਾ ਹੀ ਹਿੱਸੇਦਾਰ ਹੁੰਦਾ ਹੈ। ਬੋਲਣ ਵੇਲੇ ਜਬਾੜੇ, ਬੁਲ੍ਹ ਤੇ ਜੀਭ ਦੀ ਹਿਲਜੁਲ ਪਰਤੱਖ ਦਿਸ ਜਾਂਦੀ ਹੈ ਪਰ ਬਾਕੀ ਉਚਾਰ-ਗਤੀਆਂ ਮਸ਼ੀਨੀ ਯੰਤਰਾਂ ਐਕਸ-ਰੇ ਜਾਂ Lairingo-scope ਰਾਹੀਂ ਦੇਖ ਸਕਦੇ ਹਾਂ। ਇਹਨਾਂ ਸਰੀਰਕ ਅੰਗਾਂ ਨੂੰ ਉਚਾਰਕ (articulator ਜਾਂ organs of speech) ਕਿਹਾ ਜਾਂਦਾ ਹੈ। ਉਚਾਰਣੀ ਅੰਗਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ :

(1) ਸਕਰਮਕ (active)

(2) ਅਕਰਮਕ (passive)

ਉਚਾਰਣ ਕਿਰਿਆ ਵਿਚੋਂ ਸਾਰੇ ਅੰਗ ਜਿਹੜੇ ਹਿਲਜੁਲ ਕਰਦੇ ਹਨ ਅਤੇ ਆਪਣੇ ਸਥਾਨ ਤੋਂ ਅੱਗੇ ਪਿੱਛੇ ਹੋ ਸਕਦੇ ਹਨ, ਉਹਨਾਂ ਨੂੰ ਸਕਰਮਕ ਉਚਾਰਨ (active articulators) ਕਿਹਾ ਜਾਂਦਾ ਹੈ ? ਆਮ ਤੌਰ ਤੇ ਇਹ ਸਾਰੇ ਅੰਗ ਹੁੰਦੇ ਹਨ, ਜੋ ਸਾਨੂੰ ਮੂੰਹ ਖੋਲ੍ਹਣ ਤੇ ਜੀਭ ਹਿਲਾਉਣ ਤੇ ਹੇਠਲੇ ਜਬਾੜੇ ਵਿਚ ਦਿਸਦੇ ਹਨ, ਜਿਵੇਂ ਹੇਠਲੇ ਬੁਲ੍ਹ ਤੇ ਜੀਭ ਅਤੇ ਇਹਨਾਂ ਤੋਂ ਉਲਟ ਅਕਰਮਕ ਉਚਾਰਕ (passive articulators) ਉਹ ਉਚਾਰਕ ਅੰਗ ਹਨ ਜੋ ਆਪਣੇ ਸਥਾਨ ਤੇ ਸਥਿਰ ਹਨ ਭਾਵ ਜੋ ਅੱਗੇ ਪਿਛੇ ਨਹੀਂ ਹੋ ਸਕਦੇ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਅਜਿਹਾ ਕੋਈ ਵੀ ਮਨੁੱਖੀ ਅੰਗ ਨਹੀਂ ਹੈ, ਜਿਸ ਨੂੰ ਨਿਰੋਲ ਰੂਪ ਵਿੱਚ ਉਚਾਰਣੀ ਅੰਗ ਕਿਹਾ ਜਾ ਸਕਦਾ ਜਾਂ ਜਿਹਨਾਂ ਨੂੰ ਭਾਸ਼ਾ-ਵਿਗਿਆਨੀ ਭਾਸ਼ਾ-ਵਿਗਿਆਨ ਦੇ ਸੰਦਰਭ ਵਿਚ ਉਚਾਰਣੀ ਅੰਗ ਕਹਿੰਦੇ ਹਨ। ਅਸਲ ਵਿਚ ਇਹਨਾਂ ਉਚਾਰਣੀ ਅੰਗਾਂ ਦਾ ਮੁੱਢਲਾ ਪਰਮੁੱਖ ਕਾਰਜ ਧੁਨੀ ਪੈਦਾ ਕਰਨ ਤੋਂ ਇਲਾਵਾ ਕੁਝ ਹੋਰ ਵੀ ਹੁੰਦਾ ਹੈ, ਜਿਵੇਂ ਸਾਹ ਲੈਣਾ, ਕੋਈ

9. John "The Production of Speech" New Harizons in linguistics. Ed. John Lyons, 1972. P-58

ਚੀਜ਼ ਖਾਣਾ, ਪੀਣਾ ਜਾਂ ਲੰਘਾਉਣਾ। ਇਹਨਾਂ ਸਾਰਿਆਂ ਉਚਾਰਣੀ ਅੰਗਾਂ ਦਾ ਪਰਮੁੱਖ ਕਾਰਜ ਤੇ ਪਰਕਾਰਜ (function) ਜੀਵ-ਵਿਗਿਆਨ ਦੇ ਖੇਤਰ ਦਾ ਵਿਸ਼ਾ ਹੈ। ਪਰ ਇਹਨਾਂ ਅੰਗਾਂ ਦੁਆਰਾ ਭਾਸ਼ਾ ਦਾ ਉਚਾਰਨ ਕਰਨਾ ਹੀ ਮਨੁੱਖ ਨੂੰ ਬਾਕੀ ਜੀਵ ਜੰਤੂਆਂ ਨਾਲੋਂ ਨਿਖੇੜਦਾ ਹੈ। ਇਕੱਲੇ ਸਕਰਮਕ ਅੰਗ ਧੁਨੀ ਪੈਦਾ ਨਹੀਂ ਕਰ ਸਕਦੇ ਤੇ ਨਾ ਹੀ ਇਕੱਲੇ ਅਕਰਮਕ ਅੰਗ ਧੁਨੀ ਪੈਦਾ ਕਰ ਸਕਦੇ ਹਨ। ਧੁਨੀ ਪੈਦਾ ਕਰਨ ਵਿੱਚ ਦੋਨਾਂ ਹੀ ਕਿਸਮਾਂ ਦੇ ਉਚਾਰਨ ਅੰਗਾਂ ਦਾ ਵਿਸ਼ੇਸ਼ ਯੋਗਦਾਨ ਹੈ। ਮਨੁੱਖੀ ਭਾਸ਼ਾਈ ਪਰਕਿਰਿਆ ਹੀ ਵਿਸ਼ਾਲ ਸਮਾਜ ਤੇ ਵਿਸ਼ਾਲ ਸਭਿਆਚਾਰ ਸਿਰਜਦੀ ਹੈ। ਹੇਠਲੇ ਰੇਖਾ ਚਿਤਰ ਵਿਚ ਉਚਾਰਨ ਅੰਗਾਂ ਦਾ ਵੇਰਵਾ ਦਿੱਤਾ ਗਿਆ ਹੈ।




(1) ਬੁਲ੍ਹ (lips)

(2) ਦੰਦ (teeth)

(3) ਦੰਦ-ਬਨੇਰਾ (teeth ridge)

(4) ਕਠੋਰ ਤਾਲੂ (hard palate)

(5) ਨਰਮ ਤਾਲੂ (soft palate)

(6) ਕਾਂ (uvula)

(7) ਜੀਭ (blade of tongue)

(8) ਜੀਭ-ਅੱਗਾ (front of tongue)

(9) ਜੀਭ-ਪਿੱਛਾ (back of tongue)

(10) ਸੰਘ (ਕੰਠ) (pharynx)

(11) ਸੁਰ-ਯੰਤਰ ਢੱਕਣ (epiglottis)

(12) ਸੁਰ-ਤੰਤਰੀ, ਸੁਰ ਤੰਦਾਂ (vocal chords)

(13) ਜੀਭ-ਨੋਕ (lip of tongue)

ਹੇਠ ਲਿਖੀਆਂ ਸਥਿੱਤੀਆਂ ਭਾਸ਼ਾਈ ਕਾਰਜਾਂ ਲਈ ਮਹੱਤਵਪੂਰਨ ਹਨ :

(1) ਤੰਗ ਨਾਦ-ਯੰਤਰ (narrow glottis); ਜਦੋਂ ਵੋਕਲ ਕਾਰਡਜ਼ ਨੇੜੇ ਤਾਂ ਹੋਣ ਪਰ ਉਹਨਾਂ ਵਿਚਕਾਰੋਂ ਲੰਘਣ ਵਾਲੀ ਹਵਾ ਉਹਨਾਂ ਨੂੰ ਥਰਥਰਾ ਨਾ ਸਕੇ ਤਾਂ ਅਜਿਹੀ ਸਥਿੱਤੀ ਨੂੰ ਤੰਗ ਨਾਦ-ਯੰਤਰ ਕਹਿੰਦੇ ਹਨ। ਇਹ ਸਥਿੱਤੀ ਖੁਸਰ-ਫੁਸਰ/ਘੁਸਰ-ਮੁਸਰ (whisper) ਵਾਲੇ ਬੋਲਾਂ ਦੇ ਉਚਾਰਣ ਵਿਚ ਹੁੰਦੀ ਹੈ।

(2) ਖੁੱਲ੍ਹਾ ਨਾਦ-ਯੰਤਰ (open glottis); ਜਦੋਂ ਵੋਕਲ ਕਾਰਡਜ਼ ਵਿਚ ਹਵਾ ਆਰਾਮ ਨਾਲ

ਨਿਕਾਸ ਕਰ ਸਕੇ ਅਤੇ ਇਹਨਾਂ ਦੀ ਸਥਿੱਤੀ ਵੀ ਦੂਰ-ਦੂਰ ਹੋਵੇ, ਅਜਿਹੇ ਵੇਲੇ ਉਤਪੰਨ ਹੋਈਆਂ ਧੁਨੀਆਂ ਨੂੰ ਨਾਦ-ਰਹਿਤ (voice less) ਕਿਹਾ ਜਾਂਦਾ ਹੈ ਜਿਵੇਂ ਪ, ਟ, ਕ, ਸ, ਫ P t k s f ਆਦਿ।

(3) ਥਰਥਰਾਉਂਦਾ ਨਾਦ-ਯੰਤਰ (vibrating glottis): ਜਦੋਂ ਵੋਕਲ ਕਾਰਡਜ਼ ਨੇੜੇ-ਨੇੜੇ ਹੋਣ ਅਤੇ ਫੇਫੜਿਆਂ ਵਿਚੋਂ ਆਉਂਦੀ-ਜਾਂਦੀ ਹਵਾ ਦੇ ਬੁੱਲਿਆਂ ਦੁਆਰਾ ਵੱਖਰਾ ਹੋਣ ਮਗਰੋਂ, ਉਹ ਫਿਰ ਨੇੜੇ ਹੋ ਜਾਣ ਅਤੇ ਇਸ ਤਰ੍ਹਾਂ ਵਾਰੀ-ਵਾਰੀ ਕਈ ਦਫਾ ਨੇੜੇ ਹੋਣ ਤਾਂ ਉਹਨਾਂ ਵਿਚ ਥਰਥਰਾਹਟ ਪੈਦਾ ਹੋ ਜਾਂਦੀ ਹੈ। ਅਜਿਹੀ ਸਥਿੱਤੀ ਨੂੰ ਥਰਥਰਾਉਂਦਾ ਨਾਦ-ਯੰਤਰ ਕਿਹਾ ਜਾਂਦਾ ਹੈ। ਜਿਹੜੀਆਂ ਧੁਨੀਆਂ ਥਰਥਰਾਉਂਦੀ ਨਾਦ-ਯੰਤਰ ਰਾਹੀਂ ਉਚਰਤ ਹੁੰਦੀਆਂ ਹਨ, ਉਹਨਾਂ ਨੂੰ ਨਾਦੀ (voiced) ਧੁਨੀਆਂ ਕਿਹਾ ਜਾਂਦਾ ਹੈ ਜਿਵੇਂ ਬ, ਡ, ਜ, ਜ਼, ਮ, ਨ, ਣ /b/ /d/ /j/ /z/ /v/ /n/ ਆਦਿ।

(4) ਬੰਦ ਨਾਦ-ਯੰਤਰ closed glottis); ਜਦੋਂ ਹਵਾ ਦਾ ਨਿਕਾਸ ਵੋਕਲ ਕਾਰਡਜ਼ ਵਿਚੋਂ ਬਿਲਕੁਲ ਨਾ ਲੰਘ ਸਕੇ, ਉਹ ਬੰਦ ਨਾਦ-ਯੰਤਰ ਹੁੰਦਾ ਹੈ। ਇਸ ਸਮੇਂ ਕੋਈ ਭਾਸ਼ਾਈ ਕਾਰਜ ਨਹੀਂ ਹੁੰਦਾ। ਅਜਿਹੀ ਸਥਿੱਤੀ, ਹੂੰਗਣ, ਖੰਘਮ, ਘੰਗੂਰਾ ਮਾਰਨ, ਭਾਰ ਚੁੱਕਣ ਆਦਿ ਸਮੇਂ ਹੁੰਦੀ ਹੈ।

ਸਾਹ ਨਾਲੀ ਅਗਲੇ ਪਾਸੇ ਅਤੇ ਖਾਣੇ ਵਾਲੀ ਨਾਲੀ (oesophagus) ਪਿਛਲੇ ਪਾਸੇ ਹੁੰਦੀ ਹੈ। ਇਹਨਾਂ ਦੋਵਾਂ ਦੇ ਉਪਰਲੇ ਖੇਤਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ :

(1) ਨੱਕ-ਪੋਲ (nasal cavity); ਇਹ ਮੂੰਹ-ਪੋਲ ਦੀ ਛੱਤ ਦੇ ਉੱਪਰ ਸਥਿੱਤ ਹੁੰਦਾ ਹੈ। ਇਕ ਪਾਸੇ ਇਹ ਨੱਕ ਜਾਂ ਨਾਸਾਂ ਰਾਹੀਂ ਬਾਹਰ ਖੁੱਲ੍ਹਦਾ ਹੈ ਅਤੇ ਦੂਜੇ ਪਾਸੇ ਇਹ ਕੰਠ ਮਾਰਗ ਪੋਲ ਜਾਂ ਸੰਘ ਵਿਚ ਖੁੱਲ੍ਹਦਾ ਹੈ।

(2) ਮੂੰਹ-ਪੋਲ (oral cavity); ਇਹ ਪੋਲ ਬੁੱਲ੍ਹਾਂ ਤੋਂ ਲੈ ਕੇ ਕਾਂ (uvula) ਤੱਕ ਫੈਲਿਆ ਹੋਇਆ ਹੈ। ਇਸ ਦੀ ਛੱਤ ਨੂੰ ਤਾਲੂ (velum) ਕਿਹਾ ਜਾਂਦਾ ਹੈ। ਕੋਮਲ ਤਾਲੂ ਅੱਗੇ ਪਿੱਛੇ ਹੋ ਸਕਦਾ ਹੈ। ਜਦੋਂ ਇਹ ਉਪਰ ਉਠ ਕੇ ਪਿੱਛੇ ਕੰਠ-ਮਾਰਗ-ਪੋਲ ਦੀ ਦੀਵਾਰ ਨਾਲ ਜੁੜ ਜਾਵੇ ਤਾਂ ਨੱਕ-ਪੋਲ ਦਾ ਰਸਤਾ ਬੰਦ ਹੋ ਜਾਂਦਾ ਹੈ। ਇਸ ਸਥਿੱਤੀ ਨੂੰ ਕੋਮਲ-ਤਾਲੂ-ਰੋਕ ਨਾਲ ਉਚਰਤ ਹੋਣ ਉਹਨਾਂ ਨੂੰ ਮੂੰਹ ਪੋਲੀ ਕਿਹਾ ਜਾਂਦਾ ਹੈ ਜਿਵੇਂ (p) (b) (t) ਆਦਿ ਅਤੇ ਜਿਹੜੀਆਂ ਕੋਮਲ-ਤਾਲੂ-ਰੋਕ ਤੋਂ ਬਿਨਾਂ ਉਚਰਤ ਹੋਣ ਉਹਨਾਂ ਨੂੰ ਨਾਸਿਕ (nasal) ਕਿਹਾ ਜਾਂਦਾ ਹੈ। ਕੋਮਲ ਤਾਲੂ ਦੇ ਅੰਤ ਵਿਚ ਮਾਸ ਦਾ ਇਕ ਛੋਟਾ ਜਿਹਾ ਟੁਕੜਾ ਕਾਂ ਹੁੰਦਾ ਹੈ। ਸਖਤ ਤਾਲੂ ਦੇ ਅਗਲੇ ਪਾਸੇ ਉਪਰਲੇ ਦੰਦ, ਬੁੱਟ ਅਤੇ ਬੁੱਲ੍ਹ ਹੁੰਦੇ ਹਨ। ਮੂੰਹ-ਪੋਲ ਦੀ ਫਰਸ਼ ਤੇ ਜੀਭ ਪਾਈ ਰਹਿੰਦੀ ਹੈ ਜੋ ਕਿ ਪਿਛਲੇ ਪਾਸਿਉਂ ਜੁੜੀ ਹੋਈ ਹੁੰਦੀ ਹੈ। ਇਹ ਅੱਗੇ ਪਿੱਛੇ ਅਤੇ ਹੇਠਾਂ ਉਤਾਂਹ ਹੋ ਸਕਦੀ ਹੈ। ਇਹ ਮੂੰਹ-ਪੋਲ ਦੀ ਛੱਤ ਨਾਲ ਮਿਲ ਕੇ ਵੱਖੋ ਵੱਖਰੀਆਂ ਧੁਨੀਆਂ ਦਾ ਉਚਾਰਣ ਕਰਦੀ ਹੈ। ਭਾਸ਼ਾਈ ਕਾਰਜ ਦੇ ਆਧਾਰ ਤੇ ਇਸ ਨੂੰ ਚਾਰ ਹਿੱਸਿਆਂ : ਨੋਕ (tip), ਬਲੇਡ (blade), ਮੱਧ (mid) ਅਤੇ ਅੰਤ (back) ਵਿਚ ਵੰਡਿਆ ਜਾਂਦਾ ਹੈ। ਇਸ ਦੇ ਅਗਲੇ ਪਾਸੇ ਥੱਲੜੇ ਬੁੱਟ, ਦੰਦ ਅਤੇ ਬੁੱਲ੍ਹ ਹੁੰਦੇ ਹਨ।

(3) ਕੰਠ-ਮਾਰਗ-ਪੋਲ ਜਾਂ ਸੰਘ (pharynk); ਇਸ ਪੋਲ ਦੀ ਫਰਸ਼ ਤੇ ਅਗਲੇ ਪਾਸੇ ਸਾਹ ਨਾਲੀ ਅਤੇ ਪਿਛਲੇ ਪਾਸੇ ਖਾਣੇ ਵਾਲੀ ਨਾਲੀ ਹੁੰਦੀ ਹੈ। ਛੱਤ ਵਿਚ ਨੱਕ ਪੋਲ ਖੁੱਲ੍ਹਦਾ ਹੈ, ਪਿਛਲੇ ਪਾਸੇ ਸੰਘ ਦੀ ਦੀਵਾਰ ਅਤੇ ਅਗਲੇ ਪਾਸੇ ਮੂੰਹ-ਪੋਲ ਹੁੰਦਾ ਹੈ।

## ਧੁਨੀਆਂ ਦਾ ਵਰਗੀਕਰਨ (classification of sounds)

ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਇਹ ਦੋ ਕਿਸਮ ਦੀਆਂ ਧੁਨੀਆਂ ਸਵਰ ਅਤੇ ਵਿਅੰਜਨ (vowels and consonants) ਅਕਸਰ ਮਿਲਦੀਆਂ ਹਨ। ਸਥਾਪਤ ਬੋਲਣ ਆਦਤਾਂ ਅਤੇ ਵੱਖ ਵੱਖ ਪਰੰਪਰਾਵਾਂ ਦੇ ਮੁਤਾਬਕ ਧੁਨੀਆਂ ਦੀ ਮਾਤਰਾ ਤੇ ਵਿਸ਼ੇਸ਼ਤਾ ਵਿਚ ਫ਼ਰਕ ਹੋ ਸਕਦਾ ਹੈ। ਪਰੰਤੂ ਸੰਸਾਰ ਦੀਆਂ ਭਾਸ਼ਾਵਾਂ ਦੀਆਂ ਬੁਨਿਆਦੀ ਧੁਨੀ-ਜੁਗਤਾਂ ਲਗਭਗ ਸਾਂਝੀਆਂ ਹਨ। ਇਸ ਲਈ ਫੋਨੈਟਿਕਸ ਵਿਚ ਤੇ ਖਾਸ ਕਰਕੇ ਉਚਾਰ ਮੂਲਕ ਫੋਨੈਟਿਕਸ ਵਿਚ ਜੋ ਵੀ ਧੁਨੀਆਤਮਕ ਸੰਕਲਪ ਉਭਰੇ ਹਨ, ਉਹਨਾਂ ਦਾ ਪਰਯੋਗ ਤੇ ਵਰਤੋਂ ਵਿਸ਼ਵ- ਭਾਸ਼ਾਵਾਂ ਦੇ ਪਰਸੰਗ ਵਿਚ ਦੇਖੀ ਜਾ ਸਕਦੀ ਹੈ। ਧੁਨੀਆਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :

(1) ਸਵਰ (vowels)

(2) ਵਿਅੰਜਨ (consonants)

ਉਪਰੋਕਤ ਤੋਂ ਇਲਾਵਾ ਕੁਝ ਵਰਗ ਵੰਡ ਇਸ ਤਰ੍ਹਾਂ ਵੀ ਹੈ। ਜਿਵੇਂ :-

(1) ਹਵਾ ਦੀ ਨਿਕਾਸ ਮਾਤਰਾ; ਇਸ ਦੇ ਹੇਠ ਲਿਖੇ ਦੋ ਹਿੱਸੇ ਹਨ (+) ਅਲਪ ਪ੍ਰਾਣ (unaspirates) : ਇਸ ਮਾਤਰਾ ਵਿਚ ਸਾਹ ਦੀ ਘੱਟ ਵਰਤੋਂ ਹੁੰਦੀ ਹੈ ਜਿਵੇਂ ਕ, ਪ, ਤ, /k/ /p/ /t/ ਆਦਿ।

(++) ਮਹਾਂ-ਪ੍ਰਾਣ (aspirates) ਇਸ ਵਿਚ ਸਧਾਰਨ ਨਾਲੋਂ ਜ਼ਿਆਦਾ ਸਾਹ ਦੀ ਵਰਤੋਂ ਹੁੰਦੀ ਹੈ ਜਿਵੇਂ ਫ਼, ਖ਼, ਛ, /ph/ /kh/ /chh/ ਆਦਿ।

(2) ਕੋਮਲ ਤਾਲੂ ਦੀ ਸਥਿੱਤੀ; ਇਸ ਦੇ ਵੀ ਦੋ ਹਿੱਸੇ ਹਨ :

(+) ਨਾਸਕੀ (nasal); ਜਿਹੜੀਆਂ ਧੁਨੀਆਂ ਕੋਮਲ ਤਾਲੂ ਤੋਂ ਬਿਨਾਂ ਉਚਰਨ ਜਿਵੇਂ, ਮ, ਨ, ਣ /m/ /n/ /n/ ਆਦਿ।

(++) ਅਨਾਸਕੀ/ਮੂੰਹ ਪੋਲੀ (non-nasal/oral); ਜ਼ਿਹੜੀਆਂ ਧੁਨੀਆਂ ਕੋਮਲ ਤਾਲੂ ਤਾਲੂ ਨਾਲ ਉਚਰਨ ਜਿਵੇਂ ਟ, ਜ, ਬ, /t/ /j/ /b/ ਆਦਿ।

(3) ਨਾਦ-ਯੰਤਰੀ ; ਇਸ ਦੇ ਵੀ ਦੋ ਹਿੱਸੇ ਹਨ :

(+) ਨਾਦੀ (voiced) ਜਿਹੜੀਆਂ ਧੁਨੀਆਂ ਥਰਥਰਾਉਂਦੇ ਨਾਦ-ਯੰਤਰ ਰਾਹੀਂ ਉਚਰਤ ਹੋਣ ਜਿਵੇਂ ਬ, ਡ, ਗ, /b/ /d/ /g/ ਆਦਿ।

(++) ਨਾਦ ਰਹਿਤ (voiceless); ਜਿਹੜੀਆਂ ਧੁਨੀਆਂ ਖੁੱਲ੍ਹੇ ਨਾਦ-ਯੰਤਰ ਰਾਹੀਂ ਉਚਰਤ ਹੋਣ ਜਿਵੇਂ ਪ, ਕ, ਚ, ਫ, /p/ /k/ /ch/ /f/ ਆਦਿ।

ਹੁਣ ਤੁਸੀਂ ਸਵਰਾਂ ਦੀ ਵੰਡ ਤੇ ਉਪਵੰਡ ਅਤੇ ਵਿਅੰਜਨਾਂ ਦੀ ਵੰਡ ਤੇ ਉਪਵੰਡ ਦੇ ਤਰੀਕੇ ਤੇ ਵਿਧੀਆਂ ਦਾ ਵਰਣਨ ਕਰਦੇ ਹਾਂ। ਪਹਿਲਾਂ ਸਵਰਾਂ ਦੀ ਵਰਗ ਵੰਡ ਕਰਦੇ ਹਾਂ।

## ਸਵਰਾਂ ਦਾ ਵਰਗੀਕਰਨ (classification of vowels)

ਜਿਹਨਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਰੁਕਾਵਟ ਰਹਿਤ ਨਿਕਾਸ ਕਰੇ, ਉਹ ਸਵਰ ਹਨ। ਸਵਰ ਉਹ ਘੰਡੀ ਧੁਨੀ ਹੈ ਜਿਸ ਦੇ ਉਚਾਰਨ ਸਮੇਂ ਫੇਫੜਿਆਂ ਵਿਚੋਂ ਬਾਹਰ ਆਉਂਦੀ ਹਵਾ ਸਵਰ ਤੰਤੂਆਂ ਨੂੰ ਕੰਬਾਉਂਦੀ ਹੋਈ ਬਿਨਾਂ ਕਿਸੇ ਰੁਕਾਵਟ ਦੇ ਮੂੰਹ ਪੋਲ ਰਾਹੀਂ ਬਾਹਰ ਨਿਕਲਦੀ ਹੈ। ਪੰਜਾਬੀ ਦੇ ਦਸ ਸਵਰ ਈ, ਇ, ਉ, ਊ, ਏ, ਓ, ਐ, ਅ, ਆ, ਔ ਆਦਿ ਹਨ। ਸਵਰ ਦੇ ਉਚਾਰਨ ਵਿਚ ਮੂੰਹ-ਪੋਲ ਦੇ ਧੁਨੀ-ਅੰਗਾਂ ਵਿਚ ਨਾ ਕੋਈ ਰੁਕਾਵਟ, ਨਾ ਤੰਗੀ, ਨਾ ਰਗੜ ਅਤੇ ਨਾ ਹੋਂਠ ਤੇ ਜੀਭ ਦਾ ਸਪਰਸ਼ ਹੁੰਦਾ ਹੈ। ਸਵਰਾਂ ਦਾ ਮਹੱਤਵ ਇਸ ਲਈ ਹੈ ਕਿ ਭਾਸ਼ਾ ਦੇ ਬੋਲਣ ਦੀ ਕਿਰਿਆ ਵਿਚ ਸਵਰਾਂ ਤੋਂ ਬਿਨਾਂ ਵਿਅੰਜਨ ਉਚਾਰੇ ਨਹੀਂ ਜਾ ਸਕਦੇ। ਸਵਰ ਮੌਖਿਕ (oral) ਵੀ ਹੁੰਦੇ ਹਨ ਅਤੇ ਨਾਸਕੀ (nasal) ਵੀ ਹੁੰਦੇ ਹਨ। ਜੇਕਰ ਸਵਾਸ-ਧਾਰਾ ਮੂੰਹ ਰਾਹੀਂ ਲੰਘਦੀ ਹੈ ਤਾਂ ਸਵਰ ਮੌਖਿਕ ਹਨ ਜੇਕਰ ਸਾਹ ਵੀ ਹਵਾ ਇਕੋ ਵੇਲੇ ਨਾਸਕੀ ਪੋਲ ਰਾਹੀਂ ਵੀ ਨਿਕਲਦੀ ਹੈ ਤਾਂ ਸਵਰ ਨਾਸਕੀ ਹੁੰਦੇ ਹਨ। ਸਵਰ ਧੁਨੀ ਦੀ ਗੁਣਾਤਮਕ ਮਹੱਤਾ ਕੰਠ-ਪਟਾਰੀ, ਮੂੰਹ ਤੇ ਨੱਕ ਦੀਆਂ ਵਿਭਿੰਨ ਸਥਿੱਤੀਆਂ ਤੇ ਸ਼ਕਲਾਂ ਤੇ ਨਿਰਭਰ ਕਰਦੀ ਹੈ। ਸੰਸਾਰ ਦੀਆਂ ਅੱਜ ਤੱਕ ਗਿਆਤ ਭਾਸ਼ਾਵਾਂ ਦੇ ਸਵਰ ਨਾਦੀ ਹੀ ਵੇਖੇ ਗਏ ਹਨ।[10] ਕਈ ਭਾਸ਼ਾ ਵਿਗਿਆਨੀਆਂ ਨੇ ਇਸ ਨੂੰ ਹੋਰ ਨਾ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ ਪਰ ਇਹਨਾਂ ਦਾ ਨਾਂ ਸਵਰ (vowels) ਹੀ ਪਰਚੱਲਿਤ ਹੈ। ਸਵਰਾਂ ਦੇ ਉਚਾਰਨਾਂ ਨਾਲੋਂ ਕਾਫੀ ਕਠਿਨ ਹੁੰਦਾ ਹੈ। ਇਸ ਕਰਕੇ ਸਵਰਾਂ ਦੇ ਵਰਗੀਕਰਨ ਦਾ ਕਾਫੀ ਕਠਿਨ ਕਾਰਜ ਹੈ।

ਵਿਅੰਜਨਾਂ ਦੇ ਉਚਾਰਨ ਵੇਲੇ ਉਚਾਰਕਾਂ ਦੀਆਂ ਹਰਕਤਾਂ ਨੂੰ ਸਪਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ ਕਿਉਂਕਿ ਇਹ ਇਕ ਦੂਜੇ ਦੇ ਨੇੜੇ ਆ ਜਾਂਦੇ ਹਨ। ਸਵਰਾਂ ਦੇ ਉਚਾਰਨ ਵੇਲੇ ਉਚਾਰਕਾਂ ਦੀ ਸਥਿੱਤੀ ਖੁਲ੍ਹੀ ਨੇੜਤਾ ਵਾਲੀ ਸੁੰਗੜ ਦੇ ਨੇੜੇ ਹੁੰਦੀ ਹੈ। ਸਿੱਟੇ ਵਜੋਂ ਉਚਾਰਕ ਇਕ ਦੂਜੇ ਦੇ ਵਧੇਰੇ

10. ਡਾ. ਪ੍ਰੇਮ ਸਿੰਘ ਧਾਲੀਵਾਲ, ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ 314.

ਨਜ਼ਦੀਕ ਨਹੀਂ ਆਉਂਦੇ, ਇਸ ਲਈ ਇਹਨਾਂ ਨੂੰ ਪਰਖਣ ਵਿਚ ਕਠਿਨਾਈ ਆ ਸਕਦੀ ਹੈ। ਅਸਲ ਵਿਚ ਸਵਰਾਂ ਦੇ ਉਚਾਰਨ ਵੇਲੇ ਬੋਲ-ਾਹ ਦੇ ਰੂਪ ਅਤੇ ਆਕਾਰ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ। ਸੰਘ ਤੋਂ ਬੁੱਲ੍ਹਾਂ ਤੱਕ ਦੇ ਖੇਤਰ ਨੂੰ ਅਸੀਂ ਬੋਲ-ਰਾਹ ਦਾ ਨਾਂ ਦਿੰਦੇ ਹਾਂ। ਮੂੰਹ ਪੋਲ ਵਿਚ ਪਈ ਜੀਭ ਬਲ-ਰਾਹ ਦੇ ਰੂਪ ਵਿਚ ਅਤੇ ਆਕਾਰ ਵਿਚ ਤਬਦੀਲੀ ਲਿਆਉਣ ਵਿਚ ਕਿਰਿਆਸ਼ੀਲ ਹੁੰਦੀ ਹੈ। ਇਹ ਅਗਲੇ, ਵਿਚਕਾਰਲੇ ਜਾਂ ਪਿਛਲੇ ਹਿੱਸੇ ਤੋਂ ਉੱਪਰ ਉੱਠ ਕੇ ਬੋਲ ਰਾਹ ਨੂੰ ਛੋਟਾ ਜਾਂ ਵੱਡਾ ਕਰ ਸਕਦੀ ਹੈ। ਇਸੇ ਤਰ੍ਹਾਂ ਬੁੱਲ੍ਹ ਗੋਲ ਜਾਂ ਚੌੜੇ ਹੋ ਕੇ ਬੋਲ-ਰਾਹ ਦੇ ਰੂਪ ਨੂੰ ਬਦਲ ਸਕਦੇ ਹਨ। ਜੀਭ ਅਤੇ ਬੁੱਲ੍ਹਾਂ ਦੀਆਂ ਇਹਨਾਂ ਹਰਕਤਾਂ ਸਦਕਾ ਹੀ ਸਵਰਾਂ ਦਾ ਉਚਾਰਨ ਮਿਲਦਾ ਹੈ। ਇਸ ਲਈ ਸਵਰਾਂ ਦੇ ਵਰਗੀਕਰਨ ਲਈ ਇਹਨਾਂ ਦੋ ਅੰਗਾਂ ਨੂੰ ਆਧਾਰ ਬਣਾਇਆ ਜਾਂਦਾ ਹੈ ਭਾਵ ਜੀਭ ਦੀ ਸਥਿੱਤੀ ਅਤੇ ਬੁੱਲ੍ਹਾਂ ਦੇ ਆਕਾਰ ਨੂੰ। ਸਵਰਾਂ ਨੂੰ ਵੰਡਣ ਤੇ ਵਰਗ-ਬੱਧ ਕਰਨ ਦੇ ਆਮ ਤੌਰ ਤੇ ਤਿੰਨ ਉਚਾਰ ਮੂਲਕ ਪਾਸਾਰ (dimensions) ਹਨ। ਪਹਿਲਾ : ਕਿ ਕਿੰਨੀ ਡਿਗਰੀ ਤੱਕ ਮੂੰਹ ਖੁੱਲ੍ਹਾ ਜਾਂ ਮੀਟਿਆ ਹੋਇਆ ਹੈ ਅਤੇ ਉਸ ਵਿਚ ਜੀਭ ਦੀ ਕੀ ਸਥਿੱਤੀ ਹੈ ਭਾਵ ਮੀਟਵੇਂ ਤੇ ਖੁੱਲ੍ਹੇ ਸਵਰ (closev, open vowels)। ਦੂਜਾ : ਜੀਭ ਦੇ ਉੱਚੇ ਹਿੱਸੇ ਦੀ ਸਥਿੱਤੀ ਅਰਥਾਤ ਅਗਲੇ ਤੇ ਪਿਛਲੇ ਸਵਰ (front v. back vowels) ਤੀਜਾ : ਹੋਠਾਂ ਦੀ ਸਥਿੱਤੀ ਤੇ ਸ਼ਕਲ ਅਰਥਾਤ ਗੋਲ ਗੋਲਾਈ ਰਹਿਤ ਜਾਂ ਖਿੱਲਰੇ (rounded v. unrounded)। ਡਾ. ਕੇਟ ਅਤੇ ਹੋਰ ਭਾਸ਼ਾ ਵਿਗਿਆਨੀਆਂ ਨੇ ਵੰਡ ਵਿਧੀ ਦੇ ਇਹ ਤਿੰਨ ਪਾਸਾਰੀ ਆਧਾਰ ਸਵੀਕਾਰ ਕੀਤੇ ਹਨ। ਇਸ ਤਰ੍ਹਾਂ ਸਵਰ ਧੁਨੀਆਂ ਮੀਟਵੇਂ/ਖੁੱਲ੍ਹੇ, ਅਗਲੇ/ਪਿਛਲੇ ਤੇ ਗੋਲਾਈ/ਗੋਲਾਈ ਰਹਿਤ ਆਦਿ ਸ਼੍ਰੇਣੀਆਂ ਵਿਚ ਰੱਖੀਆਂ ਜਾ ਸਕਦੀਆਂ ਹਨ। ਪਰੰਤੂ ਇਹ ਤਿੰਨ-ਪਾਸੜ ਆਧਾਰ ਅੰਤਿਮ ਨਹੀਂ, ਇਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

ਖੁਲ੍ਹੇ ਤੇ ਮੀਟਵੇਂ ਸਵਰ (close v. open vowels); ਮੂੰਹ ਦੇ ਅੰਦਰ ਜ਼ਬਾਨ ਨੂੰ ਜਾਂ ਤਾਂ ਬਿਲਕੁਲ ਨੀਵੀਂ ਰੱਖਿਆ ਜਾਂਦਾ ਹੈ ਜਾਂ ਇਸ ਦੀ ਨੋਕ ਨੂੰ ਸਖਤ ਤਾਲੂ (hard palate) ਦੀ ਤਰਫ ਅਤੇ ਜਾਂ ਜੀਭ ਦੇ ਪਿਛਲੇ ਹਿੱਸੇ ਨੂੰ ਕੋਮਲ ਤਾਲੂ ਦੀ ਤਰਫ ਵੱਖ-ਵੱਖ ਮਾਤਰਾ ਵਿਚ ਉਠਾਇਆ ਜਾਂਦਾ ਹੈ। ਇਸ ਸਥਿੱਤੀ ਦੇ ਫਲਸਰੂਪ ਸਾਨੂੰ ਖੁੱਲ੍ਹੇ ਤੇ ਮੀਟਵੇਂ ਸਵਰ ਉਪਲਬੱਧ ਹੁੰਦੇ ਹਨ। ਜੀਭ ਦੀਆਂ ਖੜ੍ਹੇ ਦਾਅ ਗਤੀਆਂ ਦੇ ਨਤੀਜੇ ਵਜੋਂ ਚਾਰ ਮਾਤਰੀ ਵੰਡ ਸਥਾਪਿਤ ਹੁੰਦੀ ਹੈ।

(1) ਖੁੱਲ੍ਹੇ (open) (2) ਅੱਧ ਖੁੱਲ੍ਹੇ (half open) (3) ਮੀਟਵੇਂ (close, (4) ਅੱਧ-ਮੀਟਵੇਂ (half closed)।

ਇਸ ਤੋਂ ਇਲਾਵਾ ਸਵਰਾਂ ਦਾ ਤਿੰਨ ਹਿੱਸਿਆਂ ਵਾਲਾ ਵਰਗੀਕਰਨ ਧਿਆਨਯੋਗ ਹੈ। ਜਦੋਂ ਜੀਭ ਦਾ ਅਗਲਾ ਹਿੱਸਾ ਤਾਲੂ ਵੱਲ ਜਾਂਦਾ ਹੈ ਤਾਂ ਸਾਹ ਬੇਰੋਕ ਚਲਦਾ ਹੈ। ਸਿੱਟੇ ਵਜੋਂ ਮੂਹਰਲੇ ਸਵਰ ਬਣਦੇ ਹਨ। ਜਦੋਂ ਜੀਭ ਦਾ ਅਗਲਾ ਹਿੱਸਾ ਕੋਮਲ ਤਾਲੂ ਦੀ ਤਰਫ ਉਠਾਇਆ ਜਾਂਦਾ ਹੈ ਤਾਂ ਪਿਛਲਾ ਸਵਰ ਉਤਪੰਨ ਹੁੰਦੇ ਹਨ ਅਤੇ ਜੀਭ ਦਾ ਵਿਚਕਾਰਲਾ ਹਿੱਸਾ ਸਖਤ ਤਾਲੂ ਤੇ ਨਰਮ ਤਾਲੂ ਦੇ ਸੰਗਮ ਵੱਲ ਉਠਾਇਆ ਜਾਂਦਾ ਹੈ ਤਾਂ ਮਝਲੇ ਸਵਰ ਪੈਦਾ ਹੁੰਦੇ ਹਨ। ਜੀਭ ਦੀ ਸਥਿੱਤੀ ਦੇ ਫਲ ਵਜੋਂ ਸਵਰਾਂ ਦੀ ਇਸ ਤਰ੍ਹਾਂ ਵੰਡ ਕੀਤੀ ਜਾ ਸਕਦੀ ਹੈ। ਮੂਹਰਲੇ ਸਵਰ, ਵਿਚਲੇ ਸਵਰ ਤੇ ਮਗਰਲੇ ਸਵਰ। ਉਪਰੋਕਤ ਕੀਤੇ ਗਏ ਵਰਗੀਕਰਨ ਦੇ ਆਧਾਰ ਤੇ ਸਵਰਾਂ ਨੂੰ ਹੇਠ ਲਿਖੇ ਚਾਰਟ ਰਾਹੀਂ ਵੀ ਸਮਝਿਆ ਜਾ ਸਕਦਾ ਹੈ :

(1) ਮੂਹਰਲੇ ਗੋਲਾਈ ਰਹਿਤ (frontal unrounded) ਤੇ ਮਗਰਲੇ ਗੋਲਾਈ ਸਹਿਤ (back rounded)




| | | | |
|---|---|---|---|
| (3) ਉੱਚੇ (high) | ਈ ਇ | ਉ ਊ | |
| (4) ਮੱਧ (middle) | ਏ | ਓ | |
| (5) ਨੀਵੇਂ (low) | ਐ | ਅ ਆ | ਔ |

(6) ਲਘੂ (shorter); ਇ, ਓ, ਅ

(7) ਦੀਰਘ (longer); ਈ, ਏ, ਐ, ਊ, ਓ, ਆ, ਔ




(1) ਮੂਹਰਲੇ ਗੋਲਾਈ ਰਹਿਤ (frontal unrounded); ਈ, ਇ, ਏ, ਐ, ਅ, ਆ

(2) ਮਗਰਲੇ ਗੋਲਾਈ ਸਹਿਤ (back rounded); ਉ, ਊ, ਓ, ਔ

(3) ਉੱਚੇ (high); ਈ, ਇ, ਉ, ਊ

(4) ਮੱਧ (middle); ਏ, ਓ

(5) ਨੀਵੇਂ (low); ਐ, ਅ, ਆ, ਔ

(6) ਲਘੂ (shorter); ਇ, ਓ, ਅ

(7) ਦੀਰਘ (longer); ਈ, ਏ, ਐ, ਊ, ਓ, ਆ, ਔ

## ਵਿਅੰਜਨਾਂ ਦਾ ਵਰਗੀਕਰਨ (Classification of consonants)

ਜਿਹਨਾਂ ਧੁਨੀਆਂ ਦੇ ਉਚਾਰਨ ਸਮੇਂ ਹਵਾ ਨੂੰ ਰੁਕਾਵਟ ਪਵੇ, ਉਹ ਵਿਅੰਜਨ ਹਨ। ਵਿਅੰਜਨ, ਉਹਧੁਨੀ ਹੈ ਜਿਸ ਦੇ ਉਚਾਰਨ ਵਿਚ ਫੇਫੜਿਆਂ ਚੋਂ ਆਉਂਦੀ ਹਵਾ ਸਵਰ ਤੰਤੂਆਂ ਨੂੰ ਕੰਬਾਉਂਦੀ ਜਾਂ ਨਾ ਕੰਬਾਉਂਦੀ ਮੂੰਹ ਪੋਲ ਵਿਚੋਂ ਪੂਰਨ ਜਾਂ ਅਪੂਰਨ ਸਹਿਤ ਲੰਘਦੀ ਹੈ। ਪੰਜਾਬੀ ਭਾਸ਼ਾ ਵਿਚ 29 ਵਿਅੰਜਨ ਹਨ। ਪੁਰਾਤਨ ਗੁਰਮੁਖੀ ਲਿਖਤ ਦੇ ਅੱਖਰ-ਕ੍ਰਮ ਵਿਚ ਵਰਨਾਂ ਦੀ ਗਿਣਤੀ ਪੈਂਤੀ ਸੀ। ਇਸ ਗੁਰਮੁਖੀ ਲਿਖਤ ਦਾ ਸੰਬੰਧ ਸਿੱਖ ਗੁਰੂਆਂ ਦੀ ਧਾਰਮਿਕ ਪੁਸਤਕ/ਗਰੰਥ "ਗਰੰਥ ਸਾਹਿਬ" ਨਾਲ ਜਾ ਜੁੜਦਾ ਹੈ। ਗੁਰਮੁਖੀ ਤੋਂ ਭਾਵ ਗੁਰੂਆਂ ਦੇ ਮੁਖ ਤੋਂ ਉਚਾਰੀ ਬਾਣੀ। ਇਸ ਵਿਚ ਲਗਾਂ ਮਾਤਰਾਂ (ਆ, ਇ, ਈ, ਉ, ਊ, ਓ, ਔ, ਏ, ਐ=9), ਸਹਾਇਕ ਚਿਹਨ ਬਿੰਦੀ (.), (ਟਿੱਪੀ) (ੰ) (ਅੱਧਕ ੱ), ਪੈਰ 'ਚ ਪੈਣ ਵਾਲੇ ਵਰਨ (ਹ, ਰ, ਵ) ਪੈਰ 'ਚ ਬਿੰਦੀ ਵਾਲੇ ਵਰਨ : ਸ਼, ਖ਼, ਗ਼, ਜ਼, ਫ਼, ਲ਼ = 6) ਸਵਰ ਵਾਹਕ (ੳ ਅ ੲ = 3) ਆਦਿ ਵਰਨਾਂ ਦੀ ਗਿਣਤੀ ਸ਼ਾਮਲ ਨਹੀਂ ਸੀ। ਅਜੋਕੀ ਗੁਰਮੁਖੀ ਲਿਖਤ ਵਿਚ ਅੱਖਰ ਕ੍ਰਮ ਅਨੁਸਾਰ ਕੁਲ ਚਿਹਨ = 56 ਹਨ। ਗੁਰਮੁਖੀ ਲਿਖਤ ਵਿਚ ਪਰਚੱਲਿਤ 35 (ਪੈਂਤੀ/ peti) ਵਿਅੰਜਨਾਂ ਦਾ ਗਰਾਫ ਹੇਠਾਂ ਉਲੀਕਿਆ ਗਿਆ ਹੈ।

ਉਪਰੋਕਤ ਤਾਲਿਕਾ ਦੇ ਆਧਾਰ ਤੇ ਪੰਜਾਬੀ ਵਿਅੰਜਨਾਂ ਦੀ ਵਰਗ ਵੰਡ ਕਰਨ ਲਈ ਭਾਸ਼ਾ ਵਿਗਿਆਨੀਆਂ ਨੇ ਕੁਝ ਉਚਾਰ ਮੂਲਕ ਪ੍ਰਤਿਮਾਨ ਸਥਾਪਿਤ ਕੀਤੇ ਹਨ। ਇਸ ਦੇ ਦੋ ਭਾਗ ਹੇਠ ਲਿਖੇ ਅਨੁਸਾਰ ਹਨ :

(ੳ) ਉਚਾਰਨ ਸਥਾਨ (points of articulation)

(ਅ) ਉਚਾਰਨ ਵਿਧੀ (manner of articulation)

ਇਹਨਾਂ ਪ੍ਰਤਿਮਾਨ/ਵਿਧੀ ਅਨੁਸਾਰ ਪੰਜਾਬੀ ਵਿਅੰਜਨਾਂ ਦਾ ਗਰਾਫ਼/ਚਾਰਟ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ : (ਉਚਾਰਨ ਸਥਾਨ)

| ਸਪਰਸ਼ੀ ਵਿਅੰਜਨ | ਦੋ ਹੋਂਠੀ | ਹੋਂਠ ਦੰਤੀ | ਉਲਟ ਜੀਭੀ | ਤਾਲਵੀ | ਕੰਠੀ | (ਸੁਰ ਯੰਤਰੀ) |
|---|---|---|---|---|---|---|
| ਅਘੋਸ਼ ਅਲਪ ਪ੍ਰਾਣ | ਪ | ਤ | ਟ | ਚ | ਕ | - |
| ਅਘੋਸ਼ ਮਹਾਂਪ੍ਰਾਣ | ਫ | ਥ | ਠ | ਛ | ਖ | - |
| ਸਘੋਸ਼ ਅਲਪ ਪ੍ਰਾਣ | ਬ | ਦ | ਡ | ਜ | ਗ | |

| | | | | | | |
|---|---|---|---|---|---|---|
| ਅਰਧ ਸਪਰਸ਼ੀ ਨਾਸਕੀ | ਮ | ਨ | ਣ | ਞ | ਙ | |
| ਪਾਸੇਦਾਰ | – | ਲ | ਲ਼ | – | – | |
| ਊਸ਼ਮ | – | ਸ | – | ਸ਼ | – | |
| ਕਾਂਬਵੀਂ/ਫਟਕਵੀਂ | – | ਰ | ੜ | – | | |
| ਅਰਥ ਸਵਰ | ਵ | – | – | ਯ | – | |
| ਸੁਰਯੰਤਰੀ | f | – | – | – | ਹ | ਹ |

ਪੰਜਾਬੀ ਉਚਾਰਨ ਵਿਚ 15 ਸਪਰਸ਼ੀ ਵਿਅੰਜਨ ਹਨ। 14 ਅਰਧ ਸਪਰਸ਼ੀ ਵਿਅੰਜਨ ਹਨ। ਗੁਰਮੁਖੀ ਲਿਪੀ ਵਿਚ ਪੁਰਾਣੀ ਤੁਰੀ ਆ ਰਹੀ ਪਰੰਪਰਾ ਅਨੁਸਾਰ ਘ, ਝ, ਢ, ਧ, ਭ (gh, jh, dh, dh, bh - voiced aspirates)

ਸਘੋਸ਼ ਮਹਾਂਪ੍ਰਾਣ ਵਰਨ ਹੀ ਹਨ। ਪਰ ਫੋਨੋਲੋਜੀ ਦੇ ਪੱਖੋਂ ਇਹਨਾਂ ਦਾ ਕੋਈ ਵੀ ਮਹੱਤਵ ਨਹੀਂ ਹੈ। ਸ਼, ਜ਼, ਫ਼, ਖ਼, ਗ਼, ਲ਼ ਆਦਿ ਸ਼ਬਦ ਉਧਾਰੇ ਸ਼ਬਦਾਂ (Loan words) ਦੇ ਅੰਤਰਗਤ ਆ ਜਾਂਦੇ ਹਨ। ਭਾਵ ਫਾਰਸੀ ਭਾਸ਼ਾ ਵਿਚੋਂ ਲਏ ਗਏ ਹਨ।

ਵਿਅੰਜਨਾਂ ਦੀ ਧੁਨੀਆਤਮਕ ਵਿਆਖਿਆ ਉਪਰੋਕਤ ਦੋ ਢੰਗਾਂ ਅਨੁਸਾਰ ਕੀਤੀ ਗਈ ਹੈ। ਵਿਅੰਜਨਾਂ ਦੇ (1) ਉਚਾਰਨ ਸਥਾਨ ਅਤੇ ਉਚਾਰਨ ਵਿਧੀ ਅਨੁਸਾਰ। ਜਿਸ ਜਗ੍ਹਾ ਸਕਰਮਕ ਅਤੇ ਅਕਰਮਕ (active and passive) ਉਚਾਰਕ ਮਿਲ ਕੇ ਧੁਨੀ ਉਚਾਰਦੇ ਹਨ ਉਸ ਨੂੰ ਉਚਾਰਨ ਸਥਾਨ ਕਿਹਾ ਜਾਂਦਾ ਹੈ ਅਤੇ ਪੌਣਧਾਰਾ ਦੇ ਪ੍ਰਵਾਹ ਨੂੰ ਇਹ ਦੋਵੇਂ ਮਿਲ ਕੇ ਜਿਸ ਤਰ੍ਹਾਂ ਦੀ ਰੁਕਾਵਟ ਪਾਉਂਦੇ ਹਨ ਉਸ ਨੂੰ ਉਚਾਰਨ ਢੰਗ ਕਿਹਾ ਜਾਂਦਾ ਹੈ। ਉਚਾਰਨ ਸਥਾਨ ਅਨੁਸਾਰ ਪੰਜਾਬੀ ਵਿਅੰਜਨ ਤੇ ਉਚਾਰਨ ਸਥਾਨਾਂ ਤੋਂ ਉਚਾਰੇ ਜਾਂਦੇ ਹਨ ਜਿਵੇਂ ਹੋਠੀ, ਦੰਤੀ, ਉਲਟ ਜੀਭੀ, ਤਾਲਵੀ, ਕੰਠੀ ਤੇ ਗਲੌਟਲ (ਸੁਰ ਯੰਤਰੀ)।

(1) ਦੋ ਹੋਠੀ bilabial : ਪ, ਫ, ਬ, ਮ, ਵ

(2) ਹੋਠ ਦੰਤੀ Labio-Dental : ਤ, ਥ, ਦ, ਨ, ਲ, ਸ, ਰ

(3) ਉਲਟ ਜੀਭੀ/ਮੂਰਧਨੀ Retlroflex : ਟ, ਠ, ਡ, ਣ, ੜ, ਲ, ੜ

(4) ਤਾਲਵੀ Palatal : ਚ, ਛ, ਜ, ਞ, ਸ਼, ਯ

(5) ਕੰਠੀ Velar : ਕ, ਖ, ਗ, ਙ

(6) ਗਲੌਟਲ (ਸੁਰ ਯੰਤਰੀ) ਹ.

ਉਚਾਰਨ ਢੰਗਾਂ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(ੳ) ਸਪਰਸ਼ੀ (stops)

(ਅ) ਅਰਧ ਸਪਰਸ਼ੀ (non-stops/continuants)

(ੳ) ਸਪਰਸ਼ੀ (stop); ਜਿਹਨਾਂ ਵਿਅੰਜਨਾਂ ਦੇ ਉਚਾਰਨ ਵਿਚ ਉਚਾਰਕ ਪੌਣਧਾਰਾ ਨੂੰ ਪੂਰੀ ਤਰ੍ਹਾਂ ਰੋਕ ਲੈਂਦੇਹਨ, ਉਹਨਾਂ ਨੂੰ ਸਪਰਸ਼ੀ/ਢੱਕਵੇਂ ਵਿਅੰਜਨ ਕਿਹਾ ਜਾਂਦਾ ਹੈ। ਸਪਰਸ਼ੀ ਵਿਅੰਜਨ ਤਕਰੀਬਨ ਸਾਰੇ ਹੀ ਉਚਾਰਨ ਸਥਾਨਾਂ ਉੱਤੇ ਉਚਾਰੇ ਜਾਂਦੇ ਹਨ। ਸਪਰਸ਼ੀ ਵਿਅੰਜਨ ਸਯੋਗ, ਸਘੋਸ਼, ਅਘੋਸ਼, ਅਲਪ ਪ੍ਰਾਣ, ਮਹਾਂ ਪ੍ਰਾਣ (ਨਾਦੀ, ਨਾਦੀ ਰਹਿਤ, ਅਲਪ ਪ੍ਰਾਣ, ਮਹਾਂ ਪ੍ਰਾਣ) ਹੋ ਸਕਦੇ ਹਨ। ਪੰਜਾਬੀ ਦੀਆਂ 15 ਧੁਨੀਆਂ ਸਪਰਸ਼ੀ ਹਨ ਤੇ ਬਾਕੀ 14 ਧੁਨੀਆਂ ਅਰਧ ਸਪਰਸ਼ੀ ਹਨ। ਜਿਵੇਂ ਸਪਰਸ਼ੀ ਧੁਨੀਆਂ ਪ, ਫ, ੲ, ਤ, ਥ, ਦ, ਟ, ਠ, ਡ, ਚ, ਛ, ਜ, ਕ, ਖ, ਗ।

(ਅ) ਅਰਧ ਸਪਰਸ਼ੀ (non stops/ continuants) : ਜਿਹਨਾਂ ਵਿਅੰਜਨਾਂ ਦੇ ਉਚਾਰਨ ਵਿਚ ਪੌਣਧਾਰਾ ਨੂੰ ਘੱਟ ਵੱਧ ਰੁਕਾਵਟ ਪਾਈ ਜਾਂਦੀ ਹੈ, ਉਹਨਾਂ ਨੂੰ ਅਰਧ ਸਪਰਸ਼ੀ ਕਿਹਾ ਜਾਂਦਾ ਹੈ। ਇਹਨਾਂ ਵਿਅੰਜਨਾਂ ਦੇ ਉਚਾਰਨ ਸਮੇਂ ਪੌਣਧਾਰਾ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਜਿਵੇਂ ਮ, ਵ, ਨ, ਲ, ਸ,

ਰ, ਣ, ਲ, ੜ, ਵ, ਸ, ਯ, ਙ, ਹ।

ਇਹਨਾਂ ਨੂੰ ਅੱਗੋਂ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

(1) ਨਾਸਕੀ (Nasal) : ਜਦੋਂ ਉਚਾਰਨ ਸਮੇਂ ਕੰਠਮਾਰਗ ਖੁੱਲ੍ਹਿਆ ਹੋਵੇ, ਨੱਕ ਤੇ ਮੂੰਹ ਰਾਹੀਂ ਹਵਾ ਲੰਘੇ, ਸਿੱਟਾ ਨਾਸਕੀ ਧੁਨੀਆਂ ਉਤਪੰਨ ਹੁੰਦੀਆਂ ਹਨ। ਜਿਵੇਂ ਮ, (ਅ), ਨ (ਮ), ਣ (ਮ) ਆਦਿ। ਮ ਨ ਣ ਞ ਙ

(2) ਕਾਬਵੇਂ ਤੇ ਫਟਕਵੇਂ (Trills Thrill and flaps) : ਰ (r) ਤੇ ੜ (r) ਵਿਅੰਜਨਾਂ ਨੂੰ ਕ੍ਰਮਵਾਰ ਕਾਬਵੇਂ ਤੇ ਫਟਕਵੇਂ ਵਿਅੰਜਨ ਕਿਹਾ ਜਾ ਸਕਦਾ ਹੈ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਜੀਭ ਦੀ ਨੋਕ ਉਚਾਰਣ ਅੰਗਾਂ ਨੂੰ ਛੂੰਹਦੀ ਹੈ ਅਤੇ ਕੰਬਦੀ ਹੈ। ਯੂਰਪੀ ਭਾਸ਼ਾਵਾਂ ਵਿਚ ਫਟਕਵੇਂ (flaps) ਢੰਗ ਦੇ ਵਿਅੰਜਨ ਬਹੁਤ ਘੱਟ ਹਨ। ਪੰਜਾਬੀ ਵਿਚ ੜ (r) ਫਟਕਵਾਂ ਵਿਅੰਜਨ ਹੈ। ਇਸ ਦੇ ਉਚਾਰਨ ਸਮੇਂ ਜੀਭ ਗੋਲ ਹੋ ਕੇ ਤਾਲੂ ਨਾਲ ਸਪਰਸ਼ ਕਰਦੀ ਹੈ ਤੇ ਝਟਕੇ ਨਾਲ ਹੇਠਾਂ ਆਉਂਦੀ ਹੈ।

(3) ਪਾਸੇਦਾਰ (laterals) : ਪੰਜਾਬੀ ਵਿਚ ਲ (1) ਤੇ ਲ਼ (1) ਵਿਅੰਜਨ ਇਸ ਸਥਿੱਤੀ ਨਾਲ ਸਬੰਧਿਤ ਹਨ। ਇਹਨਾਂ ਦੇ ਉਚਾਰਨ ਸਮੇਂ ਜੀਭ ਦੀ ਨੋਕ ਗੋਲ ਹੋ ਕੇ ਪਿਛਾਂਹ ਮੁੜਦੀ ਹੈ ਅਤੇ ਜੀਭ ਦੇ ਦੋਵਾਂ ਕਿਨਾਰਿਆਂ ਤੋਂ ਹਵਾ ਨਿਕਾਸ ਕਰਦੀ ਹੈ।

(4) ਊਸ਼ਮ (plosive), ਜਦੋਂ ਹਵਾ ਰੁਕ ਕੇ ਇਕ ਦਮ ਬਾਹਰ ਨੂੰ ਨਿਕਾਸ ਕਰੇ, ਸਿੱਟੇ ਵਜੋਂ ਪੈਦਾ ਹੋਈਆਂ ਧੁਨੀਆਂ ਨੂੰ ਊਸ਼ਮ/ਝੁਟਿਤ (plosive) ਧੁਨੀਆਂ ਕਿਹਾ ਜਾਂਦਾ ਹੈ। ਜਿਵੇਂ; ਸ (s), ਸ਼ (s) ਆਦਿ।

(5) ਰਗੜਵੇਂ (fricatives); ਇਹਨਾਂ ਦਾ ਉਚਾਰਨ ਕਰਨ ਵੇਲੇ ਹਵਾ ਨੂੰ ਮੂੰਹ ਦੇ ਰਸਤਿਉਂ ਰਗੜ ਕੇ ਜਾਂ ਘਸੜ ਕੇ ਕੱਢਿਆ ਜਾਂਦਾ ਹੈ। ਜਿਵੇਂ; ਫ਼ (F), ਜ਼ (Z) ਆਦਿ। ਇਸ ਤੋਂ ਇਲਾਵਾ ਦੋ ਅਰਧ-ਸਵਰ (semi-vowels) ਵੀ ਪ੍ਰਵਾਨਿਤ ਹਨ ਜਿਵੇਂ ਵ (W) ਯ (Y) ਆਦਿ। ਅੰਗਰੇਜ਼ੀ ਵਿਚ yet ਅਤੇ wet ਦੇ ਮੁੱਢਲੇ ਸਵਰ ਅਰਧ-ਸਵਰ ਹਨ। 'ਖ' -'ਘ'/'ਛ'-'ਝ'/'ਥ'-'ਧ'/'ਫ'-'ਭ' ਆਦਿ। ਧੁਨੀਆਂ ਨੂੰ ਖਹਿਵੇਂ ਉਚਾਰਨ ਕਿਹਾ ਜਾਂਦਾ ਹੈ। ਇਹ ਪੰਜਾਬੀ ਤੇ ਭਾਰਤੀ ਧੁਨੀ-ਸੰਸਾਰ ਦੀ ਵਿਸ਼ੇਸ਼ਤਾ ਹੈ ਕਿ ਸੰਸਾਰ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਇਹ ਧੁਨੀਆਂ ਹਨ, ਇਹਨਾਂ ਨੂੰ ਉਚਾਰਨ ਹਿੱਤ ਉਹ ਆਪਣੀ ਵਰਣਮਾਲਾ ਦੇ ਦੋ ਵਿਅੰਜਨਾਂ ਨੂੰ ਸੰਗਮ ਕਰਦੇ ਹਨ, ਅੰਗਰੇਜ਼ੀ ਤੇ ਉਰਦੂ (ਫ਼ਾਰਸੀ) ਭਾਸ਼ਾ ਦੀ ਉਦਾਹਰਣ ਸਾਡੇ ਸਮਝਣ ਹਿੱਤ ਸਭ ਤੋਂ ਨਜ਼ਦੀਕੀ ਭਾਸ਼ਾਵਾਂ ਹਨ, ਮਿਸਾਲ ਵਜੋਂ :

| ਪੰਜਾਬੀ | ਅੰਗਰੇਜ਼ੀ | ਉਰਦੂ |
|---|---|---|
| ਖ | kh | ਚੇ+ਹੇ |
| ਘ | gh | ਗਾਫ+ਹੇ |
| ਛ | chh | ਚੇ+ਹੇ |
| ਝ | jh | ਜੀਮ+ਹੇ |
| ਠ | Th | ਟੇ+ਹੇ |
| ਢ | Dh | ਡਾਲ + ਹੇ |
| ਥ | Th | ਤੇ + ਹੇ |
| ਧ | Dh | ਦਾਲ + ਹੇ |
| ਫ | ph | ਪੇ + ਹੇ |
| ਭ | Bh | ਏ + ਹੇ |

'ੜ' (r) ਧੁਨੀ ਸਾਡੀ ਵਰਣਮਾਲਾ ਵਿਚ ਦ੍ਰਾਵੜ-ਭਾਸ਼ਾਵਾਂ ਵਿਚੋਂ ਆਈ ਹੈ ਜੋ ਪਹਿਲਾਂ ਸਿੰਧ ਤੇ ਪੰਜਾਬ ਦੇ ਦਰਿਆਵਾਂ ਕੰਢੇ ਵਸੀਆਂ ਕੌਮਾਂ ਬੋਲਦੀਆਂ ਸਨ, ਪਰਾਚੀਨ ਪੰਜਾਬੀ ਵਿਚੋਂ ਇਹ ਯਾਦ ਸਾਡੇ ਪਾਸ ਅੱਜ ਤੱਕ ਵਰਤੀ ਜਾਂਦੀ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ ਦੇ ਸਮਾਨ ਕੋਈ ਇਕ ਅੱਖਰ ਨਹੀਂ,

ਹਿੰਦੀ ਵਾਲੇ ਡ-ਟ ਢ ਆਪਣੇ ਦੋ ਅੱਖਰਾਂ ਥੱਲੇ ਬਿੰਦੀ ਲਾ ਕੇ ਇਸ ਦਾ ਉਚਾਰਨ ਕਰਦੇ ਹਨ। ਅਨੁਨਾਸਕਾਂ ਵਿਚੋਂ ਵੀ 'ਙ' 'ਞ' ਹਿੰਦੀ ਵਿੱਚ ਤਾਂ ਹੈ, ਯੋਰਪੀ ਭਾਸ਼ਾਵਾਂ ਵਿਚ ਉੱਕਾ ਹੀ ਨਹੀਂ। ਮੱਧਕਾਲ ਵਿਚ ਫ਼ਾਰਸੀ ਦੇ ਗਾਲਬ ਪਰਚਲਨ ਤੇ ਸਰਕਾਰੀ ਤੌਰ ਤੇ ਇਸ ਭਾਸ਼ਾ ਨੂੰ ਅਪਣਾਏ ਜਾਣ ਕਾਰਨ ਪੰਜਾਬੀ ਭਾਸ਼ਾ ਵਿਚ ਵੀ ਪੰਜ ਅੱਖਰਾਂ ਥੱਲੇ ਬਿੰਦੀ ਲਗਾ ਉਹਨਾਂ ਦੀਆਂ ਆਮ ਪਰਚੱਲਿਤ ਧੁਨੀਆਂ ਨੂੰ ਅਪਣਾਇਆ ਗਿਆ ਸੀ, 'ਸ਼' 'ਖ਼' 'ਗ਼' 'ਲ਼' 'ਜ਼' 'ਫ਼'। ਇਕ ਰਵਾਇਤ ਅਨੁਸਾਰ, ਇਹ ਕਾਰਜ ਗੁਰੂ ਅੰਗਦ ਦੇਵ (ਦੂਜੇ ਗੁਰੂ ਜੀ) ਦੀ ਨਿਗਰਾਨੀ ਹੇਠ ਬਾਣੀ ਦੀਆਂ ਸੈਂਚੀਆਂ ਤਿਆਰ ਕਰਦੇ ਸਮੇਂ 'ਭਾਈ ਪੈੜਾ' 'ਭਾਈ ਮੋਖਾ' ਦੁਆਰਾ ਕੀਤਾ ਗਿਆ। ਇਹ ਤੱਥ ਪੰਜਾਬੀ ਭਾਸ਼ਾ ਦੀ ਗਰਿਹਣਸ਼ੀਲਤਾ ਦਾ ਪਤਾ ਦੇਂਦਾ ਹੈ ਜੋ ਸਾਡੀ ਭਾਸ਼ਾ ਦੀ ਵਿਸ਼ੇਸ਼ ਪਰਕਿਰਤੀ ਹੈ।

ਸਵਰ ਪਰਬੰਧ ਵਿਚ ਪੰਜਾਬੀ ਪਾਸ ਕੇਵਲ ਤਿੰਨ ਅੱਖਰ ਹਨ : ੳ, ਅ, ੲ। ਅੰਗਰੇਜ਼ੀ ਭਾਸ਼ਾ ਦੇ ਵਧੇਰੇ ਪਰਚੱਲਿਤ ਹੋਣ ਦਾ ਇਕ ਕਰਨ ਇਹ ਵੀ ਹੈ ਕਿ ਇਸ a e i o and u ਪੰਜ ਸਵਰਾਂ ਨਾਲ ਹਰ ਸ਼ਬਦ ਲਿਖ ਸਕਦੇ ਹਨ। ਪੰਜਾਬੀ ਸਵਰ ਅਜਿਹਾ ਕਾਰਜ ਨਹੀਂ ਕਰ ਸਕਦੇ, ਇਸ ਲਈ 14 ਮਾਤ੍ਰਾਵਾਂ ਦਾ ਇਕ ਵੱਖਰਾ ਸੰਚਾਰ/ਸੰਸਾਰ ਪ੍ਰਬੰਧ ਹੈ, + f, ਹੀ, ੁ ੂ, ੇ ੈ ੋ ੌ / ਂ ੰ ੱ। ਅੱਧਕ ਦੀ ਮਾਤਰਾ ਉਰਦੂ-ਫਾਰਸੀ ਦੇ ਨਿਸ਼ਾਨ 'ਛੱਦ' (W) ਦਾ ਸੰਖਿਪਤ ਰੂਪ ਹੈ ਅਤੇ ਦੇਵਨਾਗਰੀ (ਹਿੰਦੀ) ਦੇ ਉਲਟ ਦੁੱਤ-ਅੱਖਰ ਪਾਉਣ ਦੀ ਥਾਂ ਪੰਜਾਬੀ ਵਿਚ ਸ਼ਬਦ ਉੱਤੇ 'ਅੱਧਕ ਲਾ ਕੇ ਨਵੀਂ' ਕਾਢ ਦਾ ਪਰਮਾਣ ਦਿੱਤਾ ਗਿਆ ਜਦ ਵੀ ਅਸੀਂ ਆਪਮੀ ਲਿਪੀ ਨੂੰ ਆਧੁਨਿਕ ਬਣਾਉਣ ਦਾ ਯਤਨ ਕਰਾਂਗੇ, ਇਹਨਾਂ ਮਾਤ੍ਰਾਵਾਂ ਕਾਰਨ ਵੱਡੀ ਰੁਕਾਵਟ ਪਵੇਗੀ, ਇਸੇ ਲਈ ਇਸ ਪਰਬੰਧ ਨੂੰ ਅਜੇ ਤੱਕ ਛੇੜਿਆ ਨਹੀਂ ਗਿਆ। ਪੰਜਾਬੀ ਵਿਚ (ਯ ਧੁਨੀ ਦੀ ਵਰਤੋਂ ਘੱਟ ਰਹੀ ਹੈ, ਜੇ ਇਹ ਅਖੀਰ ਤੇ ਆਵੇ ਤਾਂ ੀ (ਬਿਹਾਰੀ) ਲਾ ਕੇ ਸ਼ਬਦ ਦਾ ਰੂਪ ਬਦਲ ਦਿੱਤਾ ਜਾਂਦਾ ਹੈ, ਮੱਧ ਵਿਚ ਆਵੇ ਤਾਂ ਆਮ ਤੌਰ ਤੇ ਇਹ ਧੁਨੀ 'ਜ' ਵਿੱਚ ਪਰਵਰਤਿਤ ਹੋ ਜਾਂਦੀ ਹੈ, ਕੇਵਲ ਕੁਝ ਸ਼ਬਦਾਂ ਦੇ ਆਰੰਭ ਵਿਚ ਇਸ ਦੀ ਵਰਤੋਂ ਅਨਿਵਾਰੀ ਹੋ ਜਾਂਦੀ ਹੈ, ਜਿਵੇਂ ਯਾਰ, ਯਾਰਾਂ (ਗਿਆਰਾਂ) ਗਿਣਤੀ ਯਰਕਣਾ ਉਰਦੂ-ਫਾਰਸੀ ਦੇ ਪਰਭਾਵ ਵਿਚੋਂ ਆਏ ਸ਼ਬਦਾਂ ਵਿਚ ਵੀ ਇਸ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ। ਮੱਧਕਾਲ ਵਿਚ ਇਹ ਪਰਭਾਵ ਭਾਰੂ ਰਿਹਾ, ਅੱਜ ਤੱਕ ਤੁਰਿਆ ਆਉਂਦਾ ਹੈ। 'ਰ' ( ) ਧੁਨੀ ਕੋਮਲ ਸ਼ਬਦਾਂ ਵਿਚ ਉਪਰੋਕਤ ਹੁੰਦੀ ਹੈ, ਇਸ ਦਾ ਉਚਾਰਨ ਵੀ 'ਬੁਟ' ਉੱਤੇ ਹੁੰਦਾ ਹੈ, ਇਸ ਧੁਨੀ ਵਿਚ ਇਕ ਹਲਕੀ ਕੰਬਾਹਟ/ਥਰਥਰਾਹਟ ਹੈ। ਇਹ ਕਾਂਬਵਾਂ, ਅਲਪ-ਪ੍ਰਾਣ ਤੇ ਨਾਦੀ ਵਿਅੰਜਨ ਹੈ। ਇਸੇ ਤਰ੍ਹਾਂ 'ਲ' ਧੁਨੀ ਵੀ ਬੁਟ ਤੋਂ ਉਚਾਰੀ ਜਾਂਦੀ ਹੈ, ਜੀਭ ਦਾ ਅਗਲਾ ਹਿੱਸਾ ਮਸੂੜੇ ਨੂੰ ਛੂੰਹਦਾ ਹੈ। ਇਸ ਨੂੰ ਪਾਸੇਦਾਰ (lateral) ਧੁਨੀ ਕਿਹਾ ਜਾਂਦਾ ਹੈ। ਇਹ ਵੀ ਅਲਪ-ਪ੍ਰਾਣ ਤੇ ਨਾਦੀ ਹੈ। ਤਿੰਨ ਸਵਰਾਂ ਤੋਂ ਬਾਅਦ ਦੋ ਧੁਨੀਆਂ ਹਨ : 'ਸ' ਤੇ 'ਹ'। ਇਹ ਮਹਾਂਪ੍ਰਾਣ ਧੁਨੀਆਂ ਹਨ। ਪੰਜਾਬੀ ਵਿਚ ਅਰਧ ਸਵਰਾਂ ਦੀ ਵਰਤੋਂ ਬਹੁਤ ਘੱਟ ਹੈ, ਅੱਧਾ 'ਰ' ਦੀ ਵਰਤੋਂ ਹੈ, ਮਾਲਵੇ ਦੀ ਉਪਭਾਸ਼ਾ ਵਿਚ ਪੌਣ ਪਾਣੀ ਦੇ ਪਰਭਾਵ ਕਰਨ ਅੱਧਾ 'ਹ' ਬੇਲੋੜਾ ਵੀ ਵਰਤਿਆ ਜਾਂਦਾ ਹੈ। ਅੱਧਾ 'ਵ' ਤਾਂ ਲਗਭਗ ਲੋਪ ਹੁੰਦਾ ਜਾ ਰਿਹਾ ਹੈ। 'ਕ' ਧੁਨੀ ਵਿਚ ਫਾਰਸੀ ਪਰਭਾਵ 'ਕਾਫ ਨੁਕਤੇ ਵਾਲਾ' ਲਈ 'ਕ' ਥੱਲੇ ਹਲੰਤ, ਲਾਉਣ ਦੀ ਰੁਚੀ ਪਰਚੱਲਿਤ ਹੋਣ ਲਗੀ ਹੈ। 'ਲ' ਧੁਨੀ ਦੇ ਵ ਤਿੰਨ ਪਰਕਾਰ ਦੇ ਉਚਾਰਨ ਹਨ। ਇਕ ਉਚਾਰਨ ਲਈ 'ਲ' ਧੁਨੀ ਦੇ ਵੀ ਤਿੰਨ ਪਰਕਾਰ ਦੇ ਉਚਾਰਨ ਹਨ ਇਕ ਉਚਾਰਨ ਲਈ 'ਲ' ਥੱਲੇ ਹਲੰਤ ਲਾਉਣ ਦੀ ਨਵ-ਰੁਚੀ ਪੈਦਾ ਹੋਈ ਹੈ। 'ਨ' ਤੇ 'ਣ' ਵਿ ਮਹਾਂਪ੍ਰਾਣ ਤੇ ਅਲਪ ਪ੍ਰਾਣ ਦਾ ਅੰਤਰ ਹੈ, ਜਿਸ ਦਿਨ ਅਸੀਂ ਵਰਣਮਾਲਾ ਦੀ ਸੰਖੇਪਤਾ ਦੇ ਕਾਰਜ ਵੱਲ ਰੁਚਿਤ ਹੋਣਾ ਸ਼ੁਰੂ ਕਰਾਂਗੇ, ਉਦੋਂ 'ਙ' ਤੇ 'ਞ' ਤਾਂ ਉੱਕਾ ਹੀ ਕੱਢੇ ਜਾ ਸਕਦੇ ਹਨ, 'ਲ' ਤੇ 'ਣ' ਵਿਚੋਂ ਇਕ ਰੂਪ ਪਰਚੱਲਿਤ ਕੀਤਾ ਜਾ ਸਕਦਾ ਹੈ, ਪਰ ਕੋਈ ਹਲੰਤ ਵਰਗਾ ਨਿਸ਼ਾਨ ਲਗਾਉਣ ਦੀ ਲੋੜ ਪਵੇਗੀ।

ਪੰਜਾਬੀ ਦੇ ਸਵਰ ਅਤੇ ਵਿਅੰਜਨ ਖੰਡੀ ਧੁਨੀਆਂ ਦੇ ਅੰਤਰਗਤ ਆਉਂਦੇ ਹਨ। ਦੂਸਰੇ ਸ਼ਬਦਾਂ ਵਿਚ ਮਨੁੱਖੀ ਭਾਸ਼ਾ ਦੀਆਂ ਧੁਨੀਆਂ ਨੂੰ ਸਵਰਾਂ ਜਾਂ ਵਿਅੰਜਨਾਂ ਦੇ ਵਿਚ ਵੰਡਿਆ ਜਾਂਦਾ ਹੈ। ਇਕ ਭਾਸ਼ਾਈ ਉਚਾਰ ਵਿਚ ਸਵਰਾਂ ਤੇ ਵਿਅੰਜਨਾਂ ਤੋਂ ਇਲਾਵਾ ਵੀ ਕੁਝ ਧੁਨੀ ਵਿਗਿਆਨਕ ਤੱਤ ਕਾਰਜਸ਼ੀਲ ਹੁੰਦੇ ਹਨ। ਪਰ ਇਹ ਤੱਤ ਸਵਰਾਂ ਤੇ ਵਿਅੰਜਨਾਂ ਵਾਂਗ ਸੁਤੰਤਰ ਹੋਂਦ ਨਹੀਂ ਰੱਖਦੇ ਜਾਂ ਇਹ ਸੁਤੰਤਰ ਰੂਪ ਵਿਚ ਉਚਰਤ ਨਹੀਂ ਹੋ ਸਕਦੇ। ਇਹ ਸਵਰਾਂ, ਵਿਅੰਜਨਾਂ, ਉਚਾਰ ਖੰਡਾਂ, ਸ਼ਬਦਾਂ, ਵਾਕਾਂ ਸੰਗ ਹੀ ਉਚਾਰੇ ਜਾਂਦੇ ਹਨ। ਇਹਨਾਂ ਤੱਤਾਂ ਨੂੰ ਅਖੰਡੀ ਧੁਨੀਆਂ (suprasegmental sounds) ਕਿਹਾ ਜਾਂਦਾ ਹੈ। ਅੰਤਰ ਰਾਸ਼ਟਰੀ ਪੱਧਰ (international level) ਉੱਤੇ- ਅਖੰਡੀ ਧੁਨੀਆਂ ਲਈ ਪਰੋਸੋਡਿਕ (prosodic)

ਅਤੇ ਸੁਪਰਸੈਗਮੈਂਨਟਲ (suprasegmental) ਧੁਨੀਆਂ ਦੇ ਸੰਕਲਪ ਵਰਤੇ ਜਾਂਦੇ ਹਨ। ਅਖੰਡੀ ਧੁਨੀਆਂ ਦੇ ਅੰਤਰਗਤ ਮਾਤਰਾ (quantity), ਦਬਾ (stress) ਅਤੇ ਪਿੱਚ (ਸੁਰ ਤੇ ਸੁਰ ਲਹਿਰ) ਆ ਜਾਂਦੇ ਹਨ।

ਮਾਤਰਾ ਦੀ ਵੰਡ ਦੋ ਤਰ੍ਹਾਂ ਨਾਲ ਹੋ ਸਕਦੀ ਹੈ। ਲਘੂ ਤੇ ਦੀਰਘ (short and longer) ਲਘੂ ਮਾਤ੍ਰਾ ਨਾਲ ਖੰਡੀ ਧੁਨੀਆਂ ਦੀ ਉਚਾਰਨ ਛੋਟਾ ਅਤੇ ਦੀਰਘ ਮਾਤ੍ਰਾ ਨਾਲ ਲੰਬਾ ਹੋ ਜਾਂਦਾ ਹੈ। ਜਿਵੇਂ ਪੰਜਾਬੀ ਸਵਰਾਂ ਵਿਚ ਉਚਾਰਨ ਸਥਾਨ ਦੇ ਨਾਲ-ਨਾਲ ਮਾਤ੍ਰਾ ਦੇ ਆਧਾਰ ਤੇ ਵੀ ਸਵਰਾਂ ਦਾ ਵੀ ਵਰਗੀਕਰਨ ਕੀਤਾ ਜਾਂਦਾ ਹੈ। ਮਿਸਾਲ ਵਜੋਂ ਪੰਜਾਬੀ ਸਵਰਾਂ / I/ ਤੇ /i/, /U/ ਤੇ / u/ ਅਤੇ / ਰ/ ਤੇ / a/ ਵਿਚ ਸਿਰਫ ਮਾਤ੍ਰਾ ਦਾ ਹੀ ਫਰਕ ਹੈ। ਇਸ ਕਰਕੇ /I/, /U/ ਤੇ /ਰ/ ਲਘੂ ਸਵਰਾਂ ਦੇ ਅੰਤਰਗਤ ਆਂਦੇ ਹਨ, ਜਦਕਿ /i/, /u/, ਤੇ /a/ ਦੀਰਘ ਸਵਰਾਂ ਦੇ।

ਦਬਾ (stress) ਵੀ ਪੰਜਾਬੀ ਦੀ ਇਕ ਪਰਮੁੱਖ ਅਖੰਡੀ ਧੁਨੀ ਹੈ। ਕਿਸੇ ਸ਼ਬਦ ਦੇ ਉਚਾਰਨ ਸਮੇਂ ਕਿਸੇ ਧੁਨੀ ਵਿਸ਼ੇਸ਼ ਤੇ ਪਾਇਆ ਗਿਆ ਜ਼ੋਰ ਜਾਂ ਬਲ ਦਬਾ ਅਖਵਾਂਦਾ ਹੈ। ਗੁਰਮੁਖੀ ਲਿਪੀ ਵਿਚ ਦਬਾ ਨੂੰ ਅੰਕਿਤ ਕਰਨ ਲਈ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ। ਇਥੇ ਕੁਝ ਸ਼ਬਦ ਜੋੜੇ ਅਜਿਹੇ ਪੇਸ਼ ਕੀਤੇ ਗਏ ਹਨ ਜਿਹਨਾਂ ਵਿਚ ਇਕ ਦਬਾ ਸਹਿਤ ਤੇ ਦੂਜਾ ਦਬਾ ਰਹਿਤ ਹੈ ਅਤੇ ਇਸ ਕਾਰਣ ਹੀ ਇਹਨਾਂ ਦੇ ਅਰਥਾਂ ਵਿਚ ਅੰਤਰ ਹੈ। ਜਿਵੇਂ ਚੁੱਕਾ (cuka) ਤੇ ਚੁਕਾ (cuka), ਮੁੱਕਾ (muka) ਤੇ ਮੁਕਾ (muka) ਇਸੇ ਤਰ੍ਹਾਂ ਦੱਸ ਤੇ ਦਸ, ਹੱਟ ਤੇ ਹਟ, ਮਿੱਟੀ ਤੇ ਮਿਟੀ ਆਦਿ।

ਭਾਸ਼ਾਈ ਉਚਾਰਨ ਦੇ ਪਰਸੰਗ ਵਿਚ ਵੋਕਲ ਕਾਰਡਜ਼ (vocal cards) ਦੀ ਪਰਤੀ ਇਕਾਈ ਸਮੇਂ ਦੌਰਾਨ ਥਰਥਰਾਹਟ ਨੂੰ ਪਿੱਚ ਤਾਨ (pitch) ਕਿਹਾ ਜਾਂਦਾ ਹੈ। ਭਾਸ਼ਾਈ ਉਚਾਰਨ ਸਮੇਂ ਪਿੱਚ ਘਟਦੀ ਤੇ ਵੱਧਦੀ ਰਹਿੰਦੀ ਹੈ। ਨਾਦੀ (voiced) ਧੁਨੀਆਂ ਦੇ ਉਚਰਨ ਸਮੇਂ ਪਿੱਚ ਦਾ ਘਟਣਾ ਜਾਂ ਵੱਧਣਾ ਵਧੇਰੇ ਸਪਸ਼ਟ ਹੁੰਦਾ ਹੈ ਪਰ ਨਾਦ ਰਹਿਤ (voiceless) ਧੁਨੀਆਂ ਸਮੇਂ ਘੱਟ। ਦੂਜੇ ਸ਼ਬਦਾਂ ਵਿਚ ਪਿੱਚ ਦੇ ਘੱਟਣ ਤੇ ਵੱਧਣ ਨਾਲ ਨਾਦੀ ਅਤੇ ਨਾਦੀ ਰਹਿਤ ਧੁਨੀਆਂ ਪੈਦਾ ਹੁੰਦੀਆਂ ਹਨ। ਪਿੱਚ ਦੇ ਅੰਤਰਗਤ ਸੁਰ ਲਹਿਰ ਤੇ ਸੁਰ (intonation and tone) ਆ ਜਾਂਦੇ ਹਨ। ਸੁਰ ਲਹਿਰ ਦਾ ਸੰਬੰਧ ਵਾਕ ਨਾਲ ਅਤੇ ਸੁਰ ਦਾ ਸੰਬੰਧ ਸ਼ਬਦ ਪੱਧਰ ਨਾਲ ਹੁੰਦਾਹੈ, ਭਾਵ ਵਾਕ ਜੁਗਤ ਦੀ ਪੱਧਰ ਤੇ ਇਸ ਨੂੰ ਸੁਰ ਲਹਿਰ ਅਤੇ ਸ਼ਬਦ ਜੁਗਤ ਦੀ ਪੱਧਰ ਤੇ ਸੁਰ ਨਾਲ ਹੁੰਦਾ ਹੈ। ਸੁਰ ਲਹਿਰ ਦੇ ਬਦਲਣ ਨਾਲ ਵਾਕ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ ਜਿਵੇਂ, ਪੰਜਾਬੀ ਵਾਕ "ਉਹ ਸੁਹਣੀ ਏ" ਨੂੰ ਤਿੰਨ ਸੁਰ ਲਹਿਰਾਂ ਅਧੀਨ ਵਖੋ-ਵੱਖਰੇ ਅਰਥਾਂ ਨਾਲ ਉਚਾਰਿਆ ਜਾ ਸਕਦਾ ਹੈ; ਉਹ ਸੋਹਣੀ ਏਂ।

ਉਹ ਸੋਹਣੀ ਏ ? ਉਹ ਸੋਹਣੀ ਏ ! ਇਸੇ ਤਰ੍ਹਾਂ ਸੁਰ ਦੇ ਬਦਲਣ ਨਾਲ ਸ਼ਬਦ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ।

ਸੰਸਾਰ ਦੇ ਲਗਭਗ ਸਾਰੇ ਹੀ ਭਾਸ਼ਾ ਪਰਿਵਾਰਾਂ ਵਿਚ ਸੁਰ ਦੀ ਹੋਂਦ ਪਾਈ ਜਾਂਦੀ ਹੈ। ਆਧੁਨਿਕ ਭਾਰਤ-ਆਰਿਆਈ ਭਾਸ਼ਾ ਪਰਿਵਾਰ ਵਿਚ ਕੇਵਲ ਪੰਜਾਬੀ ਵਿਚ ਹੀ ਸੁਰ ਦਾ ਵਿਕਾਸ ਹੋਇਆ ਹੈ। ਪੰਜਾਬੀ ਵਿਚ ਸੁਰਾਂ ਦੀ ਗਿਣਤੀ ਤਿੰਨ ਮੰਨੀ ਜਾਂਦੀ ਹੈ। ਪੰਜਾਬੀ ਸੁਰਾਂ ਦੀ ਸਥਾਪਤੀ ਲਈ ਕੁਝ ਸ਼ਬਦਾਂ ਜੁੱਟ ਆਮ ਤੌਰ ਤੇ ਲਏ ਜਾਂਦੇ ਹਨ ਤੇ ਉਹਨਾਂ ਦੇ ਅਧਾਰ ਤੇ ਤਿੰਨ ਸੁਰਾਂ ਦੀ ਹੋਂਦ ਦਾ ਸੰਕਤ ਕੀਤਾ ਜਾਂਦਾ ਹੈ :

| ਨੀਵੀਂ ਸੁਰ | ਮੱਝਲੀ ਸੁਰ | ਉੱਚੀ ਸੁਰ |
|---|---|---|
| ਘੋੜਾ | ਕੋੜਾ | ਕੋਹੜਾ |
| ਘੜੀ | ਕੜੀ | ਕੜ੍ਹੀ |
| ਭਾ | ਪਾ | ਪਾਹ |
| ਧੀ | ਤੀ | ਤੀਹ |

ਇਹਨਾਂ ਤਿੰਨਾਂ ਸੁਰਾਂ ਦੇ ਤਾਨ-ਪੈਟਰਨ ਕੁਝ ਇਸ ਪਰਕਾਰ ਹਨ :

(1) ਘੋੜਾ

(2) ਕੋੜਾ

(3) ਕੋਹੜਾ

ਸੁਰ ਦਾ ਪਰਭਾਵ ਵਧੇਰੇ ਸਵਰ ਧੁਨੀਆਂ ਉੱਪਰ ਹੀ ਪੈਂਦਾ ਹੈ। ਵਿਅੰਜਨ ਧੁਨੀਆਂ ਤੇ ਇਹਨਾਂ ਜ਼ਿਆਦਾ ਪਰਭਾਵ ਨਹੀਂ ਪੈਂਦਾ। ਨੀਵੀਂ ਸੁਰ ਨਾਲ ਉਚਾਰਿਆ ਸਵਰ ਮਾਤਰਾ ਵਿਚ ਜੇ ਸਭ ਤੋਂ ਲੰਮਾ ਹੁੰਦਾ ਹੈ ਤਾਂ ਵਿਚਕਾਰਲੀ ਸੁਰ ਨਾਲ ਇਹ ਲੰਬਾਈ ਘੱਟ ਜਾਂਦੀ ਹੈ ਤੇ ਉੱਚੀ ਸੁਰ ਨਾਲ ਸਵਰ ਹੋਰ ਵੀ ਛੋਟਾ ਹੋਜਾਂਦਾ ਹੈ। ਹੇਠਲੇ ਉਦਾਹਰਣ ਵਿਚ ਸਵਰ ਦੀ ਲੰਬਾਈ ਕੁਝ ਇਸ ਪਰਕਾਰ ਹੈ :

ਭਾ - ......

ਪਾ - ......

ਪਾਹ- .....

ਵਿਦਵਾਨ ਇਸ ਪੱਖ ਤੋਂ ਵੀ ਇਕ ਦੂਜੇ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਨ। ਪਰ ਉਪਰੋਕਤ ਚਰਚਾ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਸੁਰਾਂ ਅਤੇ ਸੁਰ ਲਹਿਰਾਂ (tone and intonation) ਦੋਹਾਂ ਵਿਚ ਹੀ ਤਾਨ ਪੈਟਰਨ ਦਾ ਅਧਿਐਨ ਹੁੰਦਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਭਾਸ਼ਾ ਦੀਆਂ ਧੁਨੀਆਂ ਦੇ ਅਧਿਐਨ ਨੂੰ ਧੁਨੀ ਵਿਗਿਆਨ (phonetics) ਕਿਹਾ ਜਾਂਦਾ ਹੈ। ਧੁਨੀ ਵਿਗਿਆਨ ਭਾਸ਼ਾ ਵਿਗਿਆਨ ਦਾ ਉਹ ਹਿੱਸਾ ਹੈ, ਜਿਸ ਵਿਚ ਧੁਨੀਆਂ ਦੇ ਭੌਤਿਕ ਢਾਂਚਿਆਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਪਰਕਾਰ ਦੇ ਅਧਿਐਨ ਵਿਚ ਮਨੁੱਖੀ ਭਾਸ਼ਾ ਦੇ ਬੋਲ ਅਤੇ ਆਵਾਜ਼ ਆ ਜਾਂਦੀ ਹੈ। ਇਹ ਧੁਨੀਆਂ ਜਾਂ ਆਵਾਜ਼ਾਂ ਮਨੁੱਖੀ ਮੂੰਹ ਪੋਲ ਦੁਆਰਾ ਉਤਪੰਨ ਹੁੰਦੀਆਂ ਹਨ। ਇਹਨਾਂ ਧੁਨੀਆਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਖੰਡੀ ਧੁਨੀਆਂ ਅਤੇ ਅਖੰਡੀ ਧੁਨੀਆਂ/ਖੰਡੀ ਧੁਨੀਆਂ ਦੇ ਅੰਤਰਗਤ ਸਵਰ ਅਤੇ ਵਿਅੰਜਨਾਂ ਦਾ ਵੇਰਵਾ ਲਿਆ ਜਾਂਦਾ ਹੈ ਅਤੇ ਅਖੰਡੀ ਧੁਨੀਆਂ ਦੇ ਅੰਤਰਗਤ ਦਬਾ, ਮਾਤ੍ਰਾ ਅਤੇ ਪਿੱਚ ਆ ਜਾਂਦੀ ਹੈ। ਪੰਜਾਬੀ ਭਾਸ਼ਾ ਵਿਚ 15 ਸਪਰਸ਼ੀ ਵਿਅੰਜਨ 14 ਅਰਧ ਸਪਰਸ਼ੀ (stops and non stops) ਵਿਅੰਜਨ ਹਨ ਅਤੇ ਦਸ ਸਵਰ ਹਨ।

## ਹਵਾਲੇ ਤੇ ਟਿਪਣੀਆਂ


1. ਹਰਕੀਰਤ ਸਿੰਘ, ਉੱਜਲ ਸਿੰਘ ਬਾਹਰੀ, ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1989.
2. ਜੋਗਿੰਦਰ ਸਿੰਘ ਪੁਆਰ (ਸੰਪਾ.), ਭਾਸ਼ਾ ਵਿਗਿਆਨ : ਸੰਕਲਪ ਤੇ ਦਿਸ਼ਾਵਾਂ, 1988.
3. ਡਾ. ਕੁਲਬੀਰ ਸਿੰਘ ਕਾਂਗ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ, 1992.
4. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, 1990.
5. ਡਾ. ਪ੍ਰੇਮ ਸਿੰਘ ਧਾਲੀਵਾਲ, ਸਿੱਧਾਂਤਕ ਭਾਸ਼ਾ ਵਿਗਿਆਨ

1\. ਭੋਲਾ ਨਾਥ ਤਿਵਾੜੀ, ਭਾਸ਼ਾ ਵਿਗਿਆਨ

1\. Olga Akhmanova, Phonology Morphonology Morphology-1971.
2. Peter Ladeforged, A Coursein phonetics - 1975.
3. John Lyons, Instroducton to Theorical Linguistics - 1971.
4. R.H. Robins, A Short History of linguistics - 1869.
5. David Crystal, A Dictionary of Linguistics and Phonetics
6. John Laver, New Horizons in Linguistics - 1972.
7. Roland W.
8. Harjeet Singh Gill, Henry A. Gleason, Jr.,
   A reference grammar of Punjabi, Publication Bureau Panjabi University, Patiala, 1986.

# ਰੂਪ-ਵਿਗਿਆਨਕ ਪੱਧਰ

## ਪ੍ਰਕਿਰਤੀ, ਸਰੂਪ ਤੇ ਪਰਿਭਾਸ਼ਾ, ਸ਼੍ਰੇਣੀਆਂ, ਕਿਸਮਾਂ/ਦਿਸ਼ਾਵਾਂ

## Morphology : Nature, Form and Definitions Categories, Types/Directions

ਭਾਸ਼ਾ ਵਿਗਿਆਨ ਦੀਆਂ ਤਿੰਨ ਮੁੱਖ ਸ਼ਾਖਾਵਾਂ ਹਨ। ਇਹ ਸ਼ਾਖਾਵਾਂ ਹਨ, ਧੁਨੀ-ਵਿਗਿਆਨ (Phonology), ਰੂਪ-ਵਿਗਿਆਨ (Morphology) ਅਤੇ ਵਾਕ ਵਿਗਿਆਨ (Syntactic) ਆਦਿ। 'ਰੂਪ-ਵਿਗਿਆਨ' ਵਾਸਤੇ ਭਾਰਤੀ ਪਰੰਪਰਾ ਵਿਚ ਪਦ ਜਾਂ ਪਦ-ਵਿਗਿਆਨ ਦੀ ਵਰਤੋਂ ਹੁੰਦੀ ਆਈ ਹੈ। 'ਰੂਪਾਂ ਦੀ ਥਾਂ' ਪਦਾ ਪਰਚਲਨ ਸੀ, ਪਰ ਅੱਜ ਪਰਿਭਾਸ਼ਕ ਸ਼ਬਦਾਂ ਦੀ ਇਕਸਾਰਤਾ ਦੇ ਵਿਚਾਰ ਤੋਂ ਪਰੇਰਤ ਹੋ ਕੇ ਪਦ, ਪਦ-ਵਿਗਿਆਨ ਦੀ ਥਾਂ ਰੂਪ ਅਤੇ ਰੂਪ-ਵਿਗਿਆਨ ਦੀ ਵਰਤੋਂ ਹੀ ਕੀਤੀ ਜਾਂਦੀ ਹੈ। ਰੂਪ ਵਿਗਿਆਨ 'ਰੂਪਾ ਅਤੇ ਵਿਗਿਆਨ' ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਅਤੇ ਇਸ ਦਾ ਸਿੱਧਾ ਜਿਹਾ ਅਰਥ ਹੈ ਰੂਪ ਦਾ ਵਿਗਿਆਨ। ਅਰਥਾਤ ਅਜਿਹਾ ਵਿਗਿਆਨ ਜਿਹੜਾ ਰੂਪ (+) ਦੀ ਵਿਗਿਆਨਕ ਪੱਧਰ ਤੇ ਖੋਜ ਜਾਂ ਅਧਿਅਨ ਕਰਨ ਵਿਚ ਸਹਾਈ ਹੁੰਦਾ ਹੈ। ਅੰਗਰੇਜ਼ੀ ਵਿਚ 'ਰੂਪ-ਵਿਗਿਆਨ' ਵਾਸਤੇ ਮਾਰਫਾਲੋਜ਼ੀ (MOrphology) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ੀ 'ਮਾਰਫ' (Morph) ਦਾ ਅਰਥ ਹੈ ਰੂਪ ਜਾਂ ਪਦ ਅਤੇ ਲਾਜੀ (Logy) ਦਾ ਅਰਥ ਹੈ ਵਿਗਿਆਨ ਜਾਂ ਸ਼ਾਸਤਰ। ਇਸ ਤਰ੍ਹਾਂ ਮਾਰਫਾਲੋਜੀ ਦਾ ਅਰਥ ਉਹੀ ਹੋ ਜਾਂਦਾ ਹੈ ਜਿਹੜਾ ਉਪਰ ਦੱਸਿਆ ਗਿਆ ਹੈ। ਰੂਪ-ਵਿਗਿਆਨ ਆਧੁਨਿਕ ਭਾਸ਼ਾ-ਵਿਗਿਆਨ ਦਾ ਇਕ ਮਹੱਤਵਪੂਰਨ ਖੇਤਰ ਹੈ। ਰੂਪ-ਵਿਗਿਆਨਕ ਅਧਿਅਨ ਵਿਚ ਸ਼ਬਦਾਂ ਦੀ ਬਣ ਤਰ ਦਾ ਵਿਗਿਆਨਕ ਅਧਿਅਨ ਕੀਤਾ ਜਾਂਦਾ ਹੈ। ਇਸ ਦਾ ਕਾਰਜ ਖੇਤਰ ਸਾਰਥਿਕ ਧੁਨੀ ਵਿਗਿਆਨ (Phonology) ਅਤੇ ਵਾਕ ਬਣਤਰ (Syntax) ਕਿਹਾ ਜਾਂਦਾ ਹੈ। ਇਸ ਦਾ ਪਰਮੁੱਖ ਕਾਰਜ ਵਾਕ ਬਣਤਰ ਦੀ ਪੂਰਤੀ ਕਰਨਾ ਹੁੰਦਾ ਹੈ। ਰੂਪ-ਵਿਗਿਆਨ ਅਤੇ ਉਸ ਦੀਆਂ ਪਰਿਭਾਸ਼ਾਵਾਂ (Definitions of Morphology); ਪ੍ਰਮੁੱਖ ਭਾਸ਼ਾ-ਵਿਗਿਆਨੀਆਂ ਨੇ ਹੇਠ ਲਿਖੀਆਂ ਚਿੱਠੀਆਂ ਹਨ :

ਓਲਗਾ ਅਖਮਨੋਵਾ (Olga Akhmanova 1971) ਨੇ ਆਪਣੀ ਪੁਸਤਕ 'ਫਾਨੋਲੋਜੀ ਮਾਰਫਾਨੋਲੋਜੀ ਮਾਰਫਾਲੋਜੀ (Phonology Morphonoogy Morphology) ਵਿਚ ਰੂਪ-ਵਿਗਿਆਨ ਸੰਬੰਧੀ ਕਿਹਾ ਹੈ ਕਿ,

"ਰੂਪ-ਵਿਗਿਆਨ ਉਸ ਵਿਗਿਆਨ ਦੀ ਤਰ੍ਹਾਂ ਹੈ ਜੋ ਭਾਸ਼ਾ ਦੀਆਂ ਇਕਾਈਆਂ ਨੂੰ ਟੁਟਵੇਂ/ਖੰਡਿਤ ਰੂਪ ਵਿਚ ਪੇਸ਼ ਕਰਦਾ ਹੈ।"[1]

ਨਾਈਡਾ ਅਨੁਸਾਰ,

"ਰੂਪ-ਵਿਗਿਆਨ ਰੂਪ ਗ੍ਰਾਮ ਅਤੇ ਸ਼ਬਦ-ਨਿਰਮਾਣ ਵਿਚ ਉਸ ਦੀ ਵਿਵਸਥਾ ਦਾ ਅਧਿਐਨ ਹੈ।"[2]

---

1. "Morphology as the science of Discrete Meaningful units of language". Olga Akhmanova, Phonology Morphonology Morphology Mouton, 1971-85.
2. "Morphology is the study of Morphemes and their arrangement in forming words". E.A. Nida Morphology, 1956

ਬਲਾਕ ਅਤੇ ਟਰੈਗਰ ਦਾ ਵਿਚਾਰ ਹੈ ਕਿ,

"ਰੂਪ-ਵਿਗਿਆਨ ਸ਼ਬਦ ਬਣਤਰ ਦਾ ਅਧਿਐਨ ਜਾਂ ਵਿਵੇਚਨ ਕਰਦਾ ਹੈ।"[3]

ਜਾਨ ਕੈਰੋਲ ਅਨੁਸਾਰ,

"ਰੂਪ-ਵਿਗਿਆਨ ਉਸ ਪੱਧਤੀ ਜਾਂ ਪ੍ਰਣਾਲੀ ਦਾ ਅਧਿਐਨ ਹੈ ਜਿਸ ਅਨੁਸਾਰ ਸ਼ਬਦ ਨਿਰਮਾਣ ਕੀਤਾ ਜਾਂਦਾ ਹੈ ਅਤੇ ਨਿਸ਼ਚੇ ਨਾਲ ਆਖਿਆ ਜਾ ਸਕਦਾ ਹੈ ਕਿ ਇਸ-ਰੂਪ-ਵਿਗਿਆਨ ਦਾ ਸੰਬੰਧ ਰੂਪ ਗ੍ਰਾਮਾਂ ਦੀ ਪਛਾਣ, ਸ਼ਬਦ ਨਿਰਮਾਣ ਵਿਚ ਉਹਨਾਂ ਦੇ ਕ੍ਰਮ, ਉਹਨਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਅਤੇ ਅੱਡ-ਅੱਡ ਵਿਆਕਰਨੀ ਬਣਤਰਾਂ ਵਿਚ ਪਾਈ ਜਾਣ ਵਾਲੀ ਵਿਵਸਥਾ ਦਾ ਅਧਿਐਨ ਹੈ।[4]

ਜਾਨ ਲਿੰਸ ਅਨੁਸਾਰ ;

"ਸ਼ਬਦ-ਰੂਪਾਂ ਦੀ ਅੰਦਰੂਨੀ ਬਣਤਰ ਤੇ ਖਾਸ ਕਰਕੇ ਰੂਪਾਂ ਦੇ ਅਨੁਕਰਮ ਦਾ ਅਧਿਅਨ ਹੈ।"[5]

ਹਿੰਦੀ ਭਾਸ਼ਾ ਦੇ ਵਿਦਵਾਨਾਂ ਨੇ ਵੀ ਰੂਪ-ਵਿਗਿਆਨ ਨੂੰ ਆਪਣੇ-ਆਪਣੇ ਵਿਚਾਰ ਅਨੁਸਾਰ ਪਰਿਭਾਸ਼ਤ ਕਰਨ ਦਾ ਉਪਰਾਲਾ ਕੀਤਾ ਹੈ। ਡਾ. ਭੋਲਾ ਨਾਥ ਤਿਵਾੜੀ ਦਾ ਵਿਚਾਰ ਹੈ ਕਿ,

"ਰੂਪ-ਵਿਗਿਆਨ ਵਿਚ ਰੂਪ ਜਾਂ ਪਦ ਦਾ ਵੱਖ-ਵੱਖ ਦ੍ਰਿਸ਼ਟੀਆਂ ਤੋਂ ਅਧਿਐਨ ਕੀਤਾ ਜਾਂਦਾ ਹੈ।"[6]

ਡਾ. ਉਦੈ ਨਾਰਾਇਣ ਤਿਵਾੜੀ ਦਾ ਮਤ ਹੈ ਕਿ,

"ਪਦ ਗਰਾਮ ਸ਼ਾਸਤਰ ਹੇਠ ਉਚਾਰ ਦੀਆਂ ਅਰਥਵਾਨ ਇਕਾਈਆਂ ਦਾ ਅਧਿਅਨ ਹੁੰਦਾ ਹੈ। ਇਹ ਅਰਥਵਾਨ ਇਕਾਈਆਂ ਕਿਸ ਕ੍ਰਮ ਨਾਲ ਉਚਾਰ ਵਿਚ ਆ ਸਕਦੀਆਂ ਹਨ, ਇਹੋ ਸਾਡੇ ਅਧਿਅਨ ਦਾ ਮੰਤਵ ਹੈ। ਦੂਜੇ ਸ਼ਬਦਾਂ ਵਿਚ ਪਦਗਰਾਮ ਸ਼ਾਸਤਰ ਵਿਚ ਰੂਪ ਅਤੇ ਅਰਥਵਾਨ ਰੂਪਾਂ ਅਤੇ ਉਚਾਰ ਵਿਚ ਇਹਨਾਂ ਦੇ ਅੱਡ-ਅੱਡ ਕਰਮਾਂ ਦਾ ਅਧਿਐਨ ਕੀਤਾ ਜਾਂਦਾ ਹੈ।[7]

ਡਾ. ਦੇਵੀ ਸ਼ੰਕਰ ਦਰਿਵੇਦੀ ਦਾ ਮਤ ਹੈ ਕਿ,

"ਮੋਟੇ ਤੌਰ ਤੇ ਮਰਸ਼ (ਸਰਥ) ਵਿਗਿਆਨ ਵਿਚ ਸ਼ਬਦਾਂ ਦੀ ਬਣ ਤਰ ਅਰਥਾਤ ਉਹਨਾਂ ਦੇ ਸੰਪਾਦਕ ਤੱਤਾਂ ਦਾ ਵਿਵੇਚਣ ਕੀਤਾ ਜਾਂਦਾ ਹੈ।"[8]

ਅੰਗਰੇਜ਼ੀ ਦੇ ਲਿਖਾਰੀ ਹਾਕੱਟ ਅਤੇ ਗਲੀਸਨ ਵਰਗੇ ਵਿਦਵਾਨਾਂ ਨੇ ਆਪਣੀਆਂ ਪੁਸਤਕਾਂ ਵਿਚ ਰੂਪ-ਵਿਗਿਆਨ ਦੀ ਕੋਈ ਸਪੱਸ਼ਟ ਅਤੇ ਅੱਡ ਪਰਿਭਾਸ਼ਾ ਨਹੀਂ ਦਿੱਤੀ ਪਰ ਜਿਸ ਤਰ੍ਹਾਂ ਉਹਨਾਂ ਨੇ ਭਾਸ਼ਾ ਵਿਗਿਆਨ ਦੀ ਇਸ ਸ਼ਾਖਾ ਦਾ ਵਿਸ਼ਲੇਸ਼ਣ ਕੀਤਾ ਹੈ ਜੇਕਰ ਉਸ ਦਾ ਡੂੰਘਾਈ ਨਾਲ ਵਿਵੇਚਨ ਕੀਤਾ ਜਾਵੇ ਤਾਂ ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਬਦ-ਬਣਤਰ ਦਾ ਇਹ ਕੰਮ ਕਿਹੜੀਆਂ-ਕਿਹੜੀਆਂ ਦਿਸ਼ਾਵਾਂ ਜਾਂ ਰੂਪਾਂ ਵਿਚ ਕੀਤਾ ਜਾਂਦਾ ਹੈ। ਇਹਨਾਂ ਵਿਦਵਾਨਾਂ ਦੇ ਵਿਚਾਰਾਂ

---

3. "Morphology deals with the structure of words".
Bloch and Trager .... P. 53
4. "Morphology is the study of the manner in which words are constructed more precisely, it is concerned with the indentification of morphemes, their arrangements in words and changed in morphemes and their arrangement which takes place in varius grammatical constructions." P.24
5. "Morphology accounts for theinternal structure of forms of words (typically as sequences of morphemes."
6. ਡਾ. ਭੋਲਾ ਨਾਥ ਤਿਵਾੜੀ, ....ਪੰਨਾ AIG.
7. ਡਾ. ਉਦੈ ਨਾਰਾਇਣ ਤਿਵਾੜੀ,... ਭਾਸ਼ਾ ਸ਼ਾਸਤਰ ਕੀ ਰੂਪ-ਰੇਖਾ,
1961, ਪੰਨਾ 145.
8. ਡਾ.ਦੇਵੀ ਸ਼ੰਕਰ ਦਵਿਵੇਦੀ, ..... ਭਾਸ਼ਾ ਔਰ ਭਾਸ਼ਕੀ,
1964, ਪੰਨਾ 82.

ਦੀ ਪੜਚੋਲ ਕਰਨ ਮਗਰੋਂ ਰੂਪ-ਵਿਗਿਆਨ ਦੇ ਅਰਥਾਂ ਨੂੰ ਇੰਞ ਖੋਲ੍ਹਿਆ ਜਾ ਸਕਦਾ ਹੈ ;

"ਰੂਪ-ਵਿਗਿਆਨ", ਭਾਸ਼ਾ ਵਿਗਿਆਨ ਦੀ ਸ਼ਾਖਾ ਹੈ ਜਿਸ ਵਿਚ ਰੂਪਗ੍ਰਾਮਾਂ ਦੇ ਅਰਥਾਂ ਅਤੇ ਸਰੂਪ, ਉਹਨਾਂ ਦੇ ਅਨੁਕਰਮ/ਅਨੁਕ੍ਰਮ (sequence), ਉਹਨਾਂ ਦੀ ਪ੍ਰਤੀਤੀ (realization) ਅਤੇ ਕਾਰਜ (function) ਆਦਿ ਦੇ ਆਧਾਰ 'ਤੇ ਉਹਨਾਂ ਦੀ ਵੰਡ, ਉਪ-ਵੰਡ ਦਾ ਕਿਸੇ ਖਾਸ ਭਾਸ਼ਾ/ਬੋਲੀ ਦੀ ਬਣਤਰ ਦੇ ਸੰਦਰਭ ਵਿਚ ਅਧਿਅਨ-ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਸੋ ਰੂਪ-ਵਿਗਿਆਨ ਸ਼ਬਦਾਂ ਦੀ ਬਣਤਰ ਦਾ ਅਧਿਅਨ ਕਰਦਾ ਹੈ। ਇਹ ਸ਼ਬਦਾਂ ਦਾ ਵਿਆਕਰਨ ਹੈ। ਕਿਸੇ ਭਾਸ਼ਾ ਦੇ ਸ਼ਬਦ ਕਿਵੇਂ ਉਸਾਰੇ ਜਾਂਦੇ ਹਨ, ਉਹਨਾਂ ਦੀ ਕਿਸ ਤਰ੍ਹਾਂ ਉਤਪਤੀ ਹੁੰਦੀ ਹੈ, ਉਹਨਾਂ ਦੇ ਕੀ ਕੀ ਵਿਆਕਰਨਿਕ ਰੂਪ ਹੁੰਦੇ ਹਨ, ਕਿਵੇਂ ਅਤੇ ਕਿਉਂ ਸ਼ਬਦਾਂ ਦੇ ਰੂਪ ਬਦਲਦੇ ਹਨ ਆਦਿ ਸਵਾਲਾਂ ਦਾ ਹੱਲ ਰੂਪ-ਵਿਗਿਆਨ (Morphology) ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਉਦਾਹਰਨ ਵਜੋਂ ਸ਼ਬਦ 'ਵੱਟ' ਨੂੰ ਲਿਆ ਜਾ ਸਕਦਾ ਹੈ। ਕਿਤੇ ਇਹ ਨਾਂਵ (Noun), ਕਿਤੇ ਕਿਰਿਆ (verb), ਕਿਤੇ ਕਿਰਿਆ-ਵਿਸ਼ੇਸ਼ਣ (adverb) ਅਤੇ ਉਹ ਵੀ ਅੱਡ-ਅੱਡ ਅਰਥਾਂ ਵਿਚ ;

(ੳ) ਸਣ ਦੀ ਰੱਸੀ ਵੱਟ ਦਿਉ।

(ਅ) ਪੈਲੀ ਦੀ ਇਹ ਵੱਟ ਸਿਧੀ ਹੈ।

(ੲ) ਅੱਜ ਬਹੁਤ ਵੱਟ ਹੈ।

(ਸ) ਉਸ ਦੇ ਵੱਟ ਕੇ ਚਪੇੜ ਮਾਰੋ।

(ਹ) ਮੱਥੇ ਤੇ ਵੱਟ ਨਾ ਪਾਉ।

(ਕ) ਬਿਸਤਰੇ ਦੇ ਵੱਟ ਕੱਢ ਦਿਉ।

ਉਪਰੋਕਤ ਵਾਕਾਂ ਵਿਚ ਸ਼ਬਦ 'ਵੱਟਾ ਮੁੱਖ ਭੂਮਿਕਾ ਨਿਭਾ ਰਿਹਾ ਹੈ। ਸ਼ਬਦ ਪੱਧਰ ਤੇ ਦੇਖਿਆਂ ਇਸ ਦੇ ਸਰੂਪ ਵਿਚ ਕੋਈ ਅੰਤਰ ਨਹੀਂ ਪਰ ਵਾਕ ਪੱਧਰ ਤੇ ਵਿਚਾਰਿਆਂ ਇਹ ਸ਼ਬਦ ਵੱਖੋ-ਵੱਖਰੇ ਅਰਥਾਂ ਦਾ ਸੰਕੇਤ ਦਿੰਦਾ ਹੈ। ਇਹ ਸ਼ਬਦ ਨਾਂਵ, ਕਿਰਿਆ, ਕਿਰਿਆ-ਵਿਸ਼ੇਸ਼ਣ, ਵਿਸ਼ੇਸ਼ਣ ਵਜੋਂ ਵਰਤਿਆ ਗਿਆ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਥੇ ਵਿਆਕਰਨ ਤੋਂ ਇਹ ਪਤਾ ਚਲਦਾ ਹੈ ਕਿ ਭਾਸ਼ਾ ਦਾ ਸਰੂਪ ਕੀ ਹੋਣਾ ਚਾਹੀਦਾ ਹੈ, ਉਥੇ ਰੂਪ-ਵਿਗਿਆਨਕ ਅਧਿਅਨ (Morphological analysis) ਭਾਸ਼ਾ ਦੇ ਸ਼ਬਦਾਂ ਦੀ ਬਣਤਰ ਅਤੇ ਉਹਨਾਂ ਦੇ ਵਿਭਕਤੀ ਮੂਲਕ ਰੂਪ ਨੂੰ ਪ੍ਰਗਟ ਕਰਦਾ ਹੋਇਆ ਇਹ ਦੱਸਦਾ ਹੈ ਕਿ ਭਾਸ਼ਾ ਕਿਸ ਤਰਜ਼ ਨਾਲ ਵਿਚਰ ਰਹੀ ਹੈ। ਭਾਸ਼ਾ ਵਿਗਿਆਨ ਵਿਚ ਭਾਸ਼ਾ ਦੀ ਬਣਤਰ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਘੋਖਣ ਲਈ ਰੂਪ (Morph) ਦਾ ਸੰਕਲਪ ਉਤਪੰਨ ਹੋਇਆ ਹੈ। ਜਿਸ ਦੇ ਵਿਗਿਆਨਕ ਅਧਿਅਨ ਨੂੰ ਰੂਪ-ਵਿਗਿਆਨਕ (Morphological) ਕਿਹਾ ਜਾਂਦਾ ਹੈ।

## 3. ਰੂਪ ਦਾ ਸਰੂਪ (Morph)

ਰੂਪਾਤਮਕ ਵਿਸ਼ਲੇਸ਼ਣ ਦੀ ਬੁਨਿਆਦੀ ਇਕਾਈ ਰੂਪ (Morph) ਹੈ। ਇਹ 'ਰੂਪ' ਵਾਕ ਵਿਚ ਵਰਤੇ ਜਾਣ ਦੀ ਸ਼ਕਤੀ ਅਤੇ ਯੋਗਤਾ ਰੱਖਦਾ ਹੈ। ਵਾਕ ਵਿਚ ਆਉਣ ਦੀ ਸ਼ਕਤੀ ਅਤੇ ਯੋਗਤਾ ਰਖਣ ਵਾਲੇ ਰੂਪ ਦਾ ਆਪਣਾ ਸਰੂਪ ਕੀ ਹੈ, ਇਸ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਭਾਸ਼ਾ-ਵਿਗਿਆਨੀਆਂ ਨੇ 'ਰੂਪ' ਦੀਆਂ ਅਨੇਕ ਪਰਿਭਾਸ਼ਾਵਾਂ ਦਿੱਤੀਆਂ ਹਨ। ਅਸੀਂ ਇਸ ਵਿਵਾਦ ਵਿਚ ਨਾ ਪੈ ਕੇ ਕਹਿ ਸਕਦੇ ਹਾਂ ਕਿ ਅਸਲ ਵਿੱਚ ਧੁਨੀ ਗ੍ਰਾਮੀ (Phonemic) ਆਕਾਰ ਵਾਲੇ ਸਾਰਥਕ ਰੂਪ ਨੂੰ ਹੀ 'ਰੂਪ' ਕਹਿੰਦੇ ਹਨ। ਇਥੇ ਇਹ ਗੱਲ ਵੀ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ ਕਿ ਵਿਯੋਗਾਤਮਕ ਭਾਸ਼ਾਵਾਂ (Analytical Languages) ਜਿਵੇਂ ਹਿੰਦੀ/ਪੰਜਾਬੀ/ਮਰਾਠੀ ਆਦਿ ਬਾਰੇ ਇਹ ਸ਼ਰਤ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ ਕਿਉਂਕਿ ਇਹਨਾਂ ਭਾਸ਼ਾਵਾਂ ਦੇ ਵਿਯੋਗਤਾਮਕ ਰੂਪ ਹੋਣ ਕਾਰਨ ਕੋਸ਼ੀ ਸ਼ਬਦਾਂ (Lexical words) ਵਿਚ ਕਿਸੇ ਹੋਰ ਤੱਤ ਦੇ ਜੋੜੇ ਬਗੈਰ ਵੀ ਵਾਕ ਵਿਚ ਵਰਤੇ ਜਾ ਸਕਦੇ ਹਨ ਜਿਵੇਂ :-

1. ਮੰਤਰੀ ਨੂੰ ਚਾਰ ਹਾਰ ਪਾਏ ਗਏ।
2. ਆਖਰ ਦੁਸ਼ਮਣ ਨੇ ਹਾਰ ਮੰਨ ਲਈ।

ਉਪਰੋਕਤ 1 ਅਤੇ 2 ਵਾਕਾਂ ਵਿਚ ਆਇਆ ਸ਼ਬਦ 'ਹਾਜ' ਹੈ। ਇਥੇ ਅਸੀਂ 'ਰੂਪ' ਨਾਲ ਕਿਸੇ ਕਿਸਮ ਦੇ ਹੋਰ ਤੱਤ ਨੂੰ ਲਾਉਣ ਦੀ ਲੋੜ ਨਹੀਂ ਪਈ। ਇਹਨਾਂ ਦੋਹਾਂ ਵਾਕਾਂ ਵਿਚ 6-6 ਸ਼ਬਦ ਹਨ। ਇਹ ਸ਼ਬਦ ਹੀ 'ਰੂਪ' ਹਨ। ਹਰ ਰੂਪ ਇਕ ਨਿਸ਼ਚਿਤ ਰੂਪਗ੍ਰਾਮ ਦਾ ਪ੍ਰਤਿਨਿਧ ਹੁੰਦਾ ਹੈ ਅਤੇ ਇਸ ਦੇ ਰੂਪਾਂ ਦਾ ਇਕੋ ਧੁਨੀਗ੍ਰਾਮੀ ਆਕਾਰ ਹੋ ਸਕਦਾ ਹੈ। ਕਿਸੇ ਰੂਪਗ੍ਰਾਮ ਦੇ ਸਾਰੇ ਵਾਤਾਵਰਣ (Environment) ਵਿਚ ਜਾਂ ਉਹਨਾਂ ਦਾ ਬਦਲਵਾਂ (Alternative) ਧੁਨੀਗ੍ਰਾਮੀ ਆਕਾਰ ਹੋ ਸਕਦਾ ਹੈ ਜਿਵੇਂ ਪੰਜਾਬੀ ਵਿਚ 'ਜਾ' ਤੋਂ 'ਜਾਵਾਂ'

ਜਾਂ

ਪੀਹ = ਪਿਸ ਆਦਿ ਵਿਚ

/ਜਾਂ/ਵਿਚ ਉਚੀ ਧੁਨੀ (High Tone) ਹੋਣ ਕਾਰਨ /ਜਾਂ/ ਦੀ ਧੁਨੀਗ੍ਰਾਮੀ ਸਥਿਤੀ ਬਦਲ ਗਈ ਅਤੇ ਇੰਜ ਹੀ ਪ੍ਰੇਰਣਾਰਥਕ (Causative) ਕਿਰਿਆ ਹੋਣ ਕਾਰਨ /ਪੀਹ/ਦੇ/ਈ/ਦੀ ਧੁਨੀਗ੍ਰਾਮੀ ਤਬਦੀਲੀ / ਇ / ਵਿਚ ਹੋ ਗਈ।

3.1 ਭਾਸ਼ਾ ਵਿਗਿਆਨ (Linguistics) ਦੇ ਖੇਤਰ ਵਿਚ ਕੰਮ ਕਰਦੇ ਭਾਸ਼ਾ ਵਿਗਿਆਨੀਆਂ ਨੇ ਰੂਪ ਸੰਬੰਧੀ ਅਜਿਹੇ ਵਿਚਾਰ ਦਿੱਤੇ ਹਨ ਜਿਹੜੇ ਸਾਡੇ ਸਾਹਮਣੇ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਹੁੰਦੇ ਹਨ। ਕਿਸੇ ਸ਼ਬਦ ਨੂੰ ਜੇ ਛੋਟੇ ਤੋਂ ਛੋਟੇ ਸਾਰਥਕ ਟੋਟਿਆਂ ਵਿਚ ਵੰਡਿਆ ਜਾਵੇ ਤਾਂ ਇਹ ਅੱਡ ਅੱਡ ਟੋਟੇ ਰੂਪ (Morph) ਅਖਵਾਂਦੇ ਹਨ। ਉਦਾਹਰਨ ਵਜੋਂ ਸ਼ਬਦ 'ਕਮਾਈਆਂ' ਨੂੰ ਵੱਧ ਤੋਂ ਵੱਧ ਤਿੰਨ ਟੋਟਿਆਂ ਵਿਚ ਵੰਡਿਆ ਜਾ ਸਕਦਾ ਹੈ ; ਕਮਾ + ਈ + ਆਂ। 'ਕਮਾ' ਦੇ ਕਿਰਿਆਵਾਚੀ ਅਰਥ ਹਨ, 'ਈ' ਇਸ ਨੂੰ ਨਾਂਵ (Noun) ਬਣਾਉਣ ਲਈ ਜੋੜਿਆ ਗਿਆ ਹੈ। 'ਕਮਾਈ' ਅਤੇ ਇਸ ਨਾਲ 'ਆਂ' ਦੀ ਵਰਤੋਂ ਬਹੁ-ਵਚਨ ਬਣਾਉਣ ਲਈ ਕੀਤੀ ਗਈ ਹੈ। ਇੰਜ ਇਹ ਤਿੰਨੇ ਸਾਰਥਕ ਹਨ। ਇਹਨਾਂ ਵਿਚੋਂ ਕਿਸੇ ਨੂੰ ਵੀ ਅੱਗੇ ਹੋਰ ਸਾਰਥਕ ਟੋਟਿਆਂ ਵਿਚ ਨਹੀਂ ਵੰਡਿਆ ਜਾ ਸਕਦਾ। ਇਸ ਲਈ ਇਹ 'ਰੂਪ' ਹਨ।

ਪੰਜਾਬੀ ਵਰਗੀਆਂ ਕੁਝ ਦੂਜੀਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਿਯੋਗੀ (Analytical) ਹੁੰਦੀਆਂ ਜਾ ਰਹੀਆਂ ਮੰਨੀਆਂ ਜਾਣ ਲੱਗੀਆਂ ਹਨ। (ਇਸ ਲਈ ਇਹਨਾਂ ਭਾਸ਼ਾਵਾਂ ਦੇ ਰੂਪ-ਵਿਗਿਆਨਕ ਅਧਿਅਨ-ਵਿਸ਼ਲੇਸ਼ਣ ਦੇ ਸਮੇਂ ਰੂਪ ਅਤੇ ਸ਼ਬਦ (Word) ਵਿਚਲੇ ਫਰਕ ਨੂੰ ਜਾਣਨਾ ਵੀ ਜ਼ਰੂਰੀ ਹੋ ਜਾਂਦਾ ਹੈ, ਪਰ ਇਥੇ ਅਸੀਂ ਰੂਪ) ਬੇਸ਼ਕ ਪੰਜਾਬੀ ਵਰਗੀਆਂ ਆਰਿਆਈ ਭਾਸ਼ਾਵਾਂ, ਸੰਸਕ੍ਰਿਤ ਦੀ ਵੰਸ਼-ਪਰੰਪਰਾ ਵਿ ਆਉਂਦੀਆਂ ਹਨ ਤਾਂ ਵੀ ਸੰਸਕ੍ਰਿਤ ਅਤੇ ਇਹਨਾਂ ਦੀ ਪਰਕਿਰਤੀ ਵਿਚ (ਮੂਲੋ) ਅੰਤਰ ਪਾਇਆ ਜਾਂਦਾ ਹੈ। ਸੰਸਕ੍ਰਿਤ ਜਿਥੇ ਸੰਯੋਗੀ ਭਾਸ਼ਾ ਦੀ ਪ੍ਰਤਿਨਿਧਤਾ ਕਰਦੀ ਹੈ ਉਥੇ ਦੂਜੇ ਪਾਸੇ ਪੰਜਾਬੀ ਆਦਿ/ਭਾਸ਼ਾਵਾਂ ਵਿਯੋਗੀ ਹੋ ਰਹੀਆਂ ਹਨ। ਇਥੇ ਇਹ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਵਿਯੋਗੀ ਸ਼ਬਦ ਦੀ ਵਰਤੋਂ ਚੀਨੀ ਭਾਸ਼ਾ ਆਦਿ ਇਕ ਅੱਖਰੀ (Monosyllabic) ਪਰਿਵਾਰ ਦੀਆਂ ਵਿਯੋਗੀ ਭਾਸ਼ਾਵਾਂ ਦੇ ਰੂਪ/ਸੰਦਰਭ ਵਿਚ ਨਹੀਂ ਕੀਤੀ ਜਾ ਰਹੀ। ਸਿੱਟੇ ਵਜੋਂ ਸੰਸਕ੍ਰਿਤ ਵਰਗੀਆਂ ਸੰਯੋਗੀ ਭਾਸ਼ਾਵਾਂ ਦੇ ਅਧਿਅਨ ਮਗਰੋਂ ਕੱਢੇ ਗਏ ਸਿੱਟੇ ਜਾਂ ਬਣਾਏ ਗਏ ਨੇਮਾਂ ਨੂੰ ਉਸੇ ਰੂਪ ਵਿਚ ਮੰਨਦੇ ਚੱਲਣਾ ਇਹਨਾਂ ਭਾਸ਼ਾਵਾਂ ਨੂੰ ਸਮਝਣ ਵਿਚ ਸਹਾਈ ਨਹੀਂ ਹੋ ਸਕਦਾ ਕਿਉਂਕਿ ਇਹਨਾਂ ਦੀ ਪਰਕਿਰਤੀ ਸੰਸਕ੍ਰਿਤ ਤੋਂ ਬਹੁਤ ਅੱਡ ਹੋ ਚੁੱਕੀ ਹੈ।

ਸੰਸਕ੍ਰਿਤ ਭਾਸ਼ਾ ਦਾ ਵਿਸ਼ਲੇਸ਼ਣ ਕਰਦਿਆਂ ਭਾਰਤ ਦੇ ਮਹਾਨ ਵਿਆਕਰਨਕਾਰ ਮਹਾਂਰਿਸ਼ੀ ਪਾਣਿਨੀ ਅਤੇ ਪਤੰਜਲੀ ਨੇ ਲਿਖਿਆ ਹੈ ਡਨਦਏਫਜ਼ਿ" "ਏਗਜ਼ ਅਰਥਾਤ 'ਸੁਪ' ਅਤੇ ਤਿੰਙ ਜਿਸ ਦੇ ਅਖੀਰ (ਅੰਤ) ਵਿਚ ਹੋਣ ਉਹੀ ਰੂਪ (Morph) ਹੈ ਅਤੇ ਇਹ 'ਰੂਪ' ਪਿਛੇਤਰ ਦੀ ਵਰਤੋਂ ਬਗੈਰ ਵਾਕ ਵਿਚ ਨਹੀਂ ਆ ਸਕਦਾ। ਸੰਸਕ੍ਰਿਤ ਭਾਸ਼ਾ ਵਿਚ ਬਾਲ (ਬਾਲਕ) ਪ੍ਰਾਤਿਪਦਿਕ (Stem Form) ਦਾ ਸੁਪ ਦੇ ਜੋਗ ਬਿਨਾਂ ਪ੍ਰਯੋਗ ਨਹੀਂ ਹੋ ਸਕਦਾ। ਇਸ ਨਾਲ 'ਸੁ' ਅਤੇ 'ਜਸ' ਜਾਂ 'ਅਮਾ' ਓਟਾ ਆਦਿ ਦੀ ਵਰਤੋਂ ਕਰਦੇ ਹੀ ਵਰਤੋਂਜੋਗ ਰੂਪ ਬਾਲ ਬਾਲੋ, ਬਾਲਾ : ; ਬਾਲਮ ... ਆਦਿ (ਕ੍ਰਮਵਾਰ ਇਕ ਵਚਨ, ਦੋ ਅਤੇ ਬਹੁਵਚਨ ਅਤੇ ਕਰਮ ਕਾਰਕੀ ਇਕ ਵਚਨ) ਪ੍ਰਾਪਤ ਕੀਤੇ ਜਾਣਗੇ। ਇੰਝ ਹੀ ਸੰਸਕ੍ਰਿਤ ਦੀ ਬਾ ਜਾਂ ਦਾ (ਦਏਕਜ਼ ਦਾ ਪ੍ਰਯੋਗ ਵੀ ਤਿੰਙ ਪ੍ਰੱਤਿਆਂ ਦੇ ਜੋੜ ਬਗੈਰ ਸੋਚਿਆ ਵੀ ਨਹੀਂ ਜਾ ਸਕਦਾ। ਜਦ ਤਕ ਪਰਸਮੈਪ ਦੀ ਵਰਤਮਾਨ ਕਾਲੀ ਰੂਪਾਂ ਨੂੰ ਪਰਾਪਤ ਕਰਨ ਵਾਸਤੇ ਕ੍ਰਮਵਾਰ

( –ਤਿਪ – ਤਸ – ਤਿ )

( – ਸਿਪ – ਥਸ – ਥ –)

( – ਮਿਪ – ਵਸ – ਮਸ )

ਦਾ ਜੋੜ ਨਾ ਕੀਤਾ ਜਾਵੇ ਤਦ ਤਕ ਵਰਤੀਂਦੇ ਰੂਪਾਂ– ਧਾਵਤਿ, ਧਾਵਤ: ਧਾਵਤਿੰ ਜਾਂ ਪਿਬਤਿ ਪਿਬਤ: ਪਿਬੰਤਿ ਨੂੰ ਪ੍ਰਾਪਤ ਨਾ ਕਰ ਸਕਾਂਗੇ। ਬਾਲ: ਕਿਮ ? ਰੂਪ ਦੀ ਹਾਲਤ ਹੀ ਬਣੀ ਰਹੇਗੀ ਵਾਕ ਬਾਲ: ਧਾਵਤਿ/ਪਿਬਤਿ (ਬਾਲਕ ਦੌੜਦਾ ਜਾਂ ਪੀਂਦਾ ਹੈ) ਜਾਂ

ਬਾਲੌ ਧਾਵਤ: / ਪਿਬਤ: (ਦੋ ਬਾਲਕ ਦੌੜਦੇ/ਪੀਂਦੇ ਹਨ)

ਵਰਗੇ ਵਰਤੋਂ ਯੋਗ ਰੂਪ ਨਾ ਬਣ ਸਕਣਗੇ। ਪਰ ਪੰਜਾਬੀ ਜਾਂ ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਪ੍ਰਾਤਿਪਦਿਕ ਰੂਪਾਂ ਦੀ ਵਰਤੋਂ 'ਸੁਪ' ਆਦਿ ਦੇ ਜੋੜ ਦੇ ਬਿਨਾਂ ਵੀ ਹੁੰਦੀ ਪਾਈ ਜਾਂਦੀ ਹੈ ਜਿਵੇਂ;

ਅਵਤਾਰ ਸਿੰਘ ਖੇਤੀ ਜਾਂਦਾ ਹੈ।

ਫੁੱਲ ਡਿੱਗ ਪਿਆ।

ਕੁੜੀ ਪਿੰਡ ਚਲੀ ਗਈ।

ਮੁੰਡਾ ਕਿਤਾਬ ਪੜ੍ਹਦਾ ਹੈ।

Surinder did this work.

Ask Shelly to go out, ਆਦਿ।

3.1.2 ਉਪਰੋਕਤ ਵਾਕਾਂ ਵਿਚ ਕ੍ਰਮਵਾਰ ਅਵਤਾਰ ਸਿੰਘ, ਫੁੱਲ, ਕੁੜੀ, ਮੁੰਡਾ, Surinder, Shelly ਅਤੇ Work ਸਿੱਧੇ ਅਤੇ ਅਸਿੱਧੇ (Direct or/and indirect) ਰੂਪਾਂ ਵਿਚ ਪ੍ਰੱਤਿਆਂ ਦੇ ਜੋਗ ਬਗੈਰ ਵੀ ਵਰਤੇ ਗਏ ਹਨ। ਅਵਤਾਰ ਸਿੰਘ, ਮੁੰਡਾ ਦੇ ਅਰਥਾਂ ਦੇ ਪਖੋਂ ਬੇਸ਼ਕ ਸੰਸਕ੍ਰਿਤ ਵਾਂਗ (ਸੁਪ੍) ਆਦਿ ਦਾ ਜੋੜ ਨਹੀਂ ਹੁੰਦਾ ਤਾਂ ਵੀ ਇਸਦੇ ਪ੍ਰਯੋਗ ਵੀ ਪੱਧਰ ਤੇ ਅਰਥਾਂ ਨੂੰ ਕੋਸ਼ੀ ਅਰਥਾਂ ਤੋਂ ਅੱਡ ਸਮਝਣ ਸਮਝਾਉਣ ਲਈ ਜ਼ੀਰੋ ਪ੍ਰੱਤੇ (zero Suffix) ਦਾ ਪ੍ਰਯੋਗ ਮੰਨਿਆ ਗਿਆ ਹੈ। ਇਸ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਕੁਝ ਖਾਸ ਹਾਲਤਾਂ ਵਿਚ ਇਸ 'ਸੁਪ੍' ਆਦਿ ਦੀ ਵਰਤੋਂ ਬਗੈਰ ਵੀ ਪ੍ਰਾਤਿਪਦਿਕ ਰੂਪ ਵਾਕ ਵਿਚ ਆ ਸਕਦੇ ਹਨ ਜਦ ਕਿ (ਅਪਵਾਦ ਛੱਡ ਕੇ ) ਸੰਸਕ੍ਰਿਤ ਵਿਚ ਇਸ ਪ੍ਰਯੋਗ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਲਈ ਇਥੇ ਕੋਸ਼ੀ ਸ਼ਬਦ ਦੀ ਹੀ ਰੂਪ Morph (Morpheme) ਵਾਂਗ ਵਰਤੋਂ ਕੀਤੀ ਗਈ ਹੈ। ਸਿੱਟੇ ਵਜੋਂ ਹਰ ਹਾਲਤ ਵਿਚ ਅਤੇ ਪਰਿਵੇਸ਼ ਵਿਚ ਸੰਸਕ੍ਰਿਤ ਦੇ ਨੇਮਾਂ ਅਤੇ ਸਿੱਧਾਂਤਾਂ ਦਾ ਅੱਖਾਂ ਮੀਟ ਕੇ ਅਨੁਸਰਨ ਨਹੀਂ ਕੀਤਾ ਜਾ ਸਕਦਾ। ਇਸ ਲਈ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਸੰਦਰਭ ਵਿਚ ਕੀਤਾ ਗਿਆ ਵਿਸ਼ਲੇਸ਼ਣ ਕੁਝ ਹੱਦ ਤਕ ਪੁਰਾਣੀਆਂ ਮਾਨਤਾਵਾਂ ਦੀ ਅਣਦੇਖੀ ਕਰਕੇ ਚਲਦਾ ਹੈ। ਇਸੇ ਪਿਛੋਕੜ ਤੇ ਚਲਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰੂਪ-ਵਿਗਿਆਨ ਦਾ ਪਹਿਲਾਂ ਕੰਮ ਹੈ 'ਰੂਪ' ਦੇ ਸਰੂਪ ਦਾ ਨਿਰਧਾਰਨ ਕਰਨਾ ਜਾਂ ਉਸ ਦੀ ਪਰਿਭਾਸ਼ਾ ਦੇਣਾ। ਭਾਰਤੀ ਵਿਆਕਰਨਕਾਰਾਂ ਅਤੇ ਯਰੂਪੀ ਭਾਸ਼ਾ-ਵਿਗਿਆਨੀਆਂ ਨੇ ਇਸੇ ਵਿਸ਼ੇ ਤੇ ਡੂੰਘੀ ਖੋਜ ਅਤੇ ਸੋਚ ਕਰਦਿਆਂ ਇਸ ਦੇ ਸਰੂਪ ਨੂੰ ਸਪਸ਼ਟ ਤੌਰ ਤੇ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਇਥੇ ਹੋਣ ਅਸੀਂ ਉਹਨਾਂ ਵਿਦਵਾਨਾਂ ਦੇ ਵਿਚਾਰ ਪੇਸ਼ ਕਰਦੇ ਹਾਂ ਤਾਂ ਜੋ ਹਾਲਾਤ ਸਪੱਸ਼ਟ ਹੋ ਜਾਣ। ਕਿਸੇ ਵਿਦਵਾਨ ਨੇ ਇਸ ਦਾ ਅਰਥ ਕਰਦਿਆਂ ਇਸ ਨੂੰ ਛੋਟੇ ਤੋਂ ਛੋਟਾ ਅਰਥਵਾਨ ਤੱਤ (Minimum Meaningful Unit) ਆਖਿਆ ਹੈ ਅਤੇ ਕੋਈ ਦੂਜਾ ਇਸ ਵਿਚ ਅਰਥ ਤੱਤ (Sementeme) ਨੂੰ ਪੂਰੀ ਤਰ੍ਹਾਂ ਹਟਾ ਕੇ ਪਰਿਭਾਸ਼ਾ ਦੇਣ ਦਾ ਉਪਰਾਲਾ ਕਰਦਾ ਹੈ। ਇਹਨਾਂ ਦੋਵਾਂ ਵਿਚਾਰਾਂ ਦੇ ਇਲਾਵਾ ਕੁਝ ਭਾਸ਼ਾ ਵਿਗਿਆਨੀ ਇਹਨਾਂ ਦੇ ਸੁਤੰਤਰ ਅਤੇ ਬੱਝਵੇਂ (Free and Bound) ਆਧਾਰ ਤੇ ਪਰਿਭਾਸ਼ਾ ਕਰਨਾ ਠੀਕ ਸਮਝਦੇ ਹਨ।

ਹਿੱਲ ਅਤੇ ਹੈਰਿਸ ਦੇ ਵਿਚਾਰ ਅਨੁਸਾਰ ਰੂਪ ਦਾ ਅਰਥ ਕਰਦਿਆਂ ਅਰਥ ਤੱਤ ਛੱਡ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ 'ਰੂਪ' ਦਾ ਆਪਣਾ ਕੋਈ ਥਿਰ ਅਰਥ ਨਹੀਂ ਹੁੰਦਾ ਸਗੋਂ ਉਸ ਦਾ (ਕੁਝ) ਵੀ ਅਰਥ ਹੁੰਦਾ ਹੈ ਉਹ ਪਰਿਵੇਸ਼ ਤੇ ਟਿਕਿਆ ਹੁੰਦਾ ਹੈ। ਪਰ ਜੇ ਇਹ ਗੱਲ ਮੰਨ ਲਈ ਜਾਵੇ ਤਾਂ 'ਰੂਪ' ਦੇ ਸਰੂਪ

ਦਾ ਵਿਸ਼ਲੇਸ਼ਣ ਮੁਸ਼ਕਲ ਹੋ ਜਾਏਗਾ। ਇਸ ਦਾ ਮੁੱਖ ਕਾਰਨ ਇਹ ਹੋਵੇਗਾ ਕਿ ਪਰਿਵੇਸ਼ ਦੇ ਬਦਦਿਆਂ ਹੀ ਉਸ ਦਾ ਅਰਥ ਬਦਲ ਜਾਏਗਾ। ਇਸ ਤਰ੍ਹਾਂ ਇਕ 'ਰੂਪ' ਦੀ ਪਛਾਣ ਵ ਸਤੇ ਪਰਿਵੇਸ਼ (ਅਤੇ ਹਲਾਤ) ਨੂੰ ਢੂੰਡਣਾ ਪਏਗਾ ਜਿਹੜਾ ਬਹੁਤ ਹੀ ਔਖਾ ਕੰਮ ਹੈ। ਇਸ ਗੱਲ ਨੂੰ ਉਦਾਹਰਨ ਰਾਹੀਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਖ਼ਾਕ (ਸੁਆਹ) ਦਾ ਅਰਥ ਮਿੱਟੀ ਜਾਂ ਰਾਖ ਹੈ, ਪਰ ਇਸ ਵਾਕ ਵਿਚ–ਤੁਸੀਂ ਮੇਰੀ ਖ਼ਾਕ ਮਦਦ ਕਰੋਗੇ – ਵਿਚ ਖ਼ਾਕ ਦਾ ਅਰਥ ਮਿੱਟੀ ਆਦਿ ਨਾ ਹੋਏਗਾ। ਇਸ ਦੇ ਉਲਟ ਇਸ ਦੇ ਬਦਲੇ ਪਰਿਵੇਸ਼ ਕਾਰਨ ਇਸ ਦਾ ਅਰਥ ਹੋਵੇਗਾ "ਬਿਲਕੁਲ ਨਹੀਂ ਸ਼ੂਨਯਤਾ" ਆਦਿ। ਇਸ ਵਾਸਤੇ ਹੱਥਲੇ ਸੰਦਰਭ ਵਿਚ ਇਸ ਦਾ ਅਰਥ ਅਭਿਧਾ ਦੀ ਥਾਂ ਲਕਸ਼ਣਾ – ਵਿਅੰਜਨਾ ਜਾਂ ਅਰਥ ਕਰਨਾ ਨਾ ਤਾਂ ਆਮ ਅਤੇ ਨਾ ਹੀ ਢੁੱਕਵਾਂ ਤਰੀਕਾ ਹੈ। ਉਂਝ ਅਰਥ–ਵਿਗਿਆਨ ਦੇ ਮਾਹਰ ਭਰਥਰੀ ਹਰੀ ਅਰਥ ਪ੍ਰਸੰਗ ਵਿਚ ਲਿਖਦੇ ਹਨ;

ਸੰਯੋਗ, ਵਿਪ੍ਰਯੋਗ, ਸਾਚਾਰਯ, ਵਿਰੋਧਤਾ
ਅਰਥ; ਪ੍ਰਕਰਨ, ਲਿੰਗ, ਸ਼ਬਦਾਤਰ, ਸਮੀਪਤਾ
ਸਮਰਥ, ਔਚਿਤਯ, ਦੇਸ, ਕਾਲ, ਵਿਅਕਤੀ ਔਰ ਸਵਰ ਆਦਿ*

(ਵਾਕਯ ਪਦੀ ਅ 2.317)

ਉਪਰੋਕਤ ਪ੍ਰਸੰਗ ਵਿਚ ਜਿਥੇ ਕਿਸੇ (ਅਨੇਕ ਅਰਥਤਾ) ਸ਼ਬਦ ਦੇ ਅਰਥ ਦਾ ਨਿਰਨਾ ਨਾ ਹੋ ਰਿਹਾ ਹੋਵੇ, ਜਿਹਨਾਂ ਕਾਰਨਾਂ ਤੋਂ ਕਿਸੇ ਅਰਥ ਵਿਸ਼ੇਸ਼ ਦਾ ਗਿਆਨ ਸੰਭਵ ਹੈ।

3.1.3 ਸਿੱਟੇ ਵਜੋਂ ਇਹ ਕਹਿਣਾ ਕਿ 'ਰੂਪ' ਦੇ ਸਰੂ ਦਾ ਨਿਰੂਪਣ ਕਰਦੇ ਸਮੇਂ ਅਰਥ ਦਾ ਪੂਰੀ ਤਰ੍ਹਾਂ ਬਾਈਕਾਟ ਕੀਤਾ ਜਾਣਾ ਚਾਹੀਦਾ ਅਤੇ ਨਾ ਹੀ ਪਰਿਭਾਸ਼ਾ ਜਾਂ ਸਰੂਪ–ਨਿਰਧਾਰਨ ਕਰਦੇ ਸਮੇਂ ਵਿਆਖਿਆ ਲੋਚਦੇ ਸ਼ਬਦਾਂ ਦੀ (ਹੀ) ਵਰਤੋਂ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਠੀਕ–ਠੀਕ ਅਰਥ ਦੀ ਅਣਹੋਂਦ ਦੀ ਹਾਲਤ ਵਿਚ ਅਰਥ ਦਾ ਅਨਰਥ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। ਉਂਝ ਵੀ ਸ਼ਬਦ ਜਾਂ ਰੂਪ ਦਾ ਆਪਸ ਵਿਚ ਪਰਕਾਸ਼ਕ–ਪਰਕਾਸ਼ਤ (ਪਰਕਾਸ਼ਯ) ਸੰਬੰਧ ਪਰਵਾਨ ਕੀਤਾ ਗਿਆ ਹੈ। (ਰੂਪਗ੍ਰਾਮ ਬਾਰੇ ਵੀ ਇਹੋ ਗੱਲ ਹੈ)। ਭਰਥਰੀ ਹਰੀ ਅਤੇ ਉਸ ਦੇ ਟੀਕਾਕਾਰ ਪੁਣਰਾਜ ਦਾ ਵਿਚਾਰ ਹੈ ਕਿ ਸ਼ਬਦ ਅਰਥ ਦੇ ਸਰੂਪ ਨੂੰ ਨਹੀਂ ਛੋਹਦੇ ਸਗੋਂ ਦੂਰ ਰਹਿੰਦੇ ਹੋਏ ਹੀ ਅਰਥ ਦਾ ਸੰਕੇਤ ਕਰਦੇ ਹਨ ਅਤੇ ਇੰਝ ਆਮ ਵਰਤੋਂ ਵਾਸਤੇ ਲਾਹੇਵੰਦ ਹੁੰਦੇ ਹਨ (ਵਾਕਪਦੀਆ 2.442) ਇਸ ਲਈ ਇਹ ਗੱਲ ਠੀਕ ਨਹੀਂ ਕਿ ਰੂਪ ਸੰਸਕ੍ਰਿਤ ਦੇ ਪਦ ਦਾ ਪਰਿਆਇ ਹੈ। ਸੰਸਕ੍ਰਿਤ ਵਿਚ 'ਸੁਪ' ਆਦਿ ਜੁੜੇ ਪ੍ਰਾਤਿਪਦਿਕ (ਪਦ) ਦੀ ਵਾਕ ਵਿਚ ਵਰਤੋਂ ਹੁੰਦੀ ਹੈ ਪਰ ਅੰਗਰੇਜ਼ੀ, ਪੰਜਾਬੀ ਜਾਂ ਹਿੰਦੀ ਆਦਿ ਕੁਝ ਕੁ ਦੂਜੀਆਂ ਭਾਸ਼ਾਵਾਂ ਵਿਚ ਇਸ ਤਰ੍ਹਾਂ ਦੇ ਜੋੜ ਬਗੈਰ ਵੀ ਪ੍ਰਯੋਗ ਪਾਏ ਜਾਂਦੇ ਹਨ। ਸਿੱਟੇ ਵਜੋਂ ਪੰਜਾਬੀ ਆਦਿ ਭਾਸ਼ਾਵਾਂ ਦੇ ਸਤ੍ਵ ਪਰਧਾਨਤਾ ਦੇ ਅਧਾਰ ਤੇ ਰੂਪ (ਪਰਾਤਿਪਦਿਕ) ਦੀ 'ਪਦ' ਤੋਂ ਅੱਡ ਕੋਈ ਹੋਂਦ ਨਹੀਂ ਹੈ। ਸੰਸਕ੍ਰਿਤ ਵਿਚ ਜਿਹੜਾ (ਸੁਪ੍) ਆਦਿ ਨਾਲ ਲੱਗਣ ਮਗਰੋਂ ਪ੍ਰਾਤਿਪਦਿਕ ਅਖਵਾਉਂਦਾ ਹੈ, ਪੰਜਾਬੀ ਵਿਚ ਉਹ ਪਦ ਮੰਨਿਆ ਜਾਂਦਾ ਹੈ। ਇਸ ਲਈ ਇਹ ਆਖਿਆ ਜਾ ਸਕਦਾ ਹੈ ਕਿ ਕੋਸ਼ੀ ਰੂਪ ਵੀ ਪ੍ਰੱਤਿਆਂ (ਪਰੱਤਿਆਂ) ਦੇ ਜੋੜ ਬਗੈਰ ਜਾਂ ਵਾਕ ਵਿਚ ਆਉਣ ਦੀ ਸਮਰੱਥਾ ਰੱਖਦੇ ਹਨ ਅਤੇ ਉਹਨਾਂ ਦਾ ਆਪਣਾ ਇਕ ਨਿਸ਼ਚਤ ਅਰਥ ਹੁੰਦਾ ਹੈ ਜਿਸ ਨੂੰ ਰੂਪ (Morph) ਆਖਦੇ ਹਨ।

## 4. ਰੂਪਗ੍ਰਾਮ ਅਤੇ ਸਹਿ-ਰੂਪ ਗ੍ਰਾਮ (Morpheme and Allomorph)

ਚਾਰਲਸ. ਐਫ. ਹਾਕੱਟ (Charle . F. Hockett - 1973) ਨੇ ਆਪਣੀ ਪੁਸਤਕ ਏ ਕੋਰਸ ਇਨ ਮਾਡਰਨ ਲਿੰਗੁਇਸਟਿਕਸ (A Course in Modern Linguistics - 1973) ਵਿਚ ਰੂਪਗ੍ਰਾਮ (Morpheme) ਸੰਬੰਧੀ ਇਹ ਵਿਚਾਰ ਦਿੱਤੇ ਹਨ, "ਰੂਪਗ੍ਰਾਮ, ਭਾਸ਼ਾਈ ਉਚਾਹਰਨਾਂ ਰਾਹੀਂ ਇਕ ਵੱਖਰਾਂ

---

*सपांगो विप्रपोगेश्च साह चर्य विशेधित।
अर्था : प्रकर णं लिंग शब्दस्पान्यस्य सन्निधि: ॥
सामर्थ्य औचिती देश: कालो व्यक्ति: स्वर ादय: ।
शब्दार्थस्पान्नच्छे दे विशेष स्मृति हे तव: ॥ वाक्यपदीय ( 2.317 )

ਛੋਟੇ ਤੋਂ ਛੋਟਾ ਅਰਥ ਭਰਪੂਰ ਤੱਤ ਹੁੰਦਾ ਹੈ।"[9] ਦੂਜੇ ਸ਼ਬਦਾਂ ਵਿਚ ਰੂਪਗ੍ਰਾਮ ਭਾਸ਼ਾਈ ਉਚਾਰਨਾਂ ਦਾ ਛੋਟੇ ਤੋਂ ਛੋਟਾ ਅਰਥ ਭਰਪੂਰ ਤੱਤ ਹੁੰਦਾ ਹੈ। ਭਾਸ਼ਾ ਵਿਗਿ.. ਨ ਦੀ ਛੋਟੀ ਤੋਂ ਛੋਟੀ ਸਾਰਥਕ ਵਿਆਕਰਨਿਕ ਇਕਾਈ ਨੂੰ ਰੂਪਗ੍ਰਾਮ (Morpheme) ਕਿਹਾ ਜਾਂਦਾ ਹੈ। ਵਾਕ ਨੂੰ ਬਣਾਉਣ ਵਾਲੇ ਸ਼ਬਦਾਂ ਜਾਂ ਪਦਾਂ ਦੇ ਸਰੂਪ ਦੇ ਅਧਿਐਨ ਰੂ-ਵਿਗਿਆਨ (Morphology) ਕਿਹਾ ਜਾਂਦਾ ਹੈ। ਇਸ ਦੇ ਕਾਰਜ ਖੇਤਰ ਵਿਚ ਸ਼ਬਦਾਂ ਦੇ ਰੂਪ ਤੇ ਬਣਤਰ ਨੂੰ ਦੇਖਣਾ ਹੁੰਦਾ ਹੈ। ਉਹਨਾਂ ਦੇ ਆਗਮ, ਲੋਪ, ਸਮਾਸ,ਉਪਸਰਗ ਤੇ ਵਿਭਕਤੀਆਂ/ਪਿਛੇਤਰਾਂ ਆਦਿ ਨੂੰ ਇਤਿਹਾਸਕ ਤੇ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਜਾਂਦਾ ਹੈ। ਇਹ ਭਾਸ਼ਾ ਦੀ ਪ੍ਰਗਟਾ ਪ੍ਰਣਾਲੀ (Expression System) ਦੀ ਇਕਾਈ ਹੈ, ਜਿਸ ਦਾ ਸਿੱਧ ਸੰਬੰਧ ਸਾਰ ਪ੍ਰਣਾਲੀ (Content System) ਦੇ ਕਿਸੇ ਅੰਗ ਨਾਲ ਹੁੰਦਾ ਹੈ। ਉਦਾਹਰਨ ਵਜੋਂ; ਸ਼ਬਦ 'ਅਸਪੱਸ਼ਟਤਾ' ਤਿੰਨ ਵਿਆਕਰਨਿਕ ਇਕਾਈਆਂ ਦਾ ਸਮੁੱਚ ਹੈ ਅਰਥਾਤ ਅ + ਸਪੱਸ਼ਟ + ਤਾ। ਇਹ ਛੋਟੀਆਂ ਤੋਂ ਛੋਟੀਆਂ ਵਿਆਕਰਨਿਕ ਇਕਾਈਆਂ ਹਨ ਜੋ ਆਪਣੇ ਆਪ ਵਿਚ ਸਾਰਥਕ ਹਨ ਅਤੇ ਭਾਸ਼ਾ ਦੇ ਕਿਸੇ ਨਾ ਕਿਸੇ ਪ੍ਰਸੰਗ ਵਿਚ ਆਪਣੀ ਹੋਂਦ ਰੱਖਦੀਆਂ ਹਨ, ਇਹਨਾਂ ਨੂੰ ਅੱਗੇ ਹੋਰ ਛੁਟੇਰੇ ਵਿਆਕਰਨਿਕ ਅੰਗਾਂ ਵਿਚ ਤੋੜਨ ਤੇ ਇਹਨਾਂ ਦੀ ਹੋਂਦ ਸਮਾਪਤ ਹੋ ਜਾਵੇਗੀ। ਇਹਨਾਂ ਨੂੰ ਹੀ ਰੂਪਗ੍ਰਾਮ (Morpheme) ਕਹਿੰਦੇ ਹਨ।

4.1 ਰੂਪਗ੍ਰਾਮ ਨੂੰ ਛੋਟੀ ਤੋਂ ਛੋਟੀ ਅਰਥਪੂਰਨ ਇਕਾਈ ਮੰਨਿਆ ਗਿਆ ਹੈ। ਇਸ ਪਰਿਭਾਸ਼ਾ ਵਿਚ 'ਅਰਥਪੂਰਨ' ਸ਼ਬਦ ਨੂੰ ਸਹੀ ਪ੍ਰਸੰਗ ਵਿਚ ਸਮਝਣਾ ਜ਼ਰੂਰੀ ਹੈ। ਹਰੇਕ ਭਾਸ਼ਾ ਵਿਚ ਬਹੁਤ ਸਾਰੇ ਸ਼ਬਦਾਂ ਦੇ ਅਰਥ ਲੱਭੇ ਜਾ ਸਕਦੇ ਹਨ। ਇਸ ਲਈ ਉਹਨਾਂ ਸ਼ਬਦਾਂ ਦੇ ਪ੍ਰਸੰਗ ਵਿਚ ਤਾਂ ਅਰਥਪੂਰਨ ਦਾ ਅਰਥ ਘੇਰਾ ਸਪੱਸ਼ਟ ਹੈ। ਪਰ ਕੁਝ ਕੁ ਅਜੇਹੇ ਸ਼ਬਦ ਹੁੰਦੇ ਹਨ ਜਿਹਨਾਂ ਨੂੰ ਅਸੀਂ ਪ੍ਰਗਟਾਵੇ ਦੀ ਪੱਧਰ ਤੇ ਤਾਂ ਵੱਖਰੀਆਂ ਇਕਾਈਆਂ ਵਜੋਂ ਪੇਸ਼ ਕਰ ਸਕਦੇ ਹਾਂ, ਪਰ ਭਾਵ ਪੱਧਰ ਤੇ ਉਹਨਾਂ ਦਾ ਅਰਥ ਦੱਸਣਾ ਮੁਸ਼ਕਿਲ ਹੋ ਜਾਂਦਾ ਹੈ ਜਿਵੇਂ ਅੰਗਰੇਜ਼ੀ ਸ਼ਬਦ 'go' ਦਾ ਅਰਥ ਹੈ 'ਜਾਣਾ' ਪਰ 'goes' ਵਿਚ {-z} ਦਾ ਅਰਥ ਨਹੀਂ ਦੱਸਿਆ ਜਾ ਸਕਦਾ, ਇਸ ਤਰ੍ਹਾਂ ' I want to go' ਵਿਚ 'to' ਇਕ ਰੂਪਗ੍ਰਾਮ ਹੈ ਪਰ ਇਸ਼ ਦਾ ਅਰਥ ਕੁਝ ਵੀ ਨਹੀਂ, ਅਜਿਹੇ ਰੂਪਗ੍ਰਾਮਾਂ ਦਾ ਉਚਾਰਣ ਵਿਚ ਕਾਰਜ ਹੀ ਇਹਨਾਂ ਦਾ ਅਰਥ ਹੁੰਦਾ ਹੈ। ਇਹ ਵਾਕ ਵਿਚ ਦੋ ਹਿੱਸਿਆਂ ਜਾਂ ਦੋ ਤੱਤਾਂ ਨੂੰ ਆਪਸ ਵਿਚ ਜੋੜਦੇ ਹਨ। ਇਹਨਾਂ ਤੋਂ ਬਿਨਾਂ ਅਰਥ ਸੰਚਾਰ ਨਹੀਂ ਹੋ ਸਕਦਾ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹਨਾਂ ਦਾ ਕਾਰਜ ਹੀ ਇਹਨਾਂ ਦਾ ਮਹੱਤਵ (Significance) ਜਾਂ ਅਰਥ ਹੁੰਦਾ ਹੈ। ਰੂਪਗ੍ਰਾਮ ਦੀ ਪਰਿਭਾਸ਼ਾ ਵੀ ਅਸੀਂ ਇਸ ਤਰ੍ਹਾਂ ਦੇ ਸਕਦੇ ਹਾਂ ਕਿ ਇਹ ਛੋਟੀ ਤੋਂ ਛੋਟੀ ਮਹੱਤਵਪੂਰਨ (Significance) ਇਕਾਈ ਹੁੰਦੀ ਹੈ 'ਮਹੱਤਵਪੂਰਨ' ਵਿਚ ਅਰਥ ਅਤੇ ਕਾਰਜ ਦੋਵੇਂ ਹੀ ਆ ਜਾਂਦੇ ਹਨ। ਰੂਪਗ੍ਰਾਮ ਭਾਸ਼ਾ ਦੀ ਲਘੂਤਮ ਸਾਰਥਕ ਇਕਾਈ ਦਾ ਨਾਂ ਹੈ। ਧੁਨੀਆਂ ਦੀ ਉਹ ਲੜੀ ਜਿਸ ਨੂੰ ਸਾਰਥਕ ਟੋਟਿਆਂ ਵਿਚ ਵੰਡਿਆ ਨਾ ਜਾ ਸਕੇ ਰੂਪਗ੍ਰਾਮ ਹੈ। ਉਦਾਹਰਨ ਵਜੋਂ 'ਘਰ' ਧੁਨੀਮਾਂ/ਧੁਨੀਗ੍ਰਾਮਾਂ ਦੀ ਇਕ ਲੜੀ ਹੈ ਜੋ ਰੂਪੀਮ/ਰੂਪ ਗ੍ਰਾਮ ਹੈ ਕਿਉਂਕਿ ਇਸ ਦਾ ਕੋਈ ਸਾਰਥਕ ਟੋਟਾ ਨਹੀਂ ਕੀਤਾ ਜਾ ਸਕਦਾ। ਇਸ ਦੇ ਕੇਵਲ ਤਿੰਨ ਹੀ ਟੁਕੜੇ ਕੀਤੇ ਜਾ ਸਕਦੇ ਹਨ: ਘ+ਅ+ਰ। ਇਹਨਾਂ ਦਾ ਅੱਡ ਅੱਡ ਕੋਈ ਅਰਥ ਨਹੀਂ ਇਸ ਲਈ ਇਹ ਰੂਪਗ੍ਰਾਮ ਨਹੀਂ ਹਨ। ਪਰ ਘਰੋਂ ਵੀ ਧੁਨੀਗ੍ਰਾਮਾਂ ਦੀ ਇਕ ਲੜੀ ਹੈ, ਪਰ ਇਹ ਇਕ ਨਹੀਂ, ਸਗੋਂ ਦੋ ਰੂਪਗ੍ਰਾਮ ਹਨ ਕਿਉਂਕਿ ਇਸ ਨੂੰ ਦੋ ਸਾਰਥਕ ਟੋਟਿਆਂ ਵਿਚ ਤੋੜਿਆ ਜਾ ਸਕਦਾ ਹੈ {ਘਰ} + {ਓਂ}। ਇਥੇ ਘਰ ਇਕ ਰੂਪਗ੍ਰਾਮ ਹੈ ਤੇ 'ਓਂ' ਦੂਜਾ ਰੂਪਗ੍ਰਾਮ। ਘਰ ਦੇ ਅਰਥ ਤਾਂ ਸਪੱਸ਼ਟ ਹਨ ਤੇ ਓਂ ਤੇ ਅਰਥ ਹਨ ਤੋਂ (ਘਰੋਂ=ਘਰ ਤੋਂ ਜਿਵੇਂ, ਦਿਲੋਂ, ਦਿੱਲੀਓਂ, ਸਿਰੋਂ, ਜੜ੍ਹੋਂ ਆਦਿ ਵਿਚ) ਇਵੇਂ ਘਰੀਂ ਵਿਚ ਘਰ ਦੇ ਨਾਲ ਦੂਜਾ ਰੂਪਗ੍ਰਾਮ 'ਈਂ' ਹੈ (ਜਿਵੇਂ ਸਿਰੀਂ, ਪੈਰੀਂ ਆਦਿ ਵਿਚ) ਤੇ ਘਰੇ ਵਿਚ 'ਏ' ਇਕ ਅੱਡਰਾ ਰੂਪਗ੍ਰਾਮ ਹੈ। ਇਕ ਹੋਰ ਸ਼ਬਦ ਲਉ: ਕਰਦੀਆਂ।

ਕਰਦੀਆਂ = {ਕਰ} + {-ਦ-} + {ਈ} + {ਆਂ}

---

9. "Morpheme are the smallest individually meaningful elements in the utterances of a language".
Charles. F. Hockett. A Course in Modern Linguistics, 1973 P. 123.

ਕਿਹਾ ਜਾ ਸਕਦਾ ਹੈ ਕਿ ਕਰਦੀਆਂ ਸ਼ਬਦ ਵਿਚ 'ਕਰ' ਦੇ ਤਾਂ ਆਪਣੇ ਅਰਥ ਹਨ: ਜਿਵੇਂ 'ਉਹ ਕੰਮ ਕਰ ਰਹੀ' ਜਾਂ 'ਅਸੀਂ ਸੈਰ ਕਰ ਰਹੇ ਹਾਂ' ਆਦਿ ਵਾਕਾਂ ਵਿਚ। ਪਰ ਉਪਰੋਕਤ ਬਾਕੀ ਟੋਟਿਆਂ -{ਦ-, -ਈ-ਆਂ} ਦਾ ਕੀ ਅਰਥ ਹੈ? ਜੇ ਗਹੁ ਨਾਲ ਵਿਚਾਰੀਏ ਤਾਂ ਇਹਨਾਂ ਅੰਸ਼ਾਂ ਦੇ ਅਰਥ ਵੀ ਸਪੱਸ਼ਟ ਹੋ ਜਾਂਦੇ ਹਨ। ਇਸ ਸ਼ਬਦ ਦਾ ਅੰਸ਼ 'ਕਰ' ਕ੍ਰਿਆ ਦਾ ਸੂਚਕ ਹੈ, -ਦ- ਕ੍ਰਿਆ 'ਕਰ' ਦਾ ਸੰਭਾਵੀ ਰੂਪ ਨਿਰਧਾਰਿਤ ਕਰਦਾ ਹੈ। -ਈ ਕ੍ਰਿਆ ਦੇ ਕਰਤਾ ਨੂੰ ਇਸਤਰੀ ਲਿੰਗ ਸਥਾਪਿਤ ਕਰਦੀ ਹੈ ਤੇ -ਆਂ ਕਰਦਤਾ ਦੇ ਇਸਤਰੀ ਲਿੰਗ ਬਹੁ ਵਚਨ ਹੋਣ ਦਾ ਅਰਥ ਦੇਂਦਾ ਹੈ। ਇੰਜ ਇਸ ਸ਼ਬਦ ਦੇ ਚਾਰੇ ਅੰਸ਼ ਸਾਰਥਕ ਹਨ, ਇਹਨਾਂ ਦਾ ਹੋਰ ਸਾਰਥਕ ਟੋਟੇ ਨਹੀਂ ਕੀਤੇ ਜਾ ਸਕਦੇ। ਇਹ ਚਾਰੇ ਰੂਪਗ੍ਰਾਮ ਹਨ।

ਉਪਰੋਕਤ ਦਿੱਤੇ ਗਏ ਵਿਚਾਰ ਚਰਚਾ ਤੋਂ ਬਾਅਦ ਸਪੱਸ਼ਟ ਹੁੰਦਾ ਹੈ ਕਿ ਇਕ ਭਾਸ਼ਾ ਦੀ ਛੋਟੀ ਤੋਂ ਛੋਟੀ (Smallest or Minimal) ਅਰਥਪੂਰਨ ਇਕਾਈ ਨੂੰ ਰੂਪਗ੍ਰਾਮ ਕਿਹਾ ਜਾਂਦਾ ਹੈ।[10] ਇਹ ਇਕਾਈਆਂ ਆਮ ਤੌਰ ਤੇ ਅਜੇਹੀਆਂ ਧੁਨੀਆਂ ਜਾਂ ਧੁਨੀ ਸਮੂਹਾਂ (Sequences) ਦੀਆਂ ਬਣੀਆਂ ਹੁੰਦੀਆਂ ਹਨ, ਜੋ ਉਸ ਭਾਸ਼ਾ ਦੇ ਉਚਾਰਣਾਂ ਵਿਚ ਕਈ ਦਫ਼ਾ ਦੁਹਰਾਈਆਂ ਜਾਂਦੀਆਂ ਹਨ।[11] ਇਸ ਪਰਿਭਾਸ਼ਾ ਵਿਚ ਦੋ ਮਹੱਤਵਪੂਰਨ ਨੁਕਤੇ ਹਨ: ਛੋਟੀ ਤੋਂ ਛੋਟੀ ਇਕਾਈ ਅਤੇ ਅਰਥਪੂਰਨ ਇਕਾਈ। ਇਹ ਦੋਵੇਂ ਆਪਸ ਵਿਚ ਅੰਤਰ ਸੰਬੰਧਿਤ ਹਨ। ਪਹਿਲਾਂ ਨੁਕਤਾ ਰੂਪਗ੍ਰਾਮ ਵਿਚ ਆਈਆਂ ਧੁਨੀਆਂ ਦੀ ਤਰਤੀਬ ਨੂੰ ਬਿਆਨ ਕਰਦਾ ਹੈ ਅਤੇ ਦੂਜਾ ਉਹਨਾਂ ਨਾਲ ਜੁੜੇ ਅਰਥਾਂ ਨੂੰ। ਇਕ ਤਰ੍ਹਾਂ ਇਹ ਦੋਵੇਂ ਭਾਸ਼ਾ ਦੇ ਪ੍ਰਗਟਾਵੇ ਅਤੇ ਭਾਵਪੱਧਰ ਤੇ ਸੰਬੰਧਾਂ ਨੂੰ ਪੇਸ਼ ਕਰਦੇ ਹਨ। ਇਸੇ ਛੋਟੀ ਤੋਂ ਛੋਟੀ ਅਰਥਪੂਰਨ ਇਕਾਈ ਤੋਂ ਭਾਵ ਉਹ ਧੁਨੀ-ਸਮੂਹ ਹੈ ਜਿਸ ਨੂੰ ਅੱਗੇ ਹੋਰ ਅਰਥਪੂਰਨ ਇਕਾਈਆਂ ਵਿਚ ਨਾ ਵੰਡ ਸਕੀਏ ਅਤੇ ਜੇ ਅਜਿਹਾ ਕਰੀਏ ਤਾਂ ਧੁਨੀ-ਸਮੂਹ ਦੀ ਵੰਡ ਮਗਰੋਂ ਪ੍ਰਾਪਤ ਇਕਾਈਆਂ ਅਰਥਪੂਰਨ ਨਾ ਰਹਿਣ ਜਾਂ ਫਿਰ ਉਹਨਾਂ ਦਾ ਅਰਥ ਇਨਾ ਬਦਲ ਜਾਵੇ ਕਿ ਉਸ ਦਾ ਮੂਲ ਧੁਨੀ ਸਮੂਹ ਦੇ ਅਰਥਾਂ ਨਾਲ ਕੋਈ ਵੀ ਸੰਬੰਧ ਨਾ ਰਹੇ। ਉਦਾਹਰਨ ਲਈ ਪੰਜਾਬੀ ਸ਼ਬਦ 'ਅੰਗੂਰ' {ਰ ˜ gur} ਇਕ ਫਲ ਦਾ ਨਾਂ ਹੈ। ਇਸ ਨੂੰ ਜੇ ਅਸੀਂ ਦੋ ਹਿਸਿਆਂ ਅੰਗ {ਰ ˜g} ਤੇ -ਊਰ {ur} ਜਾਂ ਅੰ - {ਰੋ} ਤੇ -ਗੂਰ {-gur} ਵਿਚ ਵੰਡੀਏ ਤਾਂ ਇਹਨਾਂ ਹਿੱਸਿਆਂ 'ਅੰਗੂਰ' ਸ਼ਬਦ ਨਾਲ ਕੋਈ ਵੀ ਸੰਬੰਧ ਨਹੀਂ ਜਾਂ ਫਿਰ ਇਹਨਾਂ ਦਾ ਆਪਣਾ ਵੀ ਕੋਈ ਅਰਥ ਨਹੀਂ। 'ਅੰਗੂਰ' ਸ਼ਬਦ ਦੀ ਇਸ ਤਰ੍ਹਾਂ ਵੰਡ ਨਹੀਂ ਕੀਤੀ ਜਾ ਸਕਦੀ। ਇਸ ਲਈ ਅਸੀਂ ਕਹਿੰਦੇ ਹਾਂ ਕਿ ਅੰਗੂਰ ਪੰਜਾਬੀ ਭਾਸ਼ਾ ਦਾ ਇਕ ਰੂਪਗ੍ਰਾਮ ਹੈ। ਪਰ 'ਅੰਗੂਰੀ' {ਰੋ˜ guri} ਉਚਾਰਨ ਵਿਚ ਦੋ ਰੂਪਗ੍ਰਾਮ ਅੰਗੂਰ {ਰ˜ gur-} ਤੇ - ਈ {-i} ਹਨ। ਇਸੇ ਤਰ੍ਹਾਂ ਅੰਗਰੇਜ਼ੀ ਦੇ ਸ਼ਬਦ Strange ਨੂੰ ਹੋਰ ਛੋਟੇ ਹਿੱਸਿਆਂ ਵਿਚ ਨਹੀਂ ਵੰਡਿਆ ਜਾ ਸਕਦਾ। ਇਸ ਲਈ ਇਹ ਇਕ ਰੂਪਗ੍ਰਾਮ ਹੈ। ਪਰ strangeness ਵਿਚ ਦੋ ਰੂਪਗ੍ਰਾਮ 'strange' ਅਤੇ 'ness' ਹਨ। ਰੂਪਗ੍ਰਾਮ ਦੀ ਇਸ ਪਰਿਭਾਸ਼ਾ ਦੇ ਆਧਾਰ ਤੇ ਇਸ ਦੇ ਤਿੰਨ ਪੱਖ ਸਾਡੇ ਸਾਹਮਣੇ ਆਉਂਦੇ ਹਨ: ਪਹਿਲਾਂ ਇਹ ਕਿ ਰੂਪਗ੍ਰਾਮ ਧੁਨੀਆਂ ਦਾ ਬਣਿਆ ਹੁੰਦਾ ਹੈ, ਦੂਜਾ ਇਸ ਦਾ ਅਰਥ ਹੁੰਦਾ ਹੈ, ਤੀਜਾ ਆਪਣੇ ਤੋਂ ਵੱਡੀਆਂ ਵਿਆਕਰਨਿਕ ਇਕਾਈਆਂ ਨੂੰ ਬਣਾਉਣ ਵਿਚ ਇਸ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ।

### 4.1.1 ਰੂਪਗ੍ਰਾਮ ਅਤੇ ਉਚਾਰ-ਖੰਡ (Morpheme and Syllable)

ਇਕ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਪੂਰਨ ਇਕਾਈ ਅਰਥਾਤ ਰੂਪਗ੍ਰਾਮ ਇਕ ਧੁਨੀ ਸਮੂਹ ਤਾਂ ਹੁੰਦਾ ਹੀ ਹੈ, ਪਰ ਇਹ ਉਚਾਰ ਖੰਡ ਦੇ ਸਮਰੂਪ (indentical) ਨਹੀਂ ਹੁੰਦਾ। ਇਹ ਵੇਖਿਆ ਗਿਆ ਹੈ ਕਿ ਇਕ ਰੂਪਗ੍ਰਾਮ ਵਿਚ ਇਕ ਜਾਂ ਵਧੇਰੇ ਉਚਾਰ-ਖੰਡ ਜਾਂ ਫਿਰ ਉਚਾਰ-ਖੰਡਾਂ ਦੇ ਹਿੱਸੇ ਆ ਸਕਦੇ ਹਨ। ਮਸਲਨ ਪੰਜਾਬੀ ਵਿਚ 'ਗੁਲਾਬ' [gulab] ਦੇ ਉਚਾਰਣ ਵਿਚ ਦੋ ਉਚਾਰ ਖੰਡ ਹਨ ਪਰ ਇਹ ਰੂਪਗ੍ਰਾਮ ਹੈ, 'ਜਾਹ' [ja] ਵਿਚ ਇਕ ਉਚਾਰ ਖੰਡ ਹੈ ਤੇ ਇਕ ਰੂਪਗ੍ਰਾਮ, ਜਾਂਦਾ [ja˜da] ਵਿਚ ਦੋ ਉਚਾਰ ਖੰਡ ਪਰ ਤਿੰਨ ਰੂਪਗ੍ਰਾਮ [ja˜-d-a] ਹਨ। ਇਸੇ ਤਰ੍ਹਾਂ ਅੰਗਰੇਜ਼ੀ ਵਿਚ Connecticut [Kanatekit] ਵਿਚ ਚਾਰ ਉਚਾਰ ਖੰਡ ਹਨ, ਪਰ ਇਕ ਰੂਪਗ੍ਰਾਮ ਜਦ ਕਿ 'goes' ਵਿਚ [gow-z] ਇਕ ਉਚਾਰ ਖੰਡ ਅਤੇ ਦੋ ਰੂਪਗ੍ਰਾਮ ਹਨ।

10. H. A. Gleason (Jr.) 1976. p. 53.
11. Ibid, p. 51.

### 4.1.2 ਰੂਪਗ੍ਰਾਮ ਅਤੇ ਸਾਰਥਿਕ ਧੁਨੀ (Morpheme and Phoneme)

ਕਈ ਸਥਿਤੀਆਂ ਵਿਚ ਤਾਂ ਇਕ ਰੂਪਗ੍ਰਾਮ ਸਿਰਫ਼ ਇਕ ਸਾਰਥਿਕ ਧੁਨੀ ਦਾ ਹੀ ਬਣਿਆ ਹੁੰਦਾ ਹੈ ਜਿਵੇਂ ਅੰਗਰੇਜ਼ੀ ਦੀ ਉਪਰੋਕਤ ਉਦਾਹਰਨ ਵਿਚ 'goes' ਵਿਚ { - z } ਰੂਪਗ੍ਰਾਮ। ਇਥੇ /z/ ਸਾਰਥਿਕ ਧੁਨੀ ਅਤੇ {-z} ਰੂਪਗ੍ਰਾਮ ਵਿਚ ਸਮਾਨਤਾ ਨਹੀਂ ਕਿਉਂਕਿ ਇਹੋ ਸਾਰਥਿਕ ਧੁਨੀ ਹੋਰਨਾਂ ਅੰਗਰੇਜ਼ੀ ਉਦਾਹਰਣਾਂ ਵਿਚ ਆਉਂਦੀ ਹੈ ਇਵੇਂ 'zoo' [ z u w ], 'rose' [rowz] →ਪਰ ਇਸ /z/ ਦਾ { -z } ਰੂਪਗ੍ਰਾਮ ਨਾਲ ਕੋਈ ਸੰਬੰਧ ਨਹੀਂ। ਇਸੇ ਤਰ੍ਹਾਂ ਪੰਜਾਬੀ ਵਿਚ 'ਖਾਂਦਾ' ( kha¯ da) ਉਦਾਹਣ ਦੇ ( kha¯ -d-a) ਵਿਚੋਂ { -a} ਰੂਪਗ੍ਰਾਮ: ਭਾਵੇਂ ਇਕ ਸਾਰਥਿਕ ਧੁਨੀ /a/ ਵਰਗਾ ਲਗਦਾ ਹੈ ਪਰ ਅਸਲ ਵਿਚ ਦੋ ਰੂਪਗ੍ਰਾਮਾਂ ਇਕ ਵਚਨ ਦਾ ਰੂਪਗ੍ਰਾਮ ਅਤੇ ਪੁਲਿੰਗ ਦਾ ਰੂਪਗ੍ਰਾਮ ਦਾ ਕਾਰਜ ਕਰਦਾ ਹੈ। {a} ਜਦੋਂ {e} ਦੇ ਵਿਰੋਧ ਵਿਚ ਹੁੰਦਾ ਹੈ ਤਾਂ ਇਹ ਇਕ ਵਚਨ ਦੇ ਰੂਪਗ੍ਰਾਮ ਦਾ ਕਾਰਜ ਕਰਦਾ ਹੈ, ਪਰ ਜਦੋਂ ਇਹ { e } ਦੇ ਵਿਰੋਧ ਵਿਚ ਹੁੰਦਾ ਹੈ ਤਾਂ ਪੁਲਿੰਗ ਦਾ ਕਾਰਜ ਕਰਦਾ ਹੈ ਜਿਵੇਂ :

| | | | |
|---|---|---|---|
| ਖਾਂਦਾ | [Kha¯ da] | {Khā -d-a} | ਇਕ ਵਚਨ ਪੁਲਿੰਗ |
| ਖਾਂਦੇ | [Kha¯ de] | {Khā -d-e} | ਬਹੁ ਵਚਨ ਪੁਲਿੰਗ |
| ਖਾਂਦੀ | [Kha¯ di] | {Khā -d-i} | ਇਕ ਵਚਨ ਇਸਤਰੀ ਲਿੰਗ |
| ਖਾਂਦੀਆਂ | [Kha¯ da] | {Khā -d-i -ā} | ਬਹੁ ਵਚਨ ਇਸਤਰੀ ਲਿੰਗ |

### 4.1.3 ਸਮਧੁਨੀ ਰੂਪਗ੍ਰਾਮ (Homophonous Morpheme)

ਹਰੇਕ ਭਾਸ਼ਾ ਵਿਚ ਕੁਝ ਰੂਪਗ੍ਰਾਮ ਬੋਲਾਂ ਦੇ ਪੱਧਰ ਤੇ ਸਮਰੂਪ ਹੁੰਦੇ ਹਨ ਪਰ ਅਰਥ ਪੱਧਰ ਤੇ ਵੱਖੋ ਵੱਖਰੇ ਹੁੰਦੇ ਹਨ ਇਹਨਾਂ ਨੂੰ ਸਮਧੁਨੀ (homophonous) ਰੂਪਗ੍ਰਾਮ ਕਿਹਾ ਜਾਂਦਾ ਹੈ। ਜਿਵੇਂ ਅੰਗਰੇਜ਼ੀ ਵਿਚ { - z} ਰੂਪਗ੍ਰਾਮ goes [gowz] ਅਤੇ goers [gowerz] ਵਿਚ ਆਉਂਦਾ ਹੈ ਪਰ ਕ੍ਰਮਵਾਰ ਇਹ ਅਨਯ ਪੁਰਖ ਇਕ ਵਚਨ ਅਤੇ ਬਹੁਵਚਨ ਦਾ ਰੂਪਗ੍ਰਾਮ ਹੈ। ਇਸ ਤਰ੍ਹਾਂ { rowz } ਰੂਪਗ੍ਰਾਮ ਹੇਠ ਲਿਖੇ ਵਾਕਾਂ ਵਿਚ ਸਮਧੁਨੀ ਹੈ, ਪਰ ਇਹ ਤਿੰਨ ਵੱਖਰੇ ਰੂਪਗ੍ਰਾਮ ਹਨ:

(a) He rows the boat.

(b) They stood in rows.

(c) That flower is a rose.

## 5. ਰੂਪਗ੍ਰਾਮਾਂ ਦੀਆਂ ਸ਼੍ਰੇਣੀਆਂ (ਜਾਂ ਵਰਗੀਕਰਨ) (Categories of Morphemes)

ਬਣਤਰ (Formation) ਦੇ ਆਧਾਰ ਤੇ ਰੂਪਗ੍ਰਾਮਾਂ ਦੀਆਂ ਪੰਜਾਬੀ ਦੀਆਂ ਰੁਚੀਆਂ (Tendencies) ਨੂੰ ਮੁੱਖ ਰੱਖ ਕੇ ਹੇਠ ਲਿਖੀਆਂ ਸ਼੍ਰੇਣੀਆਂ ਕੀਤੀਆਂ ਜਾ ਸਕਦੀਆਂ ਹਨ।

### 5.1 ਸੁਤੰਤਰ ਰੂਪਗ੍ਰਾਮ (Free Morpheme)

ਇਹ ਉਹ ਰੂਪ ਹਨ ਜਿਹਨਾਂ ਦਾ ਇਕੱਲੇ ਜਾਂ ਮੁਕਤ ਰੂਪ ਵਿਚ ਪ੍ਰਯੋਗ ਹੋ ਸਕਦਾ ਹੈ। ਜਿਵੇਂ /ਚੰਗਾ/, /ਸੁੰਦਰ/, /ਰੂਪ/ ਆਦਿ ਅੰਗਰੇਜ਼ੀ ਦੇ / boy/ , / girl/ , /man/ etc/. ਆਦਿ। ਰੂਪਗ੍ਰਾਮ ਕਿਸੇ ਵੀ ਵਾਕ ਵਿਚ ਸੁਤੰਤਰ ਪ੍ਰਯੁਕਤ ਹੋਣ ਦੀ ਸ਼ਕਤੀ ਰੱਖਦੇ ਹਨ ਜਿਵੇਂ ਕਿ ਹੇਠ ਲਿਖੇ ਵਾਕਾਂ ਵਿਚ ਇਹਨਾਂ ਦੀ ਵਰਤੋਂ ਤੋਂ ਸਾਫ਼ ਜ਼ਾਹਿਰ ਹੈ:

(ੳ) ਉਹ ਚੰਗਾ ਕੰਮ ਕਰਦਾ ਹੈ।

(ਅ) ਉਹ ਚੰਗੀ ਸ਼ੈ ਲਿਆਇਆ।

(ੲ) ਕੁਦਰਤ ਦਾ ਸੁੰਦਰ ਰੂਪ ਮਨੁੱਖ ਨੂੰ ਮੋਹ ਲੈਂਦਾ ਹੈ ਜਾਂ ਫਿਰ <u>boy</u> Runs or Ask the <u>boy</u> <u>Man</u> is sleeping.

ਇਥੇ ਲਕੀਰੇ ਅੱਖਰ ਸਾਰੇ ਰੂਪਗ੍ਰਾਮ ਸੁਤੰਤਰ ਰੂਪਗ੍ਰਾਮ ਹਨ ਅਤੇ ਉਹਨਾਂ ਦੀ ਵਾਕ ਵਿਚ ਬਦਲੇ

ਵਾਤਾਵਰਨ ਜਾਂ ਅੱਡਰੇ ਰੂਪ ਵਿਚ ਵੀ ਵਰਤੋਂ ਹੁੰਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਿਹੜੇ ਰੂਪਗ੍ਰਾਮ ਸੁਤੰਤਰ ਰੂਪ ਵਿਚ ਆ ਸਕਣ ਉਹਨਾਂ ਨੂੰ ਸੁਤੰਤਰ ਰੂਪਗ੍ਰਾਮ ਕਿਹਾ ਜਾਂਦਾ ਹੈ। ਮਸਲਨ ਪੰਜਾਬੀ ਵਿਚ ਚਲ, ਖਾਹ, ਬਿੱਲੀ, ਸ਼ੇਰ, ਗੁਲਾਬ ਆਦਿ ਇਸੇ ਤਰ੍ਹਾਂ ਅੰਗਰੇਜ਼ੀ ਵਿਚ cat, hang, dog, seat, lock, etc.

## 5.2 ਜੁੜਵਾਂ ਰੂਪਗ੍ਰਾਮ (Bound Morpheme)

ਜਿਹੜੇ ਰੂਪਗ੍ਰਾਮ ਇਕ ਭਾਸ਼ਾਈ ਉਚਾਰਣ ਵਿਚ ਕਿਸੇ ਹੋਰ ਸੁਤੰਤਰ ਰੂਪਗ੍ਰਾਮ ਨਾਲ ਜੁੜੇ ਤੋਂ ਬਿਨਾਂ ਨਾ ਆ ਸਕਣ, ਉਹਨਾਂ ਨੂੰ ਜੁੜਵੇਂ ਰੂਪਗ੍ਰਾਮ ਕਿਹਾ ਜਾਂਦਾ ਹੈ, ਜਿਵੇਂ ਪੰਜਾਬੀ ਵਿਚ ਅਣ -{en}, Á- {a}, é {n}, ਆਂ -{a¯} ਵਾਂ - { wa¯ }ਆਦਿ ਜਾਂ ਫਿਰ ਅੰਗਰੇਜ਼ੀ ਵਿਚ {-s, -er, -in, -iz}ਆਦਿ। ਇਹ ਉਹ ਰੂਪ ਹਨ ਜਿਹਨਾਂ ਦਾ ਮੁਕਤ ਰੂਪ ਵਿਚ ਪ੍ਰਯੋਗ ਨਹੀਂ ਹੋ ਸਕਦਾ ਅਤੇ ਇਹ ਸੁਤੰਤਰ ਰੂਪਾਂ ਰੂਪਗ੍ਰਾਮਾਂ ਦੇ ਨਾਲ ਲਗਾ ਕੇ ਵਰਤੋਂ ਵਿਚ ਆਉਂਦੇ ਹਨ। ਇਹਨਾਂ ਦੇ ਸੁਤੰਤਰ ਰੂਪਗ੍ਰਾਮਾਂ ਨਾਲ ਜੋੜਕੇ/ ਆਧਾਰ ਤੇ ਭੇਦ ਹੁੰਦੇ ਹਨ। ਇਹ ਹਨ;

(ੳ) ਅਗੇਤਰ (Prefixes)

(ਅ) ਪਿਛੇਤਰ (Suffixes)

(ੲ) ਮੱਧੇਤਰ (Inefixs)

ਇਹਨਾਂ ਸਾਰਿਆਂ ਵਾਸਤੇ ਇਕ ਸਾਂਝਾ ਸ਼ਬਦ ਉਪਸਰਗ/ਪ੍ਰਤੈ (affixes) ਹੈ। ਇਹ ਰੂਪਗ੍ਰਾਮ ਮੂਲ ਨਾਲ ਜੁੜਦੇ ਹਨ। ਮੂਲ ਭਾਵਾਸ਼ਾਂ ਦੇ ਮੁਕਾਬਲੇ, ਇਹ ਘੱਟ ਹੁੰਦੀ ਹੈ। ਪੰਜਾਬੀ ਵਿਚ ਇਹਨਾਂ ਦੀ ਵਰਤੋਂ ਨਹੀਂ ਹੁੰਦੀ।

### 5.2.1 (ੳ) ਅਗੇਤਰ (Prefixes)

ਉਹ ਜੁੜਵੇਂ ਰੂਪਗ੍ਰਾਮ ਹਨ ਜਿਹਨਾਂ ਦਾ ਜੋੜ ਸੁਤੰਤਰ ਰੂਪਗ੍ਰਾਮਾਂ ਦੇ ਮੁੱਢ ਵਿਚ ਹੁੰਦਾ ਹੈ। ਅਕਸਰ ਇਸ ਕਿਸਮ ਦਾ ਇਹ ਜੋੜ (Affixation) ਵਿਆਕਰਨੀ ਸ਼ਬਦਾਵਲੀ ਵਿਚ ਨਾਵਾਂ ਨਾਲ ਹੀ ਹੁੰਦਾ ਹੈ ਤੇ ਇਹ ਸੁਤੰਤਰ ਰੂਪਗ੍ਰਾਮ ਦੇ (ਆਪਣੇ) ਅਰਥ ਨੂੰ ਬਦਲ ਦਿੰਦਾ ਹੈ ਜਿਵੇਂ /ਲੋਚ/ ਨਾਲ/ਅ-/ ਅੱਗੇ ਲਗਾਉਣ ਕਾਰਨ ਅਲੋਚ/ਅ-ਲੋਚ/ ਦਾ ਅਰਥ ਹੋਵ ਗਿਆ ਜਿਸ ਵਿਚ ਲਚਕ ਨਹੀਂ ਹੈ। ਜਿਹੜੇ ਰੂਪਗ੍ਰਾਮ ਮੂਲ ਦੇ ਅਗਲੇ ਪਾਸੇ ਜੁੜਦੇ ਹਨ ਉਹਨਾਂ ਨੂੰ ਅਗੇਤਰ ਕਿਹਾ ਜਾਂਦਾ ਹੈ ਜਿਵੇਂ ਪੰਜਾਬੀ ਦਾ {a-1} ਰੂਪਗ੍ਰਾਮ ਅਸ਼ੁਧ [es u d.] ਅਕਾਲ [ਰ kal] ਆਦਿ ਜਾਂ 'Prefix' ਵਿਚ {Priy-} ਰੂਪਗ੍ਰਾਮ, refill ਵਿਚ {ri-} ਆਦਿ।

### 5.2.2 (ਅ) ਪਿਛੇਤਰ (Suffixes)

ਇਹ ਜੁੜਵੇਂ ਰੂਪਗ੍ਰਾਮ ਸੁਤੰਤਰ ਰੂਪਗ੍ਰਾਮਾਂ ਦੇ ਪਿਛੇ ਜੁੜਦੇ ਹਨ ਅਤੇ ਉਸ ਦੇ ਅਰਥ ਵਿਚ ਕੋਈ ਬਹੁਤ ਜ਼ਿਆਦਾ ਤਬਦੀਲੀ ਨਹੀਂ ਕਰਦੇ। ਇਹਨਾਂ ਦੇ ਜੋੜ ਰਾਹੀਂ ਅਸੀਂ ਅੱਡ ਅੱਡ ਸ਼ਰੇਣੀਆਂ ਵਿਚ ਵਰਤੇ ਜਾਣ ਵਾਲੇ ਰੂਪਗ੍ਰਾਮਾਂ ਦਾ ਨਿਰਮਾਣ ਕਰਦਾ ਹੈ ਜਿਵੇਂ /ਲੜ/ਤੋਂ /ਲੜਾਈ।, /-ਆਈ/ ਜੋੜ ਕੇ ਅਤੇ ਇਸ ਨਵੇਂ ਰੂਪਗ੍ਰਾਮ ਦੀ ਵਿਆਕਰਨੀ ਸ਼ਰੇਣੀ ਵੀ ਕਿਰਿਆ (ਧਾਤੂ) ਤੋਂ ਇਲਾਵਾ (ਭਾਵ ਵਾਚਕ) ਨਾਵ ਹੋ ਗਈ। ਜਿਹੜੇ ਰੂਪਗ੍ਰਾਮ ਮੂਲ ਦੇ ਪਿਛਲੇ ਪਾਸੇ ਜੁੜਨ ਉਹਨਾਂ ਨੂੰ ਪਿਛੇਤਰ ਕਿਹਾ ਜਾਂਦਾ ਹੈ ਜਿਵੇਂ Suffixes ਵਿਚ [iz], going ਵਿਚ [in] ਜਾਂ ਮੱਝਾਂ [ਅ ਰ j ā ] ਵਿਚ {-ā}ਗਾਵਾਂ {gawa} ਵਿਚ {wā}ਫੁੱਲਾਂ [phulā ]ਵਿਚ {-ā}ਪਿਛੇਤਰ ਹਨ।

### 5.2.3 (ੲ) ਮੱਧੇਤਰ (Inefixs)

ਪੰਜਾਬੀ ਵਿਚ ਇਸ ਦੀ ਵਰਤੋਂ ਨਹੀਂ ਹੁੰਦੀ। ਹਿ ਕਿਸੇ ਇਕ ਜਾਂ ਦੋ ਰੂਪਗ੍ਰਾਮਾਂ ਦੇ ਵਿਚਾਲੇ ਆਉਂਦਾ ਹੈ ਅਤੇ ਉਸ ਦੇ ਅਰਥ ਨੂੰ ਬਦਲ ਦਿੰਦਾ ਹੈ। ਇਸਦੀ ਵਰਤੋਂ ਬਾਂਟੂ, ਅਰਬੀ ਜਾਂ ਮੁੰਡਾ ਆਦਿ

ਭਾਸ਼ਾਵਾਂ ਵਿਚ ਹੁੰਦੀ ਹੈ। ਇਥੇ ਮੁੰਡਾ ਭਾਸ਼ਾ ਤੋਂ ਕੁਝ ਉਦਾਹਰਨਾਂ ਦਿਤੀਆਂ ਜਾ ਰਹੀਆਂ ਹਨ. 'ਦਲ' ਦਾ ਅਰਥ ਹੈ 'ਮਾਰਨਾ' ਪਰ ਇਸ ਵਿਚ -ਪ- ਜੋੜਨ ਤੇ ਦ-ਪ-ਲ (ਦਪਲ) ਦਾ ਅਰਥ ਹੋ ਗਿਆ 'ਆਪਸ ਵਿਚ ਮਾਰਨਾ' ਅਰਥਾਤ ਇਕ ਦੂਜੇ ਨੂੰ ਮਾਰਨਾ ਲੜਾਈ ਕਰਨਾ। ਇੰਜ ਹੀ 'ਮੰਝਿ' ਦਾ ਅਰਥ ਹੈ ਮੁਖੀਆ ਜਾ ਆਗੂਆ ਪਰ ਇਸ ਵਿਚਾਲੇ -ਪ- ਲਗਾ ਦੇਣ ਤੇ /ਮੰਪਝਿ/ ਦਾ ਅਰਥ ਹੋ ਗਿਆ - ਮੁਖਿਆ ਲੋਕ ਇੰਜ ਮਾਲੂਮ ਹੋ ਜਾਂਦਾ ਹੈ ਕਿ ਇਥੇ -ਪਾ ਮੱਧੇਤਰ (Inefixs) ਬਹੁਵਚਨ ਦਾ ਸੂਚਕ ਹੈ। ਜਿਹੜੇ ਰੂਪਗ੍ਰਾਮ ਮੂਲ ਦੇ ਵਿਚਕਾਰ ਜੁੜਨ, ਉਹਨਾਂ ਨੂੰ ਮੱਧੇਤਰ ਕਿਹਾ ਜਾਂਦਾ ਹੈ। ਜਿਵੇਂ ਅਰਬੀ ਵਿਚ ਮੂਲ k-t-b (ਲਿਖਣਾ) ਨਾਲ ਮੱਧੇਤਰ ਲਾ ਕੇ 'katab' (ਉਸ ਨੇ ਲਿਖਿਆ), 'kitab' (ਉਸ ਨੇ ਲਿਖਿਆ), 'Kitab' (ਪੁਸਤਕ) ਬਣਾਇਆ ਜਾਂਦਾ ਹੈ।

## 5.3 ਮੂਲਾਂਸ਼ (Stem)

ਅਗੇਤਰ ਅਤੇ ਪਿਛੇਤਰ ਮੂਲ ਨਾਲ ਸਿੱਧੇ ਜਾਂ ਫਿਰ ਕਿਸੇ ਹੋਰ ਰੂਪਗ੍ਰਾਮ ਨਾਲ ਲਗ ਕੇ ਜੁੜ ਸਕਦੇ ਹਨ ਜਿਹਨਾਂ ਉਚਾਰਣਾਂ ਵਿਚ ਇਕ ਮੂਲ ਅਤੇ ਇਕ ਅਗੇਤਰ ਜਾਂ ਪਿਛੇਤਰ ਹੋਵੇ ਉਹਨਾਂ ਨੂੰ ਮੂਲਾਂਸ਼ (Stem) ਕਿਹਾ ਜਾਂਦਾ ਹੈ। ਮੂਲਾਂਸ਼ ਉਸ ਮੁਕਤ ਅੰਗ (ਮੁਕਤਾਂਗ) ਨੂੰ ਕਿਹਾ ਜਾਂਦਾ ਹੈ ਜਿਸ ਵਿਚ ਇਕ ਤੋਂ ਵੱਧ ਰੂਪਗ੍ਰਾਮ ਹੋਣ। ਉਦਾਹਰਨ ਵਜੋਂ 'ਆ' ਇਕ ਮੁਕਤ ਅੰਗ ਹੈ ਜੋ ਮੂਲਾਂਸ਼ ਵੀ ਹੈ ਅਤੇ ਧਾਤੂ (Root) ਵੀ। ਪਰ 'ਆਵੀ' ਅਜਿਹਾ ਮੁਕਤ ਅੰਗ ਹੈ ਜੋ ਮੂਲਾਂਸ਼ ਤਾਂ ਹੈ ਪਰ ਧਾਤੂ ਨਹੀਂ। ਇਵੇਂ ਲਿਖਦੀ, ਲਿਖਦੇ, ਲਿਖਾ ਆਦਿ ਮੁਲਾਂਸ਼ ਹਨ। ਇਹ ਇਕ ਰੂਪਗ੍ਰਾਮ ਜਾਂ ਇਕ ਤੋਂ ਵਧੇਰੇ ਰੂਪਗ੍ਰਾਮਾਂ ਦੀ ਲੜੀ ਹੁੰਦੀ ਹੈ ਜਿਸ ਨਾਲ ਅਗੇਤਰ ਜਾਂ ਪਿਛੇਤਰ ਜੁੜ ਸਕਦੇ ਹਨ।[12]

ਜਿਵੇਂ ਪੰਜਾਬੀ ਉਚਰਣ 'ਚਾਹ' [c a] ਇਕ ਮੂਲ ਹੈ। ਸਿ ਨਾਲ ਇਕ ਪਿਛੇਤਰ -ਇਆ ਜੁੜਨ ਨਾਲ 'ਚਾਹਿਆ' [c al' a] 'ਚਾਹਿਆ' ਹੁਣ ਇਕ ਮੂਲਾਂਸ਼ (Stem) ਬਣ ਗਿਆ ਹੈ ਕਿਉਂਕਿ ਇਸ ਨਾਲ ਇਕ ਅਗੇਤਰ ਅਣ ਲਗ ਸਕਦਾ ਹੈ: ਅਣਚਾਹਿਆ [ǝn ca ia] Friend, Friendship → ਤੇ Friendship ਵੀ ਇਸ ਤਰ੍ਹਾਂ ਦੀ ਮਿਸਾਲ ਹੈ।

## 5.4 ਵਟਾਵੇਂ ਰੂਪਗ੍ਰਾਮ (Replacive Morpheme)

ਜਦ ਕਿਸੇ ਵਿਸ਼ੇਸ਼ ਅਰਥ ਨੂੰ ਵਿਭਿੰਨ ਭਾਵਾਂ ਵਿਚ ਪ੍ਰਗਟਾਉਣ ਲਈ ਕਿਸੇ ਸ਼ਬਦ ਦੇ ਰੂਪਗ੍ਰਾਮਾਂ ਦੀ ਅਦਲਾ-ਬਦਲੀ ਜਾਂ ਵਟਾਂਦਰਾ ਕੀਤਾ ਜਾਵੇ ਤਾਂ ਇਹ ਰੂਪਗ੍ਰਾਮ ਵਟਾਵੇਂ ਰੂਪਗ੍ਰਾਮ (Replacive Morpheme) ਅਖਵਾਉਂਦੇ ਹਨ। ਉਦਾਹਰਨ ਵਜੋਂ ਮਰ ਤੇ ਮਾਰ ਕਿਰਿਆ ਵੀ ਸ਼ਬਦਾਂ ਦਾ ਅਰਥ ਇਕ ਹੈ ਪਰ ਭਾਵ ਅੱਡੋ-ਅੱਡ ਹਨ। ਪਹਿਲਾਂ ਸ਼ਬਦ ਅਕਰਮਕ ਰੂਪ ਦੀ ਕਿਰਿਆ ਹੈ ਤੇ ਦੂਜਾ ਸਕਰਮਕ ਰੂਪ ਦੀ। ਅਕਰਮਕ ਤੋਂ ਸਕਰਮਕ ਬਣਾਉਣ ਲਈ ਮਰ (ਮ ਅ ਰ) ਦਾ ਵਿਚਲਾ (-ਅ-) ਮਾਰ (ਮ ਆ ਰ) ਵਿਚ (-ਆ-) ਵਿਚ ਬਦਲ ਗਿਆ ਹੈ, ਇਸ ਲਈ ਇਹ ਵਟਵੇਂ ਰੂਪਗ੍ਰਾਮ ਹਨ। ਧਿਆਨਯੋਗ ਗੱਲ ਇਹ ਹੈ ਕਿ ਇਥੇ ਨਾ ਤਾਂ 'ਆ' ਵੱਖਰਾ ਰੂਪਗ੍ਰਾਮ ਹੈ ਤੇ ਨਾ ਹੀ (ਮ-ਤੇ-ਰ), ਮਰ ਤੇ ਮਾਰ ਅੱਡ-ਅੱਡ ਰੂਪਗ੍ਰਾਮ ਹਨ। ਵਟਾਵੇਂ ਰੂਪਗ੍ਰਾਮਾਂ ਨੂੰ ਅੰਕਿਤ ਕਰਨ ਦੀ ਵਿਧੀ ਇਸ ਪ੍ਰਕਾਰ ਹੈ-

(ਮ ਅ ਰ) + (ਆ) (ਅ)

(ਆ) (ਅ) ਦਾ ਅਰਥ ਹੈ ਕਿ (ਅ) ਦੀ ਥਾਂ (ਆ) ਆ ਜਾਂਦਾ ਹੈ।

## 5.5 ਬੰਦ ਤੇ ਖੁੱਲ੍ਹੇ ਰੂਪਗ੍ਰਾਮ (Open and closed Morpheme)

ਜਿਹਨਾਂ ਰੂਪਗ੍ਰਾਮਾਂ ਦੇ ਨਾਲ ਹੋਰ ਰੂਪਗ੍ਰਾਮ ਜੁੜ ਸਕਦੇ ਹੋਣ ਉਹਨਾਂ ਨੂੰ ਖੁਲ੍ਹੇ (open) ਰੂਪਗ੍ਰਾਮ ਕਿਹਾ ਜਾਂਦਾ ਹੈ ਤੇ ਜਿਹਨਾਂ ਦੇ ਨਾਲ ਹੋਰ ਰੂਪਗ੍ਰਾਮ ਨਾ ਜੁੜ ਸਕਦੇ ਹੋਣ ਉਹਨਾਂ ਨੂੰ ਬੰਦ ਰੂਪਗ੍ਰਾਮ (Closed Morpheme) ਕਿਹਾ ਜਾਂਦਾ ਹੈ ? ਉਦਾਹਰਨ ਵਜੋਂ 'ਲੜਕੀ' ਸ਼ਬਦ ਵਿਚਲਾ -ਈ ਖੁੱਲ੍ਹਾ (Open) ਰੂਪਗ੍ਰਾਮ ਹੈ ਕਿਉਂਕਿ ਇਸ ਦੇ ਨਾਲ -ਆਂ (ਲੜਕੀਆਂ) ਤੇ-ਏ (ਲੜਕੀਏ) ਆਦਿ ਲੱਗ ਸਕਦੇ

12. Ibid, p. 59

ਹਨ। ਪਰ 'ਲੜਕੀਆਂ' ਵਿਚ -ਆਂ ਤੇ ਲੜਕੀਏ ਵਿਚ-ਏ ਬੰਦ ਰੂਪਗ੍ਰਾਮ ਹਨ ਕਿਉਂਕਿ ਇਹਨਾਂ ਤੋਂ ਬਾਅਦ ਕੋਈ ਹੋਰ ਰੂਪਗ੍ਰਾਮ ਨਹੀਂ ਜੋੜਿਆ ਜਾ ਸਕਦਾ।

## 5.6 ਬੱਝਵੇਂ ਤੇ ਟੁਟਵੇਂ ਰੂਪਗ੍ਰਾਮ (Continuous and Discontinuous Morpheme)

ਜਿਹੜੇ ਰੂਪਗ੍ਰਾਮ ਕਿਸੇ ਧਾਤੂ ਦੇ ਨਾਲ ਇਕ ਸਥਾਨ ਉੱਤੇ ਨਿਰੰਤਰ ਲੜੀ ਵਿਚ ਆਉਣ ਉਹ ਬੱਝਵੇਂ ਰੂਪਗ੍ਰਾਮ (continuous Morpheme) ਅਖਵਾਉਂਦੇ ਹਨ। ਜਿਵੇਂ ਚਲਦੀਆਂ ਸ਼ਬਦ ਵਿਚ 'ਚਲ' ਦੇ ਨਾਲ (-ਦ-ਈ-ਆਂ) ਲਗਾਤਾਰ ਇਕ ਲੜੀ ਵਿਚ ਆਏ ਹਨ। ਇਹ ਬੱਝਵੇਂ ਰੂਪਗ੍ਰਾਮ ਹਨ। ਟੁੱਟਵੇਂ ਰੂਪਗ੍ਰਾਮ (Discontinuous Morpheme) ਉਹ ਹੁੰਦੇ ਹਨ ਜੋ ਇਕ ਲੜੀ ਵਿਚ ਨਾ ਆਉਣ। ਪੰਜਾਬੀ ਵਿਚ ਅਜਿਹੀਆਂ ਉਦਾਹਰਨਾਂ ਨਾ ਹੋਣ ਦੇ ਬਰਾਬਰ ਹਨ। ਫ਼ਾਰਸੀ ਭਾਸ਼ਾ ਵਿਚ ਇਹ ਰੁਚੀ ਆਮ ਹੈ। ਉਦਾਹਰਨ ਵਜੋਂ 'ਕਤਬ' ਤੋਂ ਬਣੇ ਕਾਤਿਬ ਵਿਚ (ਆ ਤੇ -ਇ) ਟੁਟਵੇਂ ਰੂਪਗ੍ਰਾਮ ਆਏ ਹਨ (ਕ ਆ ਤ ਇ ਬ)।

## 5.7 ਜ਼ੀਰੋ ਰੂਪਗ੍ਰਾਮ (Zero Morpheme)

ਅਮਰੀਕੀ ਭਾਸ਼ਾ ਵਿਗਿਆਨੀਆਂ ਨੇ ਅੰਗਰੇਜ਼ੀ ਉਚਾਰਣ ਦੀਆਂ ਕੁਝ ਸਥਿਤੀਆਂ ਨੂੰ ਵਰਣਨ ਕਰਨ ਲਈ ਜ਼ੀਰੋ ਰੂਪਗ੍ਰਾਮ (zero Morpheme) ਦਾ ਸੰਕਲਪ ਦਿੱਤਾ। ਇਸ ਨੂੰ ਸਪੱਸ਼ਟ ਕਰਨ ਲਈਂ ਸੀਂ ਇਕ ਉਦਾਹਰਨ ਲੈਂਦੇ ਹਾਂ- sheep ਇਕ ਅਜੇਹਾ ਨਾਂਵ ਹੈ, ਜਿਸ ਦਾ ਬਹੁਵਚਨ ਵੀ sheep ਹੁੰਦਾ ਹੈ। ਇਹ ਸਿਰਫ ਵਾਕ ਤੋਂ ਪਤਾ ਲੱਗ ਸਕਦਾ ਹੈ ਕਿ ਇਹ ਇਕ ਵਚਨ ਜਾਂ ਬਹੁ ਵਚਨ (Singular and Plural) ਵਜੋਂ ਆ ਰਿਹਾ ਹੈ ਜਿਵੇਂ-

The sheep is drinking ਅਤੇ

The sheep are drinking

ਪਰ ਕੁਝ ਸਥਿਤੀਆਂ ਵਿਚ ਵਾਕ ਤੋਂ ਵੀ ਇਹ ਪਤਾ ਨਹੀਂ ਲਗਦਾ ਜਿਵੇਂ

The sheep drank.

Sheep ਇਕ ਅਜਿਹਾ ਨਾਂਵ ਹੈ ਜਿਸ ਨਾਲ ਬਹੁਵਚਨ ਦੇ ਰੂਪਗ੍ਰਾਮ ਦਾ ਕੋਈ ਵੀ ਸਹਿ-ਰੂਪਗ੍ਰਾਮ/ਭਾਵਾਂਸ਼ ਨਹੀਂ ਲਗਦਾ, ਪਰ ਇਸ ਦੀ ਬਹੁ ਵਚਨ ਵਜੋਂ ਵਰਤੋਂ ਹੁੰਦੀ ਹੈ। ਇਸ ਸਥਿਤੀ ਦੇ ਵਰਣਨ ਲਈ ਅਮਰੀਕੀ ਭਾਸਾ ਵਿਗਿਆਨੀਆਂ ਨੇ ਇਕ ਵਚਨ sheep ਨੂੰ ਬਹੁਤ ਵਚਨ ਵਿਚ ਬਦਲਣ ਲਈ sheep+o ਰੂਪਗ੍ਰਾਮ ਦਾ ਵਿਚਾਰ ਦਿੱਤਾ ਅਰਥਾਤ ਸਿਧਾਂਤਕ ਤੌਰ 'ਤੇ ਇਸ ਨਾਲ ਬਹੁਤ ਵਚਨ ਦਾ ਰੂਪਗ੍ਰਾਮ ਲੱਗਾ ਹੈ, ਪਰ ਉਸ ਦਾ ਧੁਨੀ ਵਿਗਿਆਨਕ ਪ੍ਰਗਟਾਵਾ ਨਹੀਂ ਹੁੰਦਾ। ਪੰਜਾਬੀ ਵਿਚੋਂ ਵੀ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ ਜਿਵੇਂ ਪਿਉ, ਹਾਥੀ, ਮੇਜ਼, ਖੱਟਾ ਸੇਬ, ਹੱਥ ਆਦਿ ਨਾਂਵ ਇਹਨਾਂ ਦੇ ਇਕ ਵਚਨ ਤੇ ਬਹੁਤ ਵਚਨ ਰੂਪਾਂ ਵਿਚ ਅੰਤਰ ਨਹੀਂ ਹੁੰਦਾ। ਜਿਵੇਂ-

| ਇਕ ਵਚਨ | ਬਹੁ ਵਚਨ | |
|---|---|---|
| ਪਿਉ ਗਿਆ। | ਪਿਉ ਗਏ। | ਪਿਉ + 0 |
| ਹਾਥੀ ਗਿਆ। | ਹਾਥੀ ਗਏ। | ਹਾਥੀ + 0 |
| ਮੇਜ਼ ਚੰਗਾ। | ਮੇਜ਼ ਚੰਗੇ। | ਮੇਜ਼ + 0 |
| ਖੱਟਾ ਸੇਬ। | ਖੱਟੇ ਸੇਬ। | ਸੇਬ + 0 |
| ਇਕ ਹੱਥ। | ਦੋ ਹੱਥ। | ਹੱਥ + 0 |

ਦੋਹਾਂ ਵਚਨਾਂ ਦੇ ਵਾਕਾਂ ਵਿਚ ਪਿਉ, ਹਾਥੀ, ਮੇਜ਼, ਸੇਬ ਤੇ ਹੱਥ ਦਾ ਇਕੋ ਰੂਪ ਹੈ। ਇਥੇ ਇਹਨਾਂ ਬਹੁ ਵਚਨੀ ਰੂਪਾਂ ਨਾਲ ਜ਼ੀਰੋ ਰੂਪਗ੍ਰਾਮ (Zero Morpheme) ਲਾਇਆ ਗਿਆ ਹੈ। ਹਾਥੀ, ਮੇਜ਼, ਸੇਬ, ਹੱਥ ਤੋਂ ਹਾਥੀਆਂ, ਮੇਜ਼ਾਂ, ਸੇਬਾਂ, ਹੱਥਾਂ ਬਹੁ ਵਚਨ ਬਣਾਏ ਹਨ। ਪਰ ਇਹ ਬਹੁ ਵਚਨੀ ਰੂਪ ਸਿੱਧੇ ਨਹੀਂ ਸਗੋਂ ਕਿਸੇ ਕਾਰਕੀ ਸਥਿਤੀ ਵਿਚ ਹੁੰਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਈ ਸ਼ਬਦਾਂ ਦਾ ਇਕ

ਵਚਨੀ ਤੇ ਬਹੁ ਵਚਨੀ ਰੂਪ ਇਕੋ ਹੀ ਹੁੰਦਾ ਹੈ। ਭਾਵ, ਇਕ ਵਚਨ ਤੋਂ ਬਹੁ ਵਚਨ ਲਈ ਕਿਸੇ ਵੱਖਰੇ ਜਾਂ ਹੋਰ ਰੂਪਗ੍ਰਾਮ ਦੀ ਵ..ਤੋਂ ਨਹੀਂ ਕਰਨੀ ਪੈਂਦੀ। ਰੂਪਗ੍ਰਾਮ ਦੀ ਇਕਸਾਰਤਾ ਕਾਇਮ ਰੱਖਣ ਲਈ. ਅਜਿਹੀ ਸਥਿਤੀ ਵਿਚ ਮੰਨ ਲਿਆ ਜਾਂਦਾ ਹੈ ਕਿ ਇਕ ਵਚਨ ਤੋਂ ਬਹੁ ਵਚਨ ਬਣਾਉਣ ਲਈ ਜ਼ੀਰੋ ਰੂਪਗ੍ਰਾਮਾਂ (zero Morpheme) ਦੀ ਵਰਤੋਂ ਕੀਤੀ ਗਈ। ਪਿਛੇ ਦਿੱਤੀਆਂ ਉਦਾਹਰਨਾਂ ਜਿਵੇਂ ਹਾਥੀ, ਮੇਜ਼, ਸੇਬ ਆਦਿ ਤੋਂ ਸਪੱਸ਼ਟ ਹੋ ਜਾਂਦਾ ਹੈ।

## 6. ਸਹਿ-ਰੂਪਗ੍ਰਾਮ (Allomorph)

ਇਕੋ ਰੂਪਗ੍ਰਾਮ ਨੂੰ ਪ੍ਰਗਟਾਉਣ ਵਾਲੇ ਅੱਡ-ਅੱਡ ਰੂਪ ਸਹਿ-ਰੂਪ (allomorph) ਅਖਵਾਉਂਦੇ ਹਨ। ਉਦਾਹਰਨ ਵਜੋਂ ਸ਼ਬਦ ਛਾਵਾਂ (ਛਾਂ+ਵਾਂ) ਅਤੇ ਮਾਂਵਾਂ (ਮਾਂ+ਵਾਂ) ਵਿਚ ਰੂਪ 'ਵਾਂ' ਇਸਤਰੀ ਲਿੰਗ ਬਹੁਵਚਨ ਦਾ ਰੂਪਗ੍ਰਾਮ ਅਤੇ ਸ਼ਬਦ ਕਿਤਾਬਾਂ (ਕਿਤਾਬ+ਆਂ) ਅਤੇ ਕੁੜੀਆਂ (ਕੁੜੀ+ਆਂ) ਵਿਚ ਰੂਪ 'ਆਂ' ਵੀ ਇਸਤਰੀ ਲਿੰਗ ਬਹੁਵਚਨ ਦਾ ਰੂਪਗ੍ਰਾਮ ਹੈ। ਅਰਥਾਤ ਰੂਪ 'ਵਾਂ' ਤੇ 'ਆਂ' ਸਮਾਨਾਰਥੀ ਹਨ ਇਸ ਲਈ ਇਹ ਆਪਸ ਵਿਚ ਸਹਿਰੂਪ ਹਨ। ਕਦੇ-ਕਦੇ ਇਹ ਵੇਖਿਆ ਜਾਂਦਾ ਹੈ ਕਿ ਕਈ ਰੂਪਗ੍ਰਾਮਾਂ ਦਾ ਅਰਥ ਇਕ ਹੁੰਦਾ ਹੈ। ਅਸੀਂ ਅੰਗਰੇਜ਼ੀ ਦੀਆਂ ਉਦਾਹਰਨਾਂ ਲੈਂਦੇ ਹੋਏ ਆਖ ਸਕਦੇ ਹਾਂ ਕਿ ਨਾਂਵ (Noun) ਰੂਪ ਜਾਂ ਰੂਪਗ੍ਰਾਮਾਂ ਦੇ ਬਹੁਵਚਨ (Plural) ਬਣਾਉਣ ਲਈ 'ਸ' Hats, Cats, Books, Taps ਆਦਿ 'ਜ਼' (Schools, eyes, woods, dogs etc.) -ਇਜ਼ (horses, bridges, houses etc.) -ਇਨ oxen -ਰਿਨ (children ਅਤੇ ਜ਼ੀਰੋ ਰੂਪਗ੍ਰਾਮ ਜਾਂ ਸੰਬੰਧ ਸੂਚਕ ਤੱਤ (sheep fish) ਆਦਿ ਦਾ ਪ੍ਰਯੋਗ ਹੁੰਦਾ ਹੈ। ਇਸ ਦਾ ਮਤਲਬ ਹੈ ਕਿ '/-ਸ/', '/-ਜ਼/', /-ਇਜ਼/, /-ਇਨ/, /-ਰਿਨ/ ਅਤੇ ਜ਼ੀਰੋ ਬਹੁਵਚਨ ਬਣਾਉਣ ਵਾਲੇ ਰੂਪਗ੍ਰਾਮ ਹਨ। ਅੰਗਰੇਜ਼ੀ ਵਿਚ ਇਹਨਾਂ ਦਾ ਇਕੋ ਅਰਥ ਹੈ। ਇਸ ਲਈ ਇਹਨਾਂ ਨੂੰ ਇਕੋ ਰੂਪਗ੍ਰਾਮ ਦੇ ਸਹਿ-ਰੂਪ (Allomorph) ਕਹਿ ਸਕਦੇ ਹਾਂ। ਪਰ ਇਥੇ ਕੁਝ ਸ਼ਰਤਾਂ (condition) ਦੀ ਪਾਲਣਾ ਜ਼ਰੂਰੀ ਹੈ ਜਿਵੇਂ-

(1) ਜੇ ਕੋਈ ਰੂਪ ਸਮਾਨਾਰਥੀ ਹੋਣ

(2) ਇਕ ਤਰ੍ਹਾਂ ਦੀਆਂ ਰਚਨਾਵਾਂ ਵਿਚ ਆਉਣ

(3) ਪੂਰਕ ਵੰਡ ਵਿਚ (complementary Distribution) ਵਿਚ ਹੋਣ।

ਇਹਨਾਂ ਵਿਚੋਂ ਕੁਝ ਤਾਂ ਧੁਨੀਗ੍ਰਾਮੀ ਸ਼ਰਤਾਂ ਨਾਲ ਬੱਝੇ ਹੋਏ ਹਨ ਜਿਵੇਂ ਸ (-s) ਦੀ ਵਰਤੋਂ ਅਘੋਸ਼ ਸਪਰਸ਼ੀ (Voiceless stops) ਦੇ ਬਾਅਦ ਹੁੰਦੀ ਹੈ। -ਜ਼ (-z) ਦੀ ਵਰਤੋਂ ਘੋਸ਼ ਸਪਰਸ਼ੀ ਅਤੇ ਸੁਰਾਂ ਨਾਲ ਅਤੇ /-ਇਜ਼/ (-iz) ਦੀ ਵਰਤੋਂ ਊਸ਼ਮ (Sibilant) ਧੁਨੀਆਂ ਨਾਲ ਹੁੰਦੀ ਹੈ। (ਅਨ) ਦੀ ਵਰਤੋਂ ਰੂਪਗ੍ਰਾਮ ਆਕਸ (ox) ਤੇ ਨਿਰਭਰ ਕਰਦੀ ਹੈ ਅਤੇ /-ਰਨ/ ਦੀ ਵਰਤੋਂ ਚਾਇਲਡ ਤੇ ਨਿਰਭਰ ਹੈ ਅਤੇ ਜ਼ੀਰੋ (0) ਦੀ ਵਰਤੋਂ ਰੂਪਗ੍ਰਾਮੀ ਰੂਪਾਂ ਦੇ ਬਾਅਦ ਹੁੰਦੀ ਹੈ। ਅਰਥਾਤ ਇਹਨਾਂ ਸਾਰਿਆਂ ਦੇ ਆਉਣ ਦੀ ਥਾਂ ਨਿਸ਼ਚਤ ਹੋਵੇ, ਇਕ ਦੂਜੇ ਦੀ ਥਾਂ ਨਾ ਲੈਣ ਤਾਂ ਉਹਨਾਂ ਸਾਰਿਆਂ ਨੂੰ ਇਕ ਰੂਪਗ੍ਰਾਮ ਦੇ ਸਹਿ-ਰੂਪ/ਸਮਰੂਪ ਆਖਿਆ ਜਾਵੇਗਾ। ਇਸ ਗੱਲ ਨੂੰ ਪੰਜਾਬੀ ਉਦਾਹਰਨਾਂ ਰਾਹੀਂ ਸਪੱਸ਼ਟ ਕੀਤਾ ਗਿਆ ਹੈ-

ਬਹੁਵਚਨ ਬਣਾਉਣ ਵਾਲੇ ਸਹਿਰੂਪ/ਸਮਰੂਪ (Allomorph)

| **ਪ੍ਰਤੈ** (Ending) ਬਹੁ ਵਚਨੀ ਪਿਛੇਤਰ | **ਇਕ ਵਚਨ** | **ਬਹੁ ਵਚਨ** |
|---|---|---|
| ਜ਼ੀਰੋ | ਬਾਲਕ, ਸ਼ੇਰ, ਤੇਲੀ ਮਾਲੀ, ਉੱਲੂ, ਗੱਭਰੂ ਆਦਿ। | ਬਾਲਕ, ਸ਼ੇਰ, ਤੇਲੀ ਮਾਲੀ, ਉੱਲੂ, ਗੱਭਰੂ ਆਦਿ। |
| -ਏ | ਘੋੜਾ, ਮੁੰਡਾ ਆਦਿ | ਘੋੜੇ, ਮੁੰਡੇ ਆਦਿ। |
| ਆਂ/ਵਾਂ | ਆਦਤ, ਭਰਾ, ਬਲਾ, ਚਿੜੀ ਕੁੜੀ ਆਦਿ। | ਆਦਤਾਂ, ਭਰਾਵਾਂ, ਬਲਾਵਾਂ ਚਿੜੀਆਂ, ਕੁੜੀਆਂ ਆਦਿ। |

| | | |
|---|---|---|
| ਆਂ-ਇਆ | ਮੁੰਡਾ | ਮੁੰਡਿਆਂ, ਮੁੰਡੇਆ ਆਦਿ। |
| ਓ | ਹਾਥੀ | ਹਾਥੀਓ |

ਇਹ ਸਾਰੇ 'ਸਹਿਰੂਪ' ਉਪਰ ਦੱਸੀਆਂ ਸ਼ਰਤਾਂ (Conditions) ਨੂੰ ਪੂਰਾ ਕਰਦੇ ਨੇ। ਇਸ ਲਈ ਇਹ ਵੀ ਅੰਗਰੇਜ਼ੀ ਦੇ /-s/, /-z/, /-iz/, /-en/, /-ren/, /-zero/ ਵਾਂਗ ਸਹਿਰੂਪ/ਸਮਰੂਪ ਮੰਨੇ ਜਾਣਗੇ।

## 7. ਰੂਪਗ੍ਰਾਮ ਤੇ ਸਹਿਰੂਪ (Morpheme and Allomorph)

ਰੂਪਗ੍ਰਾਮ ਦੀ ਪਰਿਭਾਸ਼ਾ ਅਨੁਸਾਰ ਆਮ ਤੌਰ 'ਤੇ ਇਕ ਰੂਪਗ੍ਰਾਮ ਦਾ ਇਕ ਉਚਾਰਣ ਅਤੇ ਇਕ ਹੀ ਅਰਥ ਹੋਣਾ ਚਾਹੀਦਾ ਹੈ। ਪਰ ਇਹ ਵੇਖਿਆ ਗਿਆ ਹੈ ਕਿ ਸਾਰੀਆਂ ਹੀ ਭਾਸ਼ਾਵਾਂ ਵਿਚ ਅਜੇਹੇ ਰੂਪਗ੍ਰਾਮ ਮਿਲ ਜਾਂਦੇ ਹਨ, ਜਿਹਨਾਂ ਦਾ ਅਰਥ ਤਾਂ ਇਕ ਹੁੰਦਾ ਹੈ, ਪਰ ਸ਼ਬਦ ਵਿਚ ਸਥਿਤੀ ਅਤੇ ਪ੍ਰਸੰਗ ਅਨੁਸਾਰ ਉਚਾਰਣ ਬਦਲ ਜਾਂਦਾ ਹੈ। ਅਜਿਹੇ ਵੱਖਰੇ ਉਚਾਰਣਾਂ, ਪਰ ਸਮਾਨ ਅਰਥਾਂ ਵਾਲੇ ਰੂਪਗ੍ਰਾਮਾਂ ਨੂੰ ਇਕੋ ਰੂਪਗ੍ਰਾਮ ਦੇ ਸਹਿ ਰੂਪਗ੍ਰਾਮ ਕਿਹਾ ਜਾਂਦਾ ਹੈ। ਇਸ ਆਧਾਰ ਉੱਤੇ ਕਈ ਵਾਰੀ ਇਹ ਵੀ ਸਮਝਿਆ ਜਾਂਦਾ ਹੈ ਕਿ ਇਕ ਰੂਪਗ੍ਰਾਮ ਅਜੇਹੇ ਸਹਿ-ਰੂਪਗ੍ਰਾਮਾਂ ਦਾ ਵਰਗ ਹੁੰਦਾ ਹੈ, ਜਿਹਨਾਂ ਦਾ ਅਰਥ ਤਾਂ ਸਾਂਝਾ ਹੋਵੇ ਪਰ ਉਚਾਰਣ ਸਥਿਤੀ ਅਤੇ ਪ੍ਰਸੰਗ ਅਨੁਸਾਰ ਬਦਲ ਜਾਵੇ।[13] ਉਦਾਹਰਨ ਵਜੋਂ ਪੰਜਾਬੀ ਵਿਚ ਇਸਤਰੀ ਲਿੰਗ ਨਾਵਾਂ ਦੇ ਬਹੁ ਵਚਨ ਬਣਾਉਣ ਲਈ ਆਂ (-ā) ਰੂਪਗ੍ਰਾਮ ਜੋੜ ਦਿੱਤਾ ਜਾਂਦਾ ਹੈ ਜਿਵੇਂ ਚਿੜੀ ਤੋਂ ਚਿੜੀਆਂ (ciriā), ਕੁੜੀ ਤੋਂ ਕੁੜੀਆਂ (Kuriā) ਗੱਡੀ ਤੋਂ ਗੱਡੀਆਂ (geddiā) ਆਦਿ। ਇਸੇ ਰੂਪਗ੍ਰਾਮ ਦੇ ਹੋਰ ਉਚਾਰਣ ਵੀ ਮਿਲ ਜਾਂਦੇ ਹਨ ਜਿਵੇਂ ਮਾਂ ਤੋਂ ਮਾਵਾਂ (mawā) ਗਾਂ ਤੋਂ ਗਾਵਾਂ ਜਾਂ ਗਾਈਆਂ (gawā) ਜਾਂ (gaiā) ਆਦਿ। ਇਸ ਤਰ੍ਹਾਂ ਪੰਜਾਬੀ ਵਿਚ ਇਸਤਰੀ ਲਿੰਗ ਨਾਵਾਂ ਦੇ ਬਹੁਵਚਨ ਲਈ ਸਾਡੇ ਕੋਲ ਤਿੰਨ ਉਚਾਰਣ (-ā), (wā), ਤੇ (-iā) ਆ ਜਾਂਦੇ ਹਨ। ਇਹ ਤਿੰਨੋਂ ਇਸ ਦੇ ਸਹਿ-ਰੂਪਗ੍ਰਾਮ ਹਨ ਜਾਂ ਫਿਰ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿਚ ਇਸਤਰੀ ਲਿੰਗ ਨਾਵਾਂ ਦਾ ਬਹੁ ਵਚਨ ਤਿੰਨ ਸਹਿ ਰੂਪਗ੍ਰਾਮਾਂ ਦਾ ਸਮੂਹ ਹੈ। ਇਸੇ ਤਰ੍ਹਾਂ ਅੰਗਰੇਜ਼ੀ ਨਾਵਾਂ ਵਿਚ ਬਹੁ ਵਚਨ ਦੇ ਰੂਪਗ੍ਰਾਮ ਲਈ ਵੀ ਤਿੰਨ ਤਰ੍ਹਾਂ ਦਾ ਉਚਾਰਣ ਮਿਲਦਾ ਹੈ- (-z) ਜਿਵੇਂ-

boys (boys) ਵਿਚ (-s) ਜਿਵੇਂ cats (Kaets) ਅਤੇ (-iz) ਜਿਵੇਂ (rowziz) ਵਿਚ। ਇਸ ਤਰ੍ਹਾਂ (-z, -s, -iz) ਸਹਿ ਰੂਪਗ੍ਰਾਮ ਹਨ। ਇਕ ਰੂਪਗ੍ਰਾਮ ਦੇ ਸਹਿਰੂਪਗ੍ਰਾਮਾਂ ਦਾ ਵੱਖੋ-ਵੱਖਰਾ ਉਚਾਰਣ ਦੋ ਤਰ੍ਹਾਂ ਦੇ ਪ੍ਰਸੰਗਾਂ ਉੱਤੇ ਨਿਰਭਰ ਕਰਦਾ (conditioned) ਹੈ-

### 7.1 ਸਾਰਥਕ ਧੁਨੀ ਵਿਗਿਆਨਕ ਪ੍ਰਸੰਗ ਉੱਤੇ ਨਿਰਭਰਤਾ (Phonologically Conditioned)

ਜਦੋਂ ਰੂਪਗ੍ਰਾਮਾਂ ਦਾ ਉਚਾਰਣ ਅਤੇ ਵਰਤੋਂ, ਉਹਨਾਂ ਸ਼ਬਦਾਂ ਦੇ ਅੰਤ ਵਿਚ ਆਉਣ ਵਾਲੀਆਂ ਸਾਰਥਕ ਧੁਨੀਆਂ ਉੱਤੇ ਨਿਰਭਰ ਹੋਵੇ, ਜਿਹਨਾਂ ਨਾਲ ਉਹ ਜੁੜਦੇ ਹਨ ਤੇ ਸਹਿ ਰੂਪਗ੍ਰਾਮਾਂ ਨੂੰ ਸਾਰਥਕ ਧੁਨੀ ਵਿਗਿਆਨਕ ਪ੍ਰਸੰਗ ਉੱਤੇ ਨਿਰਭਰ ਕਿਹਾ ਜਾਂਦਾ ਹੈ- ਜਿਵੇਂ ਪੰਜਾਬੀ ਦੀ ਉਪਰੋਕਤ ਉਦਾਹਰਨ ਵਿਚ ਜਿਹਨਾਂ ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ 'ਈ' /i/ ਸਾਰਥਕ ਧੁਨੀ ਆਉਂਦੀ ਹੈ, ਉਹਨਾਂ ਦਾ ਬਹੁ ਵਚਨ ਬਣਾਉਣ ਲਈ (-ā) ਰੂਪਗ੍ਰਾਮ ਲਗਦਾ ਹੈ ਜਿਵੇਂ 'ਧੀ' (ti) ਤੋਂ 'ਧੀਆਂ' (ti ā) ਅਤੇ ਜਿਹਨਾਂ ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ /-a/ ਸਾਰਥਕ ਧੁਨੀ ਆਉਂਦੀ ਹੈ, ਉਹਨਾਂ ਵਿਚ (-wā) ਰੂਪਗ੍ਰਾਮ ਲਗਦੀ ਹੈ ਜਿਵੇਂ ਲਾਂ (-lā) ਤੋਂ ਲਾਵਾਂ (lā wā) ਆਦਿ। ਇਸੇ ਤਰ੍ਹਾਂ ਉਪਰੋਕਤ ਉਦਾਹਰਨ ਵਿਚ ਅੰਗਰੇਜ਼ੀ ਨਾਵਾਂ ਦੇ ਬਹੁ ਵਚਨ ਬਣਾਉਣ ਲਈ ਵਰਤੇ ਜਾਂਦੇ ਰੂਪਗ੍ਰਾਮ ਵੀ ਸਾਰਥਿਕ ਧੁਨੀ ਵਿਗਿਆਨਕ ਪ੍ਰਸੰਗ ਉੱਤੇ ਨਿਰਭਰ ਹਨ, ਅਰਥਾਤ ਜਿਹਨਾਂ ਸ਼ਬਦਾਂ ਦੇ ਅੰਤ ਵਿਚ ਨਾਦੀ ਧੁਨੀ ਹੋਵੇ ਉਹਨਾਂ ਨਾਲ ਬਹੁ ਵਚਨ (-z) ਸਹਿ ਰੂਪਗ੍ਰਾਮ, ਜਿਹਨਾਂ ਦੇ ਅੰਤ ਵਿਚ ਨਾਦ ਰਹਿਤ ਧੁਨੀ ਹੋਵੇ, ਉਹਨਾਂ ਨਾਲ (-iz) ਸਹਿ ਰੂਪਗ੍ਰਾਮ ਅਤੇ ਜਿਹਨਾਂ ਦੇ ਅੰਤ ਵਿਚ ਰਗੜਵੀਂ ਧੁਨੀ ਹੋਵੇ ਉਹਨਾਂ ਨਾਲ (-iz) ਸਹਿ ਰੂਪਗ੍ਰਾਮ ਜੁੜਦਾ ਹੈ।

---

13. Ibid, p. 61.

## 7.2 ਰੂਪਗ੍ਰਾਮੀ ਪ੍ਰਸੰਗ ਉੱਤੇ ਨਿਰਭਰਤਾ (Morphologically Conditioned)

ਜਦੋਂ ਰੂਪਗ੍ਰਾਮਾਂ ਦਾ ਉਚਾਰਣ ਤੇ ਵਰਤੋਂ ਉਹਨਾਂ ਰੂਪਗ੍ਰਾਮਾਂ ਉੱਤੇ ਨਿਰਭਰ ਹੋਵੇ ਜਿਹਨਾਂ ਨਾਲ ਉਹ ਜੁੜਦੇ ਹਨ ਤਾਂ ਸਹਿ ਰੂਪਗ੍ਰਾਮਾਂ ਨੂੰ ਰੂਪਗ੍ਰਾਮੀ ਪ੍ਰਸੰਗ 'ਤੇ ਨਿਰਭਰ ਕਿਹਾ ਜਾਂਦਾ ਹੈ, ਜਿਵੇਂ ਅੰਗਰੇਜ਼ੀ ਸ਼ਬਦ ox ਤੋਂ oxen. ਇਥੇ (in) ਬਹੁ ਵਚਨ ਦਾ ਸਹਿ ਰੂਪਗ੍ਰਾਮ ਸਿਰਫ (aks-) ਰੂਪਗ੍ਰਾਮ ਨਾਲ ਹੀ ਜੁੜ ਸਕਦਾ ਹੈ। ਇਸ ਤਰ੍ਹਾਂ ਦੇ ਉਚਾਰਣ ਵਾਲੇ ਹੋਰ ਨਾਵਾਂ box, axe, fox ਨਾਲ ਇਹ ਨਹੀਂ ਜੁੜਦਾ।

## 7.3 ਸਹਿ ਰੂਪਗ੍ਰਾਮਾਂ ਨੂੰ ਅੰਕਿਤ ਕਰਨ ਦੀ ਵਿਧੀ (Notation for Allomorphs)

ਇਕ ਰੂਪਗ੍ਰਾਮ ਨੂੰ ਅੰਕਿਤ ਕਰਨ ਲਈ { } ਤਰ੍ਹਾਂ ਦੀ ਘੁੰਡੀਦਾਰ ਬਰੈਕਟ ਵਰਤੀ ਜਾਂਦੀ ਹੈ। ਇਕ ਧੁਨੀ ਦੇ ਉਚਾਰਣ ਲਈ [ ] ਤਰ੍ਹਾਂ ਦੀ ਵਰਗਾਕਾਰ ਬਰੈਕਟ ਅਤੇ ਇਕ ਸਾਰਥਕ ਧੁਨੀ ਲਈ / / ਤਰ੍ਹਾਂ ਦੀਆਂ ਤਿਰਛੀਆਂ ਲਕੀਰਾਂ ਵਰਤੀਆਂ ਜਾਂਦੀਆਂ ਹਨ। ਕਿ ਰੂਪਗ੍ਰਾਮ ਵਿਚ ਸ਼ਾਮਲ ਸਹਿ ਰੂਪਗ੍ਰਾਮਾਂ ਨੂੰ ਅੰਕਿਤ ਕਰਨ ਲਈ ~ ਤਰ੍ਹਾਂ ਦਾ ਚਿੰਨ੍ਹ ਵਰਤਿਆਂ ਜਾਂਦਾ ਹੈ ਜਿਵੇਂ ਪੰਜਾਬੀ ਤੇ ਇਸਤਰੀ ਲਿੰਗ ਨਾਵਾਂ ਦੇ ਬਹੁ ਵਚਨ ਲਈ ਰੂਪਗ੍ਰਾਮ ਵਿਚ ਸ਼ਾਮਲ ਸਹਿ ਰੂਪਗ੍ਰਾਮ ਹਨ {-ā ~ -WāN- iā~} ਅੰਗਰੇਜ਼ੀ ਨਾਵਾਂ ਦੇ ਬਹੁ ਵਚਨ ਰੂਪਗ੍ਰਾਮ ਵਿਚ ਸ਼ਾਮਲ ਸਹਿ ਰੂਪਗ੍ਰਾਮ ਹਨ {-Z~-S~-iz~....} । ਧੁਨੀ ਵਿਗਿਆਨਕ, ਸਾਰਥਕ ਧੁਨੀ ਵਿਗਿਆਨਕ ਅਤੇ ਰੂਪਗ੍ਰਾਮੀ ਇਕਾਈਆਂ ਨੂੰ ਅੰਕਿਤ ਕਰਨ ਲਈ ਇਹ ਵਿਧੀ ਭਾਵੇਂ ਕਾਫੀ ਪ੍ਰਚਲਿਤ ਹੈ, ਪਰ ਇਸ ਨੂੰ ਅਮਰੀਕੀ ਭਾਸ਼ਾ ਵਿਗਿਆਨੀ ਵਧੇਰੇ ਵਰਤਦੇ ਹਨ।

## 8. ਭਾਸ਼ਾ ਵਿਗਿਆਨ ਅਤੇ ਰੂਪ ਵਿਗਿਆਨ (Linguistics and Morphology)

ਵਿਗਿਆਨਕ ਦ੍ਰਿਸ਼ਟੀ ਤੋਂ ਭਾਸ਼ਾ ਦੇ ਵਿਸ਼ਲੇਸ਼ਣਾਤਮਕ ਅਧਿਐਨ ਦਾ ਵਿਚਾਰ 19ਵੀਂ ਸਦੀ ਦੇ ਅੰਤ ਤੱਕ ਵਿਦਵਾਨਾਂ ਵੱਲੋਂ ਪੂਰਨ ਤੌਰ 'ਤੇ ਪ੍ਰਵਾਨ ਕਰ ਲਿਆ ਗਿਆ, ਜਿਸ ਨਾਲ ਭਾਸ਼ਾ ਅਧਿਐਨ ਦੇ ਖੇਤਰ ਵਿਚ ਦੂਰ-ਰਸੀ ਤਬਦੀਲੀਆਂ ਹੋਈਆਂ ਨਾਲ ਹੀ ਅੰਤਰ-ਰਾਸ਼ਟਰੀ ਪੱਧਰ ਤੇ ਭਾਸ਼ਾਵਾਂ ਦੇ ਮੇਲ ਜੋਲ ਕਾਰਨ 'ਭਾਸ਼ਾ ਵਿਗਿਆਨ' ਨਾਮਕ ਵਿਸ਼ੇ ਦਾ ਵਿਕਾਸ ਹੋਇਆ ਜਿਸ ਰਾਹੀਂ ਵਿਆਕਰਨ ਦੇ ਨਾਲ ਭਾਸ਼ਾ-ਅਧਿਐਨ ਲਈ ਹੋਰ ਵਿਧੀਆਂ ਵੀ ਹੋਂਦ ਵਿਚ ਆਈਆਂ। ਭਾਸ਼ਾ ਵਿਗਿਆਨ ਦੇ ਵਿਕਾਸ ਵਿਚ ਭਾਵੇਂ 'ਸੰਸਕ੍ਰਿਤ' ਅਤੇ ਇਸ ਦੇ ਵਿਆਕਰਨ ਦੀ ਦੇਣ ਵੱਡਮੁੱਲੀ ਰਹੀ ਹੈ ਪਰ ਵਰਤਮਾਨ ਭਾਰਤੀ ਭਾਸ਼ਾਵਾਂ ਨੇ ਭਾਸ਼ਾ-ਵਿਗਿਆਨ ਦੀਆਂ ਮੂਲ-ਧਾਰਾਵਾਂ ਪੱਛਮੀ ਸਰੋਤਾਂ ਤੋਂ ਹੀ ਪ੍ਰਾਪਤ ਕੀਤੀਆਂ ਹਨ। ਭਾਸ਼ਾ ਦੀ ਬਣਤਰ ਵਿਚ ਸ਼ਬਦ-ਰੂਪ-ਵਿਗਿਆਨ, ਇਸ ਦੀ ਬਣਤਰ ਅਤੇ ਇਸ ਦੇ ਅਰਥ ਵਿਕਾਸ ਦੀ ਨਿਵੇਕਲੀ ਮਹਾਨਤਾ ਹੈ। ਪਰੰਪਰਾਈ ਵਿਆਕਰਨ ਵਿਚ ਰੂਪ-ਵਿਗਿਆਨ ਦੀ ਇਸ ਦ੍ਰਿਸ਼ਟੀ ਤੋਂ ਅਧਿਐਨ ਲਈ ਕਿਸੇ ਉਚੇਚੀ ਵਿਧੀ ਦੀ ਵਿਵਸਥਾ ਨਹੀਂ ਸੀ। ਭਾਸ਼ਾ ਵਿਗਿਆਨ ਦੇ ਪ੍ਰਭਾਵ ਹੇਠ ਰੂਪ ਵਿਗਿਆਨ (Morphology) ਦਾ ਵਿਸ਼ਾ ਹੋਂਦ ਵਿਚ ਆਇਆ। ਵਿਆਕਰਨ ਤੋਂ ਜਿਥੇ ਇਹ ਪਤਾ ਲੱਗਦਾ ਹੈ ਕਿ ਭਾਸ਼ਾ ਦਾ ਸਰੂਪ ਕੀ ਹੋਣਾ ਚਾਹੀਦਾ ਹੈ, ਉਥੇ ਰੂਪ ਵਿਗਿਆਨ ਸ਼ਬਦਾਂ ਦੀ ਬਣਤਰ ਅਤੇ ਉਹਨਾਂ ਦੇ ਵਿਭਕਤੀ ਮੂਲਕ ਰੂਪ ਦੇ ਅਧਿਐਨ ਤੋਂ ਦੱਸਦਾ ਹੈ ਕਿ ਭਾਸ਼ਾ ਕਿਸ ਤਰਜ਼ ਨਾਲ ਵਿਚਰ ਰਹੀ ਹੈ। ਭਾਸ਼ਾ ਕੁਦਰਤੀ ਦੇਣ ਨਹੀਂ, ਸਗੋਂ ਇਹ ਮਨੁੱਖੀ ਸਮਾਜ ਦੀ ਦੇਣ ਹੈ ਅਤੇ ਮਨੁੱਖੀ ਸਮਾਜ ਦੀਆਂ ਪ੍ਰਸਥਿਤੀਆਂ ਨਾਲ ਹੀ ਭਾਸ਼ਾ ਵਿਚ ਪਰਿਵਰਤਨ ਆਉਂਦੇ ਰਹਿੰਦੇ ਹਨ। ਇਹਨਾਂ ਪਰਿਵਰਤਨਾਂ ਦੇ ਨੇੜਿਉਂ ਅਧਿਅਨ ਲਈ ਰੂਪ-ਵਿਗਿਆਨ ਦੀ ਉਚੇਚੀ ਮਹਾਨਤਾ ਬਣ ਗਈ ਹੈ। ਭਾਸ਼ਾ ਵਿਗਿਆਨ ਦੇ ਪ੍ਰਭਾਵ ਹੇਠ ਪ੍ਰਫੁਲਿਤ ਹੋਏ ਰੂਪ ਵਿਗਿਆਨ ਨੇ ਭਾਸ਼ਾ ਦੇ ਖੇਤਰ ਵਿਚ ਆਪਣੀ ਵੱਖਰੀ ਤੇ ਨਿਵੇਕਲੀ ਪਹਿਚਾਣ ਸਥਾਪਿਤ ਕਰ ਲਈ ਹੈ। ਭਾਸ਼ਾ ਵਿਗਿਆਨ ਤੇ ਰੂਪ ਵਿਗਿਆਨ ਦਾ ਆਪਸੀ ਸੰਬੰਧ ਹੇਠ ਲਿਖੀਆਂ ਉਦਾਹਰਨਾਂ ਰਾਹੀਂ ਸਪੱਸ਼ਟ ਹੋ ਜਾਂਦਾ ਹੈ- ਜਿਵੇਂ-

(ੳ) ਮੈਨੂੰ ਇਹ ਗੱਲਾਂ ਚੰਗੀਆਂ ਨਹੀਂ ਲੱਗਦੀਆਂ।

(ਅ) ਸੁੰਦਰਤਾ ਦਾ ਪੁਜਾਰੀ ਕਰੂਪਤਾ ਨਾਲ ਘਿਰਣਾ ਨਹੀਂ ਕਰਦਾ।

(ੲ) ਮੰਤਰੀ ਨੂੰ ਚਾਰ ਹਾਰ ਪਾਏ ਗਏ।

(ਸ) ਆਖਰ ਦੁਸ਼ਮਣ ਨੇ ਹਾਰ ਮੰਨ ਲਈ। ਆਦਿ

ਉਪਰੋਕਤ ਆਏ ੳ ਤੋਂ ਸ ਤੱਕ ਜੋ ਵਾਕਾਂ ਦਾ ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਇਹਨਾਂ ਵਾਕਾਂ ਵਿਚ ਕ੍ਰਮਵਾਰ 6, 8, 6, 6 ਸ਼ਬਦਾਂ ਦੀ ਵਰਤੋਂ ਹੋਈ ਹੈ। ਇਹ ਸ਼ਬਦ ਕਿਸੇ ਖਾਸ ਭਾਵ ਨੂੰ ਪ੍ਰਗਟਾਉਣ ਲਈ ਇਕ ਖਾਸ ਕ੍ਰਮ ਵਿਚ ਵਰਤੇ ਗਏ ਹਨ। ਇਹਨਾਂ ਦਾ ਉਹ ਖਾਸ ਭਾਵ ਹੈ ਵਕਤਾ (Speaker) ਆਪਣਾ ਉਦੇਸ਼ (objective) ਦੂਜਿਆਂ ਤੱਕ ਪਹੁੰਚਾਉਣਾ ਚਾਹੀਦਾ ਹੈ ਅਤੇ ਉਹ (ਵਕਤਾ) ਇਸ ਉਦੇਸ਼ ਵਿਚ ਸਫਲ ਹੋ ਜਾਂਦਾ ਹੈ, ਕਿਉਂਕਿ ਜੋ ਉਹ ਕਹਿਣਾ ਚਾਹੁੰਦਾ ਸੀ, ਸਰੋਤਿਆਂ ( ) ਨੇ ਉਸ ਨੂੰ ਸਮਝ ਲਿਆ ਹੈ ਪਰ ਗੱਲ ਇਥੇ ਖਤਮ ਨਹੀਂ ਹੋ ਜਾਂਦੀ, ਸਗੋਂ ਇਥੋਂ ਹੀ ਭਾਸ਼ਾ ਵਿਗਿਆਨ ਦਾ ਕੰਮ ਆਰੰਭ ਹੁੰਦਾ ਹੈ। ਭਾਸ਼ਾ ਵਿਗਿਆਨੀਆਂ ਸਾਹਮਣੇ ਇਹ ਸਵਾਲ ਉਠਦਾ ਹੈ ਕਿ ਇਹਨਾਂ ਸ਼ਬਦਾਂ ਨੇ ਇਕ ਖਾਸ ਭਾਵ ਹੀ ਕਿਉਂ ਜ਼ਾਹਿਰ ਕੀਤਾ, ਦੂਜਾ ਕਿਉਂ ਨਹੀਂ ? ਸਰੋਤਿਆਂ ਨੇ ਇਹੋ ਭਾਵ ਕਿਉਂ ਸਮਝ ਲਿਆ ? ਜਦ ਕਿ ੲ ਤੇ ਸ ਵਾਕਾਂ ਵਿਚ /ਹਾਰ/ ਇਕੋ ਸ਼ਬਦ ਹੋਣ ਤੇ ਵੀ ਵੱਖ-ਵੱਖ ਅਰਥ ਪ੍ਰਗਟ ਹੋ ਰਿਹਾ ਹੈ। ਭਾਸ਼ਾ ਵਿਗਿਆਨੀ ਇਸ ਸ਼ੱਕ ਨੂੰ ਦੂਰ ਕਰਨ ਵਿਚ ਸਾਡੀ ਮਦਦ ਕਰਦੇ ਹਨ। ਉਹ ਇਹ ਦੱਸਦੇ ਹਨ ਕਿ ਇਸ ਦਾ ਕੀ ਕਾਰਨ ਹੈ। ਉਹ ਇਹ ਵੀ ਦੱਸਦੇ ਹਨ ਕਿ ਇਹਨਾਂ ਸ਼ਬਦਾਂ ਦਾ ਇਕ ਖਾਸ ਅਰਥ ਕਿਉਂ ਹੈ ? ਭਾਸ਼ਾ ਵਿਗਿਆਨੀ ਖਾਸ ਤੌਰ ਤੇ ਰੂਪ ਵਿਗਿਆਨੀ (Morphologist) ਇਹਨਾਂ ਸ਼ਬਦਾਂ ਦੇ ਅਰਥ (Meaning ), ਰੂਪ (Form) ਅਤੇ ਉਹਨਾਂ ਦੇ ਭੇਦ (Types) ਜਾਂ ਕ੍ਰਮ (Sequence/Order) ਆਦਿ ਦਾ ਵੀ ਵਿਸ਼ਲੇਸ਼ਣ ਕਰਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਰੂਪ-ਵਿਗਿਆਨ ਦੇ ਨਾਂ ਹੇਠ ਰੂਪ (Morph), ਰੂਪ ਦੇ ਭੇਦ, ਉਹਦੀ ਪਛਾਣ (Identification), ਉਹਦੇ ਆਪਸੀ ਸੰਬੰਧ ਅਤੇ ਉਹਨਾਂ ਸੰਬੰਧਾਂ ਨੂੰ ਪ੍ਰਗਟ ਕਰਨ ਦੇ ਕ੍ਰਮ ਦਾ ਹੀ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਲਈ ਇਹਨਾਂ 6, 8, 6, 6 ਦਿਸਣ ਵਾਲੇ ਸ਼ਬਦਾਂ ਦਾ ਬਰੀਕੀ ਨਾਲ (Minutely) ਵਿਸ਼ਲੇਸ਼ਣ ਕਾਰਨ ਤੋਂ ਪਤਾ ਚਲੇਗਾ ਕਿ ਅਸਲ ਵਿਚ ਇਹ 6, 8, 6, 6 ਗਿਣਤੀ ਵਾਲੇ ਸਿਰਫ ਸ਼ਬਦ ਜਾਂ ਰੂਪ ਨਹੀਂ ਹਨ। ਸਗੋਂ ਇਹਨਾਂ ਵਿਚੋਂ ਕਈਆਂ ਦੇ ਹੋਰ ਖੰਡ (Segaments) ਹੋ ਸਕਦੇ ਹਨ ਅਤੇ ਉਹਨਾਂ ਦਾ ਮੁੜ ਬਦਲੇ ਹੋਏ ਵਾਤਾਵਰਣ ਅਨੁਸਾਰ (Changed Environments) ਸੁਤੰਤਰ ਰੂਪ 'ਚ ਪ੍ਰਯੋਗ ਹੋ ਸਕਦਾ ਹੈ ਅਤੇ ਹੁੰਦਾ ਵੀ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਇਹਨਾਂ ਸ਼ਬਦਾਂ ਜਾਂ ਰੂਪਾਂ ਦੇ ਖੰਡ ਕਰਨ ਤੇ ਹੇਠ ਲਿਖੇ ਰੂਪ ਪ੍ਰਾਪਤ ਹੁੰਦੇ ਹਨ-

(ੳ) ਮੈਨੂੰ ਇਹ ਗੱਲਾਂ ਚੰਗੀਆਂ ਨਹੀਂ ਲੱਗਦੀਆਂ।

(1) /ਮੈਂ-/ + /-ਨੂੰ/ = ਮੈਨੂੰ।

(2) /ਇਹ/= ਇਹ।

(3) /ਗੱਲ-/ + /-ਆਂ/ = ਗੱਲਾਂ।

(4) /ਚੰਗ-/ + /-ਈ-/ + /-ਆਂ/ = ਚੰਗੀਆਂ।

(5) /ਨਹੀਂ/ = ਨਹੀਂ।

(6) /ਲੱਗ-/ + /-ਦੀ-/ + /-ਆਂ/ = ਲੱਗਦੀਆਂ।

ਕੁੱਲ = 12 ਖੰਡ

(ਅ) ਮੰਤਰੀ ਨੂੰ ਚਾਰ ਹਾਰ ਪਾਏ ਗਏ।

(1) /ਮੰਤਰੀ/ = ਮੰਤਰੀ।

(2) /ਨੂੰ/ = ਨੂੰ।

(3) /ਚਾਰ/ = ਚਾਰ।

(4) /ਹਾਰ/ = ਹਾਰ।

(5) /ਪਾ-/ + /-ਏ/ = ਪਾਏ।

(6) /ਗ-/ + /-ਏ/ = ਗਏ।

ਕੁੱਲ = 8 ਖੰਡ

8.1.1 ਉਪਰੋਕਤ ਖੰਡਾਂ (Segments) ਦੇ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੇ ਇਹਨਾਂ ਖੰਡਾਂ ਦੀ ਮੁੜ ੋਡ ਕੀਤੀ ਜਾਵੇ ਤਾਂ ਉਹਨਾਂ ਨੂੰ ਸਮਝਣਾ ਔਖਾ ਹੀ ਨਹੀਂ ਹੋਏਗਾ, ਸਗੋ ਉਹ ਬੇਕਾਰ ਵੀ ਦਿਖਾਈ ਦੇਣਗੇ। ਦੂਸਰੀ ਗੱਲ ਇਹਨਾਂ ਦਾ ਅਰਥ ਵੀ ਖਤਮ ਹੋ ਜਾਏਗਾ। ਸੁਣਨ ਅਤੇ ਬੋਲਣ ਵਾਲੇ ਦੇ ਪੱਲੇ ਵੀ ਕੁਝ ਨਹੀਂ ਪਵੇਗਾ। ਇਹਨਾਂ ਦਾ ਵਿਸ਼ਲੇਸ਼ਣ ਰੂਪ-ਵਿਗਿਆਨ ਦੀ ਸ਼੍ਰੇਣੀ ਵਿਚੋਂ ਨਿਕਲ ਕੇ ਸਾਰਥਕ ਧੁਨੀ ਵਿਗਿਆਨ ਦੇ ਖੇਤਰ ਦਾ ਵਿਸ਼ਾ ਬਣ ਜਾਵੇਗਾ। ਇਹਨਾਂ ਸ਼ਬਦਾਂ ਅਤੇ ਖੰਡਾਂ ਦਾ ਆਪਣਾ ਨਾਂ ਅਤੇ ਰੂਪ (Form) ਕੀ ਹੈ ? ਇਹਨਾਂ ਦੇ ਭੇਦ ਅਤੇ ਆਪਸੀ ਸੰਬੰਧ ਕੀ ਹਨ ? ਫਿਰ ਇਹ ਸੰਬੰਧ ਕਿਸ ਤਰ੍ਹਾਂ ਪਰਗਟ ਹੁੰਦੇ ਹਨ ਇਹਨਾਂ ਢੇਰ ਸਾਰੇ ਸਵਾਲਾਂ ਦਾ ਜਵਾਬ ਦੇਣਾ ਹੀ ਰੂਪ ਵਿਗਿਆਨਕ ਅਧਿਐਨ (Morphological Study) ਅਖਵਾਉਂਦਾ ਹੈ। ਇਹ ਅਧਿਐਨ (ੳ) ਵਰਣਨਾਤਮਕ ਰੂਪ-ਵਿਗਿਆਨ (Descriptive Morphology), (ਖ) ਤੁਲਨਾਤਮਕ ਰੂਪ-ਵਿਗਿਆਨ (Comparative Morphology) ਅਤੇ (ਗ) ਇਤਿਹਾਸਕ ਰੂਪ-ਵਿਗਿਆਨ

(Historical Morpholgy) ਆਦਿ ਦਿਸ਼ਾਵਾਂ/ਕਿਸਮਾਂ ਦੇ ਅੰਤਰਗਤ ਰੱਖ ਕੇ ਵੇਖਿਆ ਜਾ ਸਕਦਾ ਹੈ।

## 8.1.1.1 (ਕ) ਵਰਣਨਾਮਕ ਰੂਪ-ਵਿਗਿਆਨ (Descriptive Morphology)

ਰੂਪ-ਵਿਗਿਆਨਕ ਵਿਸ਼ਲੇਸ਼ਣ ਦੀ ਉਹ ਸ਼ਾਖਾ ਹੈ ਜਿਸ ਅੰਦਰ ਕਿਸੇ ਭਾਸ਼ਾ ਜਾਂ ਬੋਲੀ ਆਦਿ ਦੀ ਬਣਤਰ ਦਾ ਸੰਰਚਨਾ (Structure) ਦੇ ਪੱਧਰ ਤੇ ਅਧਿਐਨ-ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਅਰਥਾਤ ਵਿਚਾਰ ਅਧੀਨ ਭਾਸ਼ਾ ਜਾਂ ਬੋਲੀ ਦੇ ਰੂਪਾਂ ਜਾਂ ਉਹਨਾਂ ਦੇ ਆਪਸੀ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਕੰਮ ਵਿਸ਼ਲੇਸ਼ਣ ਵਾਸਤੇ ਚੁਣੀ ਗਈ ਭਾਸ਼ਾ ਜਾਂ ਬੋਲੀ ਦੇ ਕਿਸੇ ਇਕ ਖਾਸ ਸਮੇਂ ਦੇ ਸਰੂਪ ਨੂੰ ਧਿਆਨ ਵਿਚ ਰੱਖਦਿਆਂ ਕੀਤਾ ਜਾਂਦਾ ਹੈ। ਉਸ ਦੇ ਲਿਖਤੀ ਜਾਂ ਉਚਾਰਨ (written or oral) ਦੋਵਾਂ ਰੂਪਾਂ ਵਿਚੋਂ ਕਿਸੇ ਇਕ ਰੂਪ ਦੀ ਚੋਣ ਕੀਤੀ ਜਾਂਦੀ ਹੈ। (ਭਾਸ਼ਾ ਵਿਗਿਆਨ ਦੀ ਇਕ ਹੋਰ ਪੱਧਤੀ ਵੀ ਹੈ ਜਿਸ ਦਾ ਆਧਾਰ ਸਮਕਾਲੀ ਭਾਸ਼ਾ ਹੁੰਦਾ ਹੈ ਅਤੇ ਅਨੇਕਾਂ ਪੱਖਾਂ/ਪੱਧਰਾਂ ਤੇ ਭਾਸ਼ਾ ਦਾ ਵਿਵੇਚਨ ਕਰਨਾ ਕਰਤੇ ਦਾ ਮੁੱਖ ਮੰਤਵ ਹੁੰਦਾ ਹੈ। ਇਸ ਪੱਧਤੀ ਨੂੰ ਵਰਣਨਾਤਮਕ ਭਾਸ਼ਾ-ਵਿਗਿਆਨ ਆਖਿਆ ਜਾਂਦਾ ਹੈ ਜਿਹੜਾ ਭਾਸ਼ਾ ਦੀ ਸੰਰਚਨਾਤਮਕ ਅਧਿਐਨ ਪੱਧਤੀ ਦਾ ਹੀ ਇਕ ਹਿੱਸਾ ਹੈ। ਜੇਕਰ ਭਾਸ਼ਾ ਬਾਰੇ ਠੋਸ ਸਿੱਟੇ ਕੱਢਣੇ ਹੋਣ ਤਾਂ ਇਹ ਪੱਧਤੀ ਦਾ ਹੀ ਇਕ ਹਿੱਸਾ ਹੈ। ਜੇਕਰ ਭਾਸ਼ਾ ਬਾਰੇ ਠੋਸ ਸਿੱਟੇ ਕੱਢਣੇ ਹੋਣ ਤਾਂ ਇਹ ਪੱਧਤੀ ਬਹੁਤ ਲਾਹੇਵੰਦ ਹੈ। ਡਾਂ. ਗੁਪਤਾ ਪੰ.66 ਉਂਜ ਅੱਜ ਕੱਲ ਤੁਲਨਾਤਮਕ ਪੱਧਰ ਤੇ ਉਚਾਰਨ ਰੂਪ ਨੂੰ ਪਹਿਲ ਦਿੱਤੀ ਜਾ ਰਹੀ ਹੈ ਜਿਵੇਂ ਡਾ. ਜਗਦੇਵ ਸਿੰਘ ਕਰਿਤ ਬਾਂਗਰੂ ਦਾ ਵਰਣਨਾਤਮਕ ਵਿਆਕਰਨ (A Descriptive Grammar of Bangru) ਜਾਂ ਡਾ. ਬਲਬੀਰ ਸਿੰਘ ਸੰਧੂ ਕਰਿਤ ਪੁਆਧੀ ਦਾ ਵਰਣਾਤਮਕ ਵਿਆਕਰਨ ਜਾਂ ਡਾ. ਚਮਨ ਲਾਲ ਅਗਰਵਾਲ ਕਰਿਤ ਹਿੰਦੀ ਰੂਪ-ਵਿਗਿਆਨ ਆਦਿ ਨੂੰ ਉਦਾਹਰਨ ਵਜੋਂ ਲਿਆ ਜਾ ਸਕਦਾ ਹੈ। ਇਹਨਾਂ ਸਾਰੀਆਂ ਕਿਰਤਾਂ ਵਿਚੋਂ ਅੰਦਰੂਨੀ ਸੰਰਚਨਾ/ਬਣਤਰ ਦੀ ਵਿਆਖਿਆ ਉਤੇ ਹੀ ਖਾਸ ਜ਼ੋਰ ਦਿੱਤਾ ਗਿਆ ਹੈ। ਆਮ ਤੌਰ 'ਤੇ ਵਰਣਨਾਤਮਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਧੁਨੀ-ਵਿਗਿਆਨ, ਰੂਪ-ਵਿਗਿਆਨ ਅਤੇ ਵਾਕ-ਵਿਗਿਆਨ ਵਰਗੇ ਤਿੰਨ ਮੁੱਖ ਪੱਖਾਂ ਨੂੰ ਗੱਖਿਆ ਜਾਂਦਾ ਹੈ। ਪਰ ਇਸ ਦਾ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਇਹ ਤਿੰਨੇ (ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਿਆ) ਇਕ-ਦੂਜੇ ਤੋਂ ਪੂਰੀ ਤਰ੍ਹਾਂ ਅੱਡ-ਅੱਡ ਹਨ। ਪਰ ਫੇਰ ਵੀ ਵਰਣਨਾਤਮਕ ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ ਅੰਦਰ ਅਰਥ-ਵਿਗਿਆਨ (Semantics) ਆਦਿ ਦਾ ਰਲਾ (Overlaping) ਹੋ ਹੀ ਜਾਂਦੀ ਹੈ।

## 8.1.1.2 (ਖ) ਤੁਲਨਾਤਮਕ ਰੂਪ-ਵਿਗਿਆਨ (Comparative Morphology)

ਇਸ ਸ਼ਾਖਾ ਹੇਠ ਕਿਸੇ ਇਕ ਸਮੇਂ ਅਤੇ ਕਿਸੇ ਇਕ ਪਰਿਵਾਰ ਦੀਆਂ ਦੋ ਜਾਂ ਦੋ ਤੋਂ ਵੱਧ ਬੋਲੀਆਂ ਦਾ ਸਮਾਨਤਾ ਜਾਂ ਅਸਮਾਨਤਾ ਦੇ ਆਧਾਰ ਤੇ ਅਧਿਐਨ/ਵਿਸ਼ਲੇਸ਼ਣ ਪੇਸ਼ ਕੀਤਾ ਜਾਂਦਾ ਹੈ। ਅੱਜ ਟਾਕਰਵਾਂ ਭਾਸ਼ਾ-ਵਿਗਿਆਨ (Contrastive Linguistics) ਦੀ ਮਹੱਤਤਾ ਦੇ ਸਥਾਪਤ ਹੋਣ ਕਾਰਨ ਸਮਾਨਤਾ ਵਾਲੇ ਵਿਸ਼ਲੇਸ਼ਣ ਦੀ ਥਾਂ ਟਾਕਰਵੇਂ ਰੂਪ (Contrastive Form) ਦੇ ਆਧਾਰ ਤੇ ਅਧਿਐਨ/

ਵਿਸ਼ਲੇਸ਼ਣ ਦੀ ਮਹੱਤਤਾ ਵੱਧਦੀ ਜਾ ਰਹੀ ਹੈ ਅਤੇ ਸਿ ਕਾਰਨ ਇ ਕਿਸਮ ਦਾ ਵਿਵੇਚਣ ਵਧੇਰੇ ਹੋਣ ਲੱਗਿਆ ਹੈ। ਇਸ ਅਧਿਐਨ ਵਿਸ਼ਲੇਸ਼ਣ ਦੇ ਸਿੱਟੇ ਵਜੋਂ ਉਹਨਾਂ (ਤੁਲਨਾ ਹੇਠ ਰੱਖੀਆਂ) ਭਾਸ਼ਾਵਾਂ ਦੇ ਸਰੂਪ ਅਤੇ ਉਹਨਾਂ ਦੀ ਪਰਕਿਰਤੀ ਆਦਿ ਬਾਰੇ ਕੁਝ ਠੋਸ ਆਧਾਰ ਤੇ ਨੇਮ ਬਣਾਏ ਜਾ ਸਕਦੇ ਹਨ ਅਤੇ ਉਹਨਾਂ ਭਾਸ਼ਾਵਾਂ ਦੀ ਅਰਥਪੂਰਨ ਢੰਗ ਨਾਲ ਦੋ-ਟੁਕਵੀਂ ਗੱਲ ਕੀਤੀ ਜਾ ਸਕਦੀ ਹੈ। ਜਦ ਅਸੀਂ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇਸ ਪੱਖੋਂ ਪੰਜਾਬੀ ਦੀ ਸਥਿਤੀ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਕੋਈ ਅਜਿਹਾ ਕੰਮ ਨਜ਼ਰ ਨਹੀਂ ਆਉਂਦਾ। ਸੰਨ 1925-26 ਵਿਚ ਪ੍ਰੋ. ਦੁਨੀ ਚੰਦ ਦੀ ਪੁਸਤਕ 'ਹਿੰਦੀ ਔਰ ਪੰਜਾਬੀ ਕਾ ਭਾਸ਼ਾ-ਵਿਗਿਆਨ' ਜਾਂ ਡਾ. ਵਿਦਿਆ ਭਾਸਕਰ ਅਰੁਣ ਦੀ ਪੁਸਤਕ (Phonology of Hindi and Punjabi) ਦਾ ਵਰਣਨ ਕੀਤਾ ਜਾ ਸਕਦਾ ਹੈ, ਪਰ ਇਹ ਦੋਵੇਂ ਪੁਸਤਕਾਂ ਪੰਜਾਬੀ ਵਿਚ ਨਾ ਹੋ ਕੇ ਕ੍ਰਮਵਾਰ ਹਿੰਦੀ ਅਤੇ ਅੰਗਰੇਜ਼ੀ ਵਿਚ ਹਨ। ਪਹਿਲੀ ਪੁਸਤਕ ਤਾਂ ਅੱਜ ਮਿਲਦੀ ਵੀ ਨਹੀਂ। ਇਸ ਲੇਖਕ ਨੇ ਵੀ ਹਿੰਦੀ ਅਤੇ ਪੰਜਾਬੀ ਦਾ ਤੁਲਨਾਤਮਕ ਰੂਪ-ਵਿਗਿਆਨ ਲਿਖਿਆ ਹੈ (ਪੁਸਤਕ ਹਿੰਦੀ ਵਿਚ ਹੈ) ਪਰ ਇਹ ਵੀ ਹਿੰਦੀ ਖੇਤਰ ਵਿਚ ਮੰਨੀ ਜਾਂਦੀ ਹੈ। ਹਿੰਦੀ ਅਤੇ ਪੰਜਾਬੀ ਦੀਆਂ ਅਨੇਮੀਆਂ ਕਿਰਿਆਵਾਂ (Irregular verbs of Hindi and Punjabi) ਦੇ ਤੁਲਨਾਮਤਕ ਅਧਿਐਨ ਦੇ ਆਧਾਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਦੀਆਂ ਸੁਰ-ਅੰਤੀ (vowel ending) ਕਿਰਿਆਵਾਂ ਦੇ ਵਰਤਮਾਨਕਾਲੀ ਰੂਪਾਂ ਵਿਚ ਅਨੁਨਾਸਿਕਤਾ (Nasality) ਆ ਜਾਂਦੀ ਹੈ ਜਦੋਂ ਕਿ ਹਿੰਦੀ ਵਿਚ ਅਜਿਹੇ ਕਿਸੇ ਤੱਤ ਦਾ ਆਗਮ ਨਹੀਂ ਹੁੰਦਾ।[14] ਅਜ ਕੱਲ ਰੂਪ-ਵਿਗਿਆਨਕ ਵਿਸ਼ਲੇਸ਼ਣ ਵਿਚ ਤੁਲਨਾ ਦੇ ਟਾਕਰਵੇਂ ਪੱਖ ਉੱਤੇ ਉਚੇਰਾ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਭਾਸ਼ਾ-ਸ਼ਿਕਸ਼ਣ ਵਿਚ ਖਾਸ ਮਦਦ ਮਿਲਦੀ ਹੈ। ਇਸ ਦਿਸ਼ਾ ਵਿਚ ਕੀਤੇ ਕੰਮਾਂ ਦੀਆਂ ਉਦਾਹਰਨਾਂ ਵਜੋਂ ਡਾ. ਚਮਨ ਲਾਲ ਅਗਰਵਾਲ ਦਾ (हिन्दी और पंजाबी का तुलनात्मक रूप विज्ञान 1988 ਹਿੰਦੀ ਔਰ ਪੰਜਾਬੀ ਕਾ ਤੁਲਨਾਤਮਕ ਰੂਪ-ਵਿਗਿਆਨ 1988 ਅਤੇ ਡਾ. ਕੈਲਾਸ਼ ਚੰਦਰ ਭਾਟੀਆ ਦਾ ਬ੍ਰਿਜ ਭਾਸ਼ਾ ਔਰ ਖੜੀ ਬੋਲੀ ਕਾ ਤੁਲਨਾਤਮਕ ਵਿਆਕਰਨ (ब्रज भाषा और खड़ी बोली का तुलनात्मक व्याकरण) ਪੇਸ਼ ਕੀਤੇ ਜਾ ਸਕਦੇ ਹਨ। ਪਹਿਲੀ ਪੁਸਤਕ ਵਿਚ ਤੁਲਨਾ ਦੇ ਟਾਕਰਵੇਂ ਰੂਪ ਤੇ ਖਾਸ ਜ਼ੋਰ ਦਿੱਤਾ ਗਿਆ ਹੈ ਜਦ ਕਿ ਦੂਜੀ ਪੁਸਤਕ ਵਿਚ ਆਮ ਤੁਲਨਾ ਪੱਧਤੀ ਦਾ ਪ੍ਰਯੋਗ ਕਰਦਿਆਂ ਵਿਸ਼ਲੇਸ਼ਣ ਕੀਤਾ ਗਿਆ ਹੈ। ਇਥੇ ਇਹ ਗੱਲ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ ਕਿ ਇਕੋ ਪਰਿਵਾਰ (of same language family) ਦੀਆਂ ਭਾਸ਼ਾਵਾਂ ਦੀ ਤੁਲਨਾ ਦੀ ਕੋਈ ਸ਼ਰਤ ਨਹੀਂ ਹੈ ਜਿਵੇਂ ਕਿ ਡਾ. ਬਰਜੇਸ਼ਵਰ ਵਰਮਾ ਸੰਪਾਦਕ (ਕਰਿਤ) ਭਾਰਤੀਯ ਭਾਸ਼ਾਓ ਕਾ ਤੁਲਨਾਤਮਕ ਭਾਸ਼ਾ ਸ਼ਾਸਤਰੀਂ ਅਧਿਐਨ (भारतीय भाषाओं का तुलनात्मक भाषा शास्त्रीय अध्ययन) ਜਾਂ ਡਾ. ਗਣੇਸ਼ਣ ਐੱਸ. ਐੱਨ. ਕਰਿਤ Contrastive Grammar of Tamil and Hindi ਤਮਲ ਅਤੇ ਹਿੰਦੀ ਦਾ ਟਾਕਰਵਾਂ (ਵਿਆਕਰਨ) ਦੋ ਅੱਡ-ਅੱਡ ਪਰਿਵਾਰਾਂ ਦੀਆਂ ਭਾਸ਼ਾਵਾਂ ਤੇ ਆਧਾਰਿਤ ਅਧਿਐਨ ਹਨ।

### 8.1.3 (ਗ) ਇਤਿਹਾਸਕ ਰੂਪ-ਵਿਗਿਆਨ (Historical Morphology)

ਇਸ ਸ਼ਾਖ ਹੇਠ ਕਿਸੇ ਭਾਸ਼ਾ ਦੇ ਵਿਕਾਸ ਕ੍ਰਮ ਦਾ ਧਿਆਨ ਰਖਦਿਆਂ ਉਸ ਦੇ ਵੱਖ-ਵੱਖ ਸਮਿਆਂ ਦੇ ਅੱਡ-ਅੱਡ ਰੂਪਾਂ, ਉਹਨਾਂ ਦੇ ਆਪਸੀ ਸੰਬੰਧਾਂ ਅਤੇ ਉਹਨਾਂ ਦੀ ਆਪਸੀ ਨਿਰਭਰਤਾ ਜਾਂ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਦੀਆਂ ਸੰਭਾਵਨਾਵਾਂ ਆਦਿ ਦਾ ਅਧਿਐਨ/ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਕੋ ਭਾਸ਼ਾ ਦੇ ਵਿਕਾਸ ਕ੍ਰਮ ਨੂੰ ਵੇਖਦਿਆਂ ਇਸ ਗੱਲ ਦਾ ਵੀ ਅਧਿਐਨ ਕੀਤਾ ਜਾਂਦਾ ਹੈ ਅਤੇ ਅਜਿਹੇ ਅਧਿਐਨਾਂ ਦੇ ਆਧਾਰ ਤੇ ਹੀ ਅੱਜ ਭਾਰਤੀ-ਯੂਰਪੀ ਆਦਿ ਭਾਸ਼ਾ ਦੀ ਮੁੜ ਉਸਾਰੀ ਪੁਨਰ-ਸਿਰਜਣਾ = Re-construction ਕੀਤੀ ਜਾ ਸਕਦੀ ਹੈ। ਦੂਜੀ ਗੱਲ ਦੀ ਉਦਾਹਰਨ ਵਜੋਂ 'ਅਪਭਰੰਸ਼ਾਂ ਦਾ ਇਤਿਹਾਸਕ ਵਿਆਕਰਨ' (Historical Grammar of Apbhramshas) ਲਿਆ ਜਾ ਸਕਦਾ ਹੈ ਜਿਸ ਦੇ ਲੇਖਕ ਜਾ. ਤਗਾਰੇ ਹਨ। ਅਸਲੋਂ ਇਹ ਅਧਿਐਨ ਤੁਲਨਾਤਮਕ ਰੂਪ-ਵਿਗਿਆਨ ਦਾ ਵੀ ਕੰਮ ਕਰਦਾ ਹੈ। ਪਰ

14. ਵਿਸਥਾਰ ਵਾਸਤੇ ਦੇਖੋ ਡਾ. ਚਮਨ ਲਾਲ ਅਗਰਵਾਲ ਵੱਲੋਂ ਪੜ੍ਹਿਆ ਖੋਜ ਪਰਚਾ ਹਿੰਦੀ ਔਰ ਪੰਜਾਬੀ ਕੀ ਅਨਿਯਮਿਤ ਕ੍ਰਿਆਏਂ। ਪੰਜਵਾਂ ਸਰਵ ਹਿੰਦ ਭਾਸ਼ਾ-ਵਿਗਿਆਨਕਾਂ ਦਾ ਸੰਮੇਲਨ ਦਸੰਬਰ-1972, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ।

ਪਰਿਭਾਸ਼ਕ ਪੱਖੋਂ ਇਸ ਨੂੰ ਤੁਲਨਾਤਮਕ ਰੂਪ-ਵਿਗਿਆਨਕ ਅਧਿਅਨ ਨਹੀਂ ਆਖਿਆ ਜਾ ਸਕਦਾ ਸਗੋਂ ਇਕੋ ਭਾਸ਼ਾ ਦੇ ਅੱਡ-ਅੱਡ ਸਮਿਆਂ ਵਿਚ ਉਸ ਦੇ ਵਿਕਾਸ ਕ੍ਰਮ ਦਾ ਅਧਿਅਨ ਆਖਿਆ ਜਾਵੇਗਾ। ਪੰਜਾਬੀ ਵਿਚ ਅਜਿਹੀਆਂ ਖੋਜ ਪੁਸਤਕਾਂ ਦੀ ਘਾਟ ਪਾਈ ਜਾਂਦੀ ਹੈ। ਆਸ ਹੈ ਪੰਜਾਬੀ ਭਾਸ਼ਾ ਦੇ ਵਿਦਵਾਨ ਇਸ ਘਾਟ ਨੂੰ ਪੂਰਾ ਕਰਨ ਦੀ ਘਾਲਣਾ ਘਾਲਣਗੇ।

ਉਪਰੋਕਤ ਸਾਰੀ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਰੂਪ-ਵਿਗਿਆਨ (Morphology) ਸਾਰਥਕ ਧੁਨੀ ਵਿਗਿਆਨ (Phonology) ਅਤੇ ਵਾਕ ਬਣਤਰ/ਵਿਗਿਆਨ (Syntax) ਦੇ ਵਿਚਕਾਰ ਵਿਚਰਨ ਵਾਲੀ ਅਧਿਅਨ ਪ੍ਰਣਾਲੀ ਹੈ। ਇਸ ਦਾ ਪ੍ਰਮੁੱਖ ਪ੍ਰਕਾਰਜ ਵਾਕ ਬਣਤਰ ਦੀ ਪੂਰਤੀ ਕਰਨਾ ਹੁੰਦਾ ਹੈ। ਭਾਸ਼ਾ ਵਿਗਿਆਨ (Linguistics) ਦੇ ਪ੍ਰਭਾਵ ਹੇਠ ਰੂਪ-ਵਿਗਿਆਨ ਦਾ ਵਿਸ਼ਾ ਹੋਂਦ ਵਿਚ ਆਇਆ। ਜਿਥੇ ਵਿਆਕਰਨਕ ਅਧਿਅਨ (Grammatical Analysis) ਭਾਸ਼ਾ ਦੇ ਸਰੂਪ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ, ਉਥੇ ਰੂਪ ਵਿਗਿਆਨ (Morphology) ਸ਼ਬਦਾਂ ਦੀ ਬਣਤਰ ਅਤੇ ਉਹਨਾਂ ਦੇ ਵਿਭਕਤੀਮੂਲਕ ਰੂਪ ਦੇ ਅਧਿਅਨ ਤੋਂ ਦੱਸਦਾ ਹੈ ਕਿ ਭਾਸ਼ਾ ਕਿਸ ਤਰਜ਼ ਨਾਲ ਵਿਚਰ ਰਹੀ ਹੈ। ਭਾਸ਼ਾ ਵਿਗਿਆਨ ਦੇ ਪ੍ਰਭਾਵ ਹੇਠ ਪ੍ਰਫੁਲਿਤ ਹੋਏ ਰੂਪ-ਵਿਗਿਆਨ ਨੇ ਭਾਸ਼ਾ ਦੇ ਖੇਤਰ ਵਿਚ ਆਪਣੀ ਵੱਖਰੀ ਤੇ ਨਿਵੇਕਲੀ ਪਹਿਚਾਣ ਸਥਾਪਿਤ ਕਰ ਲਈ ਹੈ। ਸਾਰਥਕ ਧੁਨੀਆਂ ਨੂੰ ਜੋੜ ਕੇ ਇਕ ਭਾਸ਼ਾ ਦੇ ਬੁਲਾਰੇ ਵੱਡੇ ਪੱਧਰ ਦੀਆਂ ਇਕਾਈਆਂ ਸਿਰਜਦੇ ਹਨ। ਇਹਨਾਂ ਨੂੰ ਰੂਪਗ੍ਰਾਮ (Morpheme) ਕਿਹਾ ਜਾਂਦਾ ਹੈ। ਇਹਨਾਂ ਇਕਾਈਆਂ ਦੀ ਸਿਰਜਣਾ ਪਿੱਛੇ ਕਾਰਜਸ਼ੀਲ ਨੇਮਾਂ ਦਾ ਅਧਿਅਨ ਰੂਪ-ਵਿਗਿਆਨ (Morphology) ਅਧੀਨ ਕੀਤਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਭਾਸ਼ਾ ਦੀਆਂ ਲਘੂਤਮ ਵਿਅਕਰਨਿਕ ਇਕਾਈਆਂ ਅਤੇ ਇਹਨਾਂ ਇਕਾਈਆਂ ਦੇ ਸੁਮੇਲ ਤੋਂ ਬਣੇ ਸ਼ਬਦਾਂ ਦੇ ਅਧਿਅਨ ਨੂੰ ਰੂਪ-ਵਿਗਿਆਨ ਕਿਹਾ ਜਾਂਦਾ ਹੈ। ਰੂਪ-ਵਿਗਿਆਨ ਭਾਸ਼ਾ-ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਵਿਚ ਸ਼ਬਦ-ਬਣਤਰ ਦੀ ਵਿਧੀ ਨੂੰ ਪੜਤਾਲਿਆ ਜਾਂਦਾ ਹੈ।

## ਹਵਾਲੇ ਤੇ ਟਿਪਣੀਆਂ


(1) ਚਮਨ ਲਾਲ ਅਗਰਵਾਲ, ਪੰਜਾਬੀ ਰੂਪ-ਵਿਗਿਆਨ, 1979

(2) ਡਾ. ਕਾਲਾ ਸਿੰਘ ਬੇਦੀ, ਭਾਸ਼ਾ ਵਿਗਿਆਨ (ਜਾਣ-ਪਛਾਣ)

(3) ਡਾ. ਕਾਲਾ ਸਿੰਘ ਬੇਦੀ, ਪੰਜਾਬੀ ਭਾਸ਼ਾ ਦਾ ਵਿਕਾਸ (ਇਤਿਹਾਸ)

(4) ਜੋਗਿੰਦਰ ਸਿੰਘ ਪੁਆਰ (ਸੰਪਾ.) ਭਾਸ਼ਾ-ਵਿਗਿਆਨ, ਸੰਕਲਪ ਅਤੇ ਦਿਸ਼ਾਵਾਂ, 1988

(5) ਵੇਦ ਅਗਨੀਹੋਤਰੀ, ਪਰਿਚਾਇਕ ਭਾਸ਼ਾ-ਵਿਗਿਆਨ, 1981

(6) ਹਰਕੀਰਤ ਸਿੰਘ, ਉਜਲ ਸਿੰਘ ਬਾਹਰੀ, ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, 1989

(7) ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, 1990

(8) ਜੋਗਿੰਦਰ ਸਿੰਘ ਪੁਆਰ,
ਬਲਦੇਵ ਸਿੰਘ ਚੀਮਾ,
ਮੁਖਵਿੰਦਰ ਸਿੰਘ ਸੰਘਾ,
ਵੇਦ ਅਗਨੀਹੋਤਰੀ, ਪੰਜਾਬੀ ਬਾਸ਼ਾ ਦਾ ਵਿਆਕਰਨ (ਭਾਗ 11), 1992

(9) ਉਦੈ ਨਾਰਾਇਣ ਤਿਵਾੜੀ, ਭਾਸ਼ਾ ਸ਼ਾਸਤਰ ਕੀ ਰੂਪ-ਰੇਖਾ, ਭਾਰਤੀ ਭੰਡਾਰ, ਲੀਡਰ ਪ੍ਰੈੱਸ, ਇਲਾਹਾਬਾਦ, 1961

(10) ਦੇਵੀ ਸ਼ੰਕਰ ਦਿਵੇਦੀ, ਭਾਸ਼ਾ ਔਰ ਭਾਸ਼ਕੀ, ਪ੍ਰਸਾਂਤ ਪ੍ਰਕਾਸ਼ਨ, ਕੁਰਕਸ਼ੇਤਰ, 1964

(11) H.A. Gleason, An Introduction to Descriptive Linguistics, 1976

(12) Bloch and Trager, Outlines of Linguistics Analysis, 1942

(13) E.A. Nida, Morphology, 1956

(14) C.F. Hockett, A course in Modern Linguistics, 1973

(15) lga Akhmanova, Phonology Morphology Morphology, 1971

(16) Frank Palmer, Grmmar, 1971

Morpholgoy is the study of minimal meaningful units of form and the patterns by which they are combined to make words. The discovery procedure is known as morphemics. It is more or less the same as the one adopted in phonemics. p. 77

A morpheme is the smallest unit of form in a language which has meaning. p. 77

Bloomfield; The Morphology of a language we mean constructions in which bound forms appear aiming the constituents.

Hockett; Morphology includes the stock of segmental morphemes and the ways in which words are built out of them.

# ਵਾਕ ਵਿਗਿਆਨਕ ਪੱਧਰ :

## ਮੁੱਢਲੀ ਜਾਣ-ਪਛਾਣ ਅਤੇ ਪੰਜਾਬੀ ਵਾਕ ਬਣਤਰ

## Syntactic Level : An Introduction and Panjabi Syntactic Strucure)

1. ਮਨੁੱਖੀ ਭਾਸ਼ਾ, ਮੁੱਖ ਤੌਰ ਤੇ ਬੋਲ ਪੱਧਰ ਦੀ ਹੋਂਦ ਹੈ। ਮਨੁੱਖੀ ਉਚਾਰਨ ਅੰਗਾਂ ਅਤੇ ਉਹਨਾਂ ਦੁਆਰਾ ਉਚਰਨ ਧੁਨੀਆਂ ਦੇ ਉਚਾਰਨ, ਸੰਚਾਰ ਅਤੇ ਸ੍ਰਵਣ ਦਾ ਅਧਿਐਨ 'ਧੁਨੀ ਵਿਗਿਆਨ' (phonetics) ਦੇ ਅੰਤਰਗਤ ਕੀਤਾ ਜਾਂਦਾ ਹੈ। ਇਕ ਭਾਸ਼ਾ ਦੇ ਬੁਲਾਰੇ, ਜਿਹਨਾਂ ਨੇਮਾਂ ਅਨੁਸਾਰ ਇਹਨਾਂ ਧੁਨੀਆਂ ਦੀ ਵਰਤੋਂ ਕਰਦੇ ਹਨ, ਉਹਨਾਂ ਦਾ ਅਧਿਐਨ 'ਸਾਰਥਕ ਧੁਨੀ ਵਿਗਿਆਨ' (phonology) ਅਧੀਨ ਕੀਤਾ ਜਾਂਦਾ ਹੈ। ਸਾਰਥਕ ਧੁਨੀ ਵਿਗਿਆਨਕ ਪੱਧਰ ਦੀਆਂ ਇਕਾਈਆਂ ਨੂੰ 'ਸਾਰਥਕ ਧੁਨੀਆਂ' ਕਿਹਾ ਜਾਂਦਾ ਹੈ। ਸਾਰਥਕ ਧੁਨੀਆਂ ਨੂੰ ਜੋੜ-ਜੋੜ ਕੇ ਇਕ ਭਾਸ਼ਾ ਦੇ ਬੁਲਾਰੇ ਵੱਡੇ ਪੱਧਰ ਦੀਆਂ ਇਕਾਈਆਂ ਸਿਰਜਦੇ ਹਨ। ਇਹਨਾਂ ਨੂੰ ਰੂਪ ਗ੍ਰਾਮ , ਵਾਕੰਸ਼, ਉਪਵਾਕ ਅਤੇ ਵਾਕ ਕਿਹਾ ਜਾਂਦਾ ਹੈ। ਇਹਨਾਂ ਸਿਰਜਨਾ ਪਿੱਛੇ ਕਾਰਜਸ਼ੀਲ ਨੇਮਾਂ ਦਾ ਅਧਿਐਨ 'ਵਾਕ ਵਿਗਿਆਨਕ ਪੱਧਰ' (syntactic level) ਦੇ ਅੰਤਰਗਤ ਕੀਤਾ ਜਾਂਦਾ ਹੈ। 'ਧੁਨੀ ਵਿਗਿਆਨਕ ਪੱਧਰ' ਤੋਂ 'ਵਾਕ ਵਿਗਿਆਨਕ ਪੱਧਰ' ਤੱਕ ਦੀਆਂ ਇਕਾਈਆਂ ਮਨੁੱਖੀ ਸੋਚ ਨੂੰ ਸੰਚਾਰ ਕਰਨ ਵਾਲੇ ਭਾਸ਼ਾਈ ਰੂਪਾਂ ਨੂੰ ਸਿਰਜਦੀਆਂ ਹਨ। ਹਰ ਭਾਸ਼ਾ ਦਾ ਆਪਣਾ ਪ੍ਰਬੰਧ, ਪੱਧਤੀ ਜਾਂ ਸਿਸਟਮ ਹੁੰਦਾ ਹੈ। ਭਾਸ਼ਾ ਦਾ ਇਹ ਪ੍ਰਬੰਧ ਹੀ ਉਸ ਦੀ ਵਿਆਕਰਨ (ਗ੍ਰਾਮਰ) ਅਖਵਾਂਦਾ ਹੈ। ਕਿਸੇ ਵੀ ਭਾਸ਼ਾ ਦਾ ਵਿਆਕਰਨਕ ਵਿਸ਼ਲੇਸ਼ਣ ਕਰਨ ਸਮੇਂ ਉਸ ਭਾਸ਼ਾ ਦੀ ਵਾਕ ਬਣਤਰ (syntactic structure) ਦੇ ਅਧਿਐਨ ਨੂੰ ਮਹੱਤਵਪੂਰਨ ਸਥਾਨ ਪ੍ਰਦਾਨ ਕੀਤਾ ਜਾਂਦਾ ਹੈ। ਕਿਸੇ ਭਾਸ਼ਾ ਦੀ ਬਣਤਰ ਵਿਚ 'ਵਾਕ' ਇਕ ਮਹੱਤਵਪੂਰਨ ਸਥਾਨ ਰਖਦਾ ਹੈ। ਪਰੰਪਰਾਈ ਵਿਆਕਰਨਕਾਰ ਸ਼ਬਦ ਨੂੰ ਛੋਟੀ ਤੋਂ ਛੋਟੀ ਸੁਤੰਤਰ ਅਤੇ ਵਾਕ ਨੂੰ ਵੱਡੀ ਤੋਂ ਵੱਡੀ ਵਿਆਕਰਨਕ ਇਕਾਈ ਨਿਸਚਤ ਕਰਦੇ ਹਨ। ਭਾਸ਼ਾ ਦੇ ਲਿਖਤੀ ਸਰੂਪ ਦੇ ਆਧਾਰ ਤੇ ਵਾਕ ਨੂੰ ਪੇਸ਼ ਕਰਨ ਲਈ ਆਰਥੋਗ੍ਰਾਫੀ ਤੋਂ ਸਹਾਇਤਾ ਲਈ ਜਾਂਦੀ ਹੈ ਭਾਵ ਇਕ ਵਿਰਾਮ ਚਿੰਨ੍ਹ ਤੋਂ ਲੈ ਕੇ ਦੂਜੇ ਵਿਰ੍ਹਾਮ ਚਿੰਨ੍ਹ ਤਕ ਵਾਕ ਘੇਰਾ ਫੈਲਿਆ ਹੋਇਆ ਹੁੰਦਾ ਹੈ ਪਰੰਤੂ ਮੌਖਿਕ ਪੱਧਰ ਤੇ ਇਸ ਇਕਾਈ ਨੂੰ ਸਥਾਪਿਤ ਕਰਨ ਲਈ ਕੋਈ ਨਿਸ਼ਚਿਤ ਮਾਪਢੰਡ ਨਹੀਂ ਕਿਉਂਕਿ ਮੌਖਿਕ ਪੱਧਰ ਤੇ ਕਈ ਵਾਰ ਇਕੋ ਸ਼ਬਦ ਤੋਂ ਸਮੁਚੇ ਵਾਕ ਦਾ ਕਾਰਜ ਲੈ ਲਿਆ ਜਾਂਦਾ ਹੈ। ਉਦਾਹਰਨ ਵਜੋਂ ਇਕੋ ਭਾਸ਼ਾ ਦੇ ਵਿਅਕਤੀ ਆਪਸ ਵਿਚ ਜਦੋਂ ਗਲਬਾਤ ਕਰਦੇ ਹਨ, ਤਾਂ ਇਹ ਸਪੱਸ਼ਟ ਹੁੰਦਾ ਹੈ :

| (ਏ) ਬੁਲਾਰ | (ਬੀ) ਸਰੋਤਾ |
|---|---|
| 1) ਤੁਸੀਂ ਕਿਥੇ ਗਏ ਸੀ ? | ਬਾਜ਼ਾਰ ਨੂੰ |

ਬੁਲਾਰਾ 'ਏ' ਜੋ ਗੱਲ ਕਰਦਾ ਹੈ ਤਾਂ ਉਹ ਸਾਨੂੰ ਸਪੱਸ਼ਟ ਹੋ ਜਾਂਦਾ ਹੈ। ਪਰ ਸਰੋਤਾ 'ਬੀ' ਜੋ ਜਵਾਬ ਦੇਂਦਾ ਹੈ, ਬੁਲਾਰੇ 'ਏ' ਦੇ ਸੰਦਰਭ ਵਿਚ ਸਪਸ਼ਟ ਹੈ ਪਰ ਇਸਨੂੰ ਇਕੱਲਿਆਂ ਰੱਖ ਕੇ ਵੇਖਿਆ ਜਾਵੇਂ ਤਾਂ ਇਸ ਵਾਕ ਦੇ ਅਰਥ ਸਪਸ਼ਟ ਨਹੀਂ ਕਿਉਂਕਿ ਇਥੇ 'ਬਾਜ਼ਾਰ ਨੂੰ' ਵਾਕ ਪੂਰਨ ਨਹੀਂ, ਸਗੋਂ ਅਧੂਰਾ ਵਾਕ ਹੈ। ਭਾਵੇਂ ਇਸ ਦਾ ਸੰਬੰਧ ਬੁਲਾਰੇ 'ਏ' ਦੇ ਉਚਾਰਨ ਨਾਲ ਹੈ। ਪੂਰਨ ਵਾਕ ਇਸ ਕਰਕੇ ਨਹੀਂ ਕਿਉਂਕਿ ਪੂਰਨ ਵਾਕ ਵਿਚ ਲਾਜ਼ਮੀ ਤੱਤ ਉਦੇਸ਼ + ਵਿਧੇਅ ਦਾ ਹੋਣਾ ਜ਼ਰੂਰੀ ਹੁੰਦਾ ਹੈ।

1.1 ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਧੁਨੀ ਹੈ, ਪਰ ਧੁਨੀ ਦੇ ਕੋਈ ਸਾਰਥਕ ਅਰਥ ਨਹੀਂ ਹੁੰਦੇ, ਧੁਨੀਆਂ ਦੇ ਸੰਜੋਗ ਨਾਲ ਬਣੇ ਸ਼ਬਦਾ ਦੇ ਅਰਥ ਹੁੰਦੇ ਹਨ। ਜਿਵੇਂ 'ਸ਼ੈਲੀ' ਸ਼ਬਦ ਵਿਚ ਸ.ਅ.ਲ.ਈ.

ਪੰਜਾਬੀ ਦੀਆਂ ਚਾਰ ਧੁਨੀਆਂ ਹਨ। ਇਹਨਾਂ ਧੁਨੀਆਂ ਦੇ ਆਪਣੇ ਕੋਈ ਅਰਥ ਨਹੀਂ ਪਰ ਇਹਨਾਂ ਦੇ ਸੰਜੋਗ ਤੋਂ ਬਣੇ ਸ਼ਬਦ 'ਸ਼ੈਲੀ' ਦੇ ਅਰਥ ਹਨ। ਹੁਣ ਵੇਖਿਆ ਜਾਵੇ ਸਿਰਫ 'ਸ਼ੈਲੀ' ਕਹਿਣ ਨਾਲ ਅਰਥ ਸਪੱਸ਼ਟ ਹੋ ਜਾਂਦੇ ਹਨ ? ਨਹੀਂ। ਪਰ 'ਸ਼ੈਲੀ ਕੀ ਕਰਦੀਏ, 'ਸ਼ੈਲੀ ਦਾ ਰੰਗ ਚਿੱਟਾ ਹੈ' , ਸ਼ੈਲੀ ਬਹੁਤ ਪਿਆਰੀ ਏ' ਜਾਂ ਕੁਝ ਹੋਰ ਆਦਿ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੂਰਾ ਭਾਵ ਸਪੱਸ਼ਟ ਕਰਨ ਲਈ ਸ਼ਬਦਾਂ ਦੇ ਸਮੂਹ ਬੋਲਣੇ ਪੈਂਦੇ ਹਨ। ਅਜਿਹੇ ਸ਼ਬਦ ਸਮੂਹਾਂ ਨੂੰ 'ਵਾਕ' ਕਿਹਾ ਜਾਂਦਾ ਹੈ। ਪੰਜਾਬੀ ਵਾਕ ਦੀ ਆਮ ਤਰਤੀਬ ਹੈ, ਕਰਤਾ + ਕਰਮ + ਕਿਰਿਆ। ਜਿਵੇਂ (1) ਸ਼ੈਲੀ ਪਾਠ ਪੜ੍ਹ ਰਹੀ ਹੈ। (2) ਸ਼ੈਲੇ ਬੈਡਮਿੰਟਨ ਖੇਡ ਰਿਹਾ ਸੀ। ਇਹਨਾਂ ਵਾਕ ਵਿਚ ਸ਼ੈਲੀ ਤੇ ਸ਼ੈਲੇ ਕਰਤਾ ਹਨ, ਪਾਠ ਤੇ ਬੈਡਮਿੰਟਨ ਕਰਮ ਹਨ, ਪੜ੍ਹ ਰਹੀ ਹੈ, ਖੇਡ ਰਿਹਾ ਸੀ, ਕਿਰਿਆ ਦੇ ਹਨ। ਪਰ ਅੰਗਰੇਜ਼ੀ ਵਾਕ ਦੀ ਆਮ ਬਣਤਰ, ਕਰਤਾ + ਕਿਰਿਆ + ਕਮ ਅਨੁਸਾਰ ਹੁੰਦਾ ਹੈ। ਜਿਵੇਂ

1. The Children are playing football

(Subject) (verb) (object)

ਕਰਤਾ + ਕਿਰਿਆ + ਕਰਮ

2. ਸੰਸਕ੍ਰਿਤ ਵਿਆਕਰਨਕਾਰਾਂ ਨੇ ਵਾਕ ਦੇ ਸੰਕਲਪ ਨੂੰ ਪਰਿਭਾਸ਼ਤ ਕਰਨ ਲਈ ਵਾਕ ਦੇ ਲੋੜੀਂਦੇ ਤੱਤਾਂ ਉਤੇ ਜ਼ੋਰ ਦਿੱਤਾ ਹੈ। ਜਿਵੇਂ ਵਿਸ਼ਵਾਨਾਥ ਨੇ ਆਪਣੇ ਗ੍ਰੰਥ 'ਸਾਹਿਤਯ ਦਰਪਣ' ਵਿਚ ਵਾਕ ਦੇ ਪੰਜ ਮੁੱਖ ਤੱਤਾਂ ਦਾ ਜ਼ਿਕਰ ਕੀਤਾ ਹੈ। ਪੰਜਬ ਮੁੱਖ ਤੱਤ ਇਸ਼ ਪ੍ਰਕਾਰ ਹਨ : (1) ਸਾਰਥਕਤਾ (2) ਯੋਗਤਾ (3) ਅਕਾਂਖਿਆ (4) ਨੇੜਤਾ (5) ਅਨਵੈ। ਉਸ ਅਨੁਸਾਰ ਕਿਸੇ ਵੀ ਸੰਪੂਰਨ ਵਾਕ ਵਿਚ ਇਹ ਤੱਤ ਮੌਜੂਦ ਹੁੰਦੇ ਹਨ ਅਤੇ ਇਹਨਾਂ ਦੀ ਪੂਰਤੀ ਨਾਲ ਹੀ ਕੋਈ ਵਾਕ ਸਾਰਥਕ ਹੋ ਸਕਦਾ ਹੈ। ਪੱਛਮ ਵਿਚ ਵੀ ਵਿਆਕਰਨਕਾਰਾਂ ਨੇ ਭਾਸ਼ਾ ਦੇ ਇਸ ਮਹੱਤਵਪੂਰਨ ਤੱਤ 'ਵਾਕ' ਨੂੰ ਆਪਣੇ ਵਿਚਾਰ ਦਾ ਕੇਂਦਰ ਬਣਾਇਆ ਹੈ। ਯੂਰਪ ਦੇ ਵਿਆਕਰਨਕਾਰ ਥਰੈਕਸ ਪਹਿਲੀ ਸਦੀ ਬੀ ਸੀ ਅਤੇ ਸੰਸਕ੍ਰਿਤ ਦੇ ਵਿਦਵਾਨ ਪਤੰਜਲੀ (150 ਏ.ਡੀ) ਨੇ ਲਗਭਗ ਇਕੋ ਜਿਹੇ ਵਿਚਾਰ ਪ੍ਰਗਟਾਏ ਹਨ। ਉਹਨਾਂ ਅਨੁਸਾਰ ਮੁਕੰਮਲ ਅਰਥ ਨੂੰ ਪ੍ਰਗਟਾਉਣ ਵਾਲਾ ਸ਼ਬਦ ਸਮੂਹ ਹੀ ਵਾਕ ਹੁੰਦਾ ਹੈ ਅਤੇ ਜੋ ਆਪਣੇ ਆਪ ਵਿਚ ਮੁਕੰਮਲ ਹੁੰਦਾ ਹੈ। ਵਾਕ ਦੀ ਇਹ ਪਰਿਭਾਸ਼ਾ ਅਰਥ ਦੀ ਦਰਿਸ਼ਟੀ ਤੋਂ ਕੀਤੀ ਗਈ ਹੈ। ਉਹਨਾਂ ਨੇ ਮੁਕੰਮਲ ਅਰਥ ਨੂੰ ਪ੍ਰਗਟਾਉਣ ਵਾਲ ਸ਼ਬਦ ਸਮੂਹ ਹੀ ਵਾਕ ਹੁੰਦਾ ਹੈ ਅਤੇ ਜੋ ਆਪਣੇ ਆਪ ਵਿਚ ਮੁਕੰਮਲ ਹੁੰਦਾ ਹੈ। ਵਾਕ ਦੀ ਇਹ ਪਰਿਭਾਸ਼ਾ ਅਰਥ ਦੀ ਦਰਿਸ਼ਟੀ ਤੋਂ ਕੀਤੀ ਗਈ ਹੈ। ਉਹਨਾਂ ਨੇ ਮੁਕੰਮਲ ਅਰਥ ਨੂੰ ਪ੍ਰਗਟਾਉਣ ਵਾਲੇ ਸ਼ਬਦਾਂ ਦੇ ਸਮੂਹ ਨੂੰ ਹੀ ਵਾਕ ਮੰਨਿਆ ਹੈ, ਪਰ ਇਹ ਸ਼ਬਦ ਸਮੂਹ ਵਿਚਲੇ ਸ਼ਬਦ ਆਪਸ ਵਿਚ ਕਿਹੜੇ ਵਿਆਕਰਨਕ ਨੇਮਾਂ ਅਧੀਨ ਵਾਕ ਵਿਚ ਬੱਝੇ ਹੁੰਦੇ ਹਨ ਉਸ ਵੱਲ ਇਹਨਾਂ ਨੇ ਕੋਈ ਧਿਆਨ ਨਹੀਂ ਦਿੱਤਾ। ਵੱਖ ਵੱਖ ਸਮੇਂ ਵੱਖਰੇ ਵੱਖਰੇ ਵਿਆਕਰਨਕਾਰ ਵਾਕ ਦੇ ਸਰੂਪ ਨੂੰ ਨਿਸਚਿਤ ਕਰਨ ਦਾ ਯਤਨ ਕਰਦੇ ਰਹੇ ਹਨ। ਹੇਠ ਦਿੱਤੀਆਂ ਗਈਆਂ ਪੱਛਮੀ ਵਿਆਕਰਨਕਾਰਾਂ ਦੀਆਂ ਪਰਿਭਾਸ਼ਾਵਾਂ 'ਵਾਕ' ਦੇ ਸੰਕਲਪ ਨੂੰ ਸਪੱਸ਼ਟ ਕਰਦੀਆਂ ਹਨ। ਬਲੂਮਫੀਲਡ ਨੇ ਆਪਣੀ ਪੁਸਤਕ (ਲੈਂਗੂਏਜ - 1933) ਵਿਚ ਵਾਕ ਨੂੰ ਪਰਿਭਾਸ਼ਤ ਕਰਦਿਆਂ ਹੋਇਆ ਕਿਹਾ ਹੈ ਕਿ

> "ਵਾਕ ਇਕ ਸੁਤੰਤਰ ਭਾਸ਼ਾਈ ਇਕਾਈ ਹੈ ਜਿਹੜੀ ਆਪਣੀ ਵਿਆਕਰਨਿਕ ਵਿਸ਼ੇਸ਼ਤਾ ਕਾਰਨ ਕਿਸੇ ਹੋਰ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦਾ।"[1]

ਵਾਕ ਦੇ ਸੰਕਲਪ ਨੂੰ ਹੀ ਸੱਪਸ਼ਟ ਕਰਦਿਆਂ ਚਾਰਲਸ ਫਰੀਜ਼ ਨੇ ਆਪਣੀ ਪੁਸਤਕ (ਦੀ ਸਟਰੱਕਚਰ ਆਫ ਇੰਗਲਿਸ਼ - 1952) ਵਿਚ ਕਿਹਾ ਹੈ ਕਿ

> "ਵਾਕ ਸ਼ਬਦਾਂ ਦਾ ਸਮੂਹ ਹੁੰਦਾ ਹੈ, ਜਿਸ ਵਿਚ ਇਕ ਸੰਪੂਰਨ ਵਿਚਾਰ ਪ੍ਰਗਟ ਕੀਤਾ ਗਿਆ ਹੁੰਦਾ ਹੈ।"[2]

ਆਟੋਜਸਪਰਸਨ ਨੇ ਆਪਣੀ ਪੁਸਤਕ (ਫਿਲਾਸਫੀ ਆਫ ਗਰਾਮਰ- 1924) ਵਿਚ ਕਿਹਾ ਹੈ ਕਿ

> "ਵਾਕ ਇਕ ਸੰਪੂਰਨ ਤੇ ਸਵੈ-ਅਧੀਨ ਮਨੁੱਖੀ ਉਚਾਰ ਹੈ, ਇਸਦੀ ਸੰਪੂਰਨਤਾ ਅਤੇ ਸੈਵ-ਅਧੀਨਤਾ ਇਸਦੇ ਇਕੱਲੇ ਤੌਰ ਤੇ ਹੋਂਦ ਵਿਚ ਆਉਣ ਤੋਂ ਅਤੇ ਇਕੱਲੇ ਤੌਰ ਤੇ ਉਚਾਰੇ ਜਾਣ ਦੀ ਯੋਗਤਾ ਤੋਂ ਪਰਗਟ ਹੁੰਦੀ ਹੈ।"[3]

ਉਪਰੋਕਤ ਵਿਆਕਰਨਕਾਰਾਂ ਤੋ ਇਲਾਵਾ ਫਰੈਂਕ ਪਾਮਰ ਨੇ ਆਪਣੀ ਪੁਸਤਕ (ਗਰਾਮਰ-1979) ਵਿਚ ਵਾਕ ਸੰਬੰਧੀ ਇਹ ਮੱਤ ਪੇਸ਼ ਕੀਤਾ ਹੈ ਕਿ

> "ਵਾਕ ਦੀ ਪਰਿਭਾਸ਼ਾ ਅਸਲ ਵਿਚ ਉਸ ਦੀ ਅੰਦਰੂਨੀ ਬਣਤਰ ਅਨੁਸਾਰ ਹੀ ਹੋਣੀ ਚਾਹੀਦੀ ਹੈ। ਵਾਕ ਕੁਝ ਖਾਸ ਤੱਤਾਂ ਦੇ ਖਾਸ ਤਰਤੀਬ ਵਿਚ ਜੁੜੇ ਹੋਣ ਨਾਲ ਹੋਂਦ ਵਿਚ ਆਉਂਦਾ ਹੈ। ਇਹ ਤੱਤ ਸ਼ਬਦ ਜਾਂ ਸ਼ਬਦਾ ਦੇ ਹਿੱਸਾ ਹੋ ਸਕਦੇ ਹਨ।"[4]

ਇਹਨਾਂ ਵਿਚਾਰਾਂ ਨੂੰ ਅਧਾਰ ਬਣਾ ਕੇ ਵਾਕ ਸੰਬੰਧੀ ਇਹ ਤੱਤ ਸਾਡੇ ਸਾਹਮਣੇ ਸੱਪਸ਼ਟ ਹੁੰਦੇ ਹਨ। ਵਾਕ ਸ਼ਬਦਾਂ ਦਾ ਸਮੂਹ ਹੁੰਦਾ ਹੈ, ਜਿਹੜਾ ਵਿਆਕਰਨਕ ਨੇਮਾਂ ਅਨੁਸਾਰ ਬੱਝਾ ਹੁੰਦਾ ਹੈ। ਵਾਕ ਕਿਸੇ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦਾ। ਵਾਕ ਦਾ ਆਪਣਾ ਉਦੇਸ਼ ਅਤੇ ਵਿਧੇਅ (ਸਬਜੈਕਟ ਐਂਡ ਪ੍ਰੈਡੀਕੇਟ) ਹੁੰਦਾ ਹੈ ਜਾਂ ਫਿਰ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਵਾਕ ਇਕ ਸਵੈ-ਅਧੀਨ ਉਪਵਾਕ ਹੈ ਜੋ ਕਿਸੇ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦਾ।

3. ਵਾਕ ਭਾਸ਼ਾਈ ਵਿਸ਼ਲੇਸ਼ਣ ਦੀ ਇਕ ਇਕਾਈ ਹੈ। ਆਧੁਨਿਕ ਵਿਆਕਰਨਕਾਰ 'ਵਾਕ' ਨੂੰ ਉਸ ਵਿਚ ਆਏ ਤੱਤਾਂ ਅਤੇ ਉਹਨਾਂ ਦੀ ਤਰਤੀਬ ਦੇ ਹਵਾਲੇ ਨਾਲ ਪਰਿਭਾਸ਼ਤ ਕਰਦੇ ਹਨ। ਇਹ ਤੱਤ ਸ਼ਬਦ, ਵਾਕੰਸ਼ , ਉਪਵਾਕ ਹੁੰਦੇ ਹਨ। ਇਹਨਾਂ ਤੱਤਾਂ ਅਤੇ ਉਹਨਾਂ ਦੀ ਵਿਸ਼ੇਸ਼ ਤਰਤੀਬ ਨਾਲ ਵਾਕ ਨੂੰ ਉਸ ਦੀ ਅੰਦਰੂਨੀ ਜੁਗਤ ਅਨੁਸਾਰ ਪਰਿਭਾਸ਼ਤ ਕਰਨ ਦਾ ਉਪਰਾਲਾ ਕੀਤਾ ਗਿਆ। ਇਸ ਤਰ੍ਹਾਂ ਹੀ ਸੋਚ ਨੇ ਵਾਕ ਨੂੰ ਵੱਡੀ ਤੋਂ ਵੱਡੀ ਵਿਆਕਰਨਕ ਇਕਾਈ ਦਾ ਦਰਜਾ ਦੇ ਦਿੱਤਾ। ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਯੋਜਕ, ਵਿਸਮਕ ਆਦਿ ਦੇ ਵਚਨ, ਲਿੰਗ, ਕਾਲ, ਵਾਚ ਅਤੇ ਕਾਰਜ ਅਨੁਸਾਰ ਬਣੇ ਵੱਖੋ ਵੱਖਰੇ ਰੂਪ, ਵਿਸ਼ੇਸ਼ ਤਰਤੀਬ ਵਿਚ ਆ ਕੇ ਇਸ ਇਕਾਈ ਦੇ ਵਜੂਦ ਨੂੰ ਸਿਰਜਦੇ ਹਨ। ਹਰ ਇਕ ਭਾਸ਼ਾ ਦੀ ਆਪਣੀ ਜੁਗਤ ਹੁੰਦੀ ਹੈ ਅਤੇ ਇਸ ਜੁਗਤ ਦੇ ਅਧੀਨ ਉਸ ਭਾਸ਼ਾ ਦੇ ਵਾਕਾਂ ਦਾ ਢਾਂਚਾ ਹੁੰਦਾ ਹ। ਭਾਸ਼ਾਵਾਂ ਦੀ ਵੱਖਰੋ ਵੱਖਰੀ ਸਮਰੱਥਾ ਹੁੰਦੀ ਹੈ ਜਿਸ ਕਰਕੇ ਅਲੱਗ ਅਲੱਗ ਭਾਸ਼ਾਵਾਂ ਦੀਆਂ ਵਿਆਕਰਨਕ ਇਕਾਈਆਂ ਦੀ ਵੱਖੋ-ਵੱਖਰੀ ਸਥਿਤੀ ਹੋ ਸਕਦੀ ਹੈ। ਇਸੇ ਸਥਿਤੀ ਦੀ ਪਹਿਚਾਣ ਕਰਕੇ ਹੀ ਵਾਕ ਦੇ ਸਰੂਪ ਨੂੰ ਸਮਝਿਆ ਤੇ ਸਪਸ਼ਟ ਕੀਤਾ ਜਾ ਸਕਦਾ ਹੈ। ਵਾਕ ਬਾਰੇ ਉਪਰੋਕਤ ਪਰਿਭਾਸ਼ਾਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵਾਕ ਦੇ ਸਰੂਪ ਬਾਰੇ ਇਸ ਨਿਰਨੇ ਤੇ ਪੁਜਿਆ ਜਾ ਸਕਦਾ ਹੈ ਕਿ ਵਾਕ ਵਿਆਕਰਨਕ ਅਧਿਐਨ ਦੀ ਵੱਡੀ ਤੋਂ ਵੱਡੀ ਇਕਾਈ ਹੈ, ਜਿਸ ਵਿਚ ਵਿਆਕਰਨਕ ਇਕਾਈਆਂ ਕੁਝ ਨਿਸਚਿਤ ਨੇਮਾਂ ਅਧੀਨ ਆਪਸ ਵਿਚ ਜੁੜੀਆਂ ਹੁੰਦੀਆਂ ਹਨ। ਇਸ ਗੱਲ ਤੋਂ ਨਿਸਚੇ ਹੀ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਵਾਕ ਦਾ ਅਧਿਐਨ ਇਸਦੀ ਅੰਦਰੂਨੀ ਬਣਤਰ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਹਰ ਭਾਸ਼ਾਈ ਇਕਾਈ ਨੂੰ ਦੋ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ। ਇਕ ਪੱਖ ਇਕਾਈ ਦੀ ਬਣਤਰ ਦਾ ਹੈ ਜਦਕਿ ਦੂਜਾ ਪੱਖ ਇਸ ਦੇ ਕਾਰਜ ਦਾ। ਬਣਤਰ ਦੇ ਪੱਖ ਤੋਂ ਵਾਕਾਂ ਦਾ ਵਿਸ਼ਲੇਸ਼ਣ ਇਹਨਾਂ ਦੀ ਅੰਦਰੂਨੀ ਬਣਤਰ ਦੇ ਆਧਾਰ ਤੇ ਕੀਤਾ ਜਾਂਦਾ ਹੈ। ਵਾਕ ਦੀ ਬਾਹਰੀ/ਅੰਦਰੂਨੀ ਬਣਤਰ (ਸਰਫੇਸ/ਡੀਪ ਸਟਰਕਚਰ) ਦੇ ਅੰਤਰਗਤ ਵਾਕ ਵਿਚ ਵਿਚਰਨ ਵਾਲੇ ਤੱਤਾਂ/ਅੰਗਾਂ ਦੀ ਆਪਸ ਵਚਿ ਜੁੜਨ ਪਰਕਿਰਿਆ ਅਤੇ ਵਿਚਰਨ ਸਥਾ ਨੂੰ ਮਹੱਤਾ ਦਿੱਤੀ ਜਾਂਦੀ ਹੈ। ਉਹਨਾਂ ਦੀ ਆਪਸ ਵਿਚਲੀ ਜੁੜਤ ਦੇ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਆਧਾਰ ਤੇ ਵਾਕਾਂ ਨੂੰ ਦੋ ਹਿੱਸਿਆ ਵਿਚ ਰੱਖਿਆ ਜਾਂਦਾ ਹੈ : (1) ਸਧਾਰਨ ਵਾਕ (2) ਗ਼ੈਰ ਸਧਾਰਨ ਵਾਕ। ਸਧਾਰਨ ਵਾਕਾਂ ਵਿਚ ਇਕਹਿਰੀ ਬਣਤਰ ਵਾਲੇ ਵਾਕਾਂ ਨੂੰ ਰਖਿਆ ਜਾਂਦਾ ਹੈ ਜਦੋਂ ਕਿ ਗੈਰ ਸਧਾਰਨ ਵਾਕਾਂ ਵਿਚ ਸੰਯੁਕਤ ਅਤੇ ਮਿਸ਼ਰਤ ਵਾਕਾਂ ਨੂੰ ਰੱਖਿਆ ਜਾਂਦਾ ਹੈ। ਇਸ ਪ੍ਰਕਾਰ ਬਣਤਰ ਪੱਧਰ ਤੇ ਵਾਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ :

3.1 ਸਧਾਰਨ ਵਾਕ (Simple Sentence)

3.2 ਮਿਸ਼ਰਤ ਵਾਕ (Complex Sentence)

3.3 ਸੰਯੁਕਤ ਵਾਕ (Compound Sentence)

4. ਬਣਤਰ ਤੋਂ ਇਲਾਵਾ ਵਾਕਾਂ ਨੂੰ ਕਾਰਜ ਦੇ ਅਧਾਰ ਤੇ ਵੀ ਵੰਡਿਆ ਜਾਂਦਾ ਹੈ। ਕਾਰਜ

ਅਤੇ ਬਣਤਰ ਇਕ ਦੂਜੇ ਉਤੇ ਅਸਰ ਅੰਦਾਜ਼ ਨਹੀਂ ਹੁੰਦੇ। ਭਾਵ ਵਾਕਾਂ ਦੀ ਬਣਤਰ ਭਾਵੇਂ ਸਧਾਰਨ ਤੋਂ ਇਲਾਵਾ ਸੰਯੁਕਤ ਜਾਂ ਮਿਸ਼ਰਤ ਹੋਵੇ, ਉਹਨਾਂ ਦੇ ਕਾਰਜ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ। ਵਾਕਾਂ ਤੋਂ ਆਮ ਤੌਰ ਤੇ ਤਿੰਨ ਪਰਕਾਰ ਦੇ ਕਾਰਜ ਲਏ ਜਾਂਦੇ ਹਨ। ਇਹਨਾਂ ਵਾਕਾਂ ਦੁਆਰਾ ਕਿਸੇ ਤੋਂ ਕੋਈ ਪ੍ਰਸ਼ਨ ਪੁਛਿਆ ਗਿਆ ਹੁੰਦਾ ਹੈ, ਹੁਕਮ ਜਾਂ ਬੇਨਤੀ ਕੀਤੀ ਗਈ ਹੁੰਦੀ ਹੈ ਜਾਂ ਫਿਰ ਕੋਈ ਬਿਆਨ ਅੰਕਤ ਕੀਤਾ ਗਿਆ ਹੁੰਦਾ ਹੈ। ਇਸ ਅਧਾਰ ਤੇ ਵਾਕਾਂ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਜਾ ਸਕਦਾ ਹੈ :

4.1 ਪ੍ਰਸ਼ਨ ਵਾਚਕ

4.2 ਹੁਕਮੀ ਵਾਕ

4.3 ਬਿਆਨੀਆ ਵਾਚਕ

ਉਪਰ ਕੀਤੀ ਗਈ ਵੰਡ ਬਣਤਰ ਅਤੇ ਕਾਰਜ ਦੇ ਆਧਾਰ ਤੇ ਕੀਤੀ ਗਈ ਹੈ। ਬਣਤਰ ਅਤੇ ਕਾਰਜ ਦੇ ਅਧਾਰ ਤੇ ਵਾਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੈ :

## 3.1 ਸਧਾਰਨ ਵਾਕ (Simple Sentence)

ਸਧਾਰਨ ਵਾਕ ਉਸ ਵਾਕ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਕੇਵਲ ਇਕ ਹੀ ਉਪਵਾਕ ਹੋਵੇ। ਇਸ ਮੁੱਖ ਉਪਵਾਕ ਵਿਚ ਕੇਵਲ ਇਕ ਕਿਰਿਆ ਵਾਕੰਸ਼ ਆ ਸਕਦਾ ਹੈ ਜਿਸ ਦਾ ਰੂਪ ਕਾਲਕੀ (finite) ਹੁੰਦਾ ਹੈ। ਇਸ ਕਿਰਿਆ ਵਾਕੰਸ਼ ਨਾਲ ਹੋਰ ਬਾਕੀ ਵਾਕੰਸ਼ ਜਿਵੇਂ ਨਾਂਵ, ਵਾਕੰਸ਼, ਵਿਸ਼ੇਸ਼ਣ ਵਾਕੰਸ਼ ਅਤੇ ਕਿਰਿਆ ਵਿਸ਼ੇਸ਼ਣ ਵਾਕੰਸ਼ ਆਦਿ ਜੁੜ ਕੇ ਮੁੱਖ ਉਪਵਾਕ ਦਾ ਵਿਸਥਾਰ ਕਰ ਸਕਦੇ ਹਨ। ਸਧਾਰਨ ਵਾਕਾਂ ਨੂੰ ਸਮਝਣ ਲਈ ਇਹਨਾਂ ਵਾਕੰਸ਼ਾਂ ਦੇ ਆਪਸ ਵਿਚ ਜੁੜਨ ਦੀ ਪਰਕਿਰਿਆ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਇਹਨਾਂ ਵਾਕੰਸ਼ਾਂ ਦੇ ਆਪਸੀ ਸੰਬੰਧਾਂ ਦੇ ਅਧਾਰ ਤੇ ਸਧਾਰਨ ਵਾਕ ਬਣਤਰਾਂ ਦੇ ਕੁਝ ਨਮੂਨੇ ਹੇਠਾਂ ਦਿੱਤੇ ਗਏ ਹਨ:

3.1.1 ਨਾਂਵ + ਵਿਸ਼ੇਸ਼ਣ + ਕਿਰਿਆ

3.1.2 ਨਾਂਵ + ਕਿਰਿਆ ਵਿਸ਼ੇਸ਼ਣ + ਕਿਰਿਆ

3.1.3 ਨਾਂਵ + ਨਾਂਵ + ਕਿਰਿਆ

3.1.4 ਨਾਂਵ + ਅਕਰਮਕ ਕਿਰਿਆ

3.1.5 ਨਾਂਵ + ਪ੍ਰਧਾਨ ਕਰਮ + ਸਕਰਮਕ ਕਿਰਿਆ

3.1.6 ਨਾਂਵ + ਪ੍ਰਧਾਨ ਕਰਮ + ਅਪ੍ਰਧਾਨ ਕਰਮ + ਸਕਰਮਕ ਕਿਰਿਆ

3.1.7 ਪ੍ਰਧਾਨ ਕਰਮ + ਅਪ੍ਰਧਾਨ ਕਰਮ + ਕਿਰਿਆ

3.1.8 ਅਪ੍ਰਧਾਨ ਕਰਮ + ਕਿਰਿਆ

ਉਪਰੋਕਤ ਦਿੱਤੇ ਗਏ ਨਮੂਨਿਆਂ ਨੂੰ ਹੇਠਾਂ ਅਨੁਸਾਰ ਦਿੱਤਾ ਗਿਆ ਹੈ :

3.1.1 ਨਾਂਵ + ਵਿਸ਼ੇਸ਼ਣ + ਕਿਰਿਆ : ਸਧਾਰਨ ਵਾਕਾਂ ਦੇ ਇਸ ਸਾਂਚੇ ਵਿਚ ਇਕ ਨਾਂਵ ਹੁੰਦਾ ਹੈ ਅਤੇ ਨਾਂਵ ਦਾ ਇਕ ਵਿਸ਼ੇਸ਼ਣ ਹੁੰਦਾ ਹੈ। /ਹੈ/, /ਸੀ/, /ਸਨ/, /ਹਨ/ ਆਦਿ ਕਿਰਿਆ ਵਜੋਂ ਕਾਰਜ ਕਰਦੇ ਹਨ। ਜਿਵੇਂ :

1: ਰਾਮ ਬੁਰਾ ਹੈ।

2. ਸਿਨਮਾ ਖਾਲੀ ਹੈ।

3. ਮੇਰਾ ਪਰਿਵਾਰ ਬੜਾ ਖੁਸ਼ ਸੀ।

4. ਮੇਰੇ ਨਾਨਾ ਜੀ ਬਹੁਤ ਬੁੱਢੇ ਹਨ।

ਉਪਰੋਕਤ 1 ਅਤੇ 2 ਨੰਬਰ ਦੇ ਵਾਕ ਸਧਾਰਨ ਕਿਸਮ ਦੇ ਵਾਕ ਹਨ ਜਿਹਨਾਂ ਵਿਚ ਪੰਜਾਬੀ ਵਾਕ ਨੇਮ ਅਨੁਸਾਰ ਨਾਂਵ ਅਤੇ ਵਿਸ਼ੇਸ਼ਣ ਵਿਚ ਲਿੰਗ ਅਤੇ ਵਚਨ ਦਾ ਮੇਲ ਹੈ। 3 ਨੰਬਰ ਵਾਕ ਵਿਚ

ਨਾਂਵ ਦਾ ਵਾਕੰਸ਼ ਵਿਚ ਵਿਸਤਾਰ ਹੋਇਆ ਹੈ ਜਿਸ ਕਰਕੇ /ਪਰਿਵਾਰ/ ਨਾਂਵ ਨਾਲ/ ਮੇਰਾ / ਅਤੇ ਇਸੇ ਤਰ੍ਹਾਂ /ਖੁਸ਼/ ਨਾਲ/ਬੜਾ/ ਵਿਸ਼ੇਸ਼ਣ ਲੱਗਾ ਹੈ।4 ਨੰਬਰ ਵਾਕ ਵਿਚ /ਹਨ/ ਕਿਰਿਆ ਦੇ ਰੂਪ ਵਜੋਂ/ ਮੇਰੇ ਦਾਦਾ ਜੀ/ ਨਾਂਵ ਵਾਕੰਸ਼ ਦੇ ਰੂਪ ਵਿ ਹਨ ਅਤੇ ਬਾਕੀ ਵਿਸ਼ੇਸ਼ਣ ਦੇ ਰੂਪ ਵਜੋਂ ਕਾਰਜ ਕਰਦੇ ਹਨ।

3.1.2 ਨਾਂਵ + ਕਿਰਿਆ ਵਿਸ਼ੇਸ਼ਣ + ਕਿਰਿਆ : ਇਸ ਕਿਸਮ ਦੇ ਵਾਕਾਂ ਵਿਚ ਨਾਂਵ ਦੇ ਨਾਲ ਕਿਰਿਆ ਵਿਸ਼ੇਸ਼ਣ ਦਾ ਪ੍ਰਯੋਗ ਹੁੰਦਾ ਹੈ।(ੳ) ਵਾਕ ਨਾਲੋਂ ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਵਿਸ਼ੇਸ਼ਣ ਦੀ ਥਾਂ ਕਿਰਿਆ ਵਿਸ਼ੇਸ਼ਣ ਦਾ ਪਰਯੋਗ ਕੀਤਾ ਜਾਂਦਾ ਹੈ। ਪੰਜਾਬੀ ਸ਼ਬਦਾਵਲੀ ਵਿਚ ਹੇਠ ਲਿਖੇ ਕਿਰਿਆ ਵਿਸ਼ੇਸ਼ਣ ਉਪਲਬਧ ਹੁੰਦੇ ਹਨ। ਇਥੇ, ਉੱਥੇ, ਉੱਤੇ, ਹੇਠਾਂ, ਅੰਦਰ, ਬਾਹਰ, ਵਿਚ, ਬਾਹਰਵਾਰ, ਉਤੇ ਵੱਲ, ਹੇਠਾਂ ਵੱਲ, ਛੇਤੀ, ਕੱਲ, ਪਰਸੋਂ, ਤੜਕੇ, ਤੁਰੰਤ, ਕੁਵੇਲੇ, ਸੱਜੇ, ਖੱਬੇ, ਅੱਗੇ, ਪਿੱਛੇ, ਇੱਦਾਂ, ਕਿੱਦਾਂ, ਆਦਿ।

(1) ਕੁੜੀ ਇਥੇ ਹੈ।

(2) ਮੰਡਾ ਉਥੇ ਹੈ।

(3) ਭੈਣ ਅੰਦਰ ਹੈ।

(4) ਭਰਾ ਉੱਪਰ ਹੈ।

(5) ਘਰ ਬਾਹਰਵਾਰ ਹੈ।

(6) ਸ਼ੈਲੀ ਹੇਠਾਂ ਹੈ।

3.1.3 ਨਾਂਵ + ਨਾਂਵ + ਕਿਰਿਆ : ਇਸ ਕਿਸਮ ਦੇ ਵਾਕਾਂ ਵਿਚ ਦੋ ਨਾਂਵ ਹੁੰਦੇ ਹਨ ਅਤੇ ਦੂਜੇ ਨਾਂਵ ਪਹਿਲੇ ਦਾ ਪੂਰਨ ਹੁੰਦਾ ਹੈ। ਇਹਨਾਂ ਦੋਹਾਂ ਨੂੰ ਜੋੜਨ ਲਈ ਸੰਬੰਧ ਜੋੜੂ ਕਿਰਿਆ ਆਉਂਦੀ ਹੈ।

(1) ਸ਼ੈਲੇ ਵਕੀਲ ਹੈ।

(2) ਮੇਰਾ ਭਤੀਜਾ ਡਾਕਟਰ ਹੈ।

(3) ਉਹ ਮਨੁੱਖੀ ਦਿਲਾ ਦਾ ਬੈਂਕ ਸੀ।

(4) ਮੈਂ ਸਰਕਾਰੀ ਰੋਡਵੇਜ਼ ਦਾ ਮਕੈਨਿਕ ਸਾਂ।

4.1.3 ਨਾਂਵ + ਅਕਰਮਕ ਕਿਰਿਆ : ਇਸ ਭਾਂਤ ਦੇ ਸਧਾਰਨ ਵਾਕਾਂ ਵਿਚ ਇਕ ਨਾਂਵ ਹੁੰਦਾ ਹੈ ਅਤੇ ਜਿਸ ਦੀ ਕਿਰਿਆ ਅਕਰਮਕ ਹੁੰਦੀ ਹੈ। ਇਸ਼ ਕਰਕੇ ਇਹ ਵਾਕ ਵਾਚ ਦੇ ਪੱਖੋਂ ਕਰਮਣੀਵਾਚੀ ਹੀ ਹੁੰਦੇ ਹਨ ਕਿਉਂਕਿ ਅਕਰਮਕ ਕਿਰਿਆ ਵਾਲੇ ਸਾਰੇ ਵਾਕ ਕੇਵਲ ਕਰਮਣੀਵਾਚੀ ਹੀ ਹੋ ਸਕਦੇ ਹਨ।

(1) ਲੜਕੇ ਪੜ੍ਹਦੇ ਹਨ।

(2) ਬੱਸ ਆ ਗਈ।

(3) ਸ਼ੇਰ ਗੱਜਿਆ।

(4) ਅਸੀਂ ਗੁਰਦੁਆਰਾ ਸਾਹਿਬ ਦੇ ਦਰਵਾਜੇ ਅੱਗੇ ਪਹੁੰਚੇ।

ਉਪਰੋਕਤ ਵਾਕਾਂ ਵਿਚ/ਪੜ੍ਹਦੇ , ਆ ਗਈ, ਗੱਜਿਆ, ਪਹੁੰਚੇ/ਇਹ ਕਿਰਿਆਵਾਂ ਅਤੇ ਕਿਰਿਆ ਵਾਕੰਸ਼ ਅਕਰਮਕ ਹਨ। ਪੰਜਾਬੀ ਵਾਕਾਂ ਦੇ ਇਸ ਸਾਂਚੇ ਵਿਚ ਕਿਰਿਆ ਵਿਸ਼ੇਸ਼ਣ ਵਾਕੰਸ਼ ਇਹਨਾਂ ਵਾਕਾਂ ਦੀ ਬਣਤਰ ਦਾ ਵਿਸਤਾਰ ਕਰ ਦਿੰਦੇ ਹਨ ਜਿਵੇਂ '4 ਨੰਬਰ, ਵਾਕ ਵਿਚ 'ਗੁਰਦੁਆਰਾ ਸਾਹਿਬ ਦੇ ਦਰਵਾਜੇ ਅੱਗੇ' ਕਿਰਿਆ ਵਿਸ਼ੇਸ਼ਣ ਵਾਕੰਸ਼ ਹੈ।

3.1.5 ਨਾਂਵ + ਅਪ੍ਰਧਾਨ ਕਰਮ + ਸਕਰਮਕ ਕਿਰਿਆ :

ਸਧਾਰਨ ਵਾਕਾਂ ਦੇ ਇਸ਼ ਵਰਗ ਵਿਚ ਕਰਤਾ ਤੋਂ ਪਿਛੋਂ ਕਰਮ ਨਾਂਵ ਵਾਕੰਸ਼ ਆਉਂਦਾ ਹੈ ਤੇ ਇਹਨਾਂ ਵਿਚਰਨ ਵਾਲੀ ਕਿਰਿਆ ਸਕਰਮਕ ਹੁੰਦੀ ਹੈ। ਇਸ ਕਰਕੇ ਇਹਨਾਂ ਵਾਕਾਂ ਦੇ ਕਰਤਰੀ ਅਤੇ ਕਰਮਣੀ ਦੋਵੇਂ ਰੂਪ ਹੋ ਸਕਦੇ ਹਨ। /ਨੇ/ਸੰਬੰਧਕ ਨਾਂਵ ਦੇ ਕਾਰਨ ਜਾਂ ਸੰਬੰਧ ਬੋਧਕ (genitive) ਰੂਪ ਵਿਚ ਲੱਗਦਾ ਹੈ। ਪੰਜਾਬੀ ਵਿਚ /ਨੇ/ ਸੰਬੰਧਕ /ਮੈਂ/ਇਕ ਵਚਨ, ਉੱਤਮ ਪੁਰਖ ਨਾਲ ਨਹੀਂ ਲੱਗਦਾ। ਜਿਵੇਂ :-

(1) ਸਾਹਿਲ ਨੇ ਸੇਬ ਖਾਧਾ।

(2) ਮੈਂ ਖਤ ਲਿਖਿਆ।

(3) ਉਹ ਪਤਾ ਬੋਲਦੀ ਗਈ।

(4) ਪਹਿਲੀ ਰਾਤ ਆਪਣੀ ਪਤਨੀ ਅੱਗੇ ਮੈਂ ਮੱਖਣੀ ਦੀਆਂ ਗੱਲਾਂ ਹੀ ਕੀਤੀਆਂ।

ਉਪਰੋਕਤ ਵਾਕਾਂ ਵਿਚ ਸੇਬ, ਖਤ, ਪਤਾ, ਮੱਖਣੀ, ਦੀਆਂ ਗੱਲਾਂ /ਕਰਮ ਨਾਂਵ/ ਵਾਕੰਸ਼ ਹਨ ਅਤੇ ਕਰਮਵਾਰ /ਖਾਧਾ, ਲਿਖਿਆ, ਬੋਲਦੀ ਗਈ, ਕੀਤੀਆਂ/ ਸਕਰਮਕ ਕਿਰਿਆਵਾਂ ਹਨ। /ਮੈਂ, ਤੂੰ, ਉਹ/ ਅਜਿਹੇ ਸਰਬਨਾਂਵ ਹਨ ਜਿਹਨਾਂ ਦੇ ਲਿੰਗ ਦਾ ਪੂਰਨ ਤੌਰ ਤੇ ਉਸ ਵਕਤ ਪਤਾ ਚਲਦਾ ਹੈ ਜਦੋਂ ਇਹਨਾਂ ਸਰਬਨਾਵਾਂ ਨੂੰ ਕਿਰਿਆ ਨਾਲ ਮੇਲਿਆ ਜਾਵੇ। ਇਹਨਾਂ ਸਰਬਨਾਵਾਂ ਨੂੰ ਨਿਰਪੱਖ ਸਰਬਨਾਂਵ ਕਿਹਾ ਜਾਂਦਾ ਹੈ। /ਮੈਂ/ ਉੱਤਮ ਪੁਰਖ, ਇਕ ਵਚਨ, ਇਸਤਰੀ ਲਿੰਗ/ਪੁਲਿੰਗ ਦਾ ਸੂਚਕ ਹੈ। /ਤੂੰ/ਮੱਧਮ ਪੁਰਖ ਇਕ ਵਚਨ ਇਸਤਰੀ ਲਿੰਗ/ਪੁਲਿੰਗ ਅਤੇ /ਉਹ/ ਜੋ ਅਨਯ ਪੁਰਖ ਲਈ ਵਰਤਿਆ ਜਾਂਦਾ ਹੈ ਜੋ ਇਕ ਵਚਨ/ਬਹੁ ਵਚਨ, ਇਸਤਰੀ ਲਿੰਗ/ਪੁਲਿੰਗ ਦਾ ਸੂਚਕ ਹੈ।

3.1.6 ਨਾਂਵ + ਪ੍ਰਧਾਨ ਕਰਮ + ਅਪ੍ਰਧਾਨ ਕਰਮ + ਸਕਰਮਕ ਕਿਰਿਆ :

ਇਸ ਕਿਸਮ ਦੇ ਵਾਕਾਂ ਵਿਚ ਤਿੰਨ ਨਾਂਵ ਹੁੰਦੇ ਹਨ। ਕਾਰਜ ਦੇ ਪੱਖ ਤੋਂ ਪਹਿਲਾਂ ਨਾਂਵ ਕਰਤਾ ਨਾਂਵ ਵਜੋਂ ਕਾਰਜਸ਼ੀਲ ਹੁੰਦਾ ਹੈ, ਦੂਜਾ ਨਾਂਵ ਪਰਧਾਨ ਕਰਮ ਵਜੋਂ ਅਤੇ ਤੀਜਾ ਨਾਂਵ ਅਪਰਧਾਨ ਕਰਮ ਵਜੋਂ ਕਾਰਜਸ਼ੀਲ ਹੁੰਦਾ ਹੈ। ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿਚ ਇਹ ਸਭ ਤੋਂ ਵੱਡਾ ਵਾਕਾਤਮਕ ਰੂਪ ਹੈ। ਇਹ ਤਿੰਨਾ ਨਾਵਾਂ ਤੋਂ ਇਲਾਵਾ ਵਿਸ਼ੇਸ਼ਣ ਅਤੇ ਕਿਰਿਆ ਵਿਸ਼ੇਸ਼ਣ ਇਹਨਾਂ ਵਾਕਾਂ ਦਾ ਵਿਸਤਾਰ ਕਰਦੇ ਹਨ। ਅਪਰਧਾਨ ਕਰਮ ਨਾਂਵ ਨਾਲ ਹਮੇਸ਼ਾ /ਨੂੰ/ ਸੰਬੰਧਕ ਲੱਗਦਾ ਹੈ ਅਤੇ ਨਾਂਵ ਵਾਕੰਸ਼ ਨਾਲ /ਜੇ/ ਸੰਬੰਧ ਲੱਗੇ ਤਾਂ ਉਹ /ਨੇ/ ਹੁੰਦਾ ਹੈ। ਆਮ ਤੌਰ ਤੇ ਇਹਨਾਂ ਵਾਕਾਂ ਦੀ ਤਰਤੀਬ ਉਪਰ ਲਿਖੇ ਅਨੁਸਾਰ ਹੀ ਹੁੰਦੀ ਹੈ, ਪਰ ਜਦੋਂ ਲੇਖਕ ਨੇ ਕੋਈ ਵਿਸ਼ੇਸ਼ ਪਰਭਾਵ ਦੇਣਾ ਹੋਵੇ ਤਾਂ ਇਹਨਾਂ ਨਾਵਾਂ ਦਾ ਸਥਾਨ ਬਦਲ ਵੀ ਸਕਦਾ ਹੈ :

(1) ਸ਼ਿੰਦੇ ਨੇ ਸ਼ੈਲੀ ਨੂੰ ਰੋਟੀ ਦਿੱਤੀ।

(2) ਨੀਲਮ ਨੇ ਮੈਨੂੰ ਆਪਣੀ ਤਸਵੀਰ ਭੇਜੀ।

(3) ਇਕ ਖਤ ਮੈਂ ਮੱਖਣ ਨੂੰ ਲਿਖਿਆ।

(4) ਉਹ ਮੈਨੂੰ ਇਕ ਜੀਉਂਦਾ ਸਾਥੀ ਜਾਪਿਆ।

3.1.7 ਪਰਧਾਨ ਕਰਮ + ਅਪਰਧਾਨ ਕਰਮ + ਕਿਰਿਆ :

ਇਹਨਾਂ ਵਾਕਾਂ ਵਿਚ ਕਰਤਾ ਨਾਂਵ ਨਹੀਂ ਹੁੰਦਾ ਅਤੇ ਸਿਰਫ ਪਰਧਾਨ ਅਤੇ ਅਪਰਧਾਨ ਕਰਮ ਹੀ ਹੁੰਦਾ ਹੈ, ਕਈ ਵਾਰ ਇਹਨਾਂ ਦੋਹਾਂ ਵਿਚੋਂ ਸਿਰਫ ਇਕ ਹੀ ਹੁੰਦਾ ਹੈ। ਜਿਵੇਂ :-

(1) ਪਰਦੇਸੀ ਨੂੰ ਪਿਆਰ ਕੀਤਾ ਜਾਂਦਾ ਹੈ।

(2) ਮੁੰਡੇ ਨੂੰ ਰੋਟੀ ਖੁਆਈ ਗਈ।

3.1.8 ਪਰਧਾਨ ਕਰਮ + ਕਿਰਿਆ :

ਨਮੂਨੇ ਦੇ ਇਹਨਾਂ ਵਾਕਾਂ ਵਿਚ ਪਰਧਾਨ ਕਰਮ ਹੁੰਦਾ ਹੈ ਅਤੇ ਕਿਰਿਆ ਦਾ ਇਸ ਨਾਂਵ ਨਾਲ ਮੇਲ ਹੁੰਦਾ ਹੈ। ਆਮ ਕਰਕੇ ਇਹ ਵਾਕ ਹੁਕਮੀ ਵਾਕ ਹੁੰਦੇ ਹਨ ਜਿਹਨਾਂ ਵਿਚ ਕਰਤਾ ਦਾ ਸੰਕੇਤ ਹੁੰਦਾ ਹੈ। ਜਿਵੇਂ :-

(1) ਸਨਦ ਮਿਲ ਗਈ ਹੈ।

(2) ਪਾਰਸਲ ਖੋਲ੍ਹੋ।

3.2 **ਮਿਸ਼ਰਤ ਵਾਕ** (complex sentence)

ਜਿਸ ਵਾਕ ਵਿਚ ਘੱਟੋ ਘੱਟ ਇਕ ਮੁਖ ਉਪਵਾਕ ਅਤੇ ਇਕ ਜਾਂ ਇਕ ਤੋਂ ਵਧੀਕ ਅਧੀਨ

ਉਪਵਾਕ ਹੋਣ ਉਸ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ। ਮੁੱਖ ਉਪਵਾਕ ਵਿਚ ਕਿਰਿਆ ਪੂਰਨ ਹੁੰਦੀ ਹੈ। (ਪੂਰਣ ਜਾਂ finite ਕਿਰਿਆ ਉਹ ਹੁੰਦੀ ਹੈ ਜੋ ਨਾਂਵ ਦੇ ਲਿੰਗ ਵਚਨ ਤੇ ਪੁਰਖ ਆਦਿ ਨਾਲ ਬਦਲ ਜਾਵੇ) ਕਿਰਿਆ ਪੂਰਵ ਤੋਂ ਇਲਾਵਾ ਅਪੂਰਣ ਵੀ ਹੋ ਸਕਦੀ ਹੈ। ਜਿਥੇ ਮੁੱਖ ਉਪਵਾਕ/ਸਵਾਧੀਨ ਉਪਵਾਕ ਇਕੱਲੇ ਤੌਰ ਤੇ ਵਾਕ ਦੇ ਰੂਪ ਵਿਚ ਵਿਚਰ ਸਕਣ ਦੀ ਸਮਰੱਥਾ ਰੱਖਦਾ ਹੈ ਉਥੇ ਅਧੀਨ ਅਧੀਨ ਉਪਵਾਕ/ ਪਰਾਧੀਨ ਉਪਵਾਕ ਕਿਸੇ ਮੁੱਖ ਉਪਵਾਕ ਦੇ ਹਿੱਸੇ ਦੇ ਤੌਰ ਤੇ ਆ ਸਕਦਾ ਹੈ। ਪੰਜਾਬੀ ਭਾਸ਼ਾ ਦੇ ਅਧੀਨ ਉਪਵਾਕਾਂ ਦੀ ਪਛਾਣ ਇਹਨਾਂ ਵਾਕਾਂ ਦੇ ਆਰੰਭ ਵਿਚ ਆਉਣ ਵਾਲੇ ਅਧੀਨ ਯੋਜਕ ਸ਼ਬਦਾਂ ਤੋਂ ਕੀਤੀ ਜਾਂਦੀ ਹੈ। ਇਹ ਅਧੀਨ ਯੋਜਕ ਹਨ : ਕਿ, ਜੋ, ਜਿਵੇਂ, ਜੇ, ਜਦੋਂ, ਜਿਹੜੇ, ਜਿਹਨਾਂ, ਜਿਹੜੀਆਂ, ਆਦਿ। ਭਾਵੇਂ ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿਚ ਮੁੱਖ ਉਪਵਾਕ ਅਤੇ ਅਧੀਨ ਉਪਵਾਕ ਦਾ ਸਥਾਨ ਨਿਸ਼ਚਿਤ ਨਹੀਂ ਹੁੰਦਾ ਤਾਂ ਵੀ ਬਹੁਤੇ ਵਾਕ 'ਕਿ' ਵਾਲੇ ਅਧੀਨ ਉਪਵਾਕਾਂ ਨੂੰ ਛੱਡ ਕੇ , ਅਧੀਨ ਉਪਵਾਕ ਮੁੱਖ ਉਪਵਾਕ ਤੋਂ ਪਹਿਲਾਂ ਆਉਂਦੇ ਹਨ। ਮਿਸ਼ਰਤ ਵਾਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ :

3.2.1 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਯੋਜਕ ਲੱਗਦੇ ਹਨ।

3.2.2 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਉਪਵਾਕਾਂ ਦੀ ਕਿਰਿਆ ਅਪੂਰਣ ਹੁੰਦੀ ਹੈ।

3.2.3 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਉਪਵਾਕ ਨਾਲ ਕੋਈ ਯੋਜਕ ਵੀ ਲਗਦਾ ਹੈ ਅਤੇ ਕਿਰਿਆ ਵੀ ਅਪੂਰਨ ਹੁੰਦੀ ਹੈ।

ਉਪਰੋਕਤ ਤਿੰਨ ਭਾਗਾਂ ਨੂੰ ਹੇਠ ਲਿਖੇ ਅਨੁਸਾਰ ਮਿਸਾਲਾਂ ਦੇ ਕੇ ਸਮਜਿਆ ਜਾ ਸਕਦਾ ਹੈ।

3.2.1 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਯੋਜਕ ਲੱਗਦੇ ਹਨ :

1. ਮੈਂ ਸੋਚ ਹੀ ਰਿਹਾ ਸੀ ਕਿ ਡੀਨ ਨੇ ਬੈਂਕ ਵੱਲ ਚਿੱਠੀ ਲਿਖ ਦਿੱਤੀ।

2. ਤੁਸੀਂ ਬੜੇ ਖੁਸ਼ ਹੁੰਦੇ ਜੇ ਉਦੋਂ, ਮੇਰਾ ਖਤ ਮਿਲ ਗਿਆ ਹੁੰਦਾ।

3. ਜਿਵੇਂ ਕੋਈ ਬਿਜਲੀ ਡਿੱਗੀ ਹੋਵੇ, ਕੁੜੀ ਦਾ ਰੰਗ ਇਕਦਮ ਪੀਲਾ ਹੋ ਗਿਆ।

3.2.2 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਉਪਵਾਕਾਂ ਦੀ ਕਿਰਿਆ ਅਪੂਰਣ ਹੁੰਦੀ ਹੈ:

1. ਸ਼ੈਲੀ ਪਾਣੀ ਦੇ ਕੇ ਚਲੀ ਗਈ।

2. ਗੇਟ ਦਾ ਕੁੰਡਾ ਖੋਹਲਿਆਂ ਕੋਈ ਜਾਗ ਪਵੇਗਾ।

3. ਉਹਨੂੰ ਮੈਂ ਕਸੀਦਾ ਕੱਢਦਿਆਂ ਹੋਇਆਂ ਵੇਖਿਆ ਹੋਇਆ ਸੀ।

3.2.3 ਉਹ ਮਿਸ਼ਰਤ ਵਾਕ ਜਿਹਨਾਂ ਵਿਚ ਅਧੀਨ ਉਪਵਾਕ ਨਾਲ ਕੋਈ ਯੋਜਕ ਵੀ ਲਗਦਾ ਹੈ ਅਤੇ ਕਿਰਿਆ ਵੀ ਅਪੂਰਨ ਹੁੰਦੀ ਹੈ :

1. ਮਿਸਜ਼ ਕੈਥਰੋ ਕੋਲੋਂ ਤੁਹਾਡਾ ਉਹ ਕੁਝ ਜਾਣ ਕੇ, ਜੋ ਤੁਸੀਂ ਕਦੇ ਖਤਾਂ ਵਿਚ ਲਿਖਣਾ ਨਹੀਂ ਸੀ ਮੈਂ ਆਪਣੀ ਬਣਾਈ ਤਸਵੀਰ ਨੂੰ ਬਦਲ ਲਿਆ।

2. ਪ੍ਰਿੰਸੀਪਲ ਸਾਰੇ ਬੱਚਿਆਂ ਨੂੰ ਤੋਰ ਕੇ ਮੈਨੂੰ ਰਸੋਈ ਵਿਚ ਲੈ ਗਈ ਜਿਥੇ ਪੰਜਵੀਂ ਜਮਾਤ ਦੀਆਂ ਕੁੜੀਆਂ ਨੇ ਮੇਰੇ ਲਈ ਰੋਟੀ ਤਿਆਰ ਕੀਤੀ ਸੀ।

ਉਪਰੋਕਤ ਤੋਂ ਇਲਾਵਾ ਮਿਸ਼ਰਤ ਵਾਕਾਂ ਦੀ ਪਛਾਣ ਇਸ ਗੱਲ ਤੋਂ ਕੀਤੀ ਜਾਂਦੀ ਹੈ ਕਿ ਮਿਸ਼ਰਤ ਵਾਕ ਵਿਚ ਇਕ ਉਪਵਾਕ ਦੂਜੇ ਉਪਵਾਕ ਵਿਚ ਲੁਪਤ ਹੁੰਦਾ ਹੈ।

3.2.4. 1. ਨੀਲੀ ਪੱਗ ਵਾਲਾ ਉਹ ਮੁੰਡਾ ਜਿਹੜਾ ਕਲ੍ਹ ਆਇਆ ਸੀ, ਚਲਾ ਗਿਆ ਹੈ।

ਉਪਰੋਕਤ ਵਾਕ ਨੰਬਰ 1 ਵਿਚ 'ਨੀਲੀ ਪੱਗ ਵਾਲਾ ਮੁੰਡਾ ਚਲਾ ਗਿਆ ਹੈ' ਇਕ ਸੁਤੰਤਰ ਵਾਕ ਹੈ ਅਤੇ 'ਜਿਹੜਾ ਕਲ੍ਹ ਆਇਆ ਸੀ' ਅਧੀਨ ਉਪਵਾਕ ਹੈ ਜੋ ਮੁੰਡੇ ਵੱਲ ਇਸ਼ਾਰਾ ਕਰਦਾ ਹੈ 'ਜੋ ਮੁੰਡਾ ਕਲ੍ਹ ਆਇਆ ਸੀ'।

ਉਪਰੋਕਤ ਵਾਕ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਮਿਸ਼ਰਤ ਵਾਕ ਵਿਚ ਇਕ ਤੋਂ ਵੱਧ

ਮੁੱਖ ਉਪਵਾਕ ਵੀ ਹੋ ਸਕਦੇ ਹਨ ਅਤੇ ਅਧੀਨ ਉਪਵਾਕ ਵੀ। ਅਜਿਹੇ ਵਾਕ ਵਿਚ ਉਪਵਾਕਾਂ ਨੂੰ ਆਪਸ ਵਿਚ ਜੋੜਿਆ ਜਾਂਦਾ ਹੈ।

### 3.3 ਸੰਯੁਕਤ ਵਾਕ (Compound sentence)

ਇਕ ਤੋਂ ਵਧੀਕ ਸਮਾਨ ਉਪਵਾਕਾਂ ਵਾਲੇ ਵਾਕ ਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਜਿਹਨਾਂ ਵਾਕਾਂ ਦੀ ਬਣਤਰ ਵਿਚ ਦੋ ਜਾਂ ਦੋ ਤੋਂ ਵੱਧ ਮੁੱਖ ਉਪਵਾਕ/ਸਵਾਧੀਨ ਉਪਵਾਕ ਆਉਣ ਉਹਨਾਂ ਵਾਕਾਂ ਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ। ਕਿਰਿਆ ਵਾਕੰਸ਼ਾਂ ਨਾਲ ਨਾਂਵ ਵਾਕੰਸ਼ ਜੁੜਦੇ ਹਨ। ਕਿਰਿਆ ਵਾਕੰਸ਼ ਅਤੇ ਨਾਂਵ ਵਾਕੰਸ਼ ਦੇ ਜੋੜ ਨਾਲ ਉਪਵਾਕ ਬਣਦਾ ਹੈ। ਇਸ ਦਾ ਭਾਵ ਇਹ ਹੈ ਕਿ ਸੰਯੁਕਤ ਵਾਕ ਵਿਚ ਇਕ ਤੋਂ ਵੱਧ ਉਪਵਾਕ ਆ ਸਕਦੇ ਹਨ। ਇਹਨਾਂ ਉਪਵਾਕਾਂ ਨੂੰ ਜੋੜਨ ਲਈ 'ਤੇ' ਅਤੇ 'ਜੇ' , ਤਾਂ, ਪਰ, ਪਰ ਫੇਰ ਵੀ, ਇਸੇ ਲਈ, ਸਗੋਂ, ਆਦਿ ਯੋਜਕ ਲਗਦੇ ਹਨ। ਸੰਯੁਕਤ ਵਾਕ ਦੀ ਬਣਤਰ ਵਿਚ ਘੱਟੋ ਘੱਟ ਦੋ ਉਪਵਾਕ ਹੁੰਦੇ ਹਨ ਅਤੇ ਇਸ ਕਿਸਮ ਦੇ ਵਾਕ ਵਿਚ ਆਉਣ ਵਾਲੇ ਸਾਰੇ ਦੇ ਸਾਰੇ ਉਪਵਾਕ ਸੁਤੰਤਰ ਬਣਤਰ ਵਾਲੇ ਹੁੰਦੇ ਹਨ। ਭਾਵ 'ਇਹਨਾਂ ਉਪਵਾਕਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਇਕੱਲੇ ਤੌਰ ਤੇ ਵਿਚਰ ਸਕਣ ਦੀ ਸਮਰੱਥਾ ਰੱਖਦੇ ਹਨ। ਇਹਨਾਂ ਵਿਚੋਂ ਕੋਈ ਵੀ ਉਪਵਾਕ ਕਿਸੇ ਦੂਜੇ ਉਪਵਾਕ ਦੇ ਅਧੀਨ ਨਹੀਂ ਹੁੰਦਾ, ਸਾਰੇ ਬਰਾਬਰ ਦੇ ਭਾਵ ਸਮਾਨ ਉਪਵਾਕ ਹੁੰਦੇ ਹਨ। ਜਿਵੇਂ :-

(1) ਸ਼ੈਲੇ ਸੁੱਤਾ ਪਿਆ ਸੀ ਅਤੇ ਸ਼ੈਲੀ ਪੜ੍ਹ ਰਹੀ ਸੀ।

(2) ਮੰਗਤੂ ਚਾਹ ਪੀ ਰਿਹਾ ਸੀ, ਦੇਵਿੰਦਰ ਹੁਰੀਂ ਗੱਲਾਂ ਕਰ ਰਹੀਆਂ ਸਨ, ਸਤਨਾਮ ਦੇਖ ਰਿਹਾ ਸੀ ਪਰ ਪਰਮਜੀਤ ਗਾਲ੍ਹਾਂ ਕੱਢ ਰਿਹਾ ਸੀ।

ਵਾਕ ਨੰਬਰ 1 ਵਿਚ ਦੋ ਉਪਵਾਕ ਹਨ ਅਤੇ ਵਾਕ ਨੰਬਰ 2 ਵਿਚ ਚਾਰ।

ਇਹਨਾਂ ਸਾਰਿਆਂ ਨੂੰ ਵੱਖ ਵੱਖ ਕਰਕੇ ਵੇਖਿਆ ਜਾਵੇ ਤਾਂ ਇਹ ਵੱਖ ਵੱਖ ਸਧਾਰਨ ਵਾਕ ਹਨ। ਜਿਵੇਂ ਵਾਕ ਨੰਬਰ (1) ਵਿਚ ਹੇਠ ਲਿਖੇ ਦੋ ਉਪਵਾਕ ਹਨ :

(1) ਸ਼ੈਲੇ ਸੁੱਤਾ ਪਿਆ ਸੀ।

(2) ਸ਼ੈਲੀ ਪੜ੍ਹ ਰਹੀ ਸੀ।

ਵਾਕ ਨੰਬਰ (2) ਵਿਚ ਹੇਠ ਲਿਖੇ ਚਾਰ ਉਪਵਾਕ ਹਨ :

(1) ਮੰਗਤੂ ਚਾਹ ਪੀ ਰਿਹਾ ਸੀ।

(2) ਦੇਵਿੰਦਰ ਹੁਰੀਂ ਗੱਲਾਂ ਕਰ ਰਹੀਆਂ ਸਨ।

(3) ਸਤਨਾਮ ਦੇਖ ਰਿਹਾ ਸੀ।

(4) ਪਰਮਜੀਤ ਗਾਲ੍ਹਾਂ ਕੱਢ ਰਿਹਾ ਸੀ।

ਉਪਰੋਕਤ ਦਿੱਤੇ ਗਏ ਵਾਕਾਂ ਵਿਚ ਸੰਯੁਕਤ ਵਾਕ ਦੀ ਬਣਤਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਸਾਨੂੰ ਸਪੱਸ਼ਟ ਹੁੰਦਾ ਹੈ :

ਸੰਯੁਕਤ ਵਾਕ = ਸਧਾਰਨ ਵਾਕ + ਯੋਜਕ +
ਸਧਾਰਨ ਵਾਕ + ਯੋਜਕ + ਸਧਾਰਨ ਵਾਕ

ਇਹਨਾਂ ਵਾਕਾਂ ਵਿਚ ਉਪਵਾਕਾਂ ਨੂੰ ਆਪਸ ਵਿਚ ਜੋੜਨ ਲਈ ਯੋਜਕਾਂ (conjections) ਦੀ ਬਹੁਭਾਂਤੀ ਵਰਤੋਂ ਕੀਤੀ ਜਾਂਦੀ ਹੈ। ਕਈ ਵਾਰ ਯੋਜਕ ਦੀ ਥਾਂ ਠਹਿਰਾਉ (,) ਵੀ ਵਰਤ ਲਿਆ ਜਾਂਦਾ ਹੈ। ਹੇਠਲੇ ਵਾਕਾਂ ਵਿਚ ਯੋਜਕਾਂ ਦੀ ਵਰਤੋਂ ਵੇਖ ਸਕਦੇ ਹਾਂ :

(1) ਮਨਜੀਤ ਝੂਠ ਬੋਲਦੀ ਗਈ, ਮੈਂ ਸੁਣਦਾ ਗਿਆ।

(2) ਮੈਨੂੰ ਉਸ ਨੇ ਚਾਹ ਦਾ ਗਲਾਸ ਫੜਾਇਆ ਤੇ ਮੈਂ ਪੀ ਲਿਆ।

(3) ਉਹ ਘਰ ਚਲਾ ਗਿਆ ਪਰ ਮੈਂ ਨਹੀਂ ਗਿਆ।

ਸੰਯੁਕਤ ਵਾਕਾਂ ਦੀ ਬਣਤਰ ਵਿਚ ਯੋਜਕਾਂ ਦਾ ਸਥਾਨ ਕਦੀ ਵੀ ਪਹਿਲਾ ਨਹੀਂ ਹੋ ਸਕਦਾ ਹਮੇਸ਼ਾ ਇਕ ਮੁੱਖ ਉਪਵਾਕ ਪਹਿਲਾਂ ਆਉਂਦਾ ਹੈ ਅਤੇ ਯੋਜਕ ਤੋਂ ਪਿਛੋਂ ਦੂਜਾ ਮੁੱਖ ਉਪਵਾਕ ਆਉਂਦਾ ਹੈ। ਇਸ ਤਰ੍ਹਾਂ ਸੰਯੁਕਤ ਵਾਕਾਂ ਦਾ ਵਿਸਤਾਰ ਹੁੰਦਾ ਜਾਂਦਾ ਹੈ।

ਉਪਰੋਕਤ ਚਰਚਾ ਵਾਕਾਂ ਦੀ ਬਣਰਤ ਅਨੁਸਾਰ ਕੀਤੀ ਗਈ ਹੈ। ਕਾਰਜ ਦੇ ਅਧਾਰ ਤੇ ਵਾਕਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਕੀਤੀ ਜਾ ਰਹੀ ਹੈ।

ਭਾਸ਼ਾ ਕਿਸੇ ਵੀ ਸਮਾਜ ਵਿਚ ਰਹਿ ਰਹੇ ਲੋਕਾਂ ਦਾ ਗੱਲਬਾਤ ਦਾ ਸਾਧਨ ਹੈ। ਸਥਿਤੀਆਂ ਅਨੁਸਾਰ ਭਾਸ਼ਾ ਦਾ ਕਾਰਜ ਵੀ ਬਦਲਦਾ ਹੈ। ਸਧਾਰਨ ਵਿਚਾਰ ਵਟਾਂਦਰੇ ਲਈ, ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਨੂੰ ਹੁਕਮ/ਬੇਨਤੀ ਕਰਨ ਲਈ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਅਧਾਰ ਤੇ ਵਾਕਾਂ ਨੂੰ ਹੇਠ ਲਿਖੀਆਂ ਕਿਸਮਾਂ ਵਿਚ ਵੰਡ ਸਕਦੇ ਹਾਂ :

### 4.1 (ੳ) ਪ੍ਰਸ਼ਨਵਾਚਕ ਵਾਕ :

ਜਿਸ ਵਾਕ ਵਿਚ ਇਕ ਬੁਲਾਰਾ ਕਿਸੇ ਸਰੋਤੇ ਕੋਲੋਂ ਕਿਸੇ ਕਿਸਮ ਦੀ ਕੋਈ ਪੁੱਛ ਕਰੇ ਉਸ ਵਾਕ ਨੂੰ ਪ੍ਰਸ਼ਨ ਵਾਚਕ ਵਾਕ ਆਖਦੇ ਹਨ। ਪ੍ਰਸ਼ਨ ਵਾਚਕ ਵਾਕਾਂ ਦੁਆਰਾ ਕੋਈ ਪ੍ਰਸਨ ਪੁੱਛਿਆ ਗਿਆ ਹੁੰਦਾ ਹੈ। ਪ੍ਰਸ਼ਨ ਵਾਚਕ ਵਾਕ ਦੀ ਬਣਤਰ ਦੇ ਦੋ ਪ੍ਰਮੁੱਖ ਤੱਤ ਹਨ (1) ਪ੍ਰਸ਼ਨਵਾਚੀ ਸ਼ਬਦ (2) ਪ੍ਰਸ਼ਨਵਾਚੀ ਉਚਾਰਨ ਲਹਿਜਾ/ਸੁਰ ਲਹਿਰ।

**1. ਪ੍ਰਸ਼ਨਵਾਚੀ ਸ਼ਬਦ** : ਹਰ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਹੁੰਦੇ ਹਨ ਜੋ ਕਿਸੇ ਪੁੱਛ ਪੜਤਾਲ ਦੇ ਸੰਬੰਧ ਵਿਚ ਵਰਤੇ ਜਾਂਦੇ ਹਨ। ਇਹਨਾਂ ਦੀ ਵਰਤੋਂ ਨਾਲ ਵਾਕ ਦਾ ਉਚਾਰਨ ਅਤੇ ਭਾਵ ਪ੍ਰਸਨ ਸੂਚਕ ਜਾਂ ਸਵਾਲੀਆ ਹੋ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਵਰਤੇ ਜਾਂਦੇ ਕੁਝ ਪ੍ਰਸ਼ਨ ਸੂਚਕ ਸ਼ਬਦ ਇਹ ਹਨ : ਕੀ, ਕਿਉਂ, ਕਿੱਥੇ, ਕਦੋਂ, ਕਿਹੜਾ, ਕਿਵੇਂ, ਕੌਣ, ਕਿਸ, ਕਿੰਨੇ, ਕਿਧਰ, ਆਦਿ। ਇਹਨਾਂ ਦੀ ਵਾਕ ਵਰਤੋਂ ਦੀਆਂ ਕੁਝ ਮਿਸਾਲਾਂ ਇਹ ਲਈਆਂ ਜਾ ਸਕਦੀਆਂ ਹਨ :

(1) ਕੀ ਤੁਸੀਂ ਚੋਰ ਹੋ ?
(2) ਤੁਸੀਂ ਮੇਰੇ ਨਾਲ ਝੂਠ ਕਿਉਂ ਮਾਰਦੇ ਹੋ ?
(3) ਤੁਹਾਡੀ ਭੈਣ ਦਾ ਕਦੋਂ ਕੰਮ ਬਣਨਾ ਹੈ ?
(4) ਉਹ ਉਥੇ ਕਿਵੇਂ ਅਪੜਿਆ ?
(5) ਕਿਹੜਾ ਟੀ.ਵੀ. ਤੁਹਾਨੂੰ ਵਧੇਰੇ ਪਸੰਦ ਹੈ ?
(6) ਸਤਨਾਮ ਨੂੰ ਕੌਣ ਲਿਆਵੇਗਾ ?
(7) ਇਹ ਸ਼ਰਾਬ ਕਿਸ ਨੇ ਪੀਤੀ ?
(8) ਲਿੰਗ ਕਿੰਨੀ ਕਿਸਮ ਦੇ ਹੁੰਦੇ ਹਨ ?
(9) ਨਾਵਲ ਦੀ ਭਾਸ਼ਾ ਕਿੰਨੇ ਕਿਸਮ ਦੀ ਹੁੰਦੀ ਹੈ ?
(10) ਤੂੰ ਕਿਥੇ ਚਲੀ ਏਂ ?

(2) ਪ੍ਰਸ਼ਨਵਾਚੀ ਲਹਿਜਾ : ਕੁਝ ਵਾਕ ਅਜਿਹੇ ਹੁੰਦੇ ਹਨ ਜਿਹਨਾਂ ਵਿਚ ਕਿਸੇ ਪ੍ਰਸ਼ਨ ਸੂਚਕ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਹੁੰਦੀ, ਜਿਸ ਕਾਰਨ ਉਹਨਾਂ ਦੀ ਬਣਤਰ ਬਿਆਨੀਆਂ ਵਾਕ ਵਾਲੀ ਹੁੰਦੀ ਹੈ, ਪਰ ਉਹਨਾਂ ਨੂੰ ਪ੍ਰਸ਼ਨਵਾਚੀ ਸੁਰ ਵਿਚ ਉਚਾਰਨ ਨਾਲ ਉਹ ਵਾਕ ਪ੍ਰਸ਼ਨ ਵਾਚਕ ਬਣ ਜਾਂਦੇ ਹਨ। ਅਜਿਹੇ ਵਾਕਾਂ ਦੇ ਅੰਤ ਵਿਚ ਵੀ ਪ੍ਰਸ਼ਨ ਸੂਚਕ ਸ਼ਬਦਾਂ ਵਾਲੇ ਵਾਕਾਂ ਵਾਂਗ ਪ੍ਰਸ਼ਨ ਚਿੰਨ ( ?) ਦੀ ਵਰਤੋਂ ਕੀਤੀ ਜਾਂਦੀ ਹੈ :

(1) ਤੁਸੀਂ ਪ੍ਰੋਫ਼ੈਸਰ ਹੋ ?
(2) ਹਰਿਆਣੇ ਦੀ ਰਾਜਧਾਨੀ ਵੀ ਚੰਡੀਗੜ੍ਹ ਹੈ ?
(3) ਉਹ ਪਰਸੋਂ ਇਥੇ ਆ ਜਾਵੇਗਾ ?

(4) ਉਸ ਦਾ ਵੱਡਾ ਭਰਾ ਚਲਾਕ ਹੈ ?

(5) ਉਥੇ ਜਾ ਕੇ ਤੁਸੀਂ ਸਾਨੂੰ ਭੁੱਲ ਤਾਂ ਨਹੀਂ ਜਾਓਗੇ ?

ਪ੍ਰਸ਼ਨ ਸੂਚਕ ਸ਼ਬਦਾਂ ਦੀ ਵਰਤੋਂ ਦੇ ਸੰਬੰਧ ਵਿਚ ਇਹ ਨੁਕਤਾ ਧਿਆਨਯੋਗ ਹੈ ਕਿ ਵਾਕ ਦੇ ਵਿਸ਼ੇਸ਼ ਸਥਾਨ ਉਤੇ ਆ ਕੇ ਪ੍ਰਸ਼ਨ-ਸੂਚਕ ਸ਼ਬਦ ਵਿਸ਼ੇਸ਼ ਅਰਥ ਪ੍ਰਗਟ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇੰਜ ਕਿਹਾ ਜਾ ਸਕਦਾ ਹੈ ਕਿ ਪ੍ਰਸ਼ਨ ਸੂਚਕ ਸ਼ਬਦ ਦੇ ਵਾਕ ਵਿਚ ਵੱਖ ਵੱਖ ਥਾਵਾਂ ਉਤੇ ਆਉਣ ਨਾਲ ਵਾਕ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ :

(1) ਕੀ ਤੁਸੀਂ ਕੰਮ ਕਰਦੇ ਹੋ ?

(2) ਤੁਸੀਂ ਕੀ ਕੰਮ ਕਰਦੇ ਹੋ ?

(3) ਤੁਸੀਂ ਕੰਮ ਕੀ ਕਰਦੇ ਹੋ ?

(4) ਤੁਸੀਂ ਕੰਮ ਕਰਦੇ ਕੀ ਹੋ ?

(5) ਕੌਣ ਟੱਲ ਖੜਕਾ ਰਿਹਾ ਹੈ ?

(6) ਟੱਲ ਕੌਣ ਖੜਕਾ ਰਿਹਾ ਹੈ ?

(7) ਟੱਲ ਖੜਕਾ ਕੌਣ ਰਿਹਾ ਹੈ ?

ਪ੍ਰਸ਼ਨਵਾਚਕ ਵਾਕ ਆਪਣੇ ਉਤਰਾਂ ਦੀ ਦ੍ਰਿਸ਼ਟੀ ਤੋਂ ਦੋ ਕਿਸਮਾਂ ਦੇ ਹੁੰਦੇ ਹਨ। ਇਕ ਕਿਸਮ ਉਹਨਾਂ ਪ੍ਰਸ਼ਨ ਵਾਚਕ ਵਾਕਾਂ ਦੀ ਹੈ ਜਿਹਨਾਂ ਦੇ ਉਤਰ 'ਹਾਂ' ਅਥੇ ਜਾਂ 'ਨਾਂਹ' ਵਿਚ ਦਿੱਤੇ ਜਾ ਸਕਦੇ ਹਨ। ਇਹਨਾਂ ਨੂੰ ਹਾਂ/ਨਾਂਹ ਸੂਚਕ ਪ੍ਰਸ਼ਨ ਵਾਚਕ ਵਾਕ ਕਿਹਾ ਜਾ ਸਕਦਾ ਹੈ :

(1) ਕੀ ਤੁਸੀਂ ਈਮਾਨਦਾਰ ਹੋ ?

(2) ਕੀ ਉਹਦਾ ਵਿਆਹ ਹੋ ਚੁੱਕਾ ਹੈ ?

(3) ਮੇਰੀ ਚਿੱਠੀ ਤੁਹਾਨੂੰ ਮਿਲ ਗਈ ਸੀ ?

ਦੂਜੀ ਕਿਸਮ ਦੇ ਪ੍ਰਸ਼ਨਵਾਚਕ ਵਾਕ ਉਹ ਹੁੰਦੇ ਹਨ ਜਿਹਨਾਂ ਦੇ ਉਤਰ ਵਿਚ ਬਿਆਨੀਆ ਵਾਕ ਜਾਂ ਵਾਕੰਸ਼ ਦੀ ਲੋੜ ਪੈਂਦੀ ਹੈ :

(1) ਇਹ ਕਲਮ ਕਿਸ ਨੇ ਤੋੜੀ ਹੈ ?

(2) ਉਹ ਤੁਹਾਡੇ ਘਰ ਕਦੋਂ ਆਇਆ ਸੀ ?

(3) ਇਸ ਕਿਤਾਬ ਦਾ ਲੇਖਕ ਕੌਣ ਹੈ ?

## 4.2 ਹੁਕਮੀ ਵਾਕ :

ਜਿਸ ਵਾਕ ਰਾਹੀਂ ਕੋਈ ਬੁਲਾਰਾ ਸਰੋਤੇ ਨੂੰ ਕੁਝ ਕਰਨ ਲਈ ਹੁਕਮ ਦੇਵੇ ਜਾਂ ਬੇਨਤੀ ਕਰੇ, ਉਸ ਨੂੰ ਹੁਕਮੀ ਵਾਕ ਕਹਿੰਦੇ ਹਨ। ਕਾਰਜੀ ਪੱਧਰ ਉਤੇ ਹੁਕਮੀ ਵਾਕ ਵਾਕਾਂ ਦੀ ਇਕ ਹੋਰ ਕਿਸਮ ਹੈ। ਹੁਕਮੀ ਵਾਕਾਂ ਵਿਚ ਕਿਸੇ ਨੂੰ ਬੇਨਤੀ ਕੀਤੀ ਗਈ ਜਾਂ ਫਿਰ ਹੁਕਮ ਦਿਤਾ ਗਿਆ ਹੁੰਦਾ ਹੈ। ਇਥੇ ਸ਼ਬਦ ਹੁਕਮ ਆਪਣੇ ਕੋਸ਼ੀ ਅਰਥਾਂ ਵਿਚ ਨਹੀਂ ਰੱਖਿਆ ਗਿਆ। ਇਹਨਾਂ ਅਰਥਾਂ ਵਿਚ 'ਹੁਕਮ' ਤੋਂ ਭਾਵ ਹੈ ਕਿਸੇ ਵਿਅਕਤੀ ਦੁਆਰਾ ਪੂਰੇ ਰੋਹਬ ਜਾਂ ਦਬਦਬਾ ਨਾਲ ਕਿਸੇ ਦੂਜੇ ਵਿਅਕਤੀ ਨੂੰ ਕੋਈ ਕੰਮ ਕਰਨ ਦਾ ਆਦੇਸ਼ ਦਿੱਤੇ ਜਾਣਾ, ਪਰ ਇਥੇ ਇਹ ਸ਼ਬਦ ਤਕਨੀਕੀ ਅਰਥਾਂ ਵਿਚ ਲਿਆ ਗਿਆ ਹੈ, ਜਿਸ ਅਨੁਸਾਰ ਇਸ ਦਾ ਅਰਥ ਹੈ, ਇਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਨੂੰ ਕੁਝ ਕਰਨ ਲਈ ਕਿਹਾ ਜਾਣਾ। ਇਹ ਜਾਣਾ ਹੁਕਮ ਵੀ ਹੋ ਸਕਦਾ ਹੈ ਅਤੇ ਬੇਨਤੀ ਵੀ। ਇਹਨਾਂ ਵਾਕਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ : ਆਗਿਆਵਾਚੀ ਅਤੇ ਬੇਨਤੀ ਸੂਚਕ। ਉਂਜ ਕਈ ਵਾਕ ਬਣਤਰ ਦੇ ਪੱਧਰ ਤੇ ਹੁਕਮ ਸੂਚਕ ਅਤੇ ਬੇਨਤੀ ਵਾਚਕ ਵਾਕਾਂ ਵਿਚ ਕੋਈ ਭਿੰਨਤਾ ਨਹੀਂ ਹੁੰਦੀ। ਵਕਤਾ ਦਾ ਦੂਜੇ ਵਿਅਕਤੀ ਨਾਲ ਰਿਸ਼ਤਾ ਅਤੇ ਉਸ ਦੇ ਉਚਾਰਨ ਦਾ ਲਹਿਜਾ ਹੀ ਉਹਨਾਂ ਵਿਚ ਭਿੰਨਤਾ ਲਿਆਉਂਦਾ ਹੈ। ਜਿਵੇਂ :

(1) ਪਾਣੀ ਪਿਆਓ।

ਨੰਬਰ (1) ਵਾਕ ਜੋ ਵੱਖ ਵੱਖ ਸਥਿਤੀਆਂ ਵਿਚ ਹੁਕਮ ਵੀ ਹੋ ਸਕਦਾ ਹੈ ਅਤੇ ਬੇਨਤੀ ਵੀ। ਇਹਨਾਂ ਵਾਕਾਂ ਵਿਚ 'ਕਿਰਪਾ ਕਰਕੇ', 'ਜੀ' ਆਦਿ ਸ਼ਬਦਾਂ ਦੀ ਵਰਤੋਂ ਇਹਨਾਂ ਦਾ ਸਰੂਪ ਨਿਸ਼ਚਿਤ ਕਰਦੀ ਹੈ। ਜਿਵੇਂ :

(2) ਕਿਰਪਾ ਕਰਕੇ ਪਾਣੀ ਪਿਆਓ।

(3) ਪਾਣੀ ਪਿਆਓ ਜੀ।

(4) ਮੈਂ ਕਿਹਾ ਨਾ, ਪਾਣੀ ਪਿਆਓ ਵੀ।

ਉਪਰੋਕਤ ਦਿੱਤੇ ਗਏ ਵਾਕ 'ਹੁਕਮੀ ਵਾਕ' ਵਿਚ ਦੋ ਕਿਸਮਾਂ ਉਪਲਬਧ ਹੁੰਦੀਆਂ ਹਨ :

4.2.1 ਆਗਿਆਵਾਚੀ

4.2.2 ਬੇਨਤੀ ਸੂਚਕ

4.2.1 **ਆਗਿਆਵਾਚੀ** : ਜਿਸ ਵਾਕ ਦੀ ਵਰਤੋਂ ਦੁਆਰਾ ਇਕ ਬੁਲਾਰੇ ਵਲੋਂ ਕਿਸੇ ਸਰੋਤੇ ਨੂੰ ਕੋਈ ਕਾਰਜ ਕਰਨ ਦੀ ਆਗਿਆ ਕੀਤੀ ਗਈ ਹੋਵੇ, ਉਸ ਵਾਕ ਨੂੰ ਆਗਿਆ-ਵਾਚੀ ਹੁਕਮੀਵਾਕ ਕਿਹਾ ਜਾਂਦਾ ਹੈ।

4.2.2 **ਬੇਨਤੀ ਸੂਚਕ** : ਉਸ ਵਾਕ ਨੂੰ ਬੇਨਤੀ ਸੂਚਕ ਹੁਕਮੀ ਵਾਕ ਕਿਹਾ ਜਾਵੇਗਾ, ਜਿਸ ਵਿਚ ਬੁਲਾਰੇ ਵਲੋਂ ਸਰੋਤੇ ਅੱਗੇ ਕੁਝ ਕਰਨ ਜਾਂ ਨਾ ਕਰਨ ਦੀ ਬੇਨਤੀ ਕੀਤੀ ਗਈ ਹੋਵੇ।

ਜਿਵੇਂ ਉਪਰ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਇਹਨਾਂ ਦੋਹਾਂ ਕਿਸਮਾਂ ਵਿਚ ਅੰਤਰ ਇਹਨਾਂ ਵਾਕਾਂ ਦੀ ਉਚਾਰਨ ਸਥਿਤੀ ਅਤੇ ਉਚਾਰਨ ਲਹਿਜੇ ਉਤੇ ਨਿਰਭਰ ਕਰਦਾ ਹੈ। ਇਕ ਹੁਕਮੀ ਵਾਕ ਜੇ ਕਰੜੀ ਅਤੇ ਰੋਹਬ ਭਰੀ ਆਵਾਜ਼ ਵਿਚ ਉਠਾਇਆ ਜਾਵੇ ਤਾਂ ਬੇਨਤੀ ਸੂਚਕ/ਹੁਕਮੀ ਵਾਕ ਦਾ ਕਰਤਾ ਮਧਮ ਪੁਰਖ ਹੀ ਹੁੰਦਾ ਹੈ ਜੋ ਵਧੇਰੇ ਵਾਕਾਂ ਵਿਚ ਲੁਪਤ ਹੁੰਦਾ ਹੈ। ਇਸ ਵਾਕ ਦੇ ਕਰਤਾ ਲਈ ਮਧਮ ਪੁਰਖੀ ਪੜਨਾਂਵ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਅਤੇ ਕਈ ਵਾਰ ਨਾਂਵ ਦੀ ਵੀ। ਅਜਿਹੇ ਵਾਕਾਂ ਵਿਚ ਕਰਤਾ ਦੇ ਵਚਨ ਦੀ ਸੂਚਨਾ ਤਾਂ ਮਿਲਦੀ ਹੈ, ਪਰ ਲਿੰਗ ਦੀ ਨਹੀਂ। ਹੁਕਮੀਂ ਵਾਕਾਂ ਦੀਆਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

(1) ਤੁਰੀ ਜਾਓ।

(2) ਹੌਲੀ ਚੱਲੋ।

(3) ਇਹ ਗਲਤੀ ਮੁੜ ਕੇ ਨਾ ਦੁਹਰਾਣਾ।

(4) ਭੈਣ ਜੀ, ਤੁਸੀਂ ਨਾ ਜਾਓ।

(5) ਠੰਡਾ ਸ਼ਰਬਤ ਪੀ ਲਉ ਜੀ।

(6) ਸ਼ੈਲੀ, ਸ਼ਰਾਰਤਾਂ ਨਾ ਕਰਨਾ।

(7) ਕਿਸੇ ਦਿਨ ਸਾਡੇ ਗ੍ਰਹਿ ਵਿਖੇ ਆਇਓ।

(8) ਜਵਾਨ, ਆਓ ਇਕੱਠੇ ਇਹ ਜੰਗ ਲੜ ਲਈਏ।

(9) ਮੈਨੂੰ ਛੇਤੀ ਲਿਖ ਦੇਣਾ।

(10) ਕਿਰਪਾ ਕਰ ਕੇ ਇਹ ਚਿੱਠੀ ਲੈਟਰ ਬਾਕਸ 'ਚ ਪਾ ਦੇਣਾ।

(11) ਤੂੰ ਕਦੇ ਮੈਨੂੰ ਛੱਡੀ ਨਾਂ।

ਉਪਰੋਕਤ ਦਿਤੀਆਂ ਗਈ ਉਦਾਹਰਨਾਂ ਹੁਕਮੀ ਵਾਕਾਂ ਨੂੰ ਸਪੱਸ਼ਟ ਕਰਦੀਆਂ ਹਨ।

## 4.3 ਬਿਆਨੀਆਂ ਵਾਕ :

ਜਿਸ ਵਾਕ ਵਿਚ ਕਿਸੇ ਸਥਿਤੀ ਜਾਂ ਤੱਥ ਨੂੰ ਬਿਆਨ ਕੀਤਾ ਗਿਆ ਹੋਵੇ ਉਸ ਨੂੰ ਬਿਆਨੀਆ ਵਾਕ ਕਿਹਾ ਜਾਂਦਾ ਹੈ। ਕਾਰਜੀ ਪੱਧਰ ਉਪਰ ਬਿਆਨੀਆ ਵਾਕ, ਵਾਕ ਦੀ ਵਿਸ਼ੇਸ਼ ਕਿਸਮ ਹੈ, ਜਿਹਨਾਂ ਵਾਕਾਂ ਵਿਚ ਕੋਈ ਹੁਕਮ ਨਾ ਦਿੱਤਾ ਗਿਆ ਹੋਵੇ, ਬੇਨਤੀ ਨਾ ਕੀਤੀ ਗਈ ਹੋਵੇ ਜਾਂ ਫਿਰ ਪ੍ਰਸ਼ਨ ਨਾ

ਪੁਛਿਆ ਗਿਆ ਹੋਵੇ, ਉਸ ਨੂੰ ਬਿਆਨੀਆ ਵਾਕ ਕਿਹਾ ਜਾਂਦਾ ਹੈ। ਇਸ ਢੰਗ ਨਾਲ ਬਿਆਨੀਆ ਵਾਕਾਂ ਦੀ ਪਛਾਣ, ਪ੍ਰਸ਼ਨ ਵਾਚਕ ਅਤੇ ਬੇਨਤੀ ਵਾਚਕ ਵਾਕ ਦੇ ਵਿਰੋਧ ਵਿਚ ਹੁੰਦੀ ਹੈ।

ਬਿਆਨੀਆਂ ਵਾਕ ਵਿਚ ਕਿਸੇ ਤੱਥ ਜਾਂ ਸਚਾਈ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ, ਕਿਸੇ ਚੀਜ਼/ਵਸਤੂ (ਕਨਸੈਪਟ) ਦਾ ਵਰਣਨ ਕੀਤਾ ਗਿਆ ਹੁੰਦਾ ਹੈ। ਜੇ ਕਿਸੇ ਘਟਨਾ ਦੀ ਜਾਣਕਾਰੀ ਦਿਤੀ ਗਈ ਹੁੰਦੀ ਹੈ। ਬਣਤਰ ਦੀ ਪੱਧਰ ਉਤੇ ਇਹ ਵਾਕ ਸਧਾਰਨ ਤੋਂ ਇਲਾਵਾ ਸੰਯੁਕਤ ਅਤੇ ਮਿਸ਼ਰਤ ਵੀ ਹੁੰਦੇ ਹਨ। ਇਹਨਾਂ ਵਾਕਾਂ ਵਿਚ ਵਾਕ ਦੇ 'ਹਾਂ' ਜਾਂ 'ਨਾਂਹ' ਵਾਚਕ ਦੋਵੇਂ ਰੂਪ ਮਿਲਦੇ ਹਨ। ਬਿਆਨੀਆ ਵਾਕ ਵਰਤਮਾਨ, ਭੂਤ ਅਤੇ ਭਵਿਖ ਕਾਲ ਤਿੰਨਾ ਕਾਲਾਂ ਵਿਚੋਂ ਕਿਸੇ ਇਕ ਵਿਚ ਵਿਚਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਤਿੰਨੇ ਹੀ ਪੁਰਖਾਂ (ਉੱਤਮ, ਮੱਧਮ ਅਤੇ ਅਨਯ ਪੁਰਖ) ਬਾਰੇ ਬਿਆਨੀਆ ਵਾਕ ਹੋ ਸਕਦੇ ਹਨ। ਜਿਵੇਂ :-

(1) ਮੈਂ ਸ਼ੈਲੀ ਦੇ ਹੱਥ ਚੁੰਮ ਲਏ।

(2) ਮੈਂ ਤਸਵੀਰਾਂ ਵੇਖ ਰਿਹਾ ਹਾਂ।

(3) ਮੈਂ ਜੂਠੇ ਗਿਲਾਸ ਵਿਚੋਂ ਸੁੱਚਾ ਪਾਣੀ ਘੁੱਟ ਘੁੱਟ ਕਰਕੇ ਪੀ ਲਿਆ।

(4) ਅਸੀਂ ਪਾਕਿਸਤਾਨ ਦੀ ਸਰਹੱਦ ਉਤੇ ਗਏ ਸਾਂ।

(5) ਪੰਜਾਬ ਵਿਚ ਹਾੜ੍ਹ-ਸਿਆਲ ਸੂਰਜ ਚਮਕਦਾ ਰਹਿੰਦਾ ਹੈ।

(6) ਮਨੁੱਖ ਦੀ ਕਤਲੇਆਮ ਔਰੰਗਜ਼ੇਬ ਨੇ ਕੀਤੀ ਸੀ।

ਉਪਰੋਕਤ ਵਿਚ ਨੰਬਰ 1 ਤੋਂ 6 ਤਕ ਉਚਾਰੇ ਗਏ ਵਾਕ ਬਿਆਨੀਆ ਵਾਕ ਦੇ ਅੰਤਰਗਤ ਆਉਂਦੇ ਹਨ।

5. ਉਪਰੋਕਤ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਸੰਰਚਨਾ ਵਿਚ ਸਭ ਤੋਂ ਮਹੱਤਵਪੂਰਨ ਵਿਆਕਰਨਿਕ ਇਕਾਈ ਵਾਕ ਹੀ ਹੈ ਕਿਉਂਕਿ ਵਾਕ-ਪੱਧਰ ਉਤੇ ਹੀ ਕੋਈ ਭਾਸ਼ਾ ਵਿਚਾਰ-ਸੰਚਾਰ ਦੇ ਕਾਰਜ ਦਾ ਸਾਧਨ ਬਣਨ ਦੀ ਸਮਰਥਾ ਗ੍ਰਹਿਣ ਕਰਦੀ ਹੈ। ਭਾਸ਼ਾਈ ਉਚਾਰਨ ਦੀਆਂ ਛੋਟੀਆਂ ਤੋਂ ਛੋਟੀਆਂ ਵਿਆਕਰਨਿਕ ਇਕਾਈਆਂ ਦੇ ਨਾਲ ਨਾਲ ਵੱਡੀ ਤੋਂ ਵੱਡੀ ਵਿਆਕਰਨਿਕ ਇਕਾਈ ਨੂੰ ਅਧਾਰ ਬਣਾ ਕੇ ਕਿ ਵੱਖਰੇ ਪੱਧਰ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹਨਾਂ ਇਕਾਈਆਂ ਨੂੰ ਵਾਕ ਅਤੇ ਇਹਨਾਂ ਦੇ ਵਿਸ਼ਲੇਸ਼ਣ ਨੂੰ ਵਾਕ ਵਿਗਿਆਨਕ ਪੱਧਰ ਕਿਹਾ ਜਾਂਦਾ ਹੈ। ਅਸਲ ਵਿਚ ਵਿਆਕਰਨਿਕ ਵਿਸ਼ਲੇਸ਼ਣ ਦੀ ਛੋਟੀ ਤੋਂ ਛੋਟੀ ਅਰਥਪੂਰਨ ਇਕਾਈ ਰੂਪਗ੍ਰਾਮ (morpheme) ਅਤੇ ਵੱਡੀ ਤੋਂ ਵੱਡੀ ਵਿਆਕਰਨਿਕ ਇਕਾਈ ਵਾਕ ਹੈ।

ਰੂਪਗ੍ਰਾਮ ਤੇ ਵਾਕ ਦੇ ਦਰਮਿਆਨ ਹੋਰ ਇਕਾਈਆਂ ਜਿਵੇਂ ਸ਼ਬਦ, ਵਾਕੰਸ਼ ਤੇ ਉਪਵਾਕ ਆਉਂਦੀਆਂ ਹਨ। ਉਪਰੋਕਤ ਦੇ ਆਧਾਰ ਤੇ ਇਹਨਾਂ ਵਿਆਕਰਨਿਕ ਇਕਾਈਆਂ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :

ਰੂਪਗ੍ਰਾਮ (morpheme) ---ਸ਼ਬਦ (word) ---ਵਾਕੰਸ਼ (phrase)
---ਉਪਵਾਕ (clause) ---ਵਾਕ (sentence)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਭਾਸ਼ਾ ਦੀ ਜੁਗਤ ਵਿਚ ਬਣਤਰ ਦਾ ਪੱਖ ਅਤੇ ਕਾਰਜ ਦਾ ਪੱਖ ਵਿਸ਼ੇਸ਼ ਮਹੱਤਵ ਰੱਖਦਾ ਹੈ। ਬਣਤਰ ਪੱਖੋਂ ਵਾਕ ਭਾਸ਼ਾ ਦੀ ਸਭ ਤੋਂ ਵੱਡੀ ਵਿਆਕਰਨਿਕ ਇਕਾਈ ਹੈ। ਕਾਰਜ ਪੱਖੋਂ ਵਾਕ ਆਪਣੇ ਆਪ ਵਿਚ ਇਕ ਭਾਵ ਇਕਾਈ ਜਾਂ ਵਿਚਾਰ ਇਕਾਈ ਹੁੰਦਾ ਹੈ। ਵਿਚਾਰ ਇਕਾਈ ਜਾਂ ਭਾਵ ਇਕਾਈ ਦੇ ਦੋ ਪੱਖ ਹੁੰਦੇ ਹਨ (1) ਜਿਸ ਬਾਰੇ ਭਾਗ ਪਰਗਟ ਹੁੰਦੇ ਹਨ; ਅਤੇ (2) ਜੋ ਭਾਵ ਪਰਗਟ ਹੁੰਦੇ ਹਨ। ਇਹਨਾਂ ਦੋਹਾਂ ਪੱਖਾਂ ਨਾਲ ਸੰਬੰਧਿਤ ਵਾਕ ਦੇ ਵੀ ਦੋ ਅੱਡ-ਅੱਡ ਭਾਗ ਹੁੰਦੇ ਹਨ। ਪਹਿਲਾਂ ਭਾਗ ਉਹ ਜਿਸ ਵਿਚ ਉਸ ਵਿਅਕਤੀ, ਵਸਤੂ ਘਟਨਾ, ਸੰਕਲਪ, ਆਦਿ ਵਲ ਸੰਕੇਤ ਹੋਵੇ, ਜਿਸ ਬਾਰੇ ਵਾਕ ਵਿਚ ਭਾਵ ਪਰਗਟ ਕੀਤੇ ਗਏ ਹੋਣ ਅਤੇ ਦੂਜਾ ਭਾਗ ਉਹ ਜਿਸ ਵਿਚ ਪਰਗਟ ਕੀਤੇ ਗਏ ਭਾਵ ਸਪਸ਼ਟ ਹੋਣ। ਵਿਆਕਰਨਕ ਸ਼ਬਦਾਵਲੀ ਵਿਚ ਇਹਨਾਂ ਦੋਹਾਂ ਭਾਗਾਂ ਨੂੰ ਕ੍ਰਮਵਾਰ ਉਦੇਸ਼ (ਸਬਜੈਕਟ) ਅਤੇ ਵਿਧੇਅ (ਪ੍ਰੈਡੀਕੇਟ) ਕਿਹਾ ਜਾਂਦਾ ਹੈ।

# ਹਵਾਲੇ ਤੇ ਟਿਪਣੀਆਂ


1. ਅਗਨੀਹੋਤਰੀ, ਵੇਦ, **ਪਰਿਚਾਇਕ ਭਾਸ਼ਾ-ਵਿਗਿਆਨ**, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1981.
2. ----, **ਵਿਆਕਰਣਕ ਇਕਾਈਆਂ (ਪਛਾਣ ਅਤੇ ਸਥਾਪਤੀ)**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ।
3. ਸਿੱਧੂ, ਪਰਮਜੀਤ ਸਿੰਘ, **ਮਾਨਵ ਵਿਗਿਆਨਕ ਭਾਸ਼ਾ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
4. ----, **ਪੰਜਾਬੀ ਵਾਕੰਸ਼-ਜੁਗਤ**, ਕਸਤੂਰੀ ਲਾਲ ਐਂਡ ਸੰਨਜ਼, ਹਾਲ ਬਜ਼ਾਰ, ਅੰਮ੍ਰਿਤਸਰ, 1991.
5. ਹਰਕੀਰਤ ਸਿੰਘ (ਡਾ.), ਉੱਜਲ ਸਿੰਘ ਬਾਹਰੀ, **ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1984.
6. ਪੁਆਰ, ਜੋਗਿੰਦਰ ਸਿੰਘ (ਸੰਪਾ.) **ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ**, ਪੰਜਾਬੀ ਭਾਸ਼ਾ ਅਕਾਦਮੀ, 1988.
7. ਪੁਆਰ, ਜੋਗਿੰਦਰ ਸਿੰਘ, ਬਲਦੇਵ ਸਿੰਘ ਚੀਮਾ, ਸੁਖਵਿੰਦਰ ਸਿੰਘ ਸੰਘਾ, ਦੇਵ ਅਗਨੀ ਹੋਤਰੀ, **ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ-2)**, ਪੰਜਾਬੀ ਭਾਸ਼ਾ ਅਕਾਦਮੀ, 1992.
8. Bloomfield, Language, 1933.
9. Charles, Fries, The Structure of English, 1952.
10. Otoo, Jesperson, Philosoply of Grammar, 1924.
11. Frank, Palmer, Grammar, 1979.

# ਅਰਥ ਵਿਗਿਆਨਕ ਪੱਧਰ
# (Semantics Level)

ਅਰਥ ਵਿਗਿਆਨ (Semantics) ਭਾਸ਼ਾ-ਵਿਗਿਆਨ ਦੀ ਉਹ ਸ਼ਾਖ ਹੈ ਜਿਸ ਅਧੀਨ ਅਰਥਾਂ (ਭਾਸ਼ਾਈ ਇਕਾਈਆਂ ਦੇ ਅਰਥਾਂ) ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਰੂਪ ਜਾਂ ਨਾਮ ਅਤੇ ਵਸਤੂ ਦੇ ਆਪਸੀ ਸੰਬੰਧਾਂ ਦੀ ਪੜਤਾਲ ਦਾ ਵਿਗਿਆਨ ਹੈ। ਇਸ ਵਿਚ ਭਾਸ਼ਾਈ ਸਾਰਥਕਤਾ ਦੇ ਨੇਮਾਂ/ਸਥਿਤੀਆਂ ਦਾ ਲੇਖਾ-ਜੋਖਾ ਕੀਤਾ ਜਾਂਦਾ ਹੈ। ਬਹੁਤੇ ਭਾਸ਼ਾ ਵਿਗਿਆਨੀ ਇਸ ਮੱਤ ਦੇ ਹਾਮੀ ਹਨ ਕਿ ਅਰਥ ਵਿਗਿਆਨ ਦਾ ਓਨਾਂ ਵਸਤੂਪਰਕ (Objective) ਅਧਿਅਨ ਸੰਭਵ ਨਹੀਂ ਜਿਨਾਂ ਵਿਆਕਰਨ ਅਤੇ ਧੁਨੀ ਵਿਗਿਆਨ ਦਾ ਸੰਭਵ ਹੈ। ਇਸ ਤੋਂ ਇਲਾਵਾ ਵਿਆਕਰਨ ਅਤੇ ਧੁਨੀ ਵਿਗਿਆਨ ਨੂੰ ਜਿੱਥੇ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਸਾਮਲ ਕੀਤਾ ਜਾਂਦਾ ਹੈ ਉਥ ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੇ ਖੇਤਰ ਤੋਂ ਬਾਹਰ ਮੰਨਿਆ ਜਾਂਦਾ ਹੈ ਕਿਉਂਕਿ ਭਾਸ਼ਾ ਵਿਗਿਆਨੀ ਮਹਿਸੂਸ ਕਰਦੇ ਹਨ ਕਿ ਅਰਥ ਵਿਗਿਆਨ ਭਾਸ਼ਾ ਵਿਗਿਆਨ ਨਾਲੋਂ ਵਧੇਰੇ ਫਿਲਾਸਫੀ, ਤਰਕ ਵਿਗਿਆਨ (Logic) ਅਤੇ ਮਨੋਵਿਗਿਆਨ ਦੇ ਖੇਤਰਾਂ ਦੇ ਨੇੜੇ ਹੈ। ਇਹ ਸੱਚ ਹੈ ਕਿ ਇਹਨਾਂ ਅਨੁਸ਼ਾਸਨਾਂ ਦੇ ਵਿਦਵਾਨ ਅਰਥ ਦੀ ਸਮੱਸਿਆ ਨਾਲ ਜੂਝਦੇ ਰਹੇ ਹਨ। ਫਿਲਾਸਫਰ ਤਾਂ ਵਿਸ਼ੇਸ਼ ਤੌਰ 'ਤੇ ਅਰਥ ਦੇ ਅਧਿਐਨ ਵੱਲ ਰੁਚਿਤ ਰਹੇ ਹਨ ਅਤੇ ਇਸਦੇ ਕਾਰਨ ਵੀ ਹਨ। ਫਿਲਾਸਫਰ ਅਤੇ ਭਾਸ਼ਾ ਵਿਗਿਆਨੀ ਦੇ ਅਰਥ ਦੀ ਸਮੱਸਿਆ ਨਾਲ ਜੂਝਣ ਦੇ ਤਰੀਕੇ ਵੱਖੋ-ਵੱਖ ਹਨ। ਦੋ ਵੱਖ-ਵੱਖ ਅਨੁਸ਼ਾਸਨਾਂ ਦੇ ਵਿਦਵਾਨ ਇਕੋ ਅਧਿਐਨ ਖੇਤਰ ਨਾਲ ਵੱਖਰਾ-ਵੱਖਰਾ ਰਿਸ਼ਤਾ ਪਾਉਂਦੇ ਪ੍ਰਤੀਤ ਹੁੰਦੇ ਹਨ। ਫਿਲਾਸਫਰ ਆਮ ਆਦਮੀ ਵਾਂਗ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਨਿਸ਼ਚਿਤ ਰੂਪ ਵਿੱਚ ਹੀ ਗ੍ਰਹਿਣ ਕਰਦੇ ਹਨ। ਉਹਨਾਂ ਲਈ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਨਿਸ਼ਚਿਤ ਰੂਪ ਵਿਚ ਹੀ ਗ੍ਰਹਿਣ ਕਰਦੇ ਹਨ। ਉਹਨਾਂ ਲਈ ਸ਼ਬਦਾਂ ਅਤੇ ਵਾਕਾਂ ਦੇ ਅਰਥ ਲਗਭਗ ਨਿਸ਼ਚਿਤ ਹਨ। ਭਾਸ਼ਾ ਵਿਗਿਆਨੀ ਇਸ ਪ੍ਰਕਾਰ ਨਹੀਂ ਕਰ ਸਕਦਾ। ਇਸ ਲਈ ਸਬਦ ਅਤੇ ਵਾਕ ਵਿਆਕਰਨ ਦੇ ਨੇਮਾਂ ਦੇ ਅਧੀਨ ਕੰਮ ਕਰਦੇ ਹਨ। ਸ਼ਬਦ ਅਤੇ ਵਾਕ ਵਿਆਕਰਨ ਦੀਆਂ ਇਕਾਈਆਂ (Units) ਹਨ, ਪਰ ਵਿਆਕਰਨ ਦੀਆਂ ਇਹੀ ਇਕਾਈਆਂ ਨਹੀਂ ਇਹਨਾਂ ਤੋਂ ਇਲਾਵਾ ਵੀ ਕਈ ਹੋਰ ਇਕਾਈਆਂ ਹਨ। ਭਾਸਾ ਵਿਗਿਆਨੀ ਲਈ ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਵੱਖ-ਵੱਖ ਵਿਆਕਰਨਕ ਇਕਾਈਆਂ ਅਰਥ-ਵਿਗਿਆਨਕ ਵਿਸ਼ਲੇਸ਼ਣ ਦੀਆਂ ਇਕਾਈਆਂ ਨਾਲ ਕਿਵੇਂ ਸੰਬੰਧਿਤ ਹਨ। ਉਸ ਨੂੰ ਸ਼ਬਦ ਕੋਸ਼ ਵਿਚੋਂ ਪ੍ਰਾਪਤ ਸ਼ਬਦ ਦੇ ਅਰਥ ਅਤੇ ਵਿਆਕਰਨ ਰਾਹੀਂ ਪ੍ਰਾਪਤ ਹੋਣ ਵਾਲੇ ਅਰਥ ਵਿਚਲੇ ਅੰਤਰ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ।

ਜਦੋਂ ਅਸੀਂ ਕਿਸੇ ਭਾਸ਼ਾ ਦੇ ਸੰਬੰਧ ਵਿਚ ਅਰਥ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਕ ਮਨੁੱਖ ਦੀ ਦੂਸਰੇ ਮਨੁੱਖ ਨਾਲ ਕੀਤੀ ਗਲਬਾਤ ਨੂੰ ਸਮਝ ਸਕਣ ਦੀ ਸ਼ਕਤੀ ਬਾਰੇ ਗੱਲ ਕਰ ਰਹੇ ਹੁੰਦੇ ਹਨ। ਇਕ ਮਨੁੱਖ ਬੋਲਦਾ ਹੈ, ਦੂਜਾ ਸੁਣਦਾ ਅਤੇ ਉਸ ਦੀ ਗੱਲ ਨੂੰ ਸਮਝਦਾ ਹੈ। ਇਸ ਸਮਝ ਦਾ ਸੰਬੰਧ ਅਰਥ ਨਾਲ ਹੀ ਹੈ ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਦੂਜੇ ਦੀ ਗੱਲ ਸਮਝਣ ਦੀ ਸਮਰਥਾ ਦਾ ਸੰਬੰਧ ਕਿਸੇ ਹੱਦ ਤੱਕ ਵਿਆਕਰਨ ਨਾਲ ਜੁੜਿਆ ਹੋਇਆ ਹੈ। ਕਈ ਵਾਰ ਅਸੀਂ ਸਾਰੇ ਸ਼ਬਦ ਸ਼ਬਦ ਕੋਸ਼ ਤੋਂ ਲੈ ਕੇ ਵੀ ਦੂਜੇ ਤੱਕ ਆਪਣੀ ਗੱਲ ਨਹੀਂ ਪਹੁੰਚਾ ਸਕਦੇ ਜੇ ਸ਼ਬਦਾਂ ਦਾ ਕ੍ਰਮ ਵਿਆਕਰਨ ਦੇ ਨੇਮ ਅਨੁਸਾਰ ਨਾ ਹੋਵੇ। ਬੋਲਣ ਸਮੇਂ ਵਿਆਕਰਨ ਦੇ ਨੇਮਾਂ ਦੀ ਪਾਲਣਾ ਅਸੀਂ ਵਿਸ਼ੇਸ਼ ਯਤਨ ਨਾਲ ਨਹੀਂ ਕਰਦੇ, ਪਰ ਭਾਸ਼ਾ ਦੇ ਬੋਲਣ ਵਾਲਾ ਸਹਿਜੇ ਹੀ ਅਤੇ ਬਿਨਾਂ ਜਾਣੇ ਵਿਆਕਰਨਕ ਨੇਮਾਂ ਦੀ ਪਾਲਣਾ ਕਰ ਰਿਹਾ ਹੁੰਦਾ ਹੈ।

ਆਪਣੀ ਮਾਤਾ ਭਾਸ਼ਾ ਦੀ ਵਿਆਕਰਨ ਬੋਲਣ ਵਾਲੇ ਨੂੰ ਆਪਣੇ ਆਲੇ-ਦੁਆਲੇ ਤੋਂ ਸਹਿਜੇ/ਸਹਿਜ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਜੋ ਵੀ ਗੱਲ ਕਰਦਾ ਹੈ ਵਿਆਕਰਨ ਦੇ ਨੇਮਾਂ ਦੇ ਅਨੁਸਾਰ ਸ਼ਬਦਾਂ ਨੂੰ ਜੋੜ ਕੇ ਕਰਦਾ ਹੈ। ਜੇ ਉਹ ਇੰਜ ਨਾ ਕਰੇ ਤਾਂ ਉਸ ਦੀ ਗੱਲ ਨੂੰ ਸਮਝਣਾ ਖਾਸਾ ਮੁਸ਼ਕਲ ਹੋ ਜਾਵੇਗਾ। ਉਦਾਹਰਨ ਵਜੋਂ-

"ਏਨਾ ਕੀ ਝੂਠ ਮਨਜੀਤ ਏ,
ਮਾਰਦੀ ਪਰਮਾਤਮਾ ਉਸ ਨੂੰ ਵੀ ਦਾ ਨਹੀਂ ਡਰ।"

ਉਪਰੋਕਤ ਵਾਕ ਨੂੰ ਸਮਝ ਸਕਣਾ ਹੀ ਕਠਿਨ ਨਹੀਂ ਸਗੋਂ ਅਸੰਭਵ ਵੀ ਹੈ। ਜਿੰਨੀ ਦੇਰ ਇਹਨਾਂ ਸ਼ਬਦਾਂ ਨੂੰ ਵਿਆਕਰਨਕ ਕ੍ਰਮ ਅਨੁਸਾਰ ਜੋੜ ਕੇ ਨਾ ਉਚਾਰਨ ਕੀਤਾ ਜਾਵੇ। ਇਹ ਵਾਕ ਅਵਿਆਕਰਨਕ ਹੋਣ ਕਾਰਨ ਜਿਥੇ ਅਰਥਾਂ ਦਾ ਸੰਚਾਰ ਕਰਨੋਂ ਅਸਮਰਥ ਹੈ ਉਥੇ ਇਹਨਾਂ ਸ਼ਬਦਾਂ ਦਾ ਬਣਿਆ ਹੇਠ ਲਿਖਿਆਂ ਵਾਕ ਪੂਰੀ ਤਰ੍ਹਾਂ ਸਮਝ ਆਉਂਦਾ ਹੈ ਕਿਉਂਕਿ ਇਹ ਵਿਆਕਰਨਕ ਨੇਮਾਂ ਅਨੁਸਾਰ ਹੈ-

"ਕੀ ਮਨਜੀਤ ਏਨਾ ਝੂਠ ਮਾਰਦੀ ਏ,
ਉਸ ਨੂੰ ਪਰਮਾਤਮਾ ਦਾ ਵੀ ਡਰ ਨਹੀਂ।"

ਪਰ ਵਾਕ ਦਾ ਵਿਆਕਰਨਕ ਹੋਣਾ ਵੀ ਅਰਥ ਸੰਚਾਰ ਦੀ ਗਰੰਟੀ ਨਹੀਂ। ਕਈ ਵਾਕ ਅਜਿਹੇ ਵੀ ਹੋ ਸਕਦੇ ਹਨ ਜੋ ਵਿਆਕਰਨਕ ਹੋਣ ਦੇ ਬਾਵਜੂਦ ਅਰਥ ਵਿਹੂਣੇ ਪ੍ਰਤੀਤ ਹੁੰਦੇ ਹਨ। (ਇਸ ਪ੍ਰਕਾਰ ਦੇ ਵਿਆਕਰਨਕ ਪਰ, ਅਰਥ ਵਿਹੂਣੇ ਪਰਤੀਤ ਹੁੰਦੇ ਵਾਕ ਕਵਿਤਾ ਵਿਚ ਆਮ ਮਿਲ ਸਕਦੇ ਹਨ) ਉਦਾਹਰਨ ਲਈ ਜੇ ਕੋਈ ਕਹੇ-

'ਪੈੱਨ ਨੇ ਸਤਨਾਮ ਦੀ ਚੋਰੀ ਕਰ ਲਈ' ਤਾਂ ਇਹ

ਵਾਕ ਵਿਆਕਰਨਕ ਦ੍ਰਿਸ਼ਟੀ ਤੋਂ ਠੀਕ ਹੋਣ ਦੇ ਬਾਵਜੂਦ ਸਵੀਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ 'ਪੈੱਨ' (ਅਮਾਨਵ) ਨੂੰ ਕੱਟਣ ਦੀ ਕਿਰਿਆ ਨਾਲ ਨਹੀਂ ਜੋੜਿਆ ਜਾ ਸਕਦਾ।

Transformational Generative Theory ਦੇ ਅਨੁਸਾਰ ਅਰਥ ਵਿਗਿਆਨ ਵਿਆਕਰਨ ਦਾ ਇਕ ਹਿੱਸਾ ਹੈ ਹੇਠਾਂ ਅਸੀਂ ਦੋ ਵਾਕ ਦੇ ਰਹੇ ਹਾਂ। ਉੱਪਰੀ ਨਜ਼ਰੇ ਇਹ ਵਾਕ **ਸਮਾਨਾਰਥੀ** ਹਨ, ਪਰ ਕੀ ਇਹ ਸਹੀ ਅਰਥਾਂ ਵਿਚ ਸਮਾਨਾਰਥੀ ਹਨ-

(1) ਉਹ ਸ਼ਾਕਾਹਾਰੀ ਹੈ।

(2) ਉਹ ਮਾਸ ਨਹੀਂ ਖਾਂਦਾ।

ਉਪਰੋਕਤ ਦੋਵੇਂ ਵਾਕ ਸਮਾਨਾਰਥੀ ਹੋ ਸਕਦੇ ਹਨ ਪਰ ਕੁਝ ਉਚਾਰਣ ਸਥਿਤੀਆਂ ਦੀ ਕਲਪਨਾ ਵੀ ਕੀਤੀ ਜਾ ਸਕਦੀ ਹੈ ਜਿਥੇ ਇਹ ਸਮਾਨਰਥੀ ਨਾ ਹੋਣ ਮੰਨ ਲਓ ਉਹ ਮੀਟ ਇਸ ਕਰਕੇ ਨਹੀਂ ਖਾਂਦਾ ਕਿਉਂਕਿ ਉਸ ਨੂੰ ਇਸ ਦਾ ਸਵਾਦ ਪਸੰਦ ਨਹੀਂ ਤਾਂ ਇਸ ਹਾਲਤ ਵਿਚ ਵਾਕ ਨੰਬਰ (2) ਤਾਂ ਉਹ ਲਈ ਠੀਕ ਹੈ, ਪਰ ਪਹਿਲਾ ਵਾਕ ਉਸ ਲਈ ਵਰਤਣਾ ਪੂਰੀ ਤਰ੍ਹਾਂ ਠੀਕ ਨਹੀਂ। ਇਸ ਤਰ੍ਹਾਂ ਇਹ ਦੋਵੇਂ ਵਾਕ ਬੇਸ਼ਕ ਸਾਮਾਨਰਥੀ ਤੇ ਹਨ ਪਰ ਇਹ ਵਿਸ਼ੇਸ਼ ਸੰਦਰਭ ਵਿਚ ਹੀ ਸਮਾਨਾਰਥੀ ਹੋ ਸਕਦੇ। ਇਹਨਾਂ ਦੋਵਾਂ ਵਾਕਾਂ ਵਿਚ ਸਮੱਸਿਆ ਦਾ ਕਾਰਨ ਸ਼ਬਦ ਕੋਸ਼ੀ ਅਰਥ ਹਨ। ਪਰ ਹੇਠਲੇ ਦੋ ਵਾਕਾਂ ਦੇ ਸਮਾਨਾਰਥੀ ਚਰਿੱਤਰ ਬਾਰੇ ਨਿਰਨਾ ਕਰਨਾ ਰਤਾ ਕੁ ਇਸ ਤੋਂ ਕਠਿਨ ਹੈ-

(i) ਕੁਲਦੀਪ ਨੇ ਸੇਬ ਖਾਧਾ

(ii) ਸੇਬ ਕੁਲਦੀਪ ਨੇ ਖਾਧਾ

ਇਹਨਾਂ ਵਾਕਾਂ ਵਿਚ ਸ਼ਬਦ ਕੋਸ਼ੀ ਅਰਥਾਂ ਦੀ ਕੋਈ ਸਮੱਸਿਆ ਨਹੀਂ। ਦੋਹਾਂ ਵਾਕਾਂ ਦੇ ਸ਼ਬਦ ਉਹੀ ਹਨ, ਅਰਥ ਉਹੀ ਹਨ। ਜੋ ਵਾਕ I ਬਾਰੇ ਸੱਚ ਹੈ ਉਹੀ ਵਾਕ II ਬਾਰੇ ਵੀ ਸਹੀ ਹੈ ਤਾਂ ਵੀ ਭਾਸ਼ਾ ਦਾ ਸਹਿਜ ਬੁਲਾਰਾ (native speaker) ਮਹਿਸੂਸ ਕਰੇਗਾ ਕਿ ਇਹਨਾਂ ਵਿਚਾਲੇ ਹਲਕਾ ਜਿਹਾ ਅਰਥ ਭੇਦ ਹੈ। ਇਕ ਭੇਦ ਤਾਂ ਇਹੀ ਹੈ ਕਿ ਪਹਿਲਾ ਵਾਕ 'ਕੁਲਦੀਪ' ਬਾਰੇ ਹੈ ਅਤੇ ਦੂਜਾ 'ਸੇਬ' ਬਾਰੇ। ਅਰਥ ਵਿਗਿਆਨ ਨੂੰ ਇਸ ਪ੍ਰਕਾਰ ਦੇ ਤਰਕਾਂ ਬਾਰੇ ਸਪੱਸ਼ਟੀਕਰਨ ਦੇਣਾ ਪਵੇਗਾ ਅਤੇ ਦੱਸਣਾ ਪਵੇਗਾ ਕਿ ਇਸ

ਪ੍ਰਕਾਰ ਦੇ ਵਾਕ ਕਿਉਂ ਸਮਾਨਾਰਥੀ ਨਹੀਂ ਹਨ। ਦੂਸਰਾ ਮਹੱਤਵਪੂਰਣ ਰਿਸ਼ਤਾ ਜਿਸ ਬਾਰੇ ਅਰਥ ਵਿਗਿਆਨ ਨੇ ਸਪੱਸ਼ਟੀਕਰਨ ਦੇਣਾ ਹੈ, ਵਿਰੋਧਾਭਾਸ ਦਾ ਰਿਸ਼ਤਾ ਹੈ। ਕਈ ਵਾਕ ਵਿਰੋਧ-ਭਾਵੀ ਹੁੰਦੇ ਹਨ ਜਿਵੇਂ-

(i) ਪਰਮਜੀਤ ਤੇ ਸਤਨਾਮ ਪੱਕੇ ਮਿੱਤਰ ਹਨ।

(ii) ਪਰਮਜੀਤ ਤੇ ਸਤਨਾਮ ਪੱਕੇ ਮਿੱਤਰ ਨਹੀਂ ਹਨ।

ਇਹਨਾਂ ਦੋਹਾਂ ਵਾਕਾਂ ਵਿਚਲੇ ਅਰਥ-ਵਿਰੋਧ ਦਾ ਕਾਰਨ ਦੂਸਰੇ ਵਾਕ ਵਿਚ 'ਨਹੀਂ' ਸ਼ਬਦ ਦਾ ਵਾਧਾ ਹੈ। ਪਰ ਕਈ ਸ਼ਬਦ-ਵਿਰੋਧ, ਸ਼ਬਦ ਕੋਸ਼ ਆਧਾਰਿਤ ਵੀ ਹੁੰਦੇ ਹਨ ਜਿਵੇਂ-

(i) ਸਾਰੇ ਸਤਨਾਮ ਦੇ ਦੋਸਤ ਹਨ।

(ii) ਸਾਰੇ ਸਤਨਾਮ ਦੇ ਦੁਸ਼ਮਣ ਹਨ।

ਅਰਥ ਵਿਗਿਆਨ ਦਾ ਪ੍ਰਕਾਰਜ ਇਹਨਾਂ ਸਾਰੀਆਂ ਭਿੰਨਤਾਵਾਂ ਨੂੰ ਸਪੱਸ਼ਟ ਕਰਨਾ ਹੈ। ਇਕ ਹੋਰ ਵੀ ਸੰਕਲਪ ਹੈ ਜਿਸ ਨਾਲ ਅਰਥ ਵਿਗਿਆਨ ਨੂੰ ਜੂਝਣਾ ਪੈਂਦਾ ਹੈ। ਇਸ ਸੰਕਲਪ ਨੂੰ ਅਸੀਂ ਅਨੇਕਾਰਥਤਾ ਜਾਂ ਬਹੁਅਰਥਤਾ (ambiguity) ਦਾ ਨਾਮ ਦੇਂਦੇ ਹਾਂ। ਬੋਲਣ ਜਾਂ ਸੁਣਨ ਵਾਲੇ ਨੂੰ ਬਹੁਅਰਥਤਾ ਦਾ ਗਿਆਨ ਏਨਾ ਸਹਿਜ ਨਹੀਂ ਹੁੰਦਾ ਜਿਨਾ ਸਹਿਜ ਸਮਾਨਾਰਥਤਾ ਅਤੇ ਵਿਰੋਧਾਰਥਤਾ ਦਾ ਹੋ ਜਾਂਦਾ ਹੈ. ਉਦਦਾਹਰਨ ਦੇ ਤੌਰ 'ਤੇ ਜੇ ਕੋਈ ਕਹੇ-

(i) ਮੇਰਾ ਘਰ ਪਿੰਡ ਵਿਚ ਸਭ ਤੋਂ ਉੱਚਾ ਹੈ।

ਇਸ ਵਾਕ ਦੇ ਇਕ ਤੋਂ ਵਧੀਕ ਅਰਥ ਹੋ ਸਕਦੇ ਹਨ। ਇਸ ਦੇ ਅਸੀਂ ਹੇਠਲੇ ਦੋ ਅਰਥ ਤਾਂ ਸਹਿਜੇ ਹੀ ਕਰ ਸਕਦੇ ਹਾਂ-

(ੳ) ਮੇਰੇ ਘਰ ਦੀ ਕੁਰਸੀ ਪਿੰਡ ਵਿਚ ਸਭ ਘਰਾਂ ਤੋਂ ਉੱਚੀ ਹੈ।

(ਅ) ਮੇਰਾ ਘਰ ਮਾਣ ਮਰਿਆਦਾ, ਧਨ ਦੌਲਤ ਵਲੋਂ ਬਾਕੀ ਪਿੰਡ ਨਾਲੋਂ ਉੱਚਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਉਪਰਲੇ ਵਾਕ ਘੱਟੋ-ਘੱਟ ਦੋ ਭਿੰਨ ਡੂੰਘ-ਸੰਰਚਨਾਵਾਂ (deep structures) ਹੋ ਸਕਦੀਆਂ ਹਨ। ਸਤਹ ਸੰਰਚਨਾ (surface structure) ਤੋਂ ਇਹਨਾਂ ਵਿਚੋਂ ਕਿਸੇ ਇਕ ਅਰਥ ਨੂੰ ਸਵੀਕਾਰ ਕਰਨਾ ਗਲਤੀ ਹੋਵੇਗੀ; ਕਾਵਿ ਭਾਸ਼ਾ ਵਿਚ ਇਸ ਪਰਕਾਰ ਦੇ ਵਾਕ ਬਹੁਤ ਵਰਤੇ ਜਾਂਦੇ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਅਰਥ ਵਿਗਿਆਨ ਦਾ ਕਾਰਜ ਵਿਆਖਿਆ, ਵਿਰੋਧਾਭਾਸੀ ਅਤੇ ਬਹੁਅਰਥੀ ਭਾਸ਼ਕ ਸੰਰਚਨਾਵਾਂ ਵਿਚਾਲੇ ਸੰਬੰਧਾਂ ਦਾ ਸਪਸ਼ਟੀਕਰਨ ਕਰਨਾ ਹੈ।

## 1. ਅਰਥ ਵਿਗਿਆਨ ਦੇ ਸਿਧਾਂਤ

ਅਰਥ ਸਮੱਸਿਆ ਨਾਲ ਸੁਲਝਣ ਲਈ ਅਰਥ ਵਿਗਿਆਨ ਵਿਚ ਕਈ ਸਿਧਾਂਤ ਆਏ ਹਨ। ਪਰ ਕੋਈ ਵੀ ਸਿਧਾਂਤ ਅਰਥ ਦੀਆਂ ਸੰਪੂਰਨ ਸਮੱਸਿਆਵਾਂ ਦਾ ਭਰੋਸੇਯੋਗ ਹੱਲ ਪੇਸ਼ ਨਹੀਂ ਕਰਦਾ ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਖੇਤਰ ਵਿਚ ਭਾਸ਼ਾ-ਵਿਗਿਆਨੀਆਂ ਨੇ ਪ੍ਰਗਤੀ ਕੀਤੀ ਹੈ ਅਤੇ ਉਹ ਅਰਥ ਦੀਆਂ ਸਮੱਸਿਆਵਾਂ ਨਾਲ ਵੱਖ-ਵੱਖ ਪਹਿਲੂਆਂ ਤੋਂ ਸਿਧਾਂਤਕ ਪੱਧਰ ਦੀ ਵਿਚਾਰ ਕਰ ਰਹੇ ਹਨ। ਹੇਠਾਂ ਅਸੀਂ ਅਰਥ ਵਿਗਿਆਨ ਦੇ ਸੰਬੰਧ ਵਿਚ ਹੋਏ ਸਿਧਾਂਤਕ ਚਿੰਤਕ ਨਾਲ ਸਾਂਝ ਪਾਉਣ ਦਾ ਯਤਨ ਕਰ ਰਹੇ ਹਨ। ਇਸ ਸੰਬੰਧ ਵਿਚ ਇਕ ਗੱਲ ਹੋਰ ਵੀ ਸਪੱਸ਼ਟ ਕਰ ਦੇਣ ਦੀ ਲੋੜ ਮਹਿਸੂਸ ਹੁੰਦੀ ਹੈ। ਅਸੀਂ ਅਰਥ ਵਿਗਿਆਨ ਪਰਿਭਾਸ਼ਤ ਕਰਦਿਆਂ ਕਿਹਾ ਸੀ ਕਿ ਅਰਥ ਵਿਗਿਆਨ ਅਰਥ ਦੇ ਅਧਿਐਨ ਵੱਲ ਰੁਚਿਤ ਹੈ, ਸਾਡੀ ਇਹ ਕੰਮ-ਚਲਾਊ ਜਿਹੀ ਪਰਿਭਾਸ਼ਾ ਵੱਖ-ਵੱਖ ਅਰਥ ਵਿਗਿਆਨ ਦੇ ਸਿਧਾਂਤਾਂ ਵਿਚਲੀ ਸਾਂਝ ਵੱਲ ਸੰਕੇਤ ਕਰਦੀ ਹੈ। ਅਰਥ ਵਿਗਿਆਨ ਦੇ ਸਿਧਾਂਤਕਾਰ ਬੇਸ਼ੱਕ ਇਕ ਦੂਜੇ ਨਾਲੋਂ ਵੱਖ ਸੋਚਦੇ ਰਹੇ ਹਨ ਪਰ ਉਹ ਸਾਰੇ ਇਸ ਮੱਤ ਦੇ ਹਾਮੀ ਪਰਤੀਤ ਹੁੰਦੇ ਹਨ ਕਿ ਉਹਨਾਂ ਸਾਹਮਣੇ ਪ੍ਰਮੁੱਖ ਸਮੱਸਿਆ ਅਰਥ ਦੀ, ਉਸ ਪਿਛੇ ਕੰਮ ਕਰਦੇ ਨੇਮਾਂ ਦੀ, ਫਰੋਲਾ-ਫਰਾਲੀ ਕਰਨ ਦੀ ਹੀ ਹੈ।

## 3.1 ਪਰੰਪਰਾਈ ਅਰਥ ਵਿਗਿਆਨ-

ਪਰੰਪਰਾਗਤ ਵਿਆਕਰਨ ਦਾ ਆਧਾਰ ਬਿੰਦੂ ਚਿੰਤਨ ਇਹ ਸੀ ਕਿ ਸ਼ਬਦਕੋਸ਼ੀ ਸ਼ਬਦ ਵਾਕ ਵਿਉਂਤ (suntax) ਅਤੇ ਅਰਥ ਵਿਗਿਆਨ ਦੀ ਮੂਲ ਇਕਾਈ ਹੈ। ਸ਼ਬਦ ਇਕ ਚਿਹਨ ਹੈ ਜਿਸਦੇ ਦੋ ਭਾਵ ਹਨ ਜਿਹਨਾਂ ਨੂੰ ਅਸੀਂ ਰੂਪ ਅਤੇ ਅਰਥ ਦਾ ਨਾਮ ਦੇ ਸਕਦੇ ਹਾਂ। ਪਰੰਪਰਾਗਤ ਵਿਆਕਰਨ ਦੇ ਆਰੰਭ ਸਮੇਂ ਤੋਂ ਹੀ ਇਕ ਪ੍ਰਸ਼ਨ ਪੈਦਾ ਹੋਇਆ ਕਿ ਸ਼ਬਦ ਅਤੇ ਉਹ ਵਸਤੂ ਜਿਸ ਵੱਲ ਸ਼ਬਦ ਸੰਕੇਤ ਕਰਦਾ ਹੈ ਦਾ ਆਪਸੀ ਸੰਬੰਧ ਕੀ ਹੈ ? ਆਰੰਭਲੇ ਚਿੰਤਕਾਂ ਲਈ ਸ਼ਬਦਾਂ ਅਤੇ ਅਰਥਾਂ ਦਾ ਅਰਥ ਵਿਗਿਆਨਕ ਸੰਬੰਧ ਇਕ ਤਰ੍ਹਾਂ ਨਾਲ ਨਾਮਕਰਣ ਵਾਲਾ ਸੰਬੰਧ ਹੈ। ਇਸੇ ਸੰਬੰਧ ਵਿਚ ਇਕ ਦੂਸਰਾ ਪ੍ਰਸ਼ਨ ਪੈਦਾ ਹੋਇਆ ਇਹ ਵਸਤਾਂ ਦੇ ਨਾਮ ਕੁਦਰਤੀ ਹਨ ਜਾਂ ਰਵਾਇਤੀ ? ਇਸੇ ਪ੍ਰਸ਼ਨ ਦੇ ਉੱਤਰ ਨਾਲ ਇਕ ਬਾਦ ਵਾਲਾ ਸਪੱਸ਼ਟੀਕਰਨ ਜੁੜਿਆ ਹੋਇਆ ਹੈ ਕਿ ਸ਼ਬਦ ਅਤੇ ਅਰਥ ਦਾ ਸੰਬੰਧ ਆਪਹੁਦਹਾ ਹੈ ਕੁਦਰਤੀ ਨਹੀਂ। ਪਰ ਇਸ ਨੂੰ ਅਸੀਂ ਸਹਿਜੇ ਹੀ ਪਰਿਵਰਤਿਤ ਨਹੀਂ ਕਰ ਸਕਦੇ ਕਿਉਂਕਿ ਇਹ ਬੇਸ਼ੱਕ ਕੁਦਰਤੀ ਨਹੀਂ ਪਰ ਇਸ ਸੰਬੰਧ ਨੂੰ ਸਵੀਕਾਰ ਕਰਨ ਦੀ ਇਕ ਲੰਮੀ ਪਰੰਪਰਾ ਹੈ ਅਤੇ ਰਵਾਇਤ ਨੂੰ ਤੋੜਨਾ ਬਹੁਤ ਮੁਸ਼ਕਿਲ ਹੈ। ਨਾਮ-ਵਸਤੂ ਜਾਂ ਰੂਪ ਵਸਤੂ/ਵਿਚਾਰ ਦੇ ਇਸ ਸੰਬੰਧ ਨੂੰ ਪਰੰਪਰਾਗਤ ਰੂਪ ਵਿਚ ਹੇਠਲੇ ਰੇਖਾ ਚਿੱਤਰ ਰਾਹੀਂ ਇਸ ਪ੍ਰਕਾਰ ਪੇਸ਼ ਕੀਤਾ ਜਾ ਸਕਦਾ ਹੈ।

ਇਸ ਚਿੱਤਰ ਤੋਂ ਪਰੰਪਰਾਈ ਅਰਥ ਵਿਗਿਆਨਕ ਚਿੰਤਨ ਨਾਲ ਸੰਬੰਧਿਤ ਵਿਚਾਰ ਪੂਰੀ ਸਪੱਸ਼ਟਤਾ ਨਾਲ ਪੇਸ਼ ਹੋ ਜਾਂਦੇ ਹਨ। ਇਥੇ ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਰੂ[illegible]ਤੇ ਵਸਤੂ ਨੂੰ ਜੋੜਨ ਵਾਲੀ ਰੇਖਾ ਬਿੰਦੀਆਂ ਵਾਲੀ ਹੈ। ਇਸ ਤੋਂ ਸਾਡਾ ਭਾਵ ਇਹ ਹੈ ਕਿ ਇਹ ਸੰਬੰਧ ਸਿੱਧਾ ਨਹੀਂ ਅਸਿੱਧਾ ਹੈ। ਰੂਪ ਵਸਤੂ ਨਾਲ ਇਕ ਵਿਚੋਲੇ ਰਾਹੀਂ ਰੂਪ/ਨਾਮ ਦਿੱਤਾ ਹੈ ਅਤੇ ਇਸ ਵਿਚੋਲੇ ਦਾ ਵਸੂਤ ਅਤੇ ਰੂਪ ਨਾਲ ਸੰਬੰਧ ਸੁਤੰਤਰ ਹੈ। ਇਸ ਪ੍ਰਕਾਰ ਇਹ ਚਿੱਤਰ ਪਰੰਪਰਾਗਤ ਚਿੰਤਨ ਦੇ ਇਸ ਤੱਥ ਨੂੰ ਵੀ ਪੂਰੀ ਤਰ੍ਹਾਂ ਸਪੱਸ਼ਟਤਾ ਨਾਲ ਪੇਸ਼ ਕਰਦਾ ਹੈ ਕਿ ਸ਼ਬਦ ਵਿਸ਼ੇਸ਼ ਰੂਪ ਅਤੇ ਵਿਸ਼ੇਸ਼ ਅਰਥ ਵਿਚਾਲੇ ਸੰਜੋਗ ਦਾ ਪਰਿਣਾਮ ਹੈ।




## 3.2 ਵਿਸ਼ਲੇਸ਼ਣਾਤਮਕ ਸਿਧਾਂਤ

ਉੱਪਰ ਅਸਾਂ ਜਿਸ ਪਰੰਪਰਾਈ ਅਰਥ ਵਿਗਿਆਨਕ ਸਿਧਾਂਤ ਦੀ ਗੱਲ ਕੀਤੀ ਹੈ ਉਸ ਨੇ ਹੀ ਵਿਸ਼ਲੇਸ਼ਣਾਤਮਕ ਸਿਧਾਂਤ ਨੂੰ ਜਨਮ ਦਿੱਤਾ। ਇਸ ਪ੍ਰਕਾਰ ਦਾ ਮਹੱਤਵਪੂਰਨ ਸਿਧਾਂਤ ਆਧੁਨਿਕ ਭਾਸ਼ਾ ਵਿਗਿਆਨ ਿਸਾਸਿਊਰ ਦੇ ਨਾਮ ਨਾਲ ਸੰਬੰਧਿਤ ਹੈ। ਇਹ ਅਰਥ ਸਿਧਾਂਤ ਉਚਾਰ ਅਤੇ ਸ਼ਬਦ ਦੇ ਆਪਸੀ ਸੰਬੰਧ ਉੱਪਰ ਆਧਾਰਿਤ ਹੈ। ਆਪਣੀ ਗੱਲ ਸਾਸਿਊਰ ਨੇ ਕਾਗਜ਼ ਦੀ ਮਿਸਾਲ ਰਾਹੀਂ ਸਮਝਾਈ। ਉਸ ਨੇ ਦੱਸਿਆ ਕਿ ਕਾਗਜ਼ ਦੇ ਇਕ ਪਾਸੇ ਧੁਨੀ ਹੈ ਅਤੇ ਦੂਜੇ ਪਾਸੇ ਵਿਚਾਰ। ਇਸ ਕਰਕੇ ਇਹਨਾਂ ਦੋਹਾਂ ਨੂੰ ਇਕ ਦੂਜੇ ਤੋਂ ਅਲਗ ਨਹੀਂ ਕੀਤਾ ਜਾ ਸਕਦਾ। ਭਾਸ਼ਾ ਵਿਗਿਆਨ ਉਸ ਸੀਮਾ-ਰੇਖਾ ਉੱਪਰ ਖਲੋ ਕੇ ਕੰਮ ਕਰਦਾ ਹੈ ਜਿਥੇ ਧੁਨੀ ਅਤੇ ਵਿਚਾਰ ਆਪਸ ਵਿਚ ਮਿਲਦੇ ਹਨ ਅਤੇ ਇਹ ਸੰਜੋਗ ਇਕ ਰੂਪ ਨੂੰ ਜਨਮ ਦਿੰਦਾ ਹੈ। ਉਸ ਅਨੁਸਾਰ ਧੁਨੀ 'ਚਿਹਨਿਕ' ਹੈ ਵਿਚਾਰ 'ਚਿਹਨਿਤ' ਅਤੇ ਜਿਸ ਵਸਤ ਵੱਲ ਇਹ ਸੰਕੇਤ ਕਰਦੇ ਹਨ ਉਸ ਨੂੰ ਅਸੀਂ ਸਾਰਥਕਤਾ (Signification) ਦਾ ਨਾਮ ਦੇ ਸਕਦੇ ਹਾਂ। ਸ਼ਬਦਾਂ ਅਤੇ ਵਸਤਾਂ ਵਿਚਾਲੇ ਕੋਈ ਸਿੱਧਾ ਸੰਬੰਧ ਨਹੀਂ। ਸ਼ਬਦ ਕਿਸੇ ਵਿਚਾਰ ਜਾਂ ਪ੍ਰਸੰਗ ਵੱਲ ਸੰਕੇਤ ਕਰਦਾ ਹੈ ਅਤੇ ਵਿਚਾਰ ਜਾਂ ਪ੍ਰਸੰਗ ਅੱਗੇ ਉਹਨਾਂ ਨਾਲ ਸੰਬੰਧਿਤ ਵਿਸ਼ੇਸ਼ਤਾਵਾਂ ਵੱਲ ਸੰਕੇਤ ਕਰਦੇ ਹਨ। ਇਸ ਪ੍ਰਕਾਰ ਜਦੋਂ ਅਸੀਂ 'ਬਿੱਲੀ' ਕਹਿੰਦੇ ਹਾਂ ਤਾਂ ਅਸੀਂ ਜਾਣਦੇ ਹਾਂ ਕਿ ਅਸੀਂ ਇਕ ਐਸੇ ਜਾਨਵਰ ਬਾਰੇ ਗੱਲ ਕਰ ਰਹੇ ਹਾਂ ਜਿਸ ਦੀਆਂ ਚਾਰ ਲੱਤਾਂ ਹੁੰਦੀਆਂ ਹਨ ਸਾਡਾ ਉਚਾਰ 'ਬਿੱਲੀ' ਚਿਹਨਿਕ ਹੈ ਅਤੇ ਜਿਸ 'ਬਿੱਲੀ' ਨੂੰ ਅਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ ਉਸ ਨੂੰ ਅਸੀਂ ਚਿਹਨਿਤ ਕਹਿ ਸਕਦੇ ਹਾਂ ਅਤੇ ਉਹ ਤਸਵੀਰ ਜਿਹੜੀ ਉਚਾਰ (ਬਿੱਲੀ) ਰਾਹੀਂ ਸਾਡੇ ਮਨ ਵਿਚ ਆ ਜਾਂਦੀ ਹੈ, ਉਸ ਨੂੰ ਅਸੀਂ ਬਿੰਬ ਦਾ ਨੇਮ/ਨਾਮ ਦੇ ਸਕਦੇ ਹਾਂ। ਇਕ ਵਾਰ ਫਿਰ ਇਸ ਗੱਲ ਨੂੰ ਅਸੀਂ ਹੇਠਾਂ ਦਿੱਤੇ ਗਏ ਚਿੱਤਰ ਰਾਹੀਂ ਸਮਝ ਸਕਦੇ ਹਾਂ




## 3.3 ਵਿਹਾਰਿਕ ਸਿਧਾਂਤ

ਪਿਛਲੇ ਕੁਝ ਸਮੇਂ ਤੋਂ ਅਰਥ ਵਿਗਿਆਨਕ ਅਧਿਅਨ ਲਈ ਇਕ ਨਵਾਂ ਸਿਧਾਂਤ ਸਾਹਮਣੇ ਆਇਆ ਹੈ ਜਿਸ ਨੂੰ ਅਸੀਂ ਵਿਹਾਰਿਕ ਸਿਧਾਂਤ ਦਾ ਨਾਮ ਦੇ ਸਕਦੇ ਹਾਂ ਕਿਉਂਕਿ ਇਹ ਸਿਧਾਂਤ ਬਹੁਤਾ ਬਲ ਬਾਸ਼ਾ ਦੇ ਵਿਹਾਰਿਕ ਚਰਿਤਰ ਉੱਪਰ ਦੇਂਦਾ ਹੈ। ਵਿਹਾਰਿਕ ਸਿਧਾਂਤਕਾਰਾਂ ਦਾ ਵਿਚਾਰ ਹੈ ਕਿ ਅਰਥ ਜਾਂ ਸੰਕਲਪ ਇਕ ਤਰ੍ਹਾਂ ਨਾਲ ਵਿਹਾਰ ਹੀ ਹੈ। ਉਹਨਾਂ ਅਨੁਸਾਰ ਸ਼ਬਦ ਦਾ ਸਹੀ ਅਰਥ ਸ਼ਬਦ ਦੇ ਵਿਹਾਰ ਉੱਪਰ ਧਿਆਨ ਕੇਂਦਰਿਤ ਕਰਕੇ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। 'ਮਨੁੱਖ ਕੀ ਕਹਿੰਦਾ ਹੈ', ਉਪਰ ਧਿਆਨ ਦੇਣ ਦੀ ਬਜਾਇ 'ਮਨੁੱਖ ਕੀ ਕਰਦਾ ਹੈ' ਉਪਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਪ੍ਰਕਾਰ ਅਰਥ ਸ਼ਬਦ ਦਾ ਭਾਸ਼ਕ ਉਪਯੋਗ ਹੈ। ਇਸ ਕਰਕੇ ਸ਼ਬਦਾਂ ਦਾ ਅਧਿਅਨ ਉਹਨਾਂ ਦੇ ਉਪਯੋਗਾਂ ਰਾਹੀਂ ਅਤੇ ਪ੍ਰਸੰਗਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਅਸਲ ਵਿਚ ਇਹ ਸਿਧਾਂਤ ਉਚਾਰ ਅਰਥ ਅਤੇ ਪ੍ਰਾਸੰਗਿਕ ਅਰਥ ਉੱਪਰ ਬਲ ਦਿੰਦਾ ਹੈ। ਇਹ ਸਿਧਾਂਤ ਸ਼ਬਦਾਂ ਨੂੰ ਹਥਿਆਰਾਂ ਵਾਂਗ ਸਮਝਦਾ ਹੈ। ਅਰਥ ਨੂੰ ਸਮਝਣ ਲਈ ਇਹ ਬੋਲਣ ਵਾਲੇ ਸੁਣਨ ਵਾਲੇ ਅਤੇ ਸੰਬੰਧਤ ਸਮੇਂ ਕੀਤੀਆਂ ਗਈਆਂ ਕਿਰਿਆਵਾਂ ਨੂੰ ਧਿਆਨ ਵਿਚ ਰੱਖਣ ਉੱਪਰ ਬਲ ਦੇਂਦਾ ਹੈ। ਇਹ ਸਿਰਫ ਉਚਾਰ ਸਮੇਂ ਉੱਪਰ ਹੀ ਧਿਆਨ ਦੇਣ ਉੱਪਰ ਜ਼ੋਰ ਨਹੀਂ ਦੇਂਦੇ ਸਗੋਂ ਇਸ ਸਿਧਾਂਤ ਅਨੁਸਾਰ ਅਰਥ ਨੂੰ ਪੂਰੀ ਤਰ੍ਹਾਂ ਸਮਝਣ ਲਈ ਬੋਲਣ ਵਾਲੇ ਅਤੇ ਸੁਣਨ ਵਾਲੇ ਦੇ ਪੂਰਵ-ਗਿਆਨ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਇਹ ਹੀ ਨਹੀਂ, ਕਿਸੇ ਵਿਸ਼ੇਸ਼ ਉਚਾਰ ਨੂੰ ਉਸ ਤੋਂ ਪਹਿਲਾਂ ਦੋ ਕਥਨਾਂ ਦੇ ਪ੍ਰਸੰਗ ਵਿਚ ਵੀ ਵੇਖਣ ਦੀ ਲੋੜ ਹੈ।

## 3.4 ਸੰਰਚਨਾਤਮਕ ਸਿਧਾਂਤ

ਇਸ ਸਿਧਾਂਤ ਨੂੰ ਉਪਰੋਕਤ ਸਿਧਾਂਤ ਦੇ ਵਿਰੋਧ ਵਿਚ ਬੜੀ ਸਪੱਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਵਿਗਿਆਨਕ ਵਿਸ਼ਲੇਸ਼ਣ ਵਾਸਤੇ ਅਰਥ ਨੂੰ ਮਨੁੱਖੀ ਅਨੁਭਵ ਦੇ ਬਾਹਰੀ ਸੰਸਾਰ ਨਾਲੋਂ ਅਲਗ ਕਰ ਲੈਣਾ ਚਾਹੀਦਾ ਹੈ। ਸ਼ਬਦ ਦੇ ਅਰਥ ਨੂੰ ਵਾਕ ਵਿਚਲੇ ਬਾਕੀ ਅਰਥਾਂ ਨਾਲ ਹੀ ਸੰਬੰਧਿਤ ਕਰਕੇ ਵੇਖਿਆ ਜਾਣਾ ਚਾਹੀਦਾ ਹੈ। ਇਹੀ ਵਿਧੀ ਅਰਥ ਦਾ ਅਧਿਅਨ Syntagmatic ਅਤੇ Paradigmatic ਸੰਬੰਧਾਂ ਦੇ ਪ੍ਰਸੰਗ ਵਿਚ ਕਰਨ ਦੀ ਸਲਾਹ ਦੇਂਦੀ ਹੈ। ਪਰ ਇਸ ਵਿਧੀ ਨੂੰ ਦੋਸ਼ ਮੁਕਤ ਵਿਧੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਸੀਂ ਜਾਣਦੇ ਹੀ ਹਾਂ ਕਿ ਅਰਥ ਤਾਂ ਬਾਕੀ ਸੰਸਾਰ ਦੇ ਭਾਸ਼ਾਈ ਪ੍ਰਸੰਗ ਨਾਲ ਸੰਬੰਧ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

3.4.1 ਉੱਪਰ ਅਸਾਂ ਕੁਝ ਸਿਧਾਂਤਾਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਤੋਂ ਪਤਾ ਚਲਦਾ ਹੈ ਕਿ ਭਾਸ਼ਾ ਵਿਗਿਆਨ ਵਿਚ ਅਰਥ ਵਿਗਿਆਨ ਨਾਲ ਸੰਬੰਧਤ ਚਿੰਤਨ ਬੜੇ ਜ਼ੋਰਾਂ ਉੱਪਰ ਹੈ ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਪਾਸੇ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਇਸ ਖੇਤਰ ਵਿਚ ਕਿਸੇ ਐਸੇ ਸਿਧਾਂਤ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਜਿਸ ਅਨੁਸਾਰ ਘੱਟ ਤੋਂ ਘੱਟ ਸ਼ਬਦਾਂ ਦੇ ਖਲਾਰੇ ਨਾਲ ਅਸੀਂ ਅਰਥ ਵਿਗਿਆਨਕ ਭਾਗਾਂ ਦਾ ਵਿਸ਼ਲੇਸ਼ਣ ਕਰਨ ਯੋਗ ਹੋ ਸਕੀਏ। ਇਸ ਗੱਲ ਨੂੰ ਮੁੱਖ ਰੱਖ ਕੇ ਕੁਝ ਭਾਸ਼ਾ ਵਿਗਿਆਨੀਆਂ ਨੇ ਮੱਤ ਪੇਸ਼ ਕੀਤਾ ਹੈ ਕਿ ਅਰਥ ਵਿਗਿਆਨਕ ਭਾਗਾਂ ਦਾ ਇਕ

ਸ਼ਬਦ ਕੋਸ਼ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਸ਼ਬਦਾਂ (Lexi con) ਤੋਂ ਇਲਾਵਾ ਉਹ ਨੇਮ ਵੀ ਦਿੱਤੇ ਜਾਣ ਜਿਹਨਾਂ ਅਨੁਸਾਰ ਵਾਕ ਦੀ ਅਰਥ ਵਿਗਿਆਨਕ ਵਿਸ਼ਲੇਸ਼ਣ ਪੇਸ਼ ਕੀਤੀ ਜਾ ਸਕੇ। ਇਸ ਸ਼ਬਦ ਕੋਸ਼ ਵਿਚ ਸ਼ਬਦ ਦੇ ਧੁਨੀਆਤਮਕ ਪੱਖ ਅਤੇ ਉਚਾਰਨ ਪੱਖ ਨਾਲ ਸੰਬੰਧਿਤ ਸੰਕੇਤ (markers) ਵੀ ਦਿੱਤੇ ਜਾਣੇ ਚਾਹੀਦੇ ਹਨ ਪਰ ਇਸ ਨਾਲੋਂ ਵੀ ਵਧੇਰੇ ਮਹੱਤਵ ਵਾਲੀ ਗੱਲ ਇਹ ਹੈ ਕਿ ਇਸ ਵਿਚ ਵਾਕ ਵਿਉਂਤੀ ਸੰਕੇਤ ਵੀ ਦਿੱਤੇ Suntactic markers) ਹੋਣੇ ਚਾਹੀਦੇ ਹਨ ਅਤੇ ਅਰਥ ਵਿਗਿਆਨਕ ਸੰਕੇਤ (Semantic markers) ਵੀ ਦਿੱਤੇ ਜਾਣੇ ਚਾਹੀਦੇ ਹਨ। ਇਸ ਪ੍ਰਕਾਰ ਦੇ ਅਰਥ-ਵਿਗਿਆਨਕ ਸੰਕੇਤ ਇਸ ਪ੍ਰਕਾਰ ਦੇ ਵੇਰਵਿਆਂ ਵੱਲ ਸੰਕੇਤ ਕਰਨਗੇ (+ ਮਾਨਵੀ), (+ ਪੁਰਖ) ਆਦਿ। ਅਜਿਹੇ ਸੰਕਤੇ ਵੀ ਹੋਣੇ ਚਾਹੀਦੇ ਹਨ ਜਿਹੜੇ ਸ਼ਬਦ ਵਿਚਲੀ ਅਨੇਕਾਰਥਕਤਾ ਦੀ ਵੀ ਵਿਆਖਿਆ ਕਰ ਸਕਣ। ਉਦਾਹਰਨ ਲਈ ਇਸ ਗੱਲ ਵੱਲ ਸਪੱਸ਼ਟ ਸੰਕੇਤ ਹੋਣਾ ਚਾਹੀਦਾ ਹੈ ਕਿ 'ਉੱਚਾ' ਦੇ ਅਰਥ ਉੱਚੀ ਥਾਂ, ਲੰਮਾ, ਉੱਚੀ ਆਵਾਜ਼, ਚੰਗਾ, ਮੋਚਨਾ ਜਾ ਚਿਮਟਾ ਵੀ ਹੋ ਸਕਦਾ ਹੈ।

ਸੰਖੇਪ ਵਿਚ ਭਾਸ਼ਾ ਵਿਗਿਆਨ ਨੂੰ ਅਰਥ ਦੀ ਕੋਈ ਸਰਵ ਸਵੀਕ੍ਰਿਤ ਪਰਿਭਾਸ਼ਾ ਤੱਕ ਪਹੁੰਚਣਾ ਪਵੇਗਾ ਉਸ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਕੋਈ ਵਿਸ਼ੇਸ਼ ਧੁਨੀ-ਪ੍ਰਬੰਧ ਵਿਆਕਰਨ ਦੀ ਸਹਾਇਤਾ ਨਾਲ ਕਿਵੇਂ ਅਰਥ ਤੱਕ ਪੁੱਜਦਾ ਹੈ। ਇਹ ਖੇਤਰ ਨਵਾਂ ਹੈ ਅਤੇ ਇਸ ਵਿਚ ਬਹੁਤ ਕੰਮ ਹੋਣਾ ਅਜੇ ਬਾਕੀ ਹੈ।

## ਹਵਾਲੇ ਤੇ ਟਿਪਣੀਆਂ


ਪ੍ਰੇਮ ਪ੍ਰਕਾਸ਼ ਸਿੰਘ (ਪ੍ਰੋ.) ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1971

ਪ੍ਰੇਮ ਪ੍ਰਕਾਸ਼ ਸਿੰਘ (ਡਾ.) ਪੰਜਾਬੀ ਭਾਸ਼ਾ ਦਾ ਪਿਛੋਕੜ, ਪੈਪਸੂ ਬੁੱਕ ਡਿਪੂ, ਪਟਿਆਲਾ, 1976

ਅਗਨੀ ਹੋਤਰੀ, ਵੇਦ ਪਰਿਚਾਇਕ ਭਾਸਾ-ਵਿਗਿਆਨ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1981

ਕੋਮਲ, ਜਗਜੀਤ ਸਿੰਘ (ਡਾ.) ਅਰਥ ਵਿਗਿਆਨ ਇਕ ਜਾਣ ਪਛਾਣ, ਦੀਪ ਪ੍ਰਕਾਸ਼ਨ, ਪਟਿਆਲਾ, 1987

ਬੇਦੀ, ਕਾਲਾ ਸਿੰਘ (ਡਾ.) ਭਾਸ਼ਾ ਵਿਗਿਆਨ (ਜਾਣ-ਪਛਾਣ), ਪੰਜਾਬੀ ਬੁੱਕ ਸਟੋਰ, ਮੇਨ ਬਾਜ਼ਾਰ, ਪਹਾੜਗੰਜ, ਨਵੀਂ ਦਿੱਲੀ

ਸਿੱਧੂ, ਪਰਮਜੀਤ ਸਿੰਘ ਮਾਨਵ ਵਿਗਿਆਨਕ ਭਾਸਾ ਵਿਗਿਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

# ਪਰਵਚਨ ਦਾ ਪੱਧਰ
## (Discource Level)

ਪਾਠ ਜਾਂ ਪਰਵਚਨ ਵਾਕ ਤੋਂ ਵਡੇਰੀ ਇਕਾਈ ਹੁੰਦਾ ਹੈ। ਨਾਵਲ ਇਕ ਵੱਡੇ ਕੈਨਵਸ ਦੀ ਰਚਨਾ ਹੁੰਦਾ ਹੈ ਅਤੇ ਹਰ ਪਾਤਰ ਦਾ ਸੁਭਾਅ ਤੇ ਕਾਰਜ ਰਚਨਾ ਦੇ ਸੰਦਰਭ ਵਿਚ ਵੱਖਰਾ ਪਰਵਚਨ ਹੁੰਦਾ ਹੈ। ਸਾਹਿਤਕ ਪਰਵਚਨ ਦੀ ਸਿਰਜਣਾਤਮਕ ਪਰਕਿਰਿਆ ਇਕ ਬੌਧਿਕ ਪਰਕਿਰਿਆ ਹੈ। ਇਹ ਮਨੁੱਖ ਦੀ ਉਸ ਸਮਰੱਥਾ ਉੱਤੇ ਆਧਾਰਿਤ ਹੁੰਦੀ ਹੈ ਜਿਸ ਰਾਹੀਂ ਉਸਨੂੰ ਸੋਚ ਸਮਝ ਵਾਲੇ ਜੀਵ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ ਅਤੇ ਜਿਸ ਕਰਕੇ ਉਹ ਜਾਨਵਰਾਂ ਨਾਲੋਂ ਭਿੰਨ ਹੈ। ਜੋ ਉਤੇਜਨਾ ਪ੍ਰਤਿਕਰਮ ਦੇ ਘੇਰੇ ਵਿਚ ਵਿਚਰਦੇ ਹਨ ਸੋਚਣ ਦੀ ਇਸ ਵਿਸ਼ੇਸ਼ ਸ਼ਕਤੀ ਨਾਲ ਮਨੁੱਖ ਆਪਣੀਆਂ ਸਮਾਜਕ, ਆਰਥਕ, ਰਾਜਨੀਤਕ ਤੇ ਸਭਿਆਚਾਕ ਜਾਂ ਵਿਅਕਤੀਗਤ ਵਜੂਦ ਨਾਲ ਸੰਬੰਧਤ ਹੋਰਨਾਂ ਸਥਿਤੀਆਂ ਦੀ ਛਾਣ-ਬੀਣ ਕਰਦਾ ਹੈ। ਇਸ ਨਾਲ ਉਹ ਆਪਣੇ ਆਲੇ-ਦੁਆਲੇ ਦੀਆਂ ਪਰਕਿਰਿਆਵਾਂ ਦੀ ਤਹਿ ਵਿਚ ਵਿਆਪਕ ਵਿਰੋਧਾਂ ਦੀ ਵੀ ਨਿਸ਼ਾਨ ਦੇਹੀ ਕਰਦਾ ਹੈ। ਇਸ ਤਰ੍ਹਾਂ ਮਨੁੱਖ ਵਿਚ ਉਲਝਣਾਂ ਦੇ ਸੁਲਝਾਉਣ ਦੀ ਇੱਛਾ ਪੈਦਾ ਹੁੰਦੀ ਅਤੇ ਆਪਣੇ ਵਜੂਦ ਦੀ ਚੇਤਨਤਾ ਤੋਂ ਪਰੇਰਿਤ ਇਸ ਛਾਣ ਬੀਣ ਕਰਨ ਦੀ ਸਮਰੱਥਾ ਨਾਲ ਮਨੁੱਖ ਆਪਣੇ ਆਲੇ-ਦੁਆਲੇ ਵਿਚਰਦੇ ਦਿਖ ਸੰਸਾਰ ਦੇ ਬਦਲ ਵਜੋਂ ਚਿਹਨਾਂ ਦਾ ਇਕ ਜਗਤ ਸਿਰਜਦਾ ਹੈ। ਸਿੱਟੇ ਵਜੋਂ ਇਕ ਅਜਿਹੀ ਕਿਰਤ ਜਨਮ ਲੈਂਦੀ ਹੈ ਜੋ ਸਭਿਆਚਾਰਕ ਨਿਰੰਤਰਤਾ ਲਈ ਮਾਧਿਅਮ ਦੀ ਭੂਮਿਕਾ ਨਿਭਾਉਂਦੀ ਹੈ ਅਤੇ ਅੰਤਰ ਵਿਰੋਧਾਂ ਨੂੰ ਸਭਿਆਚਾਰਕ ਪਰਿਵਰਤਨ ਦੀ ਕਰਾਂਤੀਕਾਰੀ ਪਰਕਿਰਿਆ ਵਿਚ ਰੂਪਾਂਤਰ ਕਰ ਦਿੰਦੀ ਹੈ।

ਸਾਹਿਤਕ ਪਰਵਚਨ ਜਿਸ ਭਾਵ-ਜੁਗਤ ਨੂੰ ਪਰਗਟ ਕਰਦਾ ਮੰਨਿਆ ਜਾਂਦਾ ਹੈ। ਉਸਦੇ ਤੱਤ ਅਸਲ ਵਿਚ ਸਭਿਆਚਾਰ ਦੇ ਚਿਹਨਿਕ, ਭਾਸ਼ਾ ਦੀ ਸ਼ਬਦਾਵਲੀ ਦਾ ਪਰੰਪਰਾਈ ਪਰਗਟਾਵਾ ਹੁੰਦੇ ਹਨ।[1] ਇਹ ਗਣਿਤ ਦੀ ਭਾਸ਼ਾ ਦੇ ਚਿਹਨਕਾਂ ਵਰਗੇ ਨਹੀਂ ਹੁੰਦੇ। ਉਦਾਹਰਣ ਵਜੋਂ 'ਚਾਰ' ਦੇ ਅੰਕ ਨੂੰ ਜਿੰਨੀ ਵਾਰ ਮਰਜ਼ੀ ਵੱਖ-ਵੱਖ ਪਰਸੰਗਾਂ ਵਿਚ ਵਰਤਿਆ ਜਾਵੇ ਇਸਦੀ 'ਗਣਿਤਕ' ਕੀਮਤ ਹਮੇਸ਼ਾ ਚਾਰ ਹੀ ਰਹੇਗੀ। ਦੂਜੇ ਪਾਸੇ ਪਿਆਰ, ਨਫਰਤ, ਆਦਮੀ, ਔਰਤ, ਅਤਿਆਚਾਰ, ਤਸੀਹੇ, ਤਸ਼ੱਦਦ, ਹਨ੍ਹੇਰਾ, ਰੌਸ਼ਨੀ, ਲਾਲ, ਕਾਲਾ ਆਦਿ ਸਭਿਆਚਾਰਕ ਚਿਹਨਕਾਂ ਦੀ ਅਰਥ ਵਿਗਿਆਨਕ ਕੀਮਤ ਬਾਰੇ ਇਸ ਤਰ੍ਹਾਂ ਨਹੀਂ ਆਖਿਆ ਜਾ ਸਕਦਾ। ਇਹ ਇਕ ਨਿਸ਼ਚਿਤ ਕੀਮਤ ਨਹੀਂ ਹੁੰਦੀ ਹਰੇਕ ਵਾਰੀ ਜਦੋਂ ਇਹਨਾਂ ਵਿਚੋਂ ਇਕ ਨੂੰ ਕਿਸੇ ਵੱਖਰੇ ਪਰਸੰਗ ਵਿਚ ਵਰਤਿਆ ਜਾਂਦਾ ਹੈ ਤਾਂ ਉਸਦੇ ਅਰਥ ਘੇਰੇ ਵਿਚੋਂ ਕੁਝ ਇਕ ਹਿੱਸਾ ਹੀ ਇਸਤੇਮਾਲ ਹੋ ਰਿਹਾ ਹੁੰਦਾ ਹੈ। ਇਸ ਕਰਕੇ ਕੋਈ ਵੀ ਇਕ ਚਿਹਨਕ ਪੂਰਨ ਅਰਥ ਦਾ ਮਕਸਦ ਪੂਰਾ ਨਹੀਂ ਕਰਦਾ। ਅਰਥ ਦਾ ਸੰਚਾਰ ਕਰਨ ਲਈ ਚਿਹਨਕਾਂ ਦੀ ਇਕ ਲੜੀ ਨੂੰ ਵਰਤਿਆ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਇਕ ਔਰਤ ਦੀ ਗਰੀਬੀ ਦੇ ਭਾਵ ਨੂੰ ਪਰਗਟ ਕਰਨਾ ਹੋਵੇ ਤਾਂ ਬਹੁਤ ਸਾਰੇ ਚਿਹਨਕਾਂ ਦੀ ਵਰਤੋਂ ਕੀਤੀ ਜਾਵੇਗੀ। ਜਿਵੇਂ ਉਸਦੇ ਕੱਪੜੇ, ਉਸਦਾ ਆਲਾ-ਦੁਆਲਾ, ਉਹਦਾ ਆਪਣੇ ਬੱਚਿਆਂ ਦਾ ਦੁੱਖ, ਉਹਦੇ ਪਤੀ ਦਾ ਸੰਭਾਵੀ ਭੈੜਾ ਵਤੀਰਾ, ਉਸਦੀ ਤੰਗ ਹਨੇਰੀ ਕੋਠੜੀ, ਉਹਦੇ ਆਲੇ-ਦੁਆਲੇ ਦਾ ਘੱਟਾ ਮਿੱਟੀ ਤੇ ਹੋਰ ਇਸ ਤਰ੍ਹਾਂ ਦੇ ਬਹੁਤ ਸਾਰੇ ਚਿਹਨਕ। ਇਕ ਔਰਤ ਦੀ ਗਰੀਬੀ ਦੇ ਭਾਵ ਨੂੰ ਪਰਗਟ ਕਰਨ ਦੀ ਕੋਸ਼ਿਸ਼ ਵਿਚ ਇਕ ਅਜਿਹਾ ਅਕਸ ਬਣਾਇਆ ਜਾਂਦਾ ਹੈ ਜਾਂ ਇਸ ਤਰ੍ਹਾਂ ਦਾ ਚਿਹਨਕਾਂ ਦਾ ਤਾਣਾ ਬਾਣਾ ਬੁਣਿਆ ਜਾਂਦਾ ਹੈ ਜਿਹੜਾ ਵੱਖਰਾ ਤੇ ਵਿਸ਼ੇਸ਼ ਤਰ੍ਹਾਂ ਦਾ ਦਵੰਦਾਤਮਕ ਵਜੂਦ ਬਣ ਜਾਂਦਾ ਹੈ।

ਸਾਹਿਤਕ ਪਰਵਚਨ ਇਕ ਖਾਸ ਨਾਮ ਵਰਗਾ ਹੁੰਦਾ ਹੈ।[2] ਡਾ. ਐੱਚ. ਐੱਸ. ਗਿੱਲ ਇਸ ਗੱਲ ਦੀ ਉਦਾਹਰਣ ਆਪਣੇ ਨਿੱਜੀ ਜੀਵਨ ਵਿਚੋਂ ਦਿੰਦੇ ਹਨ। ਉਹਨਾਂ ਅਨੁਸਾਰ ਮੇਰਾ ਇਕ ਸਹਿਯੋਗੀ ਹੈ

ਕਲਾਦ ਹੋਗੇਗਰਾ ਇੱਥੇ ਅਸੀਂ ਇਕ ਨਾਮ ਦਾ ਪਰਵਚਨ ਸਿਰਜਦੇ ਹਾਂ। ਇਸ ਪ੍ਰਯੋਜਨ ਲਈ ਕਈ ਤਰ੍ਹਾਂ ਦੇ ਵਿਸ਼ੇਸ਼ਣ, ਵਿਸ਼ੇਸ਼ਕ ਅਤੇ ਚਿਹਨਕਾਂ ਨੂੰ ਵਰਤਦੇ ਹਾਂ। ਜਿਵੇਂ ਉਹ ਫਰਾਂਸੀਸੀ, ਅੰਗਰੇਜ਼ੀ, ਅਰਬੀ, ਜਰਮਨ ਤੇ ਚੀਨੀ ਕਈ ਭਾਸ਼ਾਵਾਂ ਬੋਲਦਾ ਹੈ। ਉਹ ਏਕੋਲ ਨੌਰਮੇਲ ਵਿਚ ਪੜ੍ਹਿਆ ਹੈ। ਉਹ ਇਕ ਵਿਅਕਰਨਾਕਾਰ ਹੈ। ਉਸਦੀ ਇਕ ਬਹੁਤ ਸੋਹਣੀ ਬੀਵੀ ਤੇ ਇਕ ਬਹੁਤ ਪਿਆਰਾ ਛੋਟਾ ਜਿਹਾ ਸੁਸ਼ੀਲ ਬੱਚਾ ਵੀ ਹੈ, ਉਹ ਪੈਰਿਸ ਵਿਖੇ ਮੇਰੇ ਸਾਦੇ, ਛੋਟੇ ਤੇ ਸਾਧਾਰਨ ਘਰ ਦੇ ਨੇੜੇ, ਵੱਡੇ ਤੇ ਵਧੀਆ ਘਰ ਵਿਚ ਰਹਿੰਦਾ ਹੈ। ਅਸੀਂ ਦੋਵੇਂ ਇਕੋਲ ਦੇ ਹਾਂ ਅਤੇ ਇਕੋਲ ਹੌਟਸ ਵਿਚ ਕਈ ਸਾਲ ਇਕੱਠੇ ਹੀ ਪ੍ਰੋ. ਮਾਰਤੀਨੇ ਨੂੰ ਸੁਣਦੇ ਤੇ ਸਹਿੰਦੇ ਰਹੇ ਹਾਂ। ਹੁਣ ਉਹ ਆਪ ਇਕ ਪ੍ਰੋਫੈਸਰ ਹੈ। ਉਸ ਕੋਲ ਪ੍ਰੋਫੈਸਰ ਮਾਰਤੀਨੇ ਦੀ ਹੀ ਚੇਅਰ ਉਸਦੇ ਕਮਰੇ ਵਿਚ ਹੀ ਹੈ। ਹੁਣ ਹੋਰਨਾਂ ਨੂੰ ਪਰਕਾਰ ਵਿਗਿਆਨ ਉੱਤੇ ਉਸਦੇ ਪਰਵਚਨ ਉਸੇ ਤਰ੍ਹਾਂ ਹੀ ਸੁਣਨੇ ਤੇ ਸਹਿਣੇ ਪੈਂਦੇ ਹਨ। ਇਹ ਉਪਰੋਕਤ ਚਿਹਨਕ ਭਾਵੇਂ ਕਈ ਵਿਅਕਤੀਆਂ ਲਈ ਵਰਤੇ ਜਾ ਸਕਦੇ ਹਨ ਪਰ ਇੱਥੇ ਇਹ ਸਾਰੇ ਰਲ ਕੇ ਇਕ ਵੱਖਰਾ ਪਰਵਚਨ ਸਿਰਜਦੇ ਹਨ। ਜਿਸਨੂੰ ਅਸੀਂ 'ਕਲਾਦ ਹੋਗੇਗ' ਦਾ ਨਾਂ ਦਿੱਤਾ ਹੈ।

ਇਸ ਤਰ੍ਹਾਂ ਸਾਹਿਤਕ ਪਰਵਚਨ ਨੂੰ ਇਕ ਖਾਸ ਭਾਵ ਨਾਲ ਤੁਲਨਾ ਦੇਣ ਤੋਂ ਅਰਥ ਹੈ ਕਿ ਵੱਖੋ ਵੱਖਰਿਆਂ ਵਸਤੂਆਂ ਲਈ ਵਰਤੇ ਜਾਂਦੇ ਕਈ ਤਰ੍ਹਾਂ ਦੇ ਚਿਹਨਕਾਂ ਨੂੰ ਨਵੇਂ ਸੰਬੰਧਾਂ ਵਿਚ ਜੋ ਕੇ ਅਸੀਂ ਵਿਸ਼ੇਸ਼ ਤੇ ਵਿਲੱਖਣ ਜੁਗਤਾਂ ਵਾਲਾ ਇਕ ਅਜਿਹਾ ਪਰਵਚਨ ਸਿਰਜੀਏ ਜੋ ਆਪਣੀ ਵਿਸ਼ੇਸ਼ ਜੁਗਤ ਰਾਹੀਂ ਇਕ ਨਵੀਂ ਵਸਤੂ ਨੂੰ ਪਰਤੀਬਿੰਬਤ ਕਰਦਾ ਹੈ। ਇਸ ਗੱਲ ਨੂੰ ਹੋਰ ਆਸਾਨੀ ਨਾਲ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ। ਜਿਵੇਂ ਗੁਰਮੁਖੀ ਲਿਪੀ ਦੇ ਇਕਤਾਲੀ ਅੱਖਰਾਂ ਨੂੰ ਆਪਣੇ ਆਲੇ-ਦੁਆਲੇ ਅਨੁਸਾਰ ਵਾਰ-ਵਾਰ ਵਰਤ ਕੇ ਅਸੀਂ ਨਵੇਂ-ਨਵੇਂ ਸ਼ਬਦ ਬਣਾ ਲੈਂਦੇ ਹਾਂ। ਹਰ ਸਭਿਆਚਾਰ ਵਿਚ ਤੇ ਭਾਸ਼ਾ ਵਿਚ ਇਕ ਪਰੰਪਰਾ ਵਿਚ ਖਾਸ ਕਿਸਮ ਦੇ ਚਿਹਨਕਾਂ ਦੀ ਪਰਣਾਲੀ ਸਥਾਪਤ ਹੋ ਜਾਂਦੀ ਹੈ। ਉਸੇ ਪਰਣਾਲੀ ਨੂੰ ਲੇਖਕ ਆਪਣੇ ਆਸ਼ੇ ਅਨੁਸਾਰ ਵਰਤ ਕੇ ਸਾਹਿੱਤਕ ਕਿਰਤ ਵਿਚਲੇ ਪਰਵਚਨ ਸਿਰਜਦਾ ਹੈ।

ਸਾਹਿੱਤਕ ਪਰਵਚਨ ਜਿਸ ਭਾਵ ਜੁਗਤ ਨੂੰ ਪਰਗਟ ਕਰਦਾ ਮੰਨਿਆ ਜਾਂਦਾ ਹੈ ਉਸਦੇ ਤੱਤ ਅਸਲ ਵਿਚ ਸਭਿਆਚਾਰਕ ਚਿਹਨਕ ਭਾਸ਼ਾ ਦੀ ਸ਼ਬਦਾਵਲੀ ਦਾ ਪਰੰਪਰਾਈ ਪਰਗਟਾਵਾ ਹੁੰਦੇ ਹਨ। ਇਸ ਗਣਿਤ ਦੀ ਭਾਸ਼ਾ ਦੇ ਚਿਹਨਕਾਂ ਵਰਗੇ ਨਹੀਂ ਹੁੰਦੇ। ਉਦਾਹਰਣ ਵਜੋਂ ਚਾਰ ਦੇ ਅੰਕ ਨੂੰ ਜਿੰਨੀ ਵਾਰੀ ਮਰਜ਼ੀ ਵਰਤ ਕੇ ਵੇਖਿਆ ਜਾਵੇ ਇਸ ਦੀ ਗਣਿਤਕ ਕੀਮਤ ਹਮੇਸ਼ਾ ਚਾਰ ਹੀ ਰਹੇਗੀ। ਦੂਜੇ ਪਾਸੇ ਪਿਆਰ, ਨਫਰਤ, ਆਦਮੀ, ਔਰਤ, ਅਤਿਆਚਾਰ, ਤਸੀਹੇ, ਤਸ਼ੱਦਦ, ਰੌਸ਼ਨੀ, ਹਨੇਰਾ, ਲਾਲ, ਕਾਲਾ ਆਦਿ ਸਭਿਆਚਾਰਕ ਚਿਹਨਕਾਂ ਦੀ ਅਰਥ ਵਿਗਿਆਨਕ ਕੀਮਤ ਬਾਰੇ ਇਸ ਤਰ੍ਹਾਂ ਨਹੀਂ ਆਖਿਆ ਜਾ ਸਕਦਾ। ਇਹ ਇਕ ਨਿਸ਼ਚਿਤ ਕੀਮਤ ਨਹੀਂ ਹੁੰਦੀ। ਹਰੇਕ ਵਾਰੀ ਜਦੋਂ ਅਸੀਂ ਕਿਸੇ ਇੱਕ ਪਰਸੰਗ ਵਿੱਚ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਵਰਤਦੇ ਹਾਂ ਤਾਂ ਅਸੀਂ ਉਸਦੇ ਅਰਥ ਘੇਰੇ ਵਿਚੋਂ ਕੁਝ ਕੁ ਨੂੰ ਇਸਤੇਮਾਲ ਕਰ ਰਹੇ ਹੁੰਦੇ ਹਾਂ। ਇਸ ਕਰਕੇ ਕੋਈ ਵੀ ਇੱਕ ਚਿਹਨਕ ਸਾਡਾ ਮਕਸਦ ਪੂਰਾ ਨਹੀਂ ਕਰ ਸਕਦਾ। ਅਸੀਂ ਹਮੇਸ਼ਾ ਇਕ ਵਿਚਾਰ ਨੂੰ ਸੰਚਾਰਿਤ ਕਰਨ ਲਈ ਚਿਹਨਕਾਂ ਦੀ ਇਕ ਲੜੀ ਨੂੰ ਇਸਤੇਮਾਲ ਕੀਤਾ ਜਾਂਦਾ ਹੈ।[3] ਉਦਾਹਰਣ ਵਜੋਂ ਇਕ ਔਰਤ ਦੀ ਗਰੀਬੀ ਵੀ ਪਰਗਟ ਕਰਨ ਲਈ ਅਨੇਕ ਚਿਹਨਕ ਵਰਤੇ ਜਾਣਗੇ ਜਿਵੇਂ ਉਸਦੇ ਕੱਪੜੇ, ਉਸਦਾ ਆਲਾ-ਦੁਆਲਾ, ਉਹਦਾ ਆਪਣੇ ਬੱਚਿਆਂ ਦਾ ਦੁੱਖ ਉਹਦੇ ਪਤੀ ਦਾ ਸੰਭਾਵੀ ਭੈੜਾ ਵਰਤਾਓ, ਉਸਦੀ ਤੰਗ ਹਨੇਰੀ ਕੋਠੜੀ, ਘੱਟਾ, ਮਿੱਟੀ ਆਦਿ ਅਤੇ ਹੋਰ ਬਹੁਤ ਸਾਰੇ ਚਿਹਨਕ। ਇਸ ਔਰਤ ਦੀ ਗਰੀਬੀ ਦੇ ਭਾਵ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਵਿੱਚ ਅਜਿਹਾ ਅਕਸ ਬਣਾ ਦਿੱਤਾ ਜਾਂਦਾ ਹੈ ਜਾਂ ਚਿਹਨਕਾਂ ਦਾ ਤਾਣਾ ਬਾਣਾ ਪੇਸ਼ ਕਰ ਦਿੱਤਾ ਜਾਂਦਾ ਹੈ। ਜਿਹੜਾ ਵੱਖਰਾ ਤੇ ਵਿਸ਼ੇਸ਼ ਤਰ੍ਹਾਂ ਦਾ ਨਵੀਨਤਮਕ ਵਜੂਦ ਬਣ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਸਿਰਫ ਵਿਸ਼ੇਸ਼ ਸਥਿੱਤੀ ਵੀ ਪੇਸ਼ ਕਰਨ ਦਾ ਯਤਨ ਕਰ ਰਹੇ ਹੁੰਦੇ ਹਾਂ। ਅਸੀਂ ਜਿਹੜਾ ਪਰਵਚਨ ਸਿਰਜ ਰਹੇ ਹਾਂ ਉਸ ਦੀ ਵਕਾਤਮਕ ਪਰਗਟਾਅ ਵਿੱਚ ਇਕ ਹਕੀਕਤ ਹੈ। ਪਰ ਇਸ ਪਰਵਚਨ ਦੀ ਸਿਰਜਣਾ ਪਰਕਿਰਿਆ ਵਕਾਤਮਕ ਨਹੀਂ ਹੁੰਦੀ, ਜਿਵੇਂ ਕਿ ਤਰਕ ਵਿਗਿਆਨਕ ਪਰਤੱਖਵਾਦੀ ਕਦੇ ਮੰਨਦੇ ਸਨ। ਵਕਾਤਮਕ ਪਰਵਾਹ ਜਾਂ ਮੋਟੋਨਿਮਕ ਸਿਰਜਣਾ, ਕੜੀਦਾਰ ਸੰਬੰਧਾਂ ਦੀ ਬਣੀ ਹੁੰਦੀ ਹੈ ਅਤੇ ਇਹ ਅਸਲ ਵਿਚ ਮੋਟਾਫੋਨਿਰਕ ਜਾਂ ਲੜੀਦਾਰ ਸੰਬੰਧਾਂ ਤੇ ਅਧਾਰਿਤ ਹੁੰਦੀ ਹੈ। ਪਰਵਚਨ ਸਿਰਜਣ ਦੌਰਾਨ ਹਰੇਕ ਪੜਾਅ ਤੇ ਅਸੀਂ ਸੋਚਦੇ ਹਾਂ, ਅਸੀਂ

ਆਪਣੀ ਚੋਣ ਕਰਨ ਦੀ ਬੋਧਿਕ ਯੋਗਤਾ ਦੀ ਵਰਤੋਂ ਕਰਕੇ ਆਪਣੇ ਪਰਵਚਨ ਵਿੱਚ ਸੰਬੰਧਾਂ ਦੀ ਸਿਰਜਣਾ ਕਰਦਾ ਹਾਂ। ਇਹ ਸਿਰਜਣਾ ਮੇਟਾਫੋਰਕ ਕਿਰਿਆ ਦੇ ਸਿੱਟੇ ਵਜੋਂ ਉਪਜਦੀ ਹੈ। ਪਰ ਇਹ ਹੁੰਦੀ ਮੇਟੋਨਿਮਕ ਹੀ ਹੈ। ਇਸ ਲਈ ਇਹ ਪਰਵਚਨ ਨੂੰ ਵਕਾਤਮਕ ਕ੍ਰਮ ਦਿੰਦੀ ਹੈ। ਜਿਵੇਂ-ਜਿਵੇਂ ਅਸੀਂ ਰਚਨਾ ਪਰਵਾਹ ਵਿੱਚ ਅੱਗੇ ਵੱਧਦੇ ਹਾਂ ਇਹ ਹੋਰ ਵਧੇਰੇ ਸਪਸ਼ਟ ਹੁੰਦਾ ਜਾਂਦਾ ਹੈ। ਮੇਟੋਨਿਮਕ ਕੜੀ ਲੰਮੀ ਹੁੰਦੀ ਜਾਂਦੀ ਹੈ ਅਤੇ ਪਰਗਟਾਅ ਪੱਧਰ ਤੇ ਨਵੇਂ ਸੰਬੰਧ ਬਣਾਉਣ ਲਈ ਅੱਗੇ ਪਿੱਛੇ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਅਸੀਂ ਉਨ੍ਹਾਂ ਚਿਹਨਕਾਂ ਜਾਂ ਚਿਹਨਕਾਂ ਦੀਆਂ ਲੜੀਆਂ ਜਿਨ੍ਹਾਂ ਵਿੱਚ ਮੈਟੋਨਿਮਿਕ ਪੱਧਰ ਤੇ ਆਪਸੀ ਨੇੜਤਾ ਹੁੰਦੀ ਹੈ ਵੀ ਮੇਲ ਕੇ ਭਾਵ ਪੱਧਰ ਤੇ ਅਰਥ ਵਿਗਿਆਨ ਸੰਬੰਧ ਰਚਣ ਤੋਂ ਇਲਾਵਾ ਆਪਣੇ ਕੋਲ ਹੋਰ ਕੋਈ ਚਾਰਾ ਨਹੀਂ ਰਹਿੰਦਾ। ਆਪਣੇ ਇਸ ਪਰਵਚਨ ਨੂੰ ਜੋ ਵਿਅਕਤੀ ਸਮਝਣਾ ਚਾਹੁੰਦਾ ਹੈ ਉਸੇ ਨੂੰ ਕੇਵਲ ਵਾਕਾਤਮਕ ਕ੍ਰਮ ਵਿੱਚ ਆਪਣੀ ਮੈਨਾਫਰਿਕ ਪੱਧਰ ਤੇ ਸਿਰਜੀ ਮੈਟੋਨਿਮੀ ਵੀ ਹੀ ਪੜ੍ਹਨਾ ਪਵੇਗਾ। ਅਰਥਾਤ ਉਸ ਨੂੰ ਨਾ ਕੇਵਲ ਪਰਵਚਨ ਦਾ ਪਾਠ ਆਰੰਭ ਤੋਂ ਅਰਥ ਤੱਕ ਕਰਨਾ ਪਵੇਗਾ ਇਸ ਦੀ ਤਹਿ ਵਿੱਚ ਵਿਚਰਦੇ ਉਹਦਾ ਅਰਥ ਵਿਗਿਆਨ ਸੰਬੰਧਾਂ ਨੂੰ ਵੇਖਣਾ ਪਵੇਗਾ ਜਿਨ੍ਹਾਂ ਕਰਕੇ ਚਿਹਨਕ ਆਪਸ ਵਿਚ ਪਰਗਟਾਅ ਵਾਲੀ ਵਰਤੀ ਤੋਂ ਬਿਨਾਂ ਵਿਚਰਦੇ ਹਨ।[4] ਸਿਰਜਣ ਪਰਕਿਰਿਆ ਬਾਰੇ ਇਸ ਤਰ੍ਹਾਂ ਦੀ ਚੇਤਨਾ ਕਰਕੇ ਹੀ ਅੱਜ ਕੱਲ੍ਹ ਦੀਆਂ ਫਿਲਮਾਂ ਅਤੇ ਆਧੁਨਿਕ ਸਾਹਿੱਤ ਵਿੱਚ ਕੁਝ ਘਟਨਾਵਾਂ ਸੁਭਾਵਿਕ ਕ੍ਰਮ ਵਿਚ ਨਹੀਂ ਦਿੱਤੀਆਂ ਗਈਆਂ ਹੁੰਦੀਆਂ।

ਅਰਥ ਵਿਗਿਆਨ ਸੰਬੰਧਾਂ ਦੇ ਮੇਲੇ ਦੇ ਆਧਾਰ ਤੇ ਇਹਨਾਂ ਨੂੰ ਜੋੜ ਕੇ ਇਕ ਵਜੂਦ ਬਣਾਇਆ ਜਾਂਦਾ ਹੈ। ਇਨ੍ਹਾਂ ਸੰਬੰਧੀ ਇਹ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਅਸੀਂ ਇਹਨਾਂ ਨੂੰ ਭਾਵੇਂ ਸੰਬੰਧਾਂ ਦੇ ਕਿਸੇ ਵੀ ਰੂਪ ਪੇਸ਼ ਕਰੀਏ ਜਦੋਂ ਇੱਕ ਵਾਰੀ ਪੇਸ਼ ਕਰ ਦਿੱਤਾ ਤਾਂ ਇਸ ਦੇ ਵਜੂਦ ਦੀ ਆਪਣੀ ਜੁਗਤ ਬਣ ਜਾਵੇਗੀ ਫਿਰ ਇਹ ਪਰਵਚਨ ਭਾਵੇਂ ਜਿੰਨਾ ਮਰਜੀ ਗੁੰਝਲਦਾਰ ਹੋਵੇ ਪਾਠਕ ਨੂੰ ਆਪਣੀ ਬੁੱਧੀ ਵਰਤ ਕੇ ਅਤੇ ਇਸ ਕਿਰਤ ਦੇ ਵਾਕਾਂ ਦੇ ਵਾਕੀਆਂ ਨੂੰ ਜੋੜ-ਜੋੜ ਕੇ ਇਸਦੀ ਅਰਥ ਵਿਗਿਆਨ ਸੁਨੇਹੇ ਤੱਕ ਪੁਹੰਚਾਣਾ ਪਵੇਗਾ।[5] ਇਹ ਪਰਕਿਰਿਆ ਉਸ ਵੇਲੇ ਸ਼ੁਰੂ ਹੋ ਜਾਂਦੀ ਹੈ ਜਦੋਂ ਪਾਠਕ ਰਚਨਾ ਨੂੰ ਪੜ੍ਹਨਾਂ ਆਰੰਭ ਕਰਦਾ ਹੈ। ਕੁਝ ਹਿੱਸਾ ਪੜ੍ਹਨ ਮਗਰੋਂ ਉਸਦੇ ਦਿਮਾਗ ਵਿੱਚ ਇੱਕ ਬਿੰਬ ਬਣਨਾ ਸ਼ੁਰੂ ਹੋ ਜਾਂਦਾ ਹੈ। ਜਦੋਂ ਉਹ ਅਗੇ ਚਲਦਾ ਤਾਂ ਇਸ ਬਿੰਬ ਦੇ ਨਕਸ਼ ਹੋਰ ਉਘੜਨੇ ਸ਼ੁਰੂ ਹੋ ਜਾਂਦੇ ਹਨ। ਜਦੋਂ ਉਹ ਇਸੇ ਰਚਨਾਂ ਨੂੰ ਦੂਜ ਵਾਰ ਪੜ੍ਹਦਾ ਹੈ ਤਾਂ ਉਸ ਨੂੰ ਇਸ ਪਰਵਚਨ ਦੀ ਵੱਖਰੀ ਤਰ੍ਹਾਂ ਸਮਝ ਲੱਗਣ ਲੱਗ ਪੈਂਦੀ ਹੈ। ਕਿਉਂਕਿ ਇਸਦੀ ਪਹਿਲੀ ਪੜ੍ਹਤ ਮਗਰੋਂ ਉਭਰੇ ਵਿਚਾਰ ਉਸ ਨੂੰ ਅਰਥ ਵਿਗਿਆਨ ਪੱਖਰਦੇ ਨਵੇਂ ਸੰਬੰਧੀ ਸਿਰਜਣ ਵਿੱਚ ਮਦਦ ਕਰਦੇ ਹਨ। ਪਹਿਲੀ ਪੜਤ ਦੂਜੀ ਪੜਤ ਵੇਲੇ ਪਾਠਕ ਨੂੰ ਰਚਨਾ ਵਿਚਲੇ ਸੁਨੇਹੇ ਦੀ ਇੱਕ ਨਵੀਂ ਪਰਤ ਉਜਾਗਰ ਕਰਨ ਵਿੱਚ ਮਦਦ ਕਰਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਖੋਜ ਦਰਪਣ ਅੰਕ 47 ਸਫਾ 7
2. ਉਹੀ ਸਫਾ 8
3. ਉਹੀ ਪੰਨਾ 10
4. ਭਾਸ਼ਾ ਵਿਗਿਆਨ ਸੰਕਲਪ ਤੇ ਦਿਸ਼ਾਵਾਂ ਪੰਨਾ 120
5. ਉਹੀ ਪੰਨਾ 121

# ਸ਼ੈਲੀ ਵਿਗਿਆਨ : ਜਾਣ ਪਛਾਣ
## (Stylistics : An Introduction)

### 1.0 ਸ਼ੈਲੀ ਵਿਗਿਆਨ : ਜਾਣ-ਪਛਾਣ

ਵੀਹਵੀਂ ਸਦੀ ਤੋਂ ਪਹਿਲਾਂ ਤੱਕ ਭਾਰਤੀ ਕਾਵਿ ਸ਼ਾਸਤਰ ਦਾ ਭਾਰਤ ਵਿਚ ਸਰਬਤ ਮਹੱਤਵ ਸੀ। ਪਰ ਪੱਛਮੀ ਕਾਵਿ ਸ਼ਾਸਤਰੀ ਸਿੱਧਾਂਤਾਂ ਦੇ ਪਰਭਾਵ ਅਧੀਨ ਇਸ ਦੀ ਆਧੁਨਿਕ ਯੁੱਗ ਵਿਚ ਸਾਰਥਕਤਾ ਅਤੇ ਪਰਸੰਗਤਾ ਘੱਟ ਗਈ ਹੈ। ਭਾਵੇਂ ਕਿ ਵਧੇਰੇ ਕਰਕੇ ਪੱਛਮੀ ਅਧਿਐਨ ਵਿਚ ਭਾਰਤੀ ਕਾਵਿ ਸਿੱਧਾਂਤਾਂ ਦੇ ਤੱਤ ਵੇਖੇ ਜਾ ਸਕਦੇ ਹਨ। ਇਸ ਲਈ ਅੱਜ ਲੋੜ ਹੈ ਕਿ ਭਾਰਤੀ ਕਾਵਿ ਸ਼ਾਸਤਰ ਨੂੰ ਪੱਛਮੀ ਕਾਵਿ ਸ਼ਾਸਤਰ ਦੇ ਸੰਦਰਭ ਵਿਚ ਵਿਚਾਰਿਆ ਅਤੇ ਸਥਾਪਤ ਕੀਤਾ ਜਾਵੇ। ਪੱਛਮੀ ਸਾਹਿਤ ਸ਼ਾਸਤਰ ਦੇ ਇਤਿਹਾਸਕ ਵਿਕਾਸ ਕ੍ਰਮ ਵਿਚ ਮੁੱਢਲਾ ਸਥਾਨ ਅਰਸਤੂ ਨੂੰ ਪਰਾਪਤ ਹੈ। ਫਿਰ ਰੋਮਾਂਟਿਕ, ਅਕਾਦਮਿਕ, ਮਾਰਕਸਵਾਦੀ, ਮਨੋਵਿਗਿਆਨਕ, ਸੁਹਜਵਾਦੀ ਅਧਿਐਨ ਵਿਧੀਆਂ ਸਾਹਮਣੇ ਆਉਂਦੀਆਂ ਹਨ। ਵੀਹਵੀਂ ਸਦੀ ਵਿਚ ਰੂਪਵਾਦੀ, ਸੰਰਚਨਾਵਾਦ, ਭਾਸ਼ਾ ਵਿਗਿਆਨਕ, ਸ਼ੈਲੀ ਵਿਗਿਆਨਕ, ਥੀਮ ਵਿਗਿਆਨਕ, ਲੋਕਧਾਰਾਈ ਮਿਥ ਵਿਗਿਆਨਕ, ਸਿਸਟਮੀ ਆਦਿ ਅਨੇਕ ਨਵੀਆਂ ਅਧਿਐਨ ਵਿਧੀਆਂ ਉਭਰੀਆਂ ਹਨ। ਅਸਲ ਵਿਚ ਅੱਜਕੱਲ੍ਹ ਸਾਹਿਤ ਅਧਿਐਨ ਦਾ ਕਾਰਜ ਪਹਿਲਾਂ ਨਾਲੋਂ ਵਧੇਰੇ ਵਿਗਿਆਨਕ, ਤਾਰਕਿਕ ਅਤੇ ਸੁਨਿਸ਼ਚਿਤ ਹੁੰਦਾ ਜਾ ਰਿਹਾ ਹੈ।

ਵੀਹਵੀਂ ਸਦੀ ਦਾ ਸਮਾਂ ਨਾ ਕੇਵਲ ਭਾਰਤੀ ਚਿੰਤਨ ਵਿਚ ਸਗੋਂ ਵਿਸ਼ਵ ਭਰ ਦੇ ਚਿੰਤਨ ਵਿਚ ਵਿਸ਼ੇਸ਼ ਪਰਾਪਤੀ ਵਾਲਾ ਕਾਲ ਕਿਹਾ ਜਾ ਸਕਦਾ ਹੈ। ਇਹੀ ਸਦੀ ਹੈ ਜਿਸ ਦੇ ਅੰਤਰਗਤ ਲੈਨਿਨ, ਏਂਗਲਜ਼, ਮਾਰਕਸ, ਫਰਾਇਡ, ਡਾਰਵਿਨ, ਨੀਤਸ਼ੇ, ਸਾਰਤਰ ਆਦਿ ਜਹੇ ਪਰਸਿੱਧ ਚਿੰਤਕਾਂ ਨੇ ਪੁਰਾਤਨ ਅਤੇ ਪਰੰਪਰਾਗਤ ਵਿਚਾਰਾਂ ਨੂੰ ਚੁਣੌਤੀ ਦੇ ਕੇ ਆਧੁਨਿਕ ਅਤੇ ਵਿਗਿਆਨਕ ਸਥਾਪਨਾਵਾਂ ਲਈ ਰਾਹ ਮੋਕਲਾ ਕੀਤਾ। ਵਿਗਿਆਨਕ ਦਰਿਸ਼ਟੀਕੋਣ ਦਾ ਧਾਰਨੀ ਹੋਣ ਕਰਕੇ ਅਜੋਕਾ ਮਨੁੱਖ ਸੰਦੇਹਸ਼ੀਲ ਬਿਰਤੀ ਦਾ ਧਾਰਨੀ ਹੋ ਗਿਆ ਹੈ। ਹਰ ਧਾਰਨਾ ਨੂੰ ਸ਼ੱਕੀ ਨਜ਼ਰ ਨਾਲ ਵੇਖਣਾ ਅਜੋਕੇ ਮਨੁੱਖ ਦੀ ਆਦਤ ਬਣ ਗਈ ਹੈ। ਇਹ ਆਦਤ ਇਕ ਤਰ੍ਹਾਂ ਨਾਲ ਮਨੁੱਖੀ ਚਿੰਤਨ ਦੇ ਵਿਕਾਸ ਲਈ ਵਰਦਾਨ ਵੀ ਸਾਬਤ ਹੋਈ ਹੈ। ਸ,ਾਹਿਤ ਕਿਰਤ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ ਹੈ। ਭਾਸ਼ਾ ਤੇ ਸਾਹਿਤ ਮਨੁੱਖ ਦੀ ਸਮਾਜਕ ਸਿਰਜਨਾ ਦੇ ਦੋ ਅੰਤਰ-ਸੰਬੰਧਤ ਪਰ ਸੁਤੰਤਰ ਵਜੂਦ ਹਨ। ਭਾਸ਼ਾ ਦੇ ਅਧਿਐਨ ਨਾਲ ਜੁੜੇ ਭਾਸ਼ਾ ਵਿਗਿਆਨੀਆਂ ਅਤੇ ਸਾਹਿਤ ਦੇ ਅਧਿਐਨ ਨਾਲ ਜੁੜੇ ਆਲੋਚਕਾਂ ਦੇ ਆਪਸੀ ਵਿਚਾਰ ਗੰਭੀਰ ਚਰਚਾ ਦਾ ਵਿਸ਼ਾ ਰਹੇ ਹਨ। ਆਧੁਨਿਕ ਭਾਸ਼ਾ ਵਿਗਿਆਨ ਦੀ ਇਹ ਪਰਮੁੱਖ ਧਾਰਨਾ ਹੈ ਕਿ ਮਨੁੱਖੀ ਭਾਸ਼ਾਵਾਂ ਦੀ ਉਚਰਿਤ ਪੱਧਰ ਦੀ ਹੋਂਦ ਰੱਖਦੀ ਹੈ। ਉਚਰਿਤ ਰੂਪ ਨੂੰ ਲਿਖਤੀ ਰੂਪ ਪਰਦਾਨ ਕੀਤਾ ਜਾਂਦਾ ਹੈ। ਅੱਜਕੱਲ੍ਹ ਪਰਾਪਤ ਕਲਾਸੀਕਲ ਭਾਸ਼ਾਵਾਂ ਦੇ ਸੰਬੰਧ ਵਿਚ ਵੀ ਇਹ ਤੱਥ ਸਹੀ ਹੈ। ਇਸ ਤਰ੍ਹਾਂ ਦੀ ਸੋਚ ਦਾ ਬਾਨੀ ਫਰਦੀਨਾ ਦਾ ਸਾਸਿਊਰ ਸੀ। ਸਾਸਿਊਰ ਨੇ ਆਪਣੇ ਸਿੱਧਾਂਤਾਂ ਦੀ ਸਿਰਜਨਾ ਆਪਣੇ ਸਮਕਾਲੀ ਸਮਾਜ-ਵਿਗਿਆਨੀ ਇਮਾਈਲ ਦੁਰਖ਼ੀਮ ਦੇ ਅਧਿਐਨ ਤੋਂ ਪ੍ਰਭਾਵਿਤ ਹੋ ਕੇ ਕੀਤੀ। ਸਾਸਿਊਰ ਨੇ ਭਾਸ਼ਾਈ ਵਖਰੇਵੇਂ ਪਿੱਛੇ ਕਾਰਜਸ਼ੀਲ ਨੇਮਾਂ ਨੂੰ ਵਿਗਿਆਨਕ ਅਧਿਐਨ ਦੀ ਸਾਮੱਗਰੀ ਬਣਾਉਣ ਦਾ ਸੁਝਾਅ ਦਿੱਤਾ। ਆਪਣੇ ਸੁਝਾਅ ਨੂੰ ਉਸ ਨੇ ਲਾ ਲੈਂਗ ਤੇ ਲਾ ਪੈਰੋਲ, ਚਿਹਨ, ਚਿਹਨਿਕ ਤੇ ਚਿਹਨਿਤ, ਇਕਾਲੀ ਤੇ ਪੈਰਾਡਿਗਮੈਟਿਕ ਅਤੇ ਸਿਨਟੈਗਮੈਟਿਕ ਤੇ ਚਿਹਨ ਵਿਗਿਆਨ ਆਦਿ ਸੰਕਲਪਾਂ ਰਾਹੀਂ ਪੇਸ਼ ਕੀਤਾ। ਇਨ੍ਹਾਂ ਦੇ ਆਧਾਰ ਤੇ ਭਾਸ਼ਾਈ ਅਧਿਐਨ ਲਈ ਵੱਖੋ ਵੱਖਰੀ ਪਹੁੰਚ ਵਾਲੇ ਸਕੂਲਾਂ ਦਾ ਵਿਕਾਸ ਹੋਇਆ। ਇਹਨਾਂ ਵਿਚ ਪਰਾਗ ਸਕੂਲ, ਕਾਪਨਹੇਗਨ ਸਕੂਲ, ਅਮਰੀਕੀ ਸਕੂਲ ਆਦਿ ਮੁੱਖ ਕੇਂਦਰ ਸਾਹਮਣੇ ਆਏ।

ਪਿਛਲੇ ਕੁਝ ਵਰ੍ਹਿਆਂ ਵਿਚ ਸਾਹਿਤ ਆਲੋਚਨਾ ਦੇ ਖੇਤਰ ਵਿਚ ਕੁਝ ਅਜਿਹੀਆਂ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਨਾਲ ਸਾਹਿਤਕ ਰਚਨਾ ਇਸ ਦੀ ਹੋਂਦ ਵਿਧੀ, ਇਸਦਾ ਲੇਖਕ ਤੇ ਪਾਠਕ ਨਾਲ ਸੰਬੰਧ, ਇਸਦੀ ਪਰਕਿਰਤੀ ਆਦਿ ਵਰਗੇ ਬੁਨਿਆਦੀ ਪ੍ਰਸ਼ਨਾਂ ਉੱਪਰ ਚਰਚਾ ਕੀਤੀ ਜਾ ਰਹੀ ਹੈ। ਇਸ ਪਰਿਵਰਤਨ ਦਾ ਇਕ ਹੋਰ ਪੱਖ ਇਹ ਹੈ ਕਿ ਭਿੰਨ ਭਿੰਨ ਦੇਸ਼ਾਂ ਵਿਚ ਨਵੀਂ ਸੋਚਣੀ ਪੈਦਾ ਕਰਨ ਵਾਲੀਆਂ ਆਚੋਲਨਾ-ਪ੍ਰਣਾਲੀਆਂ ਦੇਸ਼ ਅਤੇ ਕੌਮ ਦੀਆਂ ਸੀਮਾਵਾਂ ਪਾਰ ਕਰਕੇ ਆਪਣਾ ਪਰਭਾਵ ਖੇਤਰ ਵਧਾਉਣ ਲੱਗੀਆਂ ਹਨ। ਇਸ ਆਲੋਚਨਾ ਦਾ ਝੁਕਾਅ ਵਧੇਰੇ ਆਲੋਚਨਾਤਮਕ ਨਿਰਪੱਖਤਾ ਤੇ ਵਸਤੂਮੁਖਤਾ ਵੱਲ ਹੈ। ਜਿਸ ਵਿਚ ਸੰਕ੍ਰਿਆ ਮੂਲਕ ਅਤੇ ਵਿਧੀ ਮੂਲਕ ਨਿਆਇ ਤਿਆਰ ਕਰਨ ਉਪਰ ਜ਼ੋਰ ਹੈ। ਦੂਜੇ ਸ਼ਬਦਾਂ ਵਿਚ ਇਹ ਆਲੋਚਨਾ ਆਪਣੇ ਮੂਲ ਮੰਤਵਾਂ ਨੂੰ ਵਧੇਰੇ ਸ੍ਵੈ-ਨਿਸ਼ਠ ਅਤੇ ਵਰਣਾਤਮਕ ਆਲੋਚਨਾ ਦੀ ਭੂਮੀ ਤਿਆਰ ਕਰਨ ਵਿਚ ਰੁਚੀ ਰੱਖਦੀ ਹੈ।

ਸਾਹਿੱਤਕ ਕਿਰਤ ਨੂੰ ਸਮਝਣ ਸਮਝਾਉਣ ਲਈ ਸਾਹਿਤ ਦੇ ਵਿਦਿਆਰਥੀਆਂ ਨੇ ਸਮੇਂ ਸਮੇਂ ਆਪਣੇ ਪਰਸੰਗ ਅਨੁਸਾਰ ਵੱਖ ਵੱਖ ਅੰਤਰ-ਦਰਿਸ਼ਟੀਆਂ ਨੂੰ ਸਾਹਵੇਂ ਰੱਖਿਆ ਹੈ। ਸ਼ੈਲੀ ਵਿਗਿਆਨ ਵੀ ਸਾਹਿਤਕ ਕਿਰਤਾਂ ਨੂੰ ਵੇਖਣ ਪਰਖਣ ਦੀ ਇਕ ਅੰਤਰ ਦਰਿਸ਼ਟੀ ਹੈ। ਇਕ ਅਨੁਸ਼ਾਸਨ ਦੇ ਰੂਪ ਵਿਚ ਸ਼ੈਲੀ ਵਿਗਿਆਨ ਦਾ ਆਪਣਾ ਸੰਕਲਪਾਤਮਕ ਆਧਾਰ ਹੈ। ਸ਼ੈਲੀ ਵਿਗਿਆਨ ਕਿਸੇ ਸਾਹਿਤਕ ਕਿਰਤ ਦੀ ਸੰਰਚਨਾ ਦੇ ਉਹਨਾਂ ਪਰਕਾਰਜੀ ਤੱਤਾਂ ਦਾ ਅਧਿਐਨ ਕਰਦਾ ਹੈ ਜੋ ਉਸ ਕਿਰਤ ਨੂੰ ਹੋਰ ਸਾਹਿਤਕ ਕਿਰਤਾਂ ਤੋਂ ਵੱਖਰਾ ਸਿੱਧ ਕਰਨ ਦਾ ਕਾਰਨ ਬਣਦੇ ਹਨ।

ਸਾਹਿੱਤਕ ਕਿਰਤ ਨੂੰ ਸਮਝਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਨੂੰ ਦੋ ਪਰਕਾਰ ਦੀਆਂ ਅੰਤਰ ਦਰਿਸ਼ਟੀਆਂ ਵਿਚ ਵੰਡਿਆ ਜਾ ਸਕਦਾ ਹੈ : ਅੰਤਰੰਗ (intrinsic) ਤੇ ਬਹਿਰੰਗ (extrinsic) ਅੰਤਰੰਗ ਅੰਤਰ ਦਰਿਸ਼ਟੀ ਸਾਹਿਤ ਨੂੰ ਸਰਵ ਸਰੇਸ਼ਠ ਮੰਨ ਕੇ ਚਲਦੀ ਹੈ। ਇਹ ਸਾਹਿਤਕਾਰ, ਕਾਲ ਤੇ ਪਰਸਥਿੱਤੀਆਂ ਨੂੰ ਨਿਰਾਰਥਕ ਗਿਣਦੀ ਹੈ। ਇਸ ਪਰਕਾਰ ਦੀ ਅੰਤਰ ਦਰਿਸ਼ਟੀ ਨਾਲ ਸਾਹਿਤ ਕਿਰਤ ਦਾ ਵਸਤੂ ਨਿਸ਼ਠ ਮੁੱਲਾਂਕਣ ਕੀਤਾ ਜਾਂਦਾ ਹੈ। ਬਹਿਰੰਗ ਅੰਤਰ ਦਰਿਸ਼ਟੀ ਸਾਹਿਤਕਾਰ ਤੇ ਉਸਦਾ ਸਮਾਜਕ ਰੁਤਬਾ, ਕਾਲ ਤੇ ਸਮਾਜਕ ਪ੍ਰਸੰਗ ਆਦਿ ਨੂੰ ਨਾਲ ਲੈ ਕੇ ਚਲਦੀ ਹੈ।

ਆਧੁਨਿਕ ਭਾਸ਼ਾ ਵਿਗਿਆਨ ਦੁਆਰਾ ਲਗਭਗ ਪਿਛਲੇ ਦੋ ਦਹਾਕਿਆਂ ਤੋਂ ਅਰਥ ਤੇ ਵਿਸ਼ੇਸ਼ ਬਲ ਦਿੱਤਾ ਜਾਣ ਲੱਗਾ ਹੈ। ਭਾਵ ਅੰਤਰੰਗ ਤੇ ਬਹਿਰੰਗ ਦੋਹਾਂ ਹੀ ਸੰਰਚਨਾਵਾਂ ਵਿਚ ਤਾਲਮੇਲ ਬਿਠਾਉਣ ਵਾਲੇ ਭਾਸ਼ਾਈ ਸੂਤਰਾਂ ਦੀ ਖੋਜ ਆਰੰਭ ਹੋਈ। ਭਾਸ਼ਾਈ ਇਕਾਈਆਂ ਦਾ ਸੰਯੋਜਨ ਸੰਰਚਨਾ ਦੇ ਨਿਯਮਾਂ ਦੇ ਅਨੁਕੂਲ ਹੁੰਦਾ ਹੈ। ਸੰਰਚਨਾਗਤ ਤੱਤਾਂ ਦਾ ਸੰਯੋਜਨ ਹੀ ਸਮਾਜ ਦੇ ਵਿਭਿੰਨ ਵਿਅਕਤੀਆਂ ਦੀ ਭਾਸ਼ਾ ਵਿਚ ਇਕ ਪਰਕਾਰ ਦੀ ਸਮਰੂਪਤਾ ਪੈਦਾ ਕਰਦਾ ਹੈ।[1] ਪਰ ਭਾਸ਼ਾ ਦੇ ਪਰਗਟਾਵੇ ਵਿਚ ਸਮਾਨਤਾ ਨਹੀਂ ਹੁੰਦੀ। ਸਾਹਿਤਕਾਰ ਦਾ ਪਰਗਟਾਅ ਪੱਖ ਉਸਦੀ ਸਮਰੱਥਾ ਤੇ ਸੰਯੋਜ ਪਰਤਿਭਾ ਦਾ ਨਤੀਜਾ ਹੁੰਦਾ ਹੈ। ਇਸ ਲਈ ਸਾਹਿਤ ਦੀ ਭਾਸ਼ਾ ਵਸ਼ਿਸ਼ਟ ਅਭਿਵਿਅਕਤੀਮੂਲਕ ਹੁੰਦੀ ਹੈ।

ਆਲੋਚਨਾ ਨੂੰ ਵਿਗਿਆਨਕ ਬਣਾਉਣ ਹਿਤ ਰਚਨਾ ਨੂੰ ਸੁਤੰਤਰ ਮੰਨ ਕੇ ਅਰਥ ਸੰਬੰਧੀ ਅਤੇ ਵਸਤੂ ਸੰਬੰਧੀ ਤੱਤਾਂ ਨੂੰ ਉਜਾਗਰ ਕਰਨਾ ਜ਼ਰੂਰੀ ਹੈ। ਦਰਿਸ਼ਟੀ ਤੋਂ ਭਾਸ਼ਾ ਵਿਗਿਆਨ ਦਾ ਆਧਾਰ ਲੈ ਕੇ ਆਲੋਚਨਾ ਦੀ ਇਸ ਨਵੀਂ ਦਰਿਸ਼ਟੀ ਦਾ ਜਨਮ ਹੋਇਆ ਉਸ ਨੂੰ ਹੀ ਸ਼ੈਲੀ ਵਿਗਿਆਨ (stylistics) ਦਾ ਨਾਮ ਦਿੱਤਾ ਗਿਆ ਹੈ।

ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੀ ਉਹ ਨਵੀਂ ਵਿਧੀ ਹੈ ਜਿਸਦਾ ਪਰਕਾਰਜ ਭਾਸ਼ਿਕ ਸਾਧਨਾਂ ਦੇ ਆਧਾਰ ਤੇ ਸਾਹਿਤ ਦਾ ਵਸਤੂ ਨਿਸ਼ਠ ਤੇ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ। ਕਿਉਂਕਿ ਸਾਹਿਤਕ ਅਭਿਵਿਅਕਤੀ ਦਾ ਮਾਧਿਅਮ ਭਾਸ਼ਾ ਹੈ। ਸਾਹਿਤਕਾਰ ਰਚਨਾ ਵਿਚ ਪਰਸੰਗ ਅਨੁਸਾਰ ਅਜਿਹੀ ਭਾਸ਼ਿਕ ਸੰਰਚਨਾ ਦਾ ਵਿਧਾਨ ਕਰਦਾ ਹੈ ਜਿਸ ਨਾਲ ਵਿਸ਼ਾ ਸੁੰਦਰ ਰੂਪ ਵਿਚ ਪਰਗਟ ਹੋ ਸਕੇ। ਇਸ ਕਰਕੇ ਭਾਸ਼ਾਵਾਦੀ ਦਰਿਸ਼ਟੀ ਤੋਂ ਸਾਹਿਤਕ ਕਿਰਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਹਨਾਂ ਦੇ ਵਿਸ਼ੇ ਜਾਂ ਅਰਥ ਪੱਖ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

## 1.1 ਸ਼ੈਲੀ

ਮਿਸ਼ੈਲ ਰਿਫੇਤਰੇ ਦਾ ਇਹ ਕਥਨ ਮਹੱਤਵਪੂਰਨ ਹੈ ਕਿ ਭਾਸ਼ਿਕ ਸੰਰਚਨਾ ਜਿਹੜੀ ਸੂਚਨਾ ਦਿੰਦੀ

ਹੈ ਸ਼ੈਲੀ ਉਸ ਸੁਜਨਾ ਵਿਚ ਰਲਿਆ ਪਰਗਟਾਆਤਮਕ, ਪਰਭਾਵਾਤਮਕ ਤੇ ਸੁਹਜਾਤਮਕ ਬਲ ਹੁੰਦੀ ਹੈ।[2] ਸ਼ੈਲੀ ਇਕ ਸੰਕੇਤਕ ਪਦ ਹੈ।[3] ਅਤੇ ਇਸ ਲਈ ਵਿਦਵਾਨਾਂ ਨੇ ।ਇਸ ਦੀ ਪਰਿਭਾਸ਼ਾ ਵਿਸ਼ੇਸ਼ ਨੇਮਾਂ ਦੇ ਪਰਸੰਗ ਵਿਚ ਕੀਤੀ ਹੈ। ਵਿਦਵਾਨਾਂ ਦੇ ਇਹ ਵਿਚਾਰ ਤਿੰਨ ਪਰਕਾਰ ਦੇ ਹਨ। ਕੁਝ ਵਿਦਵਾਨਾਂ ਨੇ ਸ਼ੈਲੀ ਦੇ ਵਕਤੇ/ਲੇਖਕ ਅਤੇ ਪਾਠਕ ਵਿਚਕਾਰਲੇ ਸੰਬੰਧਾਂ ਨੂੰ ਲੈ ਕੇ ਵਿਚਾਰ ਕੀਤਾ ਹੈ ਅਤੇ ਸ਼ੈਲੀ ਦੇ ਕਈ ਲੱਛਣ ਲੱਭੇ ਹਨ ਜਿਨ੍ਹਾਂ ਦੇ ਆਧਾਰ ਤੇ ਪਾਠ ਉਤਪੰਨ ਕਰਨ ਵਾਲੇ ਲੋਕ ਅਤੇ ਉਨ੍ਹਾਂ ਦੇ ਆਲੇ ਦੁਆਲੇ ਦੇ ਵਿਅਕਤੀਤਵ ਨਾਲ ਸੰਬੰਧਤ ਹੈ। ਦੂਸਰਾ ਪਰਸੰਗ ਸਰੋਤੇ/ਪਾਠਕ ਅਤੇ ਪਾਠ ਦੇ ਆਪਸੀ ਸੰਬੰਧਾਂ ਤੇ ਕੇਂਦਰਿਤ ਹੈ। ਉਹਨਾਂ ਅਨੁਸਾਰ ਪਾਠ ਦੇ ਪਰੇਰਨਾ ਸਰੋਤ ਦੀ ਰਸਾਈ ਸੰਦੇਸ਼ ਘੱਲਣ ਵਾਲੇ ਨਾਲੋਂ ਸੰਦੇਸ਼ ਪਰਾਪਤ ਕਰਨ ਵਾਲੇ ਤੱਕ ਜ਼ਿਆਦਾ ਹੁੰਦੀ ਹੈ। ਇੰਜ ਸ਼ੈਲੀ ਦੇ ਅਧਿਐਨ ਦੇ ਆਧਾਰ ਪਾਠ ਤੇ ਉਨਾਂ ਪੱਖਾਂ ਤੇ ਨਿਰਭਰ ਕਰਦਾ ਹੈ ਜੋ ਸੰਦੇਸ਼ ਪਰਾਪਤ ਕਰਨ ਵਾਲਾ ਵਿਚਾਰਦਾ ਹੈ। ਸ਼ੈਲੀ ਨਾਲ ਸੰਬੰਧਤ ਤੀਜੀ ਧਿਰ ਉਨ੍ਹਾਂ ਖੋਜੀਆਂ ਦੀ ਹੈ ਜੋ ਪਾਠ ਦੇ ਸ਼ੈਲੀਗਤ ਲੱਛਣਾਂ ਨੂੰ ਪਾਠ ਕੇ ਵਰਣਨਾਂ ਵਿਚੋਂ ਲੱਭਦੇ ਹਨ। ਇਹ ਵਿਦਵਾਨ ਵਕਤੇ/ਲੇਖਕ ਅਤੇ ਸਰੋਤੇ/ਪਾਠਕ ਅਤੇ ਕੇਂਦਰਿਤ ਪਾਠ ਅਧਿਐਨ ਤੋਂ ਅਲਗਾਵ ਪਰਗਟ ਕਰਦੇ ਹਨ। ਉਹਨਾਂ ਅਨੁਸਾਰ ਇਹ ਜ਼ਿਆਦਾ ਵਸਤੂਨਿਸ਼ਠ (objective) ਅਧਿਐਨ ਵਾਲੀ ਵਿਧੀ ਹੈ। ਗ੍ਰਾਹਮ ਹਫ਼ ਅਨੁਸਾਰ, "ਭਾਸ਼ਾ ਵਿਚਾਰ ਦਾ ਬਸਤਰ ਹੈ ਅਤੇ ਸ਼ੈਲੀ ਬਸਤਰ ਦੀ ਵਿਸ਼ੇਸ਼ ਕਟਾਈ ਅਤੇ ਫ਼ੈਸ਼ਨ ਹੈ।" ਸ਼ੈਲੀ ਮੇਜ਼ਪੋਸ਼ ਵਾਂਗ ਤਤਕਰੇ ਦੇ ਅਰਥ ਵਿਗਿਆਨਕ ਉਚਾਰਣ ਨੂੰ ਸ਼ਬਦ ਆਵੇਸ਼ ਨਾਲ ਢੱਕ ਕੇ ਦੱਸੀ ਗਈ ਕਹਾਣੀ ਉੱਤੇ ਕੁਦਰਤੀ ਰੰਗ ਚਾੜ੍ਹ ਕੇ ਉਸਨੂੰ ਮਸੂਮ ਬਣਾ ਦਿੰਦੀ ਹੈ। ਬਾਰਬੇਜ਼ ਦੀ ਇਹ ਪਰਿਭਾਸ਼ਾ ਸਾਰਤਰ ਦੀ ਸ਼ੈਲੀ ਦੀ ਪਰਿਭਾਸ਼ਾ ਨਾਲ ਟਕਰਾਵੀਂ ਹੈ। ਸਾਰਤਰ ਅਨੁਸਾਰ, "ਭਾਸ਼ਾ ਦਾ ਉਦੇਸ਼ ਸੰਚਾਰ ਕਰਨਾ ਹੈ ਜਦਕਿ ਸ਼ੈਲੀ ਵਿਸ਼ੇ ਨੂੰ ਸਭ ਤੋਂ ਵੱਧ ਪਰਭਾਵਸ਼ਾਲੀ ਢੰਗਾਂ ਨਾਲ ਸਮਝਣਯੋਗ ਬਣਾਉਂਦੀ ਹੈ। ਭਾਸ਼ਾ ਸਰਬ ਸਾਂਝੀ ਕਾਢ ਹੈ ਜਿਹੜੀ ਕਿ ਲੇਖਕ ਨੂੰ ਵਿਰਸੇ ਵਿਚੋਂ ਮਿਲਦੀ ਹੈ ਅਤੇ ਸ਼ੈਲੀ ਉਹ ਆਪ ਚੁਣਦਾ ਹੈ ਕਿ ਉਹ ਜੋ ਕਹਿਣਾ ਚਾਹੁੰਦਾ ਹੈ ਕਿਵੇਂ ਕਹੇ।"

ਰਵੀਦਰਨਾਥ ਸ੍ਰੀਵਾਸਤਵ ਨੇ ਸ਼ੈਲੀ ਦੀ ਵਿਆਖਿਆ ਕਰਨ ਵਾਲੇ ਵਿਦਵਾਨਾਂ ਨੂੰ ਹੇਠ ਲਿਖੇ ਪੰਜ ਵਰਗਾਂ ਵਿਚ ਵੰਡਿਆ ਹੈ:[4]

1. ਸ਼ੈਲੀ ਵਿਚਾਰ ਜਾਂ ਭਾਵ ਦਾ ਵੇਸ ਹੈ। (ਚੈਸਟਰ ਫੀਲਡ) ਭਾਵ ਉਹ ਅਲੰਕਰਣ ਦਾ ਪਰਿਆਇ ਹੈ।
2. ਸ਼ੈਲੀ ਵਿਚਾਰ ਜਾਂ ਅੰਤਰ ਦਰਿਸ਼ਟੀ ਹੈ। (ਸਪੇਂਸਰ)
3. ਸ਼ੈਲੀ ਹੀ ਵਿਅਕਤੀ ਹੈ। (ਬੂਫੋ) ਅਤੇ ਉਹ ਮਸਤਕ ਦੀ ਮੁਖ-ਅਕਰਿਤੀ ਹੈ ਜੋ ਚਿਹਰੇ ਦੀ ਤੁਲਨਾ ਵਿਚ ਵਿਅਕਤੀ ਦੀ ਆਂਤਰਿਕ ਪਰਕਿਰਤੀ ਦੀ ਅਧਿਕ ਵਿਸ਼ਵਾਸਮਈ ਢੰਗ ਨਾਲ ਪਛਾਣ ਕਰਾਉਂਦੀ ਹੈ।
4. ਸ਼ੈਲੀ ਸੰਪੂਰਨ ਸਾਹਿਤਕ ਸੌਂਦਰਯ ਦਾ ਪਰਿਆਇ ਹੈ। (ਮਰੇ)
5. ਉਚਿਤ ਕ੍ਰਮ ਵਿਚ ਉਚਿਤ ਸ਼ਬਦਾਂ ਦਾ ਪਰਯੋਗ ਹੀ ਸ਼ੈਲੀ ਹੈ। (ਸਵਿਫਟ)

ਉਪਰੋਕਤ ਪੰਜ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਇਸ ਸ਼ਬਦ ਦਾ ਪਰਯੋਗ ਵੱਖ ਵੱਖ ਵਿਦਵਾਨਾਂ ਨੇ ਆਪਣੇ ਉਪਯੋਗ ਅਤੇ ਸੁਵਿਧਾ ਲਈ ਵੱਖ ਵੱਖ ਕੀਤਾ ਹੈ। ਓਲਗਾ ਅਖਮਨੋਵਾ (The Principles and Methods of Linguistics) ਵੀ ਸਵੀਕਾਰ ਕਰਦੇ ਹਨ ਕਿ ਸ਼ੈਲੀ ਦੀ ਧਾਰਨਾ ਵਿਭਿੰਨਤਾ ਤੇ ਆਧਾਰਿਤ ਹੈ। ਉਨ੍ਹਾਂ ਅਨੁਸਾਰ ਸ਼ੈਲੀ ਦੇ ਹੇਠ ਲਿਖੇ ਪਰਮੁੱਖ ਲੱਛਣ ਹੋ ਸਕਦੇ ਹਨ :

## 1. ਸ਼ੈਲੀ : ਚੋਣ ਦੀ ਵਿਕਲਪਾਤਮਕਤਾ

ਸ਼ੈਲੀ ਦੀ ਧਾਰਨਾ ਵਿਭਿੰਨ ਵਿਕਲਪਾਂ ਨੂੰ ਮੰਨ ਕੇ ਜਿੰਨੀ ਦੂਰ ਜਾਂਦੀ ਹੈ ਓਨੀ ਹੀ ਇਹ ਦੂਰ ਤੱਕ ਇਹ ਵੀ ਸਪਸ਼ਟ ਕਰਦੀ ਹੈ ਕਿ ਭਾਸ਼ਕ ਵਿਵਸਥਾ ਦੇ ਦੁਆਰੇ ਉਪਸਥਿਤ ਵੱਖ ਵੱਖ ਰੂਪਾਂ ਅਤੇ ਰਚਨਾਵਾਂ ਵਿਚ ਵਕਤੇ ਅਥਵਾ ਲੇਖਕ ਦੀ ਚੋਣ ਵੀ ਇਸੇ ਧਾਰਨਾ ਵਿਚ ਅੰਤਰ ਨਿਹਿਤ ਹੈ।[5] ਓਲੰਗ ਅਖਮਨੋਵਾ ਦੀ ਇਸ ਧਾਰਨਾ ਦੇ ਨਾਲ ਡੀ. ਠਾਕੁਰ (The Nature and Scop of Stylistics) ਵੀ ਸਹਿਮਤ ਹੈ।

ਉਹ ਸਮਝਦੇ ਹਨ ਕਿ ਸ਼ੈਲੀ ਦੀ ਮੂਲ ਚੋਣ ਦੀ ਮਾਨਤਾ ਹੈ। ਲੇਖਕ ਨੂੰ ਭਾਸ਼ਾ ਦੇ ਵਿਭਿੰਨ ਪੱਧਰਾਂ ਤੇ ਭਾਸ਼ਕ ਇਕਾਈਆਂ ਦੀ ਚੋਣ ਕਰਨੀ ਹੁੰਦੀ ਹੈ।

ਕਿਹਾ ਜਾ ਸਕਦਾ ਹੈ ਕਿ ਸ਼ੈਲੀ ਨਾਮਕ ਤੱਤ ਆਪਣੇ ਆਪ ਵਿਚ ਇਕ ਸਾਪੇਖਿਕ ਸੰਕਲਪ ਹੈ। ਇਹ ਉਸ ਸਥਾਨ ਤੇ ਪਰਗਟ ਹੁੰਦੀ ਹੈ ਜਿਸ ਸਥਾਨ ਤੇ ਬਹੁਤੇ ਭਾਸ਼ਕ ਚਿਹਨਾਂ ਵਿਚੋਂ ਕਿਸੇ ਇਕ ਦੀ ਚੋਣ ਲੇਖਕ ਕਰਦਾ ਹੈ। ਇਸ ਪਰਕਾਰ ਦੇ ਪਰਯੋਗਾਂ ਦੇ ਨਾਲ ਨਾਲ ਲੇਖਕ ਵਿਚਲਿਤ ਜਾਂ ਅਸਾਧਾਰਨ ਪਰਯੋਗ ਕਰਕੇ ਕਥਾਨਕ ਨੂੰ ਵਿਸ਼ੇਸ਼ ਰੂਪ ਪਰਦਾਨ ਕਰਦਾ ਹੈ।

## 2. ਸ਼ੈਲੀ ਦੀ ਪੂਰਵ ਵਿਉਤਪਤੀ

ਭਾਰਤੀ ਸ਼ੈਲੀ ਸ਼ਾਸਤਰ ਵਿਚ 'ਸ਼ੈਲੀ' ਸ਼ਬਦ ਦਾ ਪਰਯੋਗ ਅੰਗਰੇਜ਼ੀ ਸ਼ਬਦ 'ਸਟਾਈਲ' ਦੇ ਪਰਿਆਇ ਦੇ ਰੂਪ ਵਿਚ ਹੋਇਆ ਹੈ। ਡਾ. ਵਿਦਿਆ ਨਿਵਾਸ ਮਿਸ਼ਰ ਕਈ ਸੰਦਰਭਾਂ ਦੀ ਚਰਚਾ ਕਰਦੇ ਹੋਏ ਸ਼ੈਲੀ ਸ਼ਬਦ ਨੂੰ ਰੀਤੀ ਨਾਲ ਜੋੜਦੇ ਹਨ।[6] ਇਸ ਪਰਕਾਰ ਉਹ ਸਪਸ਼ਟ ਕਰਦੇ ਹਨ ਕਿ ਸ਼ੈਲੀ ਚੋਣ ਤੇ ਆਧਾਰਿਤ ਹੁੰਦੀ ਹੈ।

ਵਿਉਤਪਤੀ ਦੀ ਦਰਿਸ਼ਟੀ ਤੋਂ ਭਾਰਤੀ ਵਿਦਵਾਨਾਂ ਨੇ ਸ਼ੈਲੀ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਸ਼ੈਲੀ ਦਾ ਮੂਲ ਸ਼ੀਲ ਸ਼ਬਦ ਹੈ। ਸ਼ੀਲ ਦਾ ਅਰਥ ਹੈ ਸੁਭਾ। ਸੁਭਾ ਦੀ ਭਿੰਨਤਾ ਤੇ ਮਾਨਵ ਰੁਚੀ ਦੀ ਭਿੰਨਤਾ ਆਸਰਿਤ ਹੈ।

ਅੰਗਰੇਜ਼ੀ Style ਦੇ ਵੱਖ ਵੱਖ ਅਰਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਅਤੇ ਇਸਦੇ ਪੰਜਾਬੀ ਪਰਿਆਇ ਵਿਚ ਕੁਝ ਨਾ ਕੁਝ ਅੰਤਰ ਜ਼ਰੂਰ ਹੈ। ਰੀਤੀ, ਪੱਧਤੀ, ਢੰਗ ਜਾਂ ਵਿਧੀ ਆਦਿ ਸਭ ਸ਼ਬਦ ਸਟਾਈਲ ਸ਼ਬਦ ਦੇ ਅਰਥਾਂ ਨੂੰ ਸਪਸ਼ਟ ਨਹੀਂ ਕਰਦੇ। ਜਦੋਂ ਕਿ ਲਿਟਰੇਰੀ ਸਟਾਈਲ ਵਿਚ ਕਈ ਨਵੇਂ ਸੰਕਲਪ ਸਿਮਟ ਜਾਂਦੇ ਹਨ। ਸ਼ੈਲੀ ਮੂਲ ਰੂਪ ਵਿਚ ਇਕ ਵਿਅਕਤੀਗਤ ਗੁਣ ਹੈ। ਹਰ ਲੇਖਕ ਦੀ ਚੰਗੀ ਜਾਂ ਮਾੜੀ ਆਪਣੀ ਸ਼ੈਲੀ ਜ਼ਰੂਰ ਹੁੰਦੀ ਹੈ। ਇਸ ਲੇਖਕ ਦੇ ਭਾਸ਼ਿਕ ਸੰਸਾਰ ਵਿਚੋਂ ਹੀ ਲੱਭਿਆ ਜਾ ਸਕਦਾ ਹੈ।

## 3. ਸ਼ੈਲੀ ਭਾਸ਼ਿਕ ਅਭਿਵਿਅਕਤੀ ਪੱਧਤੀ

ਸ਼ੈਲੀ ਇਕ ਸਾਧਨ ਮਾਤਰ ਜਿਹ ਦਾ ਸੰਬੰਧ ਵਾਕ ਸ਼ਕਤੀ ਨਾਲ ਹੈ। ਜਿਸ ਦਾ ਸੰਬੰਧ ਰਚਨਾ ਦੀ ਪਰਭਾਵ ਉਤਪਾਦਕਤਾ ਨਾਲ ਹੈ ਅਤੇ ਉਸ ਦਾ ਉਦੇਸ਼ ਰਚਨਾ ਨੂੰ ਵੱਧ ਤੋਂ ਵੱਧ ਆਕਰਸ਼ਕ ਬਣਾਉਣਾ ਹੈ। ਡਾ. ਸਤਯ ਦੇਵ ਚੌਧਰੀ ਦੇ ਅਨੁਸਾਰ, "ਇਸ ਪਰਕਾਰ 'ਸ਼ੈਲੀ' ਸ਼ਬਦ ਤੋਂ ਸਾਡਾ ਭਾਵ ਹੈ... ਸਾਹਿਤਕਾਰ ਦਾ ਲੇਖਨ ਪਰਕਾਰ ਜੋ ਕਿ ਉਸ ਦੀ ਭਾਸ਼ਾ ਵਿਚ ਪਰਯੋਗ ਕੀਤੇ ਗਏ ਸ਼ਬਦਾਂ ਅਤੇ ਵਾਕਾਂ ਦੇ ਗਠਨ ਤੋਂ ਪਰਗਟ ਹੁੰਦਾ ਹੈ।"[7]

ਸ਼ੈਲੀ ਦੀਆਂ ਵਿਭਿੰਨ ਪਰਿਭਾਸ਼ਾਵਾਂ ਨੂੰ ਪਰਖਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਸ਼ਕ ਪਰਗਟਾਵੇ ਦੇ ਵਿਸ਼ੇਸ਼ ਢੰਗ ਦਾ ਨਾਮ ਹੀ ਸ਼ੈਲੀ ਹੈ। ਸ਼ੈਲੀ ਵਿਗਿਆਨ ਦੀ ਪਰਿਭਾਸ਼ਾ ਕਰਨ ਲਈ ਇਥੇ ਸ਼ੈਲੀ ਦੇ ਸੰਕਲਪ ਨੂੰ ਵਿਆਪਕ ਪੱਧਰ ਤੇ ਦੇਖਣ ਦੀ ਜ਼ਰੂਰਤ ਹੁੰਦੀ ਹੈ। ਕਿਉਂਕਿ ਇਹ ਭਾਸ਼ਾ ਤੇ ਸਾਹਿਤ ਨੂੰ ਜੋੜਨ ਵਾਲਾ ਸੰਕਲਪ ਹੈ। ਇਸਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਸਾਹਿੱਤਕ ਭਾਸ਼ਕ ਅਭਿਵਿਕਤੀ ਹੈ। ਦੂਜੇ ਪਾਸੇ ਸਾਹਿਤ ਤੇ ਕਲਾ ਨੂੰ ਜੋੜਨ ਵਾਲਾ ਸੰਕਲਪ ਹੈ ਜਿਸਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਕਲਾਤਮਕ ਸੁਹਜ ਦੀ ਪਰਗਟਾਆਤਮਕ ਭਾਸ਼ਕ ਸੰਰਚਨਾ ਹੈ।[8]

ਸਾਹਿਤ ਤੇ ਕਲਾ ਨੂੰ ਜੋੜਨ ਵਾਲੀ ਸੰਕਲਪਨਾ ਸ਼ੈਲੀ ਵਿਗਿਆਨ ਵਿਚ ਪਰਯੋਗ ਹੋ ਕੇ ਸ਼ੈਲੀ ਨੂੰ ਸਪਸ਼ਟ ਕਰਦੀ ਹੈ। ਸ਼ੈਲੀ ਵਿਗਿਆਨ ਸ਼ਬਦ ਵਿਚ ਵਰਤਿਆ ਸ਼ੈਲੀ ਸ਼ਬਦ ਦਾ ਅਰਥ ਤੇ ਉਸ ਦੀ ਸਾਰਥੱਕਤਾ, ਸਾਹਿਤ ਤੇ ਕਲਾ ਨੂੰ ਜੋੜਨ ਵਿਚ ਹੈ। ਕਲਾ ਤੇ ਕਲਾ ਸ਼ਾਸਤਰ ਦੇ ਸੰਦਰਭ ਵਿਚ ਜੋ ਸਥਾਨ ਸੁਹਜ ਦਾ ਹੈ ਉਹੀ ਸਥਾਨ ਸਾਹਿਤ ਤੇ ਸ਼ੈਲੀ ਵਿਗਿਆਨਕ ਆਲੋਚਨਾ ਵਿਚ ਸ਼ੈਲੀ ਦਾ ਹੈ।

## 1.2 ਸ਼ੈਲੀ ਵਿਗਿਆਨ : ਪਰਿਭਾਸ਼ਾਵਾਂ

ਸ਼ੈਲੀ ਵਿਗਿਆਨ ਅੰਗਰੇਜ਼ੀ ਸ਼ਬਦ ਸਟਾਈਲਿਸਟਿਕਸ ਦਾ ਭਾਰਤੀ ਪਰਿਆਇ ਹੈ। ਜੀ. ਐਨ. ਲੀਚ ਅਨੁਸਾਰ ਸਾਹਿਤ ਵਿਚ ਭਾਸ਼ਾਗਤ ਪਰਯੋਗਾਂ ਦਾ ਨਾਂ ਸ਼ੈਲੀ ਵਿਗਿਆਨ ਹੈ। ਸ਼ਬਦ ਸਟਾਈਲਿਸਟਿਕਸ

ਦੋ ਸ਼ਬਦਾਂ ਸਟਾਈਲ ਤੇ ਇਸਟਿਕਸ (Istics) ਦੇ ਯੋਗ ਤੋਂ ਬਣਿਆ ਹੈ। ਸਟਾਈਲ ਦਾ ਸੰਬੰਧ ਸਾਹਿਤਕ ਆਲੋਚਨਾ ਨਾਲ ਹੈ ਜਦਕਿ ਇਸਟਿਕਸ ਦੀ ਉਤਪਤੀ ਲਿੰਗੁਇਸਟਿਕਸ ਤੋਂ ਹੋਈ ਹੈ। ਸੋ ਇਸ ਪਦ ਵਿਚ ਸਾਹਿੱਤਕ ਆਲੋਚਨਾ ਅਤੇ ਭਾਸ਼ਾ ਵਿਗਿਆਨ ਦੋਵੇਂ ਸ਼ਾਮਿਲ ਹਨ। ਵਿਗਿਆਨ ਬਾਰੇ ਵੱਖ ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ।

ਵੱਖ ਵੱਖ ਵਿਦਵਾਨਾਂ ਨੇ ਸ਼ੈਲੀ ਵਿਗਿਆਨ ਨੂੰ ਆਪਣੇ ਆਪਣੇ ਦਰਿਸ਼ਟੀਕੋਣ ਅਨੁਸਾਰ ਪਰਿਭਾਸ਼ਤ ਕੀਤਾ ਹੈ। ਇਹਨਾਂ ਪਰਿਭਾਸ਼ਾਵਾਂ ਨੂੰ ਮੁੱਖ ਤੌਰ ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

### 1.2.1 ਰੂਪ ਆਧਾਰਿਤ ਪਰਿਭਾਸ਼ਾਵਾਂ

(ੳ) ਜੀ. ਐਨ. ਲੀਚ ਅਨੁਸਾਰ, ਸਾਹਿਤ ਵਿਚ ਭਾਸ਼ਾਗਤ ਪਰਯੋਗਾਂ ਦਾ ਅਧਿਐਨ ਹੀ ਸ਼ੈਲੀ ਵਿਗਿਆਨ ਹੈ।[9]

(ਅ) ਡਾ. ਨਗੇਂਦਰ ਅਨੁਸਾਰ, ਸ਼ੈਲੀ ਵਿਗਿਆਨ ਦੀ ਸਹੀ ਪਰਿਭਾਸ਼ਾ ਉਸ ਦਾ ਸਹੀ ਅਰਥ ਅਤੇ ਖੇਤਰ ਵਿਸਤਾਰ ਇਹ ਹੀ ਹੈ ਕਿ ਉਹ ਭਾਸ਼ਾ ਵਿਗਿਆਨ ਦੇ ਨਿਯਮਾਂ ਅਤੇ ਵਿਧੀ ਦੇ ਅਨੁਸਾਰ ਸਾਹਿਤ ਦੇ ਭਾਸਿਕ ਵਿਧਾਨ ਦਾ ਰੂਪਾਤਮਕ ਅਧਿਐਨ ਹੈ।[10]

(ੲ) ਭੋਲਾ ਨਾਥ ਤਿਵਾੜੀ ਅਨੁਸਾਰ, ਸ਼ੈਲੀ ਦੇ ਵਿਗਿਆਨਕ ਅਧਿਐਨ ਨੂੰ ਸ਼ੈਲੀ ਵਿਗਿਆਨ ਕਹਿੰਦੇ ਹਨ।[11]

(ਸ) ਡਾ. ਸੁਰੇਸ਼ ਕੁਮਾਰ ਅਨੁਸਾਰ, ਸ਼ੈਲੀ ਦਾ ਵਿਗਿਆਨਕ ਅਧਿਐਨ ਹੀ ਸ਼ੈਲੀ ਵਿਗਿਆਨ ਹੈ।[12]

### 1.2.2 ਕਥਨ ਤੇ ਆਧਾਰਿਤ ਪਰਿਭਾਸ਼ਾਵਾਂ

(ੳ) ਚਾਰਲਸ ਬੇਲੀ ਅਨੁਸਾਰ, ਸ਼ੈਲੀ ਵਿਗਿਆਨ ਪਰਭਾਵੀ ਵਿਸ਼ੇਸ਼ਤਾਵਾਂ ਅਤੇ ਉਹਨਾਂ ਨੂੰ ਉਤਪੰਨ ਕਰਨ ਵਾਲੇ ਸਾਧਨਾਂ ਦੀ ਪੂਰਨ ਵਿਵਸਥਾ ਦਾ ਵਿਗਿਆਨਕ ਅਧਿਐਨ ਕਰਦਾ ਹੈ।[13]

(ਅ) ਵਾਸਲਰ ਅਨੁਸਾਰ, ਸ਼ੈਲੀ ਵਿਗਿਆਨ ਵਸਤੂ ਨਿਸ਼ਠ ਸਾਹਿਤ ਸਮੀਖਿਆ ਨਾਲ ਬਿਲਕੁਲ ਇਕ ਰੂਪ ਹੋ ਜਾਂਦਾ ਹੈ। ਇਹ ਅਜਿਹੀ ਸਾਹਿਤ ਸਮੀਖਿਆ ਹੈ ਜਿਸ ਵਿਚ ਵਿਅਕਤੀਗਤ ਰੁਚੀ ਤੇ ਅਰੁਚੀ ਦਾ ਅਧਿਐਨ ਹੁੰਦਾ ਹੈ।[14]

(ੲ) ਰਵਿੰਦਰਨਾਥ ਸ੍ਰੀਵਾਸਤਵ ਅਨੁਸਾਰ, ਸ਼ੈਲੀ ਵਿਗਿਆਨ ਸਾਹਿਤ ਨੂੰ ਸਮਝਣ ਸਮਝਾਉਣ ਦੀ ਇਕ ਅੰਤਰ ਦਰਿਸ਼ਟੀ ਹੈ। ਜੋ ਸ਼ੈਲੀ ਦੇ ਪੱਖ ਤੋਂ ਇਕ ਪਾਸੇ ਸਾਹਿਤ ਕਿਰਤ ਦੀ ਸੰਰਚਨਾ ਅਤੇ ਗਠਨ ਤੇ ਰੌਸ਼ਨੀ ਪਾਉਂਦੀ ਹੈ ਤੇ ਦੂਜੇ ਪਾਸੇ ਰਚਨਾ ਦਾ ਵਿਸ਼ਲੇਸ਼ਣ ਕਰਦੀ ਹੋਈ ਉਸ ਵਿਚਲੀ ਸਾਹਿਤਕਤਾ ਨੂੰ ਸਾਹਮਣੇ ਲਿਆਉਂਦੀ ਹੈ।[15]

(ਸ) ਡਾ. ਸ਼ੀਤਾਂਸ਼ੂ ਅਨੁਸਾਰ, ਸ਼ੈਲੀ ਵਿਗਿਆਨ ਰਚਨਾ ਦੀ ਭਾਸ਼ਾ ਦਾ ਰੂਪਤਮਕ ਅਧਿਐਨ ਨਹੀਂ ਹੈ, ਸਗੋਂ ਵਸਤੂ ਦੀ ਸੁੰਦਰਤਾ ਨੂੰ ਵਿਆਖਿਆਤ ਕਰਨ ਵਾਲੀ ਇਕ ਸਮਰੱਥ ਅਤੇ ਵਸੂਤਨਿਸ਼ਠ ਭਾਸ਼ਾਪਰਕ ਆਲੋਚਨਾ ਪ੍ਣਾਲੀ ਹੈ।[16]

(ਹ) ਕ੍ਰਿਸ਼ਨ ਕੁਮਾਰ ਸ਼ਰਮਾ ਅਨੁਸਾਰ, ਸ਼ੈਲੀ ਵਿਗਿਆਨ ਵਸਤੂਪਰਕ ਚਿੰਤਨ ਤੇ ਆਧਾਰਿਤ ਸਮਾਲੋਚਨਾ ਸਿੱਧਾਂਤ ਹੈ।[17]

ਉਪਰੋਕਤ ਪਰਿਭਾਸ਼ਾਵਾਂ ਵਿਚ ਪਹਿਲੇ ਪਰਕਾਰ ਦੀਆਂ ਪਰਿਭਾਸ਼ਾਵਾਂ ਭਾਸ਼ਾ ਦੇ ਰੂਪਾਮਤਕ ਅਧਿਐਨ ਅਥਵਾ ਭਾਸ਼ਾ ਵਿਗਿਆਨਕ ਅਧਿਐਨ ਮਾਤਰ ਨੂੰ ਸ਼ੈਲੀ ਵਿਗਿਆਨ ਮੰਨ ਲੈਂਦੀਆਂ ਹਨ। ਜਦੋਂ ਕਿ ਦੂਸਰੀ ਪਰਕਾਰ ਦੀਆਂ ਪਰਿਭਾਸ਼ਾਵਾਂ ਇਸਨੂੰ ਆਲੋਚਨਾ ਨਾਲ ਜੋੜਦੀਆਂ ਹੋਈਆਂ ਇਸ ਦੀ ਪਰਕਿਰਤੀ ਤੇ ਪਰਕਾਰਜ ਦੇ ਮਹੱਤਵ ਨੂੰ ਸਪਸ਼ਟ ਕਰਦੀਆਂ ਹਨ।

## 1.3 ਸ਼ੈਲੀ ਵਿਗਿਆਨ ਸਰੂਪ

ਸ਼ੈਲੀ ਵਿਗਿਆਨ ਦੇ ਅਰਥ, ਵਿਸ਼ੈ-ਖੇਤਰ ਅਤੇ ਉਦਸ਼ ਨੂੰ ਸਪਸ਼ਟ ਕਰਦੀਆਂ ਪਰਿਭਾਸ਼ਾਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸ਼ੈਲੀ ਵਿਗਿਆਨ ਦੇ ਸਰੂਪ ਨੂੰ ਨਿਮਨ ਲਿਖਤ ਬਿੰਦੂਆਂ ਵਿਚ ਦੇਖਿਆ ਜਾ ਸਕਦਾ ਹੈ।

**(ੳ) ਕਿਰਤ ਦੀ ਸਰਵ ਉੱਚਤਾ**

ਸ਼ੈਲੀ ਵਿਗਿਆਨ ਸਾਹਿਤਕ ਕਿਰਤ ਨੂੰ ਸਰਵ ਸਰੇਸ਼ਠ (autonomous) ਮੰਨ ਕੇ ਉਸ ਦਾ ਅਧਿਐਨ ਕਰਦਾ ਹੈ। ਇਹ ਅਧਿਐਨ ਸਾਹਿਤ ਨੂੰ ਰਚਨਾਕਾਰ, ਰਚਨਾ ਕਾਲ ਜਾਂ ਹੋਰ ਪਰਿਸਥਿੱਤੀਆਂ ਨਾਲ ਜੋੜ ਕੇ ਨਹੀਂ ਵੇਖਦਾ।

**(ਅ) ਵਿਸ਼ਲੇਸ਼ਣਾਤਮਕਤਾ**

ਸ਼ੈਲੀ ਵਿਗਿਆਨ ਸਾਹਿਤਾਲੋਚਨਾ ਦੀ ਪਰਣਾਲੀ ਹੋਣ ਦੇ ਕਾਰਨ ਆਪਣੇ ਵਿਹਾਰਕ ਪੱਖ ਵਿਚ ਕਿਰਤ ਦਾ ਵਿਸ਼ਲੇਸ਼ਣ ਕਰਦਾ ਹੈ। ਇਹ ਵਿਸ਼ਲੇਸ਼ਣ ਦੋ ਦਿਸ਼ਾਵਾਂ ਵਿਚ ਸੰਭਵ ਹੈ :

i. ਸੰਰਚਨਾ (structure) ਦੀ ਵਿਸ਼ਲੇਸ਼ਣਾਤਮਕਤਾ

ii. ਗਠਨ (texture) ਦੀ ਵਿਸ਼ਲੇਸ਼ਣਾਤਮਕਤਾ

ਸੰਰਚਨਾ ਅਤੇ ਗਠਨ ਦੀ ਵਿਸ਼ਲੇਸ਼ਣਾਤਮਕਤਾ ਦੇ ਕਾਰਨ ਇਹ ਕਿਰਤ ਦੇ ਵਿਸ਼ੇ ਨੂੰ ਪਰਾਪਤ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ।

**(ੲ) ਵਸਤੂਪਰਕਤਾ**

ਸ਼ੈਲੀ ਵਿਗਿਆਨ ਰਚਨਾ ਦਾ ਵਸਤੂਪਰਕ ਵਿਸ਼ਲੇਸ਼ਣ ਕਰਦਾ ਹੈ। ਇਹ ਇਸ ਅਮਲ ਵਿਚ ਪੂਰਵ ਗ੍ਰਹਿ ਮੁਕਤ ਵਿਸ਼ਲੇਸ਼ਣ ਪੱਧਤੀ ਹੈ।

**(ਸ) ਭਾਸ਼ਾ ਮਾਧਿਅਮ**

ਇਹ ਕਿਰਤ ਦਾ ਭਾਸ਼ਾ ਦੇ ਮਾਧਿਅਮ ਨਾਲ ਭਾਸ਼ਾ ਦਾ ਤੇ ਪਾਠ ਸੰਰਚਨਾ ਦੋਹਾਂ ਦਾ ਹੀ ਅਧਿਐਨ ਹੈ। ਇਸ ਪਰਕਾਰ ਇਹ ਰੂਪਤਮਕ ਅਧਿਐਨ ਨਾ ਕਰਕੇ ਸਗੋਂ ਰਚਨਾ ਦੇ ਵਿਸ਼ੇ ਦਾ ਵੀ ਵਿਸ਼ਲੇਸ਼ਣ ਕਰਦਾ ਹੈ।

**(ਹ) ਸੁਹਜਾਤਮਕਤਾ**

ਸ਼ੈਲੀ ਵਿਗਿਆਨ ਰਚਨਾ ਦੀ ਚੀਰ ਫਾੜ ਹੀ ਨਹੀਂ ਕਰਦਾ ਸਗੋਂ ਉਸਦੇ ਆਸ਼ਵਾਦ ਨੂੰ ਉਜਾਗਰ ਕਰਦੇ ਹੋਏ ਉਸਦੀ ਸੁਹਜਾਤਮਕ ਪਰਭਾਵਾਤਮਕਤਾ ਨੂੰ ਵੀ ਉਜਾਗਰ ਕਰਦਾ ਹੈ। ਇਸ ਦੁਆਰਾ ਰਚਨਾ ਦੇ ਸੁਹਜਾਤਮਕ ਤੱਤਾਂ ਦਾ ਅਧਿਐਨ ਕਰਕੇ ਅੰਤਰ ਨਿਹਿਤ ਸੁਹਜ ਨੂੰ ਪਰਕਾਸ਼ਿਤ ਕੀਤਾ ਜਾਂਦਾ ਹੈ।

**(ਕ) ਸਮਾਲੋਚਨਾ ਪੱਧਰ**

ਸ਼ੈਲੀ ਵਿਗਿਆਨ ਆਪਣੇ ਸਿੱਧਾਂਤ ਅਤੇ ਵਿਵਹਾਰ ਵਿਚ ਇਕ ਆਲੋਚਨਾ ਪ੍ਰਣਾਲੀ ਹੈ। ਕਿਰਤ ਵਿਚ ਜਟਿਲ ਤੋਂ ਜਟਿਲ ਭਿਅੰਕਰ ਸਥਿੱਤੀਆਂ ਦਾ ਭਾਸ਼ਾਵਾਦੀ ਦਰਿਸ਼ਟੀ ਤੋਂ ਸਹਿਜ ਅਧਿਐਨ ਵਿਸ਼ੇਲਸ਼ਣ ਇਸ ਆਲੋਚਨਾ ਪੱਧਤ ਦੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਇਹ ਕਿਰਤ ਦੀ ਸਰਵਅੰਗੀ ਆਲੋਚਨਾਤਮਕ ਵਿਆਖਿਆ ਪਰਸਤੁਤ ਕਰਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਦੇ ਸਰੂਪ ਵਿਚ ਸਿੱਧਾਂਤ ਤੇ ਪਰਯੋਗ ਦੋਵੇਂ ਪੱਖ ਸਮਿਲਤ ਹਨ।

## 1.4 ਸ਼ੈਲੀ ਵਿਗਿਆਨ ਤੇ ਭਾਸ਼ਾ ਵਿਗਿਆਨ

ਸ਼ੈਲੀ ਵਿਗਿਆਨ ਦੀ ਧਾਰਨਾ ਨਾਲ ਕੁਝ ਭੁਲੇਖੇ ਹੋਏ ਹਨ ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਸ਼ੈਲੀ ਵਿਗਿਆਨ ਇਕ ਪਰਕਾਰ ਦਾ ਭਾਸ਼ਾ ਵਿਗਿਆਨਕ ਵਿਸ਼ੇਲਸ਼ਣ ਹੀ ਹੈ। ਰੈਨੇਵੈਲਕ ਤੇ ਗਾਲਬਰਿਨ ਦੋਹਾਂ ਨੇ ਹੀ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਇਕ ਪਰਕਾਰ ਵਿਸ਼ੇਸ਼ ਮੰਨਿਆ ਹੈ। ਰੈਨੇਵੈਲਕ ਦੇ ਅਨੁਸਾਰ, "ਮੈਨੂੰ ਸ਼ੈਲੀ ਵਿਗਿਆਨ ਅਰਥ ਭਾਸ਼ਾ ਵਿਗਿਆਨ ਦਾ ਹੀ ਇਕ ਅੰਗ ਪਰਤੀਤ ਹੁੰਦਾ ਹੈ। ਮੈਂ

ਸਮਝ ਨਹੀਂ ਸਕਿਆ ਕਿ ਭਾਸ਼ਾ ਵਿਗਿਆਨ ਨੂੰ ਇੰਨਾ ਵਿਆਪਕ ਸਵੀਕਾਰ ਕਰਨ ਵਿਚ ਕਿਸੇ ਨੂੰ ਕੀ ਇਤਰਾਜ਼ ਹੈ।"[18] ਉਹਨਾਂ ਨੇ ਇਸਨੂੰ ਸਾਹਿਤਕ ਆਲੋਚਨਾ ਵਿਚ ਸਮਿਲਤ ਕਰਨਾ ਉਚਿਤ ਨਹੀਂ ਸਮਝਿਆ। ਗਾਲਬਰਿਨ ਦੀ ਦਰਿਸ਼ਟੀ ਵੀ ਕੁਝ ਇਸ ਪਰਕਾਰ ਦੀ ਹੈ। ਉਹਨਾਂ ਨੂੰ ਸ਼ੈਲੀ ਵਿਗਿਆਨ ਹਰ ਪੱਧਰ ਤੇ ਵਿਸ਼ਿਸ਼ਟ ਪਰਕਾਰ ਦਾ ਭਾਸ਼ਾ ਵਿਗਿਆਨ ਹੀ ਪਰਤੀਤ ਹੁੰਦਾ ਹੈ।[19] ਰੋਮਨ ਜੈਕਬਸਨ ਤਾਂ ਭਾਸ਼ਾ ਵਿਗਿਆਨ ਦੇ ਅੰਤਰਗਤ ਸਾਹਿਤਾਲੋਚਨਾ ਤੱਕ ਨੂੰ ਵੀ ਸ਼ਾਮਲ ਕਰ ਲੈਂਦੇ ਹਨ। ਸ਼ੈਲੀ ਵਿਗਿਆਨ ਨੂੰ ਉਹ ਭਾਸ਼ਾ ਵਿਗਿਆਨ ਦਾ ਅੰਗ ਹੀ ਮੰਨਦੇ ਹਨ। ਉਹਨਾਂ ਅਨੁਸਾਰ ਭਾਸ਼ਾ ਵਿਗਿਆਨ ਸ਼ਾਬਦਿਕ ਸੰਰਚਨਾ ਦਾ ਸਰਵਭੂਮ ਵਿਗਿਆਨ ਹੈ ਇਸ ਕਰਕੇ ਸਾਹਿਤ ਆਲੋਚਨਾ ਨੂੰ ਉਸਦਾ ਅੰਗ ਕਿਹਾ ਜਾ ਸਕਦਾ ਹੈ।

ਪਰੰਤੂ ਅਨੇਕ ਵਿਦਵਾਨਾਂ ਨੇ ਇਹਨਾਂ ਉਪਰੋਕਤ ਧਾਰਨਾਵਾਂ ਦੇ ਵਿਰੋਧ ਵਿਚ ਸਥਾਪਨਾਵਾਂ ਦਿੱਤੀਆਂ ਹਨ। ਸੈਮੂਰਚੈਟਮੈਨ, ਉਲਮਾਨ ਅਤੇ ਡੋਲਜ਼ੀਅਲ ਨੇ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਤੋਂ ਸੁਤੰਤਰ ਮੰਨਿਆ ਹੈ। ਸੈਮੂਰਚੈਟਮੈਨ ਸਪਸ਼ਟ ਤੌਰ ਤੇ ਕਹਿੰਦੇ ਹਨ ਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਤੋਂ ਪਰੇ ਹੈ। ਉਲਮਾਨ ਨੇ ਵੀ ਇਸੇ ਪਰਕਾਰ ਦੀ ਧਾਰਨਾ ਵਿਅਕਤ ਕਰਦੇ ਹੋਏ ਲਿਖਿਆ ਹੈ : "ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦਾ ਇਕ ਅੰਗ ਜਾਂ ਸ਼ਾਖਾ ਮਾਤਰ ਨਹੀਂ ਸਗੋਂ ਇਕ ਸਮਾਂਤਰ ਗਿਆਨ ਅਨੁਸ਼ਾਸਨ ਹੈ। ਜੋ ਆਪਣੀ ਭਿੰਨਤਾ ਦੀ ਦਰਿਸ਼ਟੀ ਦੇ ਆਧਾਰ ਤੇ ਤੱਥਾਂ ਦੀ ਖੋਜ ਕਰਦਾ ਹੈ।"[20]

ਇਸ ਪਰਕਾਰ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਣਾ, ਉਸਦੇ ਕਾਰਜ ਖੇਤਰ, ਉਸ ਦੀ ਉਦੇਸ਼ਾਤਮਕਤਾ ਅਤੇ ਉਸਦੀ ਪੱਧਤੀ ਨੂੰ ਅਣਅਵੱਸ਼ਕ ਢੰਗ ਨਾਲ ਸੀਮਤ ਕਰਨਾ ਹੈ। ਇਥੇ ਇਹ ਕਹਿ ਦੇਣਾ ਧਿਆਨ ਯੋਗ ਹੈ ਕਿ ਭਾਸ਼ਾ ਵਿਗਿਆਨ ਸ਼ੈਲੀ ਵਿਗਿਆਨ ਦੀ ਤਰ੍ਹਾਂ ਕਿਰਤ ਦੀਆਂ ਸੁਹਜਾਤਮਕ ਵਿਸ਼ੇਸ਼ਤਾਵਾਂ ਦੀ ਕਦੀ ਵਿਆਖਿਆ ਨਹੀਂ ਕਰਦਾ। ਜਦੋਂ ਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦਾ ਆਧਾਰ ਲੈ ਕੇ ਚਲਦਾ ਹੈ ਪਰ ਉਸਦੀ ਦਰਿਸ਼ਟੀ ਭਾਸ਼ਾ ਦੀ ਗਹਿਨ ਸੰਰਚਨਾ ਨੂੰ ਉਸਦੇ ਸੁਹਜ ਅਤੇ ਵਿਸ਼ੇ ਦੇ ਵਿਭਿੰਨ ਪੱਖਾਂ ਨੂੰ ਛੂੰਹਦੀ ਹੈ। ਉਥੇ ਇਹ ਭਾਸ਼ਾ ਵਿਗਿਆਨ ਤੇ ਆਧਾਰਿਤ ਹੋ ਕੇ ਵੀ ਆਪਣੇ ਨਤੀਜੇ ਕਰਕੇ ਅਲੱਗ ਹੋ ਜਾਂਦਾ ਹੈ। ਇਹ ਖੇਤਰ ਸਾਹਿਤਕ ਮੀਮਾਂਸਾ ਦਾ ਖੇਤਰ ਹੈ।

ਵਾਸਤਵ ਵਿਚ ਭਾਸ਼ਾ ਵਿਗਿਆਨ ਭਾਸ਼ਾ ਦਾ ਵਰਣਨ ਕਰਨ ਦੇ ਨਾਲ ਨਾਲ ਇਹ ਸਪਸ਼ਟ ਕਰਦਾ ਹੈ ਕਿ ਭਾਸ਼ਾ ਦਾ ਪਰਕਾਰਜ ਕੀ ਹੈ। ਪਰ ਭਾਸ਼ਾ ਵਿਗਿਆਨ ਦਾ ਆਧਾਰ ਲੈ ਕੇ ਸ਼ੈਲੀ ਵਿਗਿਆਨ ਪਰਯੋਗਿਕ ਭਾਸ਼ਕ ਪਰਿਵਰਤਨ ਦਾ ਅਧਿਐਨ ਕਰਨ ਦੇ ਨਾਲ ਨਾਲ ਸਿਰਜਨਾਤਮਕ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਸਮੇਤ ਉਸ ਤੋਂ ਪੈਦਾ ਹੋਏ ਸੁਹਜ ਨੂੰ ਵੀ ਸਪਸ਼ਟ ਕਰਦਾ ਹੈ। ਸਾਹਿਤ ਨੂੰ ਵਿਦਵਾਨਾਂ ਨੇ ਭਾਸ਼ਾ ਦੀ ਸਿਰਜਨਾਤਮਕ ਵਰਤੋਂ ਕਿਹਾ ਹੈ। ਸ਼ੈਲੀ ਵਿਗਿਆਨ ਐਸੀ ਹੀ ਵਰਤੋਂ ਦਾ ਅਧਿਐਨ ਕਰਦਾ ਹੈ। ਇਹ ਅਧਿਐਨ ਭਾਸ਼ਾ ਵਿਗਿਆਨ ਦੀ ਸੀਮਾ ਨੂੰ ਉਲੰਘ ਕਿਤੇ ਪਾਰ ਲੰਘ ਜਾਂਦਾ ਹੈ।

ਸ਼ੈਲੀ ਵਿਗਿਆਨ ਦਾ ਪਰਕਾਰਜ ਰਚਨਾ ਦੀ ਭਾਸ਼ਾ ਦੀ ਸਤਹੀ ਸੰਰਚਨਾ ਤੋਂ ਚੱਲ ਕੇ ਗਹਿਨ ਸੰਰਚਨਾ (deep structure) ਤਕ ਉਸ ਦਾ ਵਿਸ਼ਲੇਸ਼ਣ ਕਰਨਾ ਹੈ। ਸ਼ੈਲੀ ਵਿਗਿਆਨ ਰਚਨਾ ਦੀ ਸੰਰਚਨਾ ਦੀ ਤਹਿ ਵਿਚ ਪਏ ਅਰਥਾਂ ਨੂੰ ਉਘਾੜਨ ਪਰਤੀ ਰੁਚਿਤ ਹੁੰਦਾ ਹੈ। ਇਹ ਇਕ ਨਵਾਂ ਗਿਆਨ ਸੰਜਮ ਹੈ ਜਿਹੜਾ ਸਾਹਿਤਕ ਕਿਰਤਾਂ ਦਾ ਵਸਤੂਮੂਲਕ (objective) ਭਾਸ਼ਾਈ ਵਿਸ਼ਲੇਸ਼ਣ ਕਰਕੇ ਉਸਦੇ ਡੂੰਘੇ ਅਰਥਾਂ ਨੂੰ ਉਜਾਗਰ ਕਰਦਾ ਹੈ। ਭਾਸ਼ਾ ਵਿਗਿਆਨ ਕੇਵਲ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੈ। ਪਰ ਇਸਦੀ ਤੁਲਨਾ ਵਿਚ ਸ਼ੈਲੀ ਵਿਗਿਆਨ ਇਸ ਤੋਂ ਅੱਗੇ ਹੋ ਕੇ ਸਾਹਿਤ ਦੇ ਲੁਕੇ ਹੋਏ ਅਰਥ ਪਾਸਾਰਾਂ ਦੀ ਵਿਆਖਿਆ ਕਰਦਾ ਹੈ ਅਤੇ ਕਿਰਤ ਵਿਚਲੇ ਸੁਹਜ ਤੱਤਾਂ ਨੂੰ ਰੂਪਮਾਨ ਕਰਦਾ ਹੈ। ਸ਼ੈਲੀ ਵਿਗਿਆਨ ਪਹਿਲਾਂ ਕਿਸੇ ਰਚਨਾ ਵਿਚ ਇਸ ਭਾਸ਼ਾਈ ਯੋਗਤਾ ਨੂੰ ਪਛਾਣਨ ਲਈ ਉਸਦਾ ਵਿਸ਼ੇਲਸ਼ਣ ਕਰਦਾ ਹੈ। ਸ਼ੈਲੀ ਵਿਗਿਆਨ ਆਲੋਚਕ ਇਥੇ ਵਰਣਾਤਮਕ ਭਾਸ਼ਾ ਵਿਗਿਆਨ ਦੀਆਂ ਵਿਧੀਆਂ ਅਤੇ ਸੰਦਾਂ ਦੀ ਵਰਤੋਂ ਕਰਦਾ ਹੈ ਅਤੇ ਰਚਨਾ ਪਾਠ ਦਾ ਵਿਸ਼ਲੇਸ਼ਣ ਉਸਦੀ ਲਘੂਤਮ ਇਕਾਈ ਦੇ ਪੱਧਰ ਤੱਕ ਲੈ ਜਾਂਦਾ ਹੈ। ਭਾਸ਼ਾ ਵਿਗਿਆਨਕ ਸੰਦ ਅਤੇ ਵਿਧੀਆਂ ਸ਼ੈਲੀ ਵਿਗਿਆਨਕ ਅਧਿਐਨ ਵਿਚ ਸੰਚਾਰ ਦੇ ਇਸ ਜਟਿਲ ਪਰਬੰਧ ਨੂੰ ਸਮਝਣ ਵਿਚ ਸਹਾਇਕ ਸਿੱਧ ਹੁੰਦੇ ਹਨ। ਸ਼ੈਲੀ ਵਿਗਿਆਨ ਸਾਹਿਤ ਦਾ ਭਾਸ਼ਾ

ਵਿਗਿਆਨਕ ਦਰਿਸ਼ਟੀ ਤੋਂ ਅਧਿਐਨ ਕਰਦਾ ਹੈ। ਜਿੱਥੇ ਭਾਸ਼ਾ ਵਿਗਿਆਨ ਤੇ ਸਾਹਿਤ ਆਲੋਚਨਾ ਦਾ ਆਪੋ ਆਪਣਾ ਵਿਸ਼ਾ ਹੈ। ਉਥੇ ਸ਼ੈਲੀ ਵਿਗਿਆਨ ਦਾ ਆਪਣਾ ਕੋਈ ਖੁਦਮੁਖਤਾਰ ਵਿਸ਼ਾ ਨਹੀਂ ਹੈ। ਇਉਂ ਵਿਡੋਸਨ ਦੇ ਅਨੁਸਾਰ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਅਤੇ ਸਾਹਿਤ ਆਲੋਚਨਾ ਵਿਚ ਵਿਚੋਲਗੀ ਦਾ ਕੰਮ ਕਰਦਾ ਹੈ। ਸ਼ੈਲੀ ਵਿਗਿਆਨ ਦੀ ਭਾਸ਼ਾ ਵਿਗਿਆਨ ਅਤੇ ਸਾਹਿਤ ਆਲੋਚਨਾ ਦੇ ਵਿਚਕਾਰ ਇਸ ਪੋਜ਼ੀਸ਼ਨ ਨੂੰ ਹੇਠਲੇ ਚਿੱਤਰ ਦੁਆਰਾ ਹੋਰ ਵੀ ਸਪਸ਼ਟ ਕੀਤਾ ਜਾ ਸਕਦਾ ਹੈ।

| | | |
|---|---|---|
| ਅਨੁਸ਼ਾਸਨ | ਭਾਸ਼ਾ ਵਿਗਿਆਨ<br>(ਸ਼ੈਲੀ ਵਿਗਿਆਨ) | ਸਾਹਿਤ ਆਲੋਚਨਾ |
| ਵਿਸ਼ੇ | ਭਾਸ਼ਾ | ਸਾਹਿਤ |

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀਆਂ ਅੰਤਰ ਦਰਿਸ਼ਟੀਆਂ ਨੂੰ ਲੈ ਕੇ ਸਾਹਿਤ ਆਲੋਚਨਾ ਦੇ ਕੰਮ ਨੂੰ ਵਧੇਰੇ ਸਿਸਟਮੀ ਬਣਾਉਂਦਾ ਹੈ। ਭਾਸ਼ਾ ਵਿਗਿਆਨ ਦੀ ਪਰਿਭਾਸ਼ਕ ਸ਼ਬਦਾਵਲੀ ਵਿਚੋਂ ਅਜਿਹੇ ਪਦ ਮਿਲ ਸਕਦੇ ਹਨ ਜੋ ਸਾਹਿਤ ਆਲੋਚਨਾ ਦੇ ਬੁਨਿਆਦੀ ਸੰਕਲਪਾਂ ਤੇ ਧਾਰਨਾਵਾਂ ਨੂੰ ਨਿਖਾਰਨ ਵਿਚ ਸਹਾਇਤਾ ਕਰ ਸਕਣ। ਇਸ ਤਰ੍ਹਾਂ ਭਾਸ਼ਾ ਵਿਗਿਆਨ ਤੋਂ ਲੋੜੀਂਦੇ ਸੰਦ ਤੇ ਵਿਧੀਆਂ ਲੈ ਕੇ ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਨੂੰ ਵਸਤੂਮੂਲਕਤਾ ਅਤੇ ਵਿਗਿਆਨਕਤਾ ਦੇ ਰਾਹ ਤੋਰਦਾ ਹੈ।

## 1.5 ਸ਼ੈਲੀ ਵਿਗਿਆਨ ਤੇ ਅਰਥ ਵਿਗਿਆਨ

ਸ਼ੈਲੀ ਵਿਗਿਆਨ ਦਾ ਖੇਤਰ ਇਤਨਾ ਵਿਸ਼ਾਲ ਹੈ ਕਿ ਇਸਦਾ ਵਿਧੀਗਤ ਲੇਖਾ ਜੋਖਾ ਪੇਸ਼ ਕਰਨਾ ਕਾਫੀ ਔਖਾ ਕੰਮ ਹੈ। ਇਹ ਔਖ ਇਸ ਲਈ ਵੀ ਪੇਸ਼ ਆਉਂਦੀ ਹੈ ਕਿਉਂਕਿ ਇਹ ਵਿਕਾਸ ਦੇ ਪੜਾਅ ਵਿਚੋਂ ਗੁਜ਼ਰ ਰਿਹਾ ਹੈ ਤੇ ਇਹ ਵਿਕਾਸ ਇਕੋ ਸਮੇਂ ਕਈ ਦੇਸ਼ਾਂ ਵਿਚ ਸਮਾਂਨਤਰ, ਅੱਗੜ ਪਿੱਛੜ ਜਾਂ ਸਾਹਿਤ ਸੰਬੰਧਤ ਰੂਪ ਵਿਚ ਹੋਇਆ ਹੈ। ਆਧੁਨਿਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਵੀ ਅਰਥ ਵਿਗਿਆਨ ਪਰਤੀ ਪਰਚਲਿਤ ਦਰਿਸ਼ਟੀਕੋਣਾਂ ਅਨੁਸਾਰ ਸਾਹਿਤ ਦੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਅਤੇ ਵਿਵੇਚਨ ਦੀਆਂ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ। ਪਿਛਲੇ ਕੁਝ ਵਰ੍ਹਿਆਂ ਤੋਂ ਅਰਥ ਅਧਿਐਨ ਤੇ ਸ਼ੈਲੀ ਅਧਿਐਨ ਇਕ ਦੂਜੇ ਦੇ ਨੇੜੇ ਹੁੰਦੇ ਜਾ ਰਹੇ ਹਨ ਅਤੇ ਇਸ ਨੇੜਤਾ ਦੇ ਕਾਰਨ ਦੋਹਾਂ ਖੇਤਰਾਂ ਵਿਚ ਅਧਿਐਨ ਦੇ ਕੁਝ ਨਵੇਂ ਪਰਿਪੇਖ ਪੈਦਾ ਹੋਏ ਹਨ। ਆਧੁਨਿਕ ਅਰਥ ਵਿਗਿਆਨੀਆਂ ਨੇ ਸ਼ਬਦ ਦੀ ਪਰਿਭਾਸ਼ਾ, ਅਰਥ ਦੇ ਭਿੰਨ ਭਿੰਨ ਸੰਕਲਪ, ਸ਼ਬਦ ਰੂਪ ਤੇ ਅਰਥਾਂ ਦੇ ਆਪਸ ਵਿਚ ਸੰਬੰਧ, ਦੁਅਰਥਕਤਾ (ambiguity) ਅਤੇ ਸ਼ਬਦ ਭੰਡਾਰ (lexicon) ਦੀ ਸੰਰਚਨਾ ਆਦਿ ਵਿਸ਼ਿਆਂ ਉੱਪਰ ਚਲ ਰਹੇ ਵਿਚਾਰ ਵਿਮਰਸ਼ ਨੂੰ ਨਵੀਂ ਦਿਸ਼ਾ ਪਰਦਾਨ ਕੀਤੀ ਹੈ। ਦੂਜੇ ਪਾਸੇ ਸ਼ੈਲੀ ਵਿਗਿਆਨੀਆਂ ਨੇ ਵੀ ਅਰਥ ਵਿਗਿਆਨ ਦੁਆਰਾ ਕੀਤੇ ਸਾਹਿਤਕ ਪਾਠਾਂ ਦੇ ਵਿਸ਼ਲੇਸ਼ਣ ਲਈ ਨਵੇਂ ਪਰਿਪੇਖ ਦੀ ਰੌਸ਼ਨੀ ਵਿਚ ਕੁਝ ਬੁਨਿਆਦੀ ਸਮੱਸਿਆਵਾਂ ਨੂੰ ਵੱਖਰੇ ਦਰਿਸ਼ਟੀ ਬਿੰਦੂ ਤੋਂ ਖਲੋ ਕੇ ਵੇਖਣ ਦੇ ਯਤਨ ਕੀਤੇ ਹਨ। ਆਧੁਨਿਕ ਭਾਸ਼ਾ ਵਿਗਿਆਨ ਦੇ ਸੰਦਾਂ ਅਤੇ ਸਾਧਨਾਂ ਦੀ ਵਰਤੋਂ ਕਰਕੇ ਕੀਤੇ ਜਾ ਰਹੇ ਸਾਹਿਤਕ ਵਿਸ਼ਲੇਸ਼ਣ ਦਾ ਪਰਧਾਨ ਬਲ ਅਰਥ ਵਿਗਿਆਨ ਦੇ ਖੇਤਰ ਵਿਚ ਪੈਦਾ ਹੋਈਆਂ ਨਵੀਆਂ ਪਰਵਿਰਤੀਆਂ ਦੀ ਦਰਿਸ਼ਟੀ ਤੋਂ ਹੇਠਾਂ ਲਿਖੀਆਂ ਕੁਝ ਕੁ ਗੱਲਾਂ ਤੇ ਸੋਚ ਵਿਚਾਰ ਉਭਾਰਨਾ ਰਿਹਾ ਹੈ :

(1) ਸ਼ੈਲੀ ਵਿਗਿਆਨ ਤੇ ਅਰਥ ਵਿਗਿਆਨ ਦਾ ਪਰਸਪਰ ਸੰਬੰਧ

(2) ਕਿਸੇ ਲੇਖਕ ਦੀ ਸ਼ਖਸੀਅਤ ਦੀ ਉਸਦੇ ਭਾਸ਼ਾ ਪਰਯੋਗਾਂ ਰਾਹੀਂ ਪਛਾਣ

(3) ਸ਼ੈਲੀ ਪਰਤੀ ਦੋ ਪਹੁੰਚਾ :

(ੳ) ਭਾਸ਼ਾਈ ਜੁਗਤਾਂ ਉਪਰ ਕੇਂਦਰਿਤ ਪਹੁੰਚ

(ਅ) ਭਾਸ਼ਾਈ ਜੁਗਤਾਂ ਦੁਆਰਾ ਉਤਪੰਨ ਕੀਤੇ ਜਾਣ ਵਾਲੇ ਪਰਭਾਵਾਂ ਉਪਰ ਆਧਾਰਿਤ ਪਹੁੰਚ।

ਸ਼ੈਲੀ ਵਿਗਿਆਨ ਦੀ ਦਰਿਸ਼ਟੀ ਤੋਂ ਸ਼ਬਦਾਂ ਦੀ ਅਦਲਾ ਬਦਲੀ ਨਾਲ ਲਿਆਂਦੇ ਜਾਂਦੇ ਅਰਥ

ਪਰਿਵਰਤਨ ਵਿਸ਼ੇਸ਼ ਦਿਲਚਸਪੀ ਦਾ ਨੁਕਤਾ ਬਣਦੇ ਹਨ ਕਿਉਂਕਿ ਸਾਹਿਤਕ ਸੰਬਾਦ ਦੀ ਪਰਮੁੱਖ ਵਿਸ਼ੇਸ਼ਤਾ ਇਸ ਗੱਲ ਵਿਚ ਹੁੰਦੀ ਹੈ ਕਿ ਇਸ ਵਿਚ ਭਾਸ਼ਾਈ ਉਚਾਰ ਉਸ ਸੰਦਰਭ ਨੂੰ ਵੀ ਸੰਚਾਰਿਤ ਕਰਦਾ ਹੈ ਜੋ ਉਸਦੇ ਸ਼ਬਦਾਂ ਦੀ ਪਕੜ ਵਿਚ ਨਹੀਂ ਹੁੰਦਾ। ਸਾਹਿਤਕ ਰਚਨਾ ਦਾ ਅਰਥ ਨਿਰੋਲ ਸ਼ਬਦਾਰਥ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇਸ ਲਈ ਕਿਰਤ ਦੇ ਸ਼ਬਦਾਰਥ ਨਾਲ ਜੁੜੇ ਸੰਦਰਭਾਰਥ ਉਪਰ ਵੀ ਧਿਆਨ ਟਿਕਾਉਣਾ ਪੈਂਦਾ ਹੈ। ਭਾਸ਼ਾਈ ਸੰਬਾਦ ਵਿਚ ਸ਼ਬਦਾਂ ਦੀ ਥਾਂ ਬਦਲੀ ਨਾਲ ਰਚੇ ਜਾਂਦੇ ਅਰਥਾਂ ਨੂੰ ਸਮਝਣ ਲਈ ਅਸੀਂ ਆਪਣੀ ਬੋਲੀ ਵਿਚੋਂ ਕੁਝ ਉਦਾਹਰਣਾਂ ਲੈ ਸਕਦੇ ਹਾਂ। ਸਭ ਤੋਂ ਪਹਿਲਾਂ ਅਸੀਂ ਸਮਾਸ ਦੀ ਪੱਧਰ ਉਪਰ ਜੋੜੇ ਹੋਏ ਦੋ ਭਿੰਨ-ਭਿੰਨ ਸ਼ਬਦਾਂ ਦੀ ਥਾਂ ਬਦਲੀ ਨਾਲ ਵੇਖ ਸਕਦੇ ਹਾਂ ਕਿ ਅਰਥ ਬਿਲਕੁਲ ਹੀ ਉਲਟ ਹੋ ਜਾਂਦਾ ਹੈ। ਜਿਵੇਂ 'ਰਾਜ ਦਰਬਾਰ' ਦਾ ਜਦੋਂ 'ਦਰਬਾਰ ਰਾਜ' ਹੋ ਜਾਂਦਾ ਹੈ ਤਾਂ ਅਰਥ ਹੋਰ ਹੋ ਜਾਂਦਾ ਹੈ। ਪੰਜਾਬੀ ਵਾਕ ਰਚਨਾ ਵਿਚ ਨਾਵਾਂ, ਵਿਸ਼ੇਸ਼ਣਾਂ, ਕਿਰਿਆ ਵਿਸ਼ੇਸ਼ਣਾਂ, ਕਿਰਿਆਵਾਂ ਦੀ ਥਾਂ ਬਦਲੀ ਨਾਲ ਅਰਥਾਂ ਵਿਚ ਅਰਥ ਛਵੀਆਂ ਵਿਚ ਜਾਂ ਅਰਥ ਬਲਾਂ ਵਿਚ ਤਬਦੀਲੀਆਂ ਪੈਦਾ ਹੋ ਜਾਂਦੀਆਂ ਹਨ। ਵਾਕ ਬਣਤਰ ਦੀ ਪੱਧਰ ਉਪਰ ਸ਼ਬਦ ਦੀ ਥਾਂ ਬਦਲੀ ਅਰਥਾਂ ਨੂੰ ਕਿਵੇਂ ਬਦਲਦੀ ਹੈ ਸ਼ੈਲੀ ਵਿਗਿਆਨੀਆਂ ਦੀ ਇਸ ਵਿਚ ਡੂੰਘੀ ਦਿਲਚਸਪੀ ਹੈ। ਸਭ ਤੋਂ ਸਰਲ ਪੱਧਰ ਉਪਰ ਅਸੀਂ ਕਿਸੇ ਵਾਕ ਵਿਚ 'ਕਰਤਾ' ਕਰਮ ਦੀ ਥਾਂ ਬਦਲੀ ਨਾਲ ਅਰਥ ਬਦਲਿਆ ਵੇਖ ਸਕਦੇ ਹਾਂ। ਜਿਵੇਂ "ਚੰਦਰ ਨੇ ਕੁਲਦੀਪ ਨੂੰ ਮਾਰਿਆ" ਦੀ ਥਾਂ ਜੇ ਕਹੀਏ "ਕੁਲਦੀਪ ਨੇ ਚੰਦਰ ਨੂੰ ਮਾਰਿਆ" ਤਾਂ ਅਰਥ ਉਲਟ ਹੋ ਜਾਂਦੇ ਹਨ। ਇਸ ਤਰ੍ਹਾਂ ਹੇਠ ਲਿਖੇ ਵਾਕਾਂ ਨੂੰ ਲਿਆ ਜਾ ਸਕਦਾ ਹੈ ਜਿਹਨਾਂ ਵਿਚ ਸ਼ਬਦ ਦੀ ਥਾਂ ਬਦਲੀ ਨਾਲ ਅਰਥ ਪਰਿਵਰਤਨ ਹੋ ਗਿਆ :

(ੳ) ਉਹ ਹੌਲੀ ਹੌਲੀ ਪੈੱਨ ਚੁੱਕ ਕੇ ਚੱਲ ਪਿਆ।

(ਅ) ਉਹ ਪੈੱਨ ਚੁੱਕ ਕੇ ਹੌਲੀ ਹੌਲੀ ਚੱਲ ਪਿਆ।

ਕਿਰਿਆ ਵਿਸ਼ੇਸ਼ਣ 'ਹੌਲੀ ਹੌਲੀ' ਦੀ ਥਾਂ ਬਦਲੀ ਇਥੇ ਅਰਥਾਂ ਨੂੰ ਬਦਲ ਦੇਂਦੀ ਹੈ।

ਸ਼ੈਲੀ ਵਿਗਿਆਨ ਦੇ ਖੇਤਰ ਵਿਚ ਸਭ ਤੋਂ ਵੱਧ ਮਹੱਤਵਪੂਰਨ ਰੋਲ ਸ਼ਬਦਾਂ ਦੇ ਆਪਸ ਵਿਚ ਅਰਥਗਤ ਸੰਬੰਧਾਂ ਨੇ ਅਦਾ ਕੀਤਾ ਹੈ। ਦੋ ਸ਼ਬਦ ਸਮਅਰਥਕ ਹੋ ਸਕਦੇ ਹਨ ਜਾਂ ਇਕ ਦੂਜੇ ਦੇ ਅਧੀਨ ਵੀ ਹੋ ਸਕਦੇ ਹਨ। ਸ਼ਬਦਾਂ ਦੇ ਇਹਨਾਂ ਸੰਬੰਧਾਂ ਤੋਂ ਇਲਾਵਾ ਪਰਬੰਧ ਮੂਲਕ ਅਤੇ ਪਰਸੰਗ ਮੂਲਕ ਸੰਬੰਧਾਂ ਦੇ ਆਧਾਰ ਉਪਰ ਵੀ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਸ਼ੈਲੀ ਵਿਗਿਆਨੀਆਂ ਨੇ ਰਚਨਾ ਪਾਠ ਵਿਸ਼ਲੇਸ਼ਣ ਲਈ ਇਸ ਵੰਡ ਦੀ ਵਰਤੋਂ ਬੜੇ ਸਾਰਥਕ ਢੰਗ ਨਾਲ ਕੀਤੀ ਹੈ। ਪਰਬੰਧ ਮੂਲਕ ਢੰਗ ਤੋਂ ਸ਼ੈਲੀ ਵਿਗਿਆਨ ਵਿਚ ਸਮਾਨ ਅਰਥਕਤਾ ਦਾ ਮਹੱਤਵ ਬਹੁਤ ਜ਼ਿਆਦਾ ਹੈ। ਕੋਈ ਲੇਖਕ ਆਪਣੀ ਭਾਸ਼ਾ ਵਿਚ ਪਰਾਪਤ ਸ਼ਬਦ ਸਮੂਹ ਵਿਚੋਂ ਸਮਾਨਅਰਥਕ ਜਾਂ ਅਰਧ ਸਮਾਨਤਾ ਰੱਖਣ ਵਾਲੇ ਸ਼ਬਦਾ ਵਿਚੋਂ ਇਕ ਦੀ ਚੋਣ ਕਰਦਾ ਹੈ। ਅਸੀਂ "ਪੈਰ' ਸ਼ਬਦ ਦੀ ਉਦਾਹਰਣ ਲੈ ਸਕਦੇ ਹਾਂ। 'ਪੈਰ' ਦੇ ਕਈ ਹੋਰ ਸ਼ਬਦ ਸਮਾਨਾਰਥੀ ਹੋ ਸਕਦੇ ਹਨ। ਜਿਵੇਂ : ਚਰਨ, ਪਦ, ਪਗ, ਖੁਰ ਆਦਿ। ਵੱਖੋ ਵੱਖਰੇ ਭਾਸ਼ਾਈ ਪਾਠਾਂ ਵਿਚ ਵਰਤੋਂ ਲਈ ਇਹਨਾਂ ਵਿਚੋਂ ਕਿਸੇ ਇਕ ਦੀ ਚੋਣ ਦੀ ਸੰਭਾਵਨਾ ਹੁੰਦੀ ਹੈ। ਸਮਾਨਾਰਥੀ ਸ਼ਬਦਾਂ ਵਿਚੋਂ ਕੋਈ ਵਕਤਾ ਕਿਉਂਕਿ ਵਿਸ਼ੇਸ਼ ਸ਼ਬਦਾਂ ਦੀ ਹੀ ਚੋਣ ਕਰਦਾ ਹੈ, ਸ਼ੈਲੀ ਵਿਗਿਆਨਕ ਪੱਖ ਤੋਂ ਉਸ ਦੇ ਹੇਠ ਲਿਖੇ ਕਾਰਨਾਂ ਦੀ ਸੰਭਾਵਨਾ ਕਲਪਿਤ ਕੀਤੀ ਗਈ ਹੈ। ਜਿਵੇਂ :

1. ਦੋਹਾਂ ਸਮਾਨਾਰਥੀ ਸ਼ਬਦਾਂ ਵਿਚੋਂ ਇਕ ਵਧੇਰੇ ਸਮਾਨਯ ਹੋ ਸਕਦਾ ਹੈ ਜਿਵੇਂ ਚੁਪ - ਮੂਕ।
2. ਦੋਹਾਂ ਵਿਚੋਂ ਇਕ ਵਧੇਰੇ ਸਖਤ ਜਾਂ ਤਿੱਖਾ ਹੋ ਸਕਦਾ ਹੈ ਜਿਵੇਂ ਚਲਾ ਜਾਹ - ਦਫ਼ਾ ਹੋ ਜਾਹ।
3. ਇਕ ਸ਼ਬਦ ਦੂਜੇ ਨਾਲੋਂ ਵਧੇਰੇ ਸਾਹਿਤਕ ਹੋ ਸਕਦਾ ਹੈ ਜਿਵੇਂ ਚਲਾਣੇ- ਮੌਤ।

ਉਪਰੋਕਤ ਦਿੱਤੇ ਸਮਾਨਾਰਥੀ ਸ਼ਬਦਾਂ ਵਿਚੋਂ ਕਿਸੇ ਇਕ ਦੀ ਚੋਣ ਦੇ ਆਧਾਰ ਤੇ ਭਾਵੁਕ ਅਧਿਸਵਰ ਦੇ ਅੰਤਰ ਕਈ ਹੋਰ ਸ਼ੈਲੀ ਵਿਗਿਆਨਕ ਕਾਰਨਾਂ ਨਾਲ ਜੁੜੇ ਹੋਏ ਹਨ। ਇਹਨਾਂ ਨਾਲ ਵਿਸ਼ੇਸ਼ ਸ਼ਬਦ ਚੋਣ ਦੀਆਂ ਸਾਰੀਆਂ ਸੰਭਾਵਨਾਵਾਂ ਮੁੱਕ ਨਹੀਂ ਜਾਂਦੀਆਂ।

ਜਿਵੇਂ ਜਿਵੇਂ ਸ਼ਬਦ ਵਹਾਰ ਵਿਚ ਲਿਆਂਦੇ ਜਾਂਦੇ ਹਨ ਉਹਨਾਂ ਦੇ ਸੰਦਰਭਾਰਥ ਵਧਦੇ ਜਾਂਦੇ ਹਨ। ਇਸਦੇ ਨਾਲ ਨਾਲ ਹੀ ਸਮਾਨਾਰਥੀ ਸ਼ਬਦ ਚੋਣ ਦੇ ਆਧਾਰਾਂ ਦਾ ਖੇਤਰ ਵੀ ਫੈਲਦਾ ਜਾਂਦਾ ਹੈ।

## 1.6 ਸ਼ੈਲੀ ਵਿਗਿਆਨ ਤੇ ਸਾਹਿਤਾਲੋਚਨਾ

ਸ਼ੈਲੀ ਵਿਗਿਆਨ ਨੂੰ ਜੀ. ਡਬਲਯੂ. ਟਰਨਰ ਨੇ ਸਮੀਖਿਆ ਦੀ ਪ੍ਰਣਾਲੀ ਸਵੀਕਾਰ ਕੀਤਾ ਹੈ। ਉਹਨਾਂ ਨੇ ਸ਼ੈਲੀ ਵਿਗਿਆਨ ਤੇ ਭਾਸ਼ਾ ਵਿਗਿਆਨ ਦਾ ਅੰਤਰ ਸਪਸ਼ਟ ਕਰਦੇ ਹੋਏ ਦੱਸਿਆ ਹੈ ਕਿ ਭਾਸ਼ਾ ਵਿਗਿਆਨ ਉਹ ਵਿਗਿਆਨ ਹੈ ਜੋ ਭਾਸ਼ਾ ਦਾ ਵਿਸ਼ਲੇਸ਼ਣ ਪਰਸਤੁਤ ਕਰਦੇ ਹੋਏ ਇਹ ਸਪਸ਼ਟ ਕਰਦਾ ਹੈ ਕਿ ਭਾਸ਼ਾ ਕਿਸ ਪਰਕਾਰ ਕਾਰਜ ਕਰਦੀ ਹੈ। ਪਰ ਸ਼ੈਲੀ ਵਿਗਿਆਨ ਇਕ ਸਮੀਖਿਆ ਪ੍ਰਣਾਲੀ ਹੈ ਜਿਹੜੀ ਭਾਸ਼ਾ ਵਿਗਿਆਨ ਦਾ ਆਧਾਰ ਲੈ ਕੇ ਚਲਦੀ ਹੈ। ਉਹਨਾਂ ਦੇ ਅਨੁਸਾਰ ਸ਼ੈਲੀ ਵਿਗਿਆਨ ਦੀ ਸਾਹਿਤ ਦੀ ਭਾਸ਼ਾ ਦੇ ਇਕ ਤੋਂ ਵੱਧ ਪਰਯੋਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੀਖਿਆ ਕੀਤੀ ਜਾਂਦੀ ਹੈ ਅਤੇ ਇਸ ਸਮੀਖਿਆ ਵਿਚ ਅਜਿਹੇ ਭਾਸ਼ਕ ਪਰਯੋਗਾਂ ਤੇ ਵਿਸ਼ੇਸ਼ ਰੂਪ ਵਿਚ ਧਿਆਨ ਦਿੱਤਾ ਜਾਂਦਾ ਹੈ ਜੋ ਕਿ ਸਾਹਿਤਕਾਰ ਦੁਆਰ ਜਾਣ ਬੁੱਝ ਕੇ ਅਨੇਕ ਅਰਥਕ ਰੂਪ ਵਿਚ ਪਰਸਤੁਤ ਕੀਤੇ ਜਾਂਦੇ ਹਨ।[21]

ਡਾ. ਰਵਿੰਦਰਨਾਥ ਸ੍ਰੀਵਾਸਤਵ ਨੇ ਸ਼ੈਲੀ ਵਿਗਿਆਨ ਨੂੰ ਆਲੋਚਨਾ ਦੀ ਨਵੀਂ ਭੂਮਿਕਾ ਮੰਨਿਆ ਹੈ। ਉਹ ਇਸੇ ਪਰਕਾਰ ਦਾ ਮਤ ਅਭਿਵਿਅਕਤ ਕਰਦੇ ਹੋਏ ਲਿਖਦੇ ਹਨ : "ਸ਼ੈਲੀ ਵਿਗਿਆਨ ਆਲੋਚਨਾ ਦੀ ਉਹ ਪੱਧਤੀ ਹੈ ਜੋ ਨਾ ਕੇਵਲ ਸਾਹਿਤਕ ਕ੍ਰਿਤ ਨੂੰ ਸ਼ਾਬਦਿਕ ਪਰਤੀਕ ਦੇ ਰੂਪ ਵਿਚ ਸਵੀਕਾਰ ਕਰਦੀ ਹੈ ਸਗੋਂ ਉਹ ਇਹ ਵੀ ਮੰਨ ਕੇ ਚੱਲਦੀ ਹੈ ਕਿ ਸ਼ਾਬਦਿਕ ਪਰਤੀਕ ਦੇ ਅਭਿਵਿਅਕਤ ਪੱਖ ਦੇ ਵਿਸ਼ਲੇਸ਼ਣ ਦੇ ਮਾਧਿਅਮ ਨਾਲ ਉਸਦੇ ਕਥ ਨੂੰ ਪਛਾਣਿਆ ਜਾ ਸਕਦਾ ਹੈ।[22]

ਆਲੋਚਨਾ ਪ੍ਰਣਾਲੀ ਦੇ ਰੂਪ ਵਿਚ ਸ਼ੈਲੀ ਵਿਗਿਆਨ ਰਚਨਾ ਦੇ ਰੂਪ ਦੇ ਅਧਿਐਨ ਨੂੰ ਟੀਚਾ ਮੰਨ ਕੇ ਨਹੀਂ ਚਲਦਾ। ਡਾ. ਸ਼ੀਤਾਂਸ਼ੂ ਦੇ ਅਨੁਸਾਰ, ਸ਼ੈਲੀ ਵਿਗਿਆਨ ਕਥ ਦੀ ਤੁਲਨਾ ਵਿਚ ਰੂਪ ਦੇ ਅਧਿਐਨ ਨੂੰ ਲਕਸ਼ ਬਣਾ ਕੇ ਚੱਲਣ ਵਾਲੀ ਪ੍ਰਣਾਲੀ ਨਹੀਂ ਹੈ। ਜਿਸ ਤਰ੍ਹਾਂ ਕਿ ਇਤਰਾਜ਼ ਕਰਨ ਵਾਲਿਆਂ ਨੇ ਸਮਝ ਲਿਆ ਹੈ।

ਸਾਹਿਤਾਲੋਚਨਾ ਦੇ ਖੇਤਰ ਨੂੰ ਜਿੰਨਾ ਵਿਸ਼ਾਲ ਹੋਣਾ ਚਾਹੀਦਾ ਹੈ ਓਨਾ ਹੀ ਇਸ ਦੀ ਦਰਿਸ਼ਟੀ ਵੀ ਵਿਸ਼ਾਲ ਹੋਣੀ ਚਾਹੀਦੀ ਹੈ। ਸਾਹਿਤਾਲੋਚਨਾ ਦੇ ਸੰਦਰਭ ਵਿਚ ਸਹੀ ਔਲਚਨਾ ਪ੍ਰਣਾਲੀ ਦੀ ਖੋਜ ਅਤੇ ਪਰਿਣਾਮ ਸਰੂਪ ਵੱਖ ਵੱਖ ਪ੍ਰਣਾਲੀਆਂ ਦੇ ਦਾਅਵੇਦਾਰਾਂ ਦੁਆਰਾ ਵਸਤੂ ਨਿਸ਼ਠ ਆਲੋਚਨਾ ਦੇ ਦਾਅਵੇ ਚਲੇ ਆ ਰਹੇ ਹਨ। ਇਸ ਖੇਤਰ ਵਿਚ ਸਾਹਿਤ ਨਾਲੋਂ ਸਾਹਿਤਕਾਰ ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਸਾਹਿਤਕਾਰ ਦੇ ਰੁਤਬੇ ਨੂੰ ਵੇਖ ਕੇ ਉਸਦੀ ਰਚਨਾ ਦੀ ਆਲੋਚਨਾ ਕਰਨ ਦਾ ਕੰਮ ਚਲਿਆ।

ਭਾਰਤੀ ਕਾਵਿ ਸ਼ਾਸਤਰੀ ਦਰਿਸ਼ਟੀ ਦੇ ਲੰਬੇ ਪ੍ਰਚਲਨ ਦੇ ਉਪਰੰਤ ਵਿਵਿਧ ਆਲੋਚਨਾ ਪੱਧਤੀਆਂ ਨੇ ਆਧੁਨਿਕ ਕਾਲ ਵਿਚ ਜਨਮ ਲਿਆ। ਜਿਹਨਾਂ ਨੇ ਇਹ ਦਾਅਵਾ ਕੀਤਾ ਕਿ ਸਾਹਿਤ ਆਲੋਚਨਾ ਇਕ ਮਹੱਤਵਪੂਰਨ ਕੰਮ ਹੈ ਜਿਸ ਵਿਚ ਕਿਸੇ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ। ਸਮਾਜ ਸ਼ਾਸਤਰੀ, ਮਾਰਕਸਵਾਦੀ, ਮਨੋਵਿਸ਼ਲੇਸ਼ਣਵਾਦੀ, ਇਤਿਹਾਸਕਾਰ, ਮਿਥਕੀ ਆਲੋਚਨਾ, ਸੁਹਜ ਸ਼ਾਸਤਰੀ, ਰੂਪਵਾਦੀ, ਸੰਰਚਨਾਵਾਦੀ ਆਦਿ ਦਰਿਸ਼ਟੀਆਂ ਇਸੇ ਧਾਰਨਾ ਨੂੰ ਲੈ ਕੇ ਚੱਲੀਆਂ ਪਰ ਕਿਰਤ ਨੂੰ ਕੇਂਦਰ ਵਿਚ ਰੱਖ ਕੇ ਕੀਤੀ ਜਾਣ ਵਾਲੀ ਵਸਤੂਨਿਸ਼ਠ ਆਲੋਚਨਾ ਵੱਲ ਉਹਨਾਂ ਨੇ ਧਿਆਨ ਨਹੀਂ ਦਿੱਤਾ। ਸਮਾਜ ਸ਼ਾਸਤਰੀ ਸਮੀਖਿਆ ਦੇ ਅਧਿਕ ਸਮਾਜਮੁਖੀ ਹੋਣ ਤੇ ਸੁਹਜ ਪੱਖ ਦੀ ਬੇਧਿਆਨੀ ਅਤੇ ਸੁਹਜ ਸ਼ਾਸਤਰੀ ਸਮੀਖਿਆ ਵਿਚ ਸਮਾਜਕ ਪੱਖਾਂ ਦਾ ਬੇਧਿਆਨ ਹੋ ਜਾਣਾ ਸੁਭਾਵਕ ਰਿਹਾ ਹੈ। ਰੂਪਵਾਦੀ ਪ੍ਰਣਾਲੀ ਵਿਚ ਥੀਮ ਅਤੇ ਇਵੇਂ ਹੀ ਮਿਥਕੀ ਪ੍ਰਣਾਲੀ ਵਿਚ ਸਿਗਨੇਅਰ ਦੇ ਕੌਸ਼ਲ ਦੇ ਅਦਭੁਤ ਸੁਹਜ ਤੱਤਾਂ ਦੀ ਅਵਹੇਲਣਾ ਹੋ ਸਕਦੀ ਹੈ। ਇਸ ਸਥਿੱਤੀ ਵਿਚ ਭਾਸ਼ਾ ਵਿਗਿਆਨ ਨੂੰ ਆਧਾਰ ਬਣਾ ਕੇ ਕਿਰਤ ਦੇ ਅਧਿਐਨ ਵਿਸ਼ਲੇਸ਼ਣ ਦੀ ਗੱਲ ਚੱਲੀ। ਇਸ ਪਰਕਾਰ ਅਜਿਹੀ ਆਲੋਚਨਾ ਪੱਧਤੀ ਦੀ ਖੋਜ ਸ਼ੁਰੂ ਹੋਈ ਜੋ ਸਾਰੀਆਂ ਆਲੋਚਨਾ ਪੱਧਤੀਆਂ ਤੋਂ ਉੱਤਮ ਹੋਵੇ ਅਤੇ ਜੋ ਕਿਰਤ ਦਾ ਵਸਤੂ ਅਤੇ ਵਿਗਿਆਨਕ ਵਿਸ਼ਲੇਸ਼ਣ ਕਰਦੀ ਹੋਈ ਉਸਦੇ ਮੂਲ ਕੱਥ ਨੂੰ ਵੀ ਉਜਾਗਰ ਕਰਦੀ ਹੋਵੇ। ਸ਼ੈਲੀ ਵਿਗਿਆਨਕ ਆਲੋਚਨਾ ਪ੍ਰਣਾਲੀ ਨੇ ਦੂਹਰੇ ਕੰਮ ਨੂੰ ਸੰਭਾਲਿਆ। ਇਹ ਸਿੱਧਾਂਤ ਤੇ ਆਲੋਚਨਾ ਪ੍ਰਣਾਲੀ ਦੋਹਾਂ ਰੂਪਾਂ ਵਿਚ ਹੀ ਸਾਹਿਤਾਲੋਚਨਾ ਵਿਚ ਉਪਯੋਗੀ ਸਿੱਧ ਹੋਈ। ਇਸ ਵਿਚ ਦਰਿਸ਼ਟੀ ਤਾਂ ਭਾਸ਼ਾਵਾਦੀ ਰਹੀ ਪਰ ਕਥ ਵਿਸ਼ਲੇਸ਼ਣ ਨੂੰ ਸਪਸ਼ਟ ਕਰਨ ਕਰਕੇ ਇਹ ਪ੍ਰਣਾਲੀ ਵਧੇਰੇ ਲੋਕਪ੍ਰਿਯ ਹੋਈ।

ਇਸ ਪਰਕਾਰ ਸ਼ੈਲੀ ਵਿਗਿਆਨ, ਭਾਸ਼ਾ ਵਿਗਿਆਨ ਦੇ ਅੰਗ ਰੂਪ ਵਿਚ ਨਹੀਂ, ਸਗੋਂ ਵੱਖਰੀ

ਸਮੀਖਿਆ ਪ੍ਰਣਾਲੀ ਦੇ ਰੂਪ ਵਿਚ ਸਾਹਮਣੇ ਆਇਆ ਹੈ। ਇਸ ਨੇ ਪਰਭਾਵਵਾਦੀ ਆਲੋਚਨਾ ਅਤੇ ਰੂੜ੍ਹ ਆਲੋਚਨਾ ਨੂੰ ਜੜ੍ਹ ਤੱਕ ਸਮਾਪਤ ਕਰ ਦਿੱਤਾ। ਸ਼ੈਲੀ ਵਿਗਿਆਨ ਆਲੋਚਨਾ ਦੇ ਉਦੇਸ਼ ਨੂੰ ਵਧੇਰੇ ਡੂੰਘਾਈ ਵਿਚ ਲਿਜਾ ਕੇ ਉਸ ਦੀ ਸਮਝ ਨੂੰ ਵਧੇਰੇ ਸਪਸ਼ਟ ਤੇ ਆਸਾਨ ਬਣਾਉਂਦਾ ਹੈ।

ਸਾਹਿਤਾਲੋਚਨਾ ਇਕ ਦਾਇਤਵਪੂਰਨ ਕੰਮ ਹੋਣ ਦੇ ਨਾਲ ਨਾਲ ਜਟਿਲ ਵੀ ਹੈ। ਡਾ. ਸੀਤਾਂਸ਼ ਦੇ ਸ਼ਬਦਾਂ ਵਿਚ ਸਾਹਿਤ ਆਲੋਚਨਾ ਇਕ ਜਟਿਲ ਪਰਕਿਰਿਆ ਹੈ ਜਿਸ ਵਿਚ ਪਰਕਾਰਜ ਨੂੰ ਆਮ ਤੌਰ ਤੇ ਰੂਪ ਵਿਚ ਤੀਹਰੇ ਪੱਖ ਨਾਲ ਜੋੜ ਕੇ ਵੇਖਿਆ ਜਾਂਦਾ ਹੈ।[23] ਜਾਰਜ ਸਤਿਆਨੇਯ ਦੇ ਅਨੁਸਾਰ ਸਾਹਿਤ ਆਲੋਚਨਾ ਦਾ ਪਹਿਲਾ ਪਰਕਾਰਜ ਸਾਹਿਤ ਦੀ ਪਾਠ ਵਿਧੀ ਦੀ ਜਾਣਕਾਰੀ ਦੇਣਾ ਅਤੇ ਪੜ੍ਹਨਯੋਗ ਸਾਹਿਤ ਨੂੰ ਰੇਖਾਂਕਿਤ ਕਰਨਾ। ਦੂਸਰਾ ਪਰਕਾਰਜ ਯੁਗ ਦੇ ਸੰਦਰਭ ਵਿਚ ਸਾਹਿਤ ਨੂੰ ਵੇਖਣਾ ਤੇ ਪਰਸਪਰ ਤਾਲਮੇਲ ਬਿਠਾਉਣਾ। ਅੰਤਮ ਪਰਕਾਰਜ ਉਹਨਾਂ ਨੇ ਕਿਰਤ ਦਾ ਮੁਲਾਂਕਣ ਮੰਨਿਆ ਹੈ।[24]

ਇਸ ਪਰਕਾਰ ਕਿਰਤ ਨੂੰ ਸਰਵ ਸਰੇਸ਼ਠ ਮੰਨ ਕੇ ਭਾਸ਼ਾਵਾਦੀ ਦਰਿਸ਼ਟੀ ਨਾਲ ਕਥਾਤਮਕ ਸੁਹਜ ਤੇ ਵਸ਼ਿਸ਼ਟਤਾ ਨੂੰ ਉਦਘਾਟਿਤ ਕਰਨ ਵਾਲੀ ਸਮੀਖਿਆ ਪੱਧਤੀ ਸ਼ੈਲੀ ਵਿਗਿਆਨ ਦੇ ਮਾਧਿਅਮ ਨਾਲ ਉਜਾਗਰ ਹੋਈ। ਸ਼ੈਲੀ ਵਿਗਿਆਨਕ ਆਲੋਚਨਾ ਨੂੰ ਇਸੇ ਲਈ ਉਤਸ਼ਾਹ ਮਿਲ ਰਿਹਾ ਹੈ ਕਿ ਇਹ ਪਰਭਾਵਵਾਦ ਤੇ ਪੂਰਵ ਗਰਹਿਣਯੋਗਤਾ ਤੋਂ ਰਹਿਤ ਵਸਤੂਨਿਸ਼ਠ ਪ੍ਰਣਾਲੀ ਨੂੰ ਅਪਣਾ ਕੇ ਚੱਲਣ ਵਾਲੀ ਆਲੋਚਨਾ ਪ੍ਰਣਾਲੀ ਹੈ। ਪਰੰਤੂ ਸਾਨੂੰ ਇਹ ਆਸ ਰੱਖਣੀ ਹੋਵੇਗੀ ਕਿ ਆਲੋਚਨਾ ਪ੍ਰਣਾਲੀ ਹੋਣ ਦੇ ਕਾਰਨ ਵੀ ਇਸਦਾ ਸਰੋਕਾਰ ਭਾਸ਼ਾ ਵਿਗਿਆਨ ਨਾਲ ਅਧਿਕ ਹੈ। ਇਸ ਲਈ ਸਾਮਿਅਕ ਭਾਸ਼ਾ ਵਿਗਿਆਨ ਦਾ ਉਤਨਾ ਹੀ ਗਿਆਨ ਹੋਣਾ ਅਤਿ ਜ਼ਰੂਰੀ ਹੈ ਜਿੰਨਾ ਭਾਸ਼ਾ ਦੀਆਂ ਇਕਾਈਆਂ, ਪੱਧਰਾਂ ਅਤੇ ਉਹਨਾਂ ਦੇ ਪਰਕਾਰਜ ਦੇ ਵਿਸ਼ੇ ਵਿਚ ਜਾਣਕਾਰੀ ਮਿਲਦੀ ਹੈ।

## 1.7 ਸ਼ੈਲੀ ਵਿਗਿਆਨ ਤੇ ਸ਼ੈਲੀ ਪਾਪਕਰਮਕੀ (Stylometric)

ਸ਼ੈਲੀ ਮਾਪਕਰਮਕੀ ਸ਼ੈਲੀ ਵਿਗਿਆਨ ਵਿਚ ਵਿਸ਼ਲੇਸ਼ਣ ਦਾ ਉਦੇਸ਼ ਉਹਨਾਂ ਸਾਰੇ ਲੱਛਣਾਂ ਨੂੰ ਖੋਜਣਾ ਅਤੇ ਰੇਖਾਂਕਿਤ ਕਰਨਾ ਹੁੰਦਾ ਹੈ ਜਿਸਤੋਂ ਰਚਨਾਕਾਰ ਵਿਸ਼ੇਸ਼ ਦੀ ਭਾਸ਼ਿਕ ਪਹਿਚਾਣ ਕੀਤੀ ਜਾ ਸਕੇ। ਸਪਸ਼ਟ ਇਸ ਪਰਕਾਰ ਦੇ ਸ਼ੈਲੀ ਵਿਗਿਆਨ ਦਾ ਪਰਕਾਰਜ ਆਲੋਚਨਾਤਮਕ ਨਾ ਹੋ ਕੇ ਤਾਲਿਕਾਪਰਕ ਹੁੰਦਾ ਹੈ। ਇਸਦੇ ਅੰਤਰਗਤ ਇਕ ਪਾਸੇ ਰਚਨਾਕਾਰ ਦੇ ਸ਼ੈਲੀ ਲੱਛਣਾਂ ਨੂੰ ਉਸਦੇ ਨਿਜਤਵ ਵਿਅਤੀਤਵ ਦੇ ਰੂਪ ਵਿਚ ਰੇਖਾਂਕਿਤ ਕੀਤਾ ਜਾਂਦਾ ਹੈ ਤੇ ਦੂਜੇ ਪਾਸੇ ਕਿਰਤ ਨੂੰ ਰਚਣ ਦੇ ਉਦੇਸ਼ ਵਰਗੇ ਉਲਝੇ ਪ੍ਰਸ਼ਨ ਦਾ ਵੀ ਸਮਾਧਾਨ ਕੀਤਾ ਜਾਂਦਾ ਹੈ। ਮਿਲਕ ਨੇ ਐਸੇ ਪਰਕਾਰਜ ਨੂੰ ਸ਼ੈਲੀ ਲਖਾਇਕ (atributive) ਕਿਹਾ ਹੈ। ਲਿਵਿਨ ਦੇ ਅਨੁਸਾਰ ਇਸ ਪਰਕਾਰ ਦੇ ਸ਼ੈਲੀ ਵਿਗਿਆਨ ਦਾ ਉਦੇਸ਼ ਜਾਂ ਲਕਸ਼ ਕਿਰਤ, ਰਚਨਾਕਾਰ, ਯੁੱਗ ਜਾਂ ਵਿਧਾ ਵਿਸ਼ੇਸ਼ ਦੀ ਸ਼ੈਲੀ ਦੇ ਵਰਣਨਾਤਮਕ ਪਰਮਾਣਾਂ ਨੂੰ ਸਥਿਤ ਕਰਨਾ ਹੁੰਦਾ ਹੈ, ਜਿਸ ਦੇ ਲਈ ਸਮਿਆਕੀ ਦਾ ਪਰਯੋਗ ਵੀ ਕੀਤਾ ਜਾਂਦਾ ਹੈ। ਇਸ ਪਰਕਾਰ ਦਾ ਸ਼ੈਲੀ ਵਿਗਿਆਨ (ਸ਼ੈਲੀ ਮਾਪਕਰਮਕੀ) ਵਰਣਾਨਤਮਕ ਤੇ ਅੰਗ ਨਿਖੇੜ ਕਾਰਜ ਸੰਪਾਦਤ ਕਰਦਾ ਹੈ।[24] ਸੈਮੂਰ ਚੈਟਮੈਨ ਇਸ ਪਰਕਾਰਜ ਨੂੰ ਸ਼ੈਲੀ ਮਾਪਕਰਮਕੀ ਪਰਕਾਰਜ ਮੰਨਦਾ ਹੈ।

ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਮਾਪਕਰਮਕੀ ਰਚਨਾ ਵਿਸ਼ੇਸ਼ ਦੀ ਭਾਸ਼ਾ ਦੀ ਪਛਾਣ ਕਰਕੇ ਸਾਰੇ ਤੱਤਾਂ ਨੂੰ ਵੱਖ ਵੱਖ ਕਰ ਦਿੰਦਾ ਹੈ। ਪਰ ਉਹਨਾਂ ਦੀ ਵਿਆਖਿਆ ਨਹੀਂ ਕਰਦਾ ਜਦੋਂ ਕਿ ਸ਼ੈਲੀ ਵਿਗਿਆਨ ਉਹਨਾਂ ਅੰਗਾਂ ਦੀ ਪਛਾਣ ਕਰਕੇ ਉਹਨਾਂ ਦੀ ਵਿਆਖਿਆ ਰਚਨਾ ਦੇ ਸਭਿਆਚਾਰਕ ਪਰਸੰਗ ਵਿਚ ਕਰਦਾ ਹੈ, ਜਿਸ ਨਾਲ ਰਚਨਾਕਾਰ ਵੱਲੋਂ ਕੀਤਾ ਗਿਆ ਵਿਚਲਨ ਜੋ ਉਹ ਸਾਧਾਰਨ ਭਾਸ਼ਾ ਤੋਂ ਹਟ ਕੇ ਰਚਨਾ ਵਿਚ ਪੇਸ਼ ਕਰਦਾ ਹੈ, ਦਾ ਅਰਥ ਪੂਰਨ ਰੂਪ ਵਿਚ ਸਪਸ਼ਟ ਹੋ ਜਾਂਦਾ ਹੈ।

## 1.8 ਸ਼ੈਲੀ ਵਿਗਿਆਨ ਦਾ ਉਦੇਸ਼

ਸ਼ੈਲੀ ਵਿਗਿਆਨ ਦਾ ਉਦੇਸ਼ ਆਲੋਚਨਾ ਦੀਆਂ ਅਨੇਕ ਪ੍ਰਣਾਲੀਆਂ ਤੋਂ ਬਿਲਕੁਲ ਅਲੱਗ ਹੈ ਕਿਉਂਕਿ ਇਹ ਭਾਸ਼ਾ ਸਾਧਨਾਂ ਨੂੰ ਸਾਹਿਤ ਤੇ ਲਾਗੂ ਕਰਦਾ ਹੈ। ਆਧੁਨਿਕ ਭਾਸ਼ਾ ਵਿਗਿਆਨੀ ਫਰਦੀਨਾ ਦੀ ਸਾਸਿਊਰ ਦੁਆਰਾ ਦਿੱਤੇ ਗਏ ਭਾਸ਼ਾ ਨਿਯਮਾਂ ਨੂੰ ਸਾਹਿਤ ਤੇ ਲਾਗੂ ਕਰਦਾ ਹੈ। ਸਾਸਿਊਰ ਨੇ ਪਰਮੁੱਖ ਰੂਪ ਵਿਚ ਭਾਸ਼ਾ ਤੇ ਉਚਾਰ, ਇਕਾਲਕੀ ਤੇ ਦੁਕਾਲਕੀ, ਚਿਹਨ ਪ੍ਰਣਾਲੀ ਪਰਸੰਗ ਮੂਲਕ ਤੇ ਪਰਬੰਧ

ਮੂਲਕ ਸੰਕਲਪਾਂ ਦੀ ਹੋਂਦ ਦੀ ਵਿਆਖਿਆ ਕਰਦਾ ਹੈ। ਇਨ੍ਹਾਂ ਸੰਕਲਪਾਂ ਦੀ ਅੰਤਰਦਰਿਸ਼ਟੀ ਹੀ ਸਾਹਿਤਕ ਕਿਰਤ ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਨ ਉਪਰੰਤ ਲੇਖਕ ਦੀ ਸ਼ੈਲੀ ਨਿਰਧਾਰਤ ਕਰਨਾ ਹੁੰਦਾ ਹੈ। ਦੂਜੀਆਂ ਪ੍ਰਣਾਲੀਆਂ ਦਾ ਉਦੇਸ਼ ਵੀ ਕਿਰਤ ਦੇ ਭਾਵ ਜਾਂ ਕੱਥ ਨੂੰ ਪਰਗਟ ਕਰਨਾ ਹੁੰਦਾ ਹੈ ਤਦ ਵੀ ਉਹਨਾਂ ਦੀ ਲਕਸ਼ ਪਰਾਪਤੀ ਦੇ ਸਾਧਨਾਂ ਅਤੇ ਆਲੋਚਨਾ ਪਰਕਿਰਿਆ ਵਿਚ ਵਿਗਿਆਨਕਤਾ ਅਤੇ ਵਸੂਤ ਪਰਕਤਾ ਦਾ ਅਭਾਵ ਹੁੰਦਾ ਹੈ।

ਸਾਹਿਤਾਕਰ ਦੀ ਰਚਨਾਤਮਕਤਾ ਨੂੰ ਸ਼ੈਲੀ ਦੁਆਰਾ ਵਿਸ਼ੇਸ਼ੀਕ੍ਰਿਤ ਕੀਤਾ ਗਿਆ ਹੈ। ਇਸ ਦਾ ਵਿਸ਼ਲੇਸ਼ਣ ਸ਼ੈਲੀ ਵਿਗਿਆਨ ਦਾ ਉਦੇਸ਼ ਹੈ। ਸ਼ੈਲੀ ਵਿਗਿਆਨ ਦੀ ਦਰਿਸ਼ਟੀ ਕ੍ਰਿਤ ਵਿਸ਼ੇਸ਼ ਦੇ ਇਲਾਵਾ ਭਾਸ਼ਾ ਪਰਯੋਗਾਂ ਤੇ ਵੀ ਹੁੰਦੀ ਹੈ ਜਿਹਨਾਂ ਵਿਚ ਰਚਨਾਕਾਰ ਦੁਆਰਾ ਕਿਰਤ ਦਾ ਮਰਮਭੂਤ ਪਰਤੀਪਾਦ ਸਮਾਨਿਸ਼ਟ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸ਼ੈਲੀ ਤੇ ਸ਼ੈਲੀ ਵਿਗਿਆਨ (ਆਗਰਾ ਕੇਂਦਰੀ ਹਿੰਦੀ ਸੰਸਥਾਨ), 1976, ਪੰਨਾ 97.
2. M. Riffaterre, Criteria for Style Analysis World, 1959, p. 125.
3. N.E. Enkvist, Introduction : Linguistics Stylistics Mounton, 1973, p. 15.
4. ਰਵਿੰਦਰਨਾਥ ਸ੍ਰੀਵਾਸਤਰਵ, ਸੰਰਚਨਾਤਮਕ ਸ਼ੈਲੀ ਵਿਗਿਆਨ, ਪੰਨਾ 12.
5. Olga S. Akhamnova, The Principles and Methods of Linguistics A Course of Lectures (Moscow State University, 1070)
6. ਵਿਦਿਆ ਨਿਵਾਸ ਮਿਸ਼ਰ, ਸ਼ੈਲੀ ਔਰ ਸ਼ੈਲੀ ਵਿਗਿਆਨ, ਪੰਨਾ 18.
7. ਸਤਯਦੇਵ ਚੌਧਰੀ, ਸ਼ੈਲੀ ਵਿਗਿਆਨ ਔਰ ਭਾਰਤੀ ਕਾਵਿਯ ਸ਼ਾਸਤਰ, ਪੰਨਾ 13.
8. ਰਵਿੰਦਰਨਾਥ ਸ੍ਰੀਵਾਸਤਵ, ਸੰਰਚਨਾਤਮਕ ਸ਼ੈਲੀ ਵਿਗਿਆਨ, ਪੰਨਾ 28.
9. ਜੀ. ਐਨ. ਲੀਚ ਉਦਰਿਤ ਕ੍ਰਿਸ਼ਨ ਕੁਮਾਰ ਸ਼ਰਮਾ, ਸ਼ੈਲੀ ਵਿਗਿਆਨ ਦੀ ਰੂਪ ਰੇਖਾ, ਪੰਨਾ 23.
10. ਨਗੇਂਦਰ, ਸ਼ੈਲੀ ਵਿਗਿਆਨ, ਪੰਨਾ 22.
11. ਭੋਲਾ ਨਾਥ ਤਿਵਾੜੀ, ਸ਼ੈਲੀ ਵਿਗਿਆਨ, ਪੰਨਾ 17.
12. ਸੁਰੇਸ਼ ਕੁਮਾਰ, ਸ਼ੈਲੀ ਵਿਗਿਆਨ, ਪੰਨਾ 76.
13. ਚਾਰਲਸ ਬੇਲੀ ਉਦਰਿਤ ਸ਼ੈਲੀ ਵਿਗਿਆਨ (ਨਗੇਂਦਰ), ਪੰਨਾ 19.
14. ਵਾਸਲਰ ਉਦਰਿਤ ਨਗੇਂਦਰ, ਸ਼ੈਲੀ ਵਿਗਿਆਨ, ਪੰਨਾ 5.
15. ਰਵਿੰਦਰਨਾਥ ਸ੍ਰੀਵਾਸਤਵ, ਸੰਰਚਨਾਤਮਕ ਸ਼ੈਲੀ ਵਿਗਿਆਨ, ਪੰਨਾ 12.
16. ਡਾ. ਸ਼ੀਤਾਂਸ਼ੂ, ਸ਼ੈਲੀ ਵਿਗਿਆਨ : ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 7.
17. ਕ੍ਰਿਸ਼ਨ ਕੁਮਾਰ ਸ਼ਰਮਾ, ਸ਼ੈਲੀ ਵਿਗਿਆਨ, ਪੰਨਾ 1.
18. Rene Walik, Stylistics, Poetics and Criticism Literary Style : A Symposium, p. 66.
19. Galbrin, Abstracts the papers of Tenth Congress of Linguistics, p. iii.
20. Ulman, Stylistics and Semantics : Literary Style a Symposium, p. 133.
21. G.W. Turner, Stylistics, p. 7.
22. ਰਵਿੰਦਰਨਾਥ ਸ੍ਰੀਵਾਸਤਵ, ਸ਼ੈਲੀ ਵਿਗਿਆਨ ਔਰ ਆਲੋਚਨਾ ਕੀ ਨਈ ਭੂਮਿਕਾ, ਪੰਨਾ 5.
23. ਡਾ. ਸ਼ੀਤਾਂਸ਼ੂ, ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 19.
24. George Stayner, Hamads Worth, pp. 25-28.

# ਸ਼ੈਲੀ ਵਿਗਿਆਨ : ਵਿਭਿੰਨ ਮਾਡਲ
## (Stylistics : Different Models)

### 3.0 ਸ਼ੈਲੀ ਵਿਗਿਆਨ : ਵਿਭਿੰਨ ਮਾਡਲ (Stylistics : Different Models)

ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੀ ਅਜਿਹੀ ਨਵੀਨ ਪ੍ਰਣਾਲੀ ਹੈ ਜੋ ਸਾਹਿਤਕ ਰਚਨਾ ਨੂੰ ਕੇਂਦਰ ਵਿਚ ਰੱਖ ਕੇ ਉਸ ਦਾ ਵਿਗਿਆਨਕ ਤੇ ਵਸਤੂ ਨਿਸ਼ਠ ਵਿਸ਼ਲੇਸ਼ਣ ਕਰਦੇ ਹੋਏ ਉਸ ਵਿਚਲੇ ਸੁਹਜ ਤੇ ਸਾਹਿਤਕਤਾ ਦੇ ਮਿਆਰ ਨੂੰ ਰੇਖਾਂਕਿਤ ਕਰਦੀ ਹੈ। ਇਹ ਇਸ ਲਈ ਵੀ ਦੂਜੀਆਂ ਆਲੋਚਨਾ ਪ੍ਰਣਾਲੀਆਂ ਨਾਲੋਂ ਚੰਗੀ ਹੈ ਕਿਉਂਕਿ ਇਸ ਵਿਚ ਰਚਨਾ ਦੇ ਕਰਤਾ ਤੇ ਉਸ ਤੇ ਪਏ ਪਰਭਾਵ ਜਾਂ ਵਾਦ ਆਦਿ ਨੂੰ ਬੇਧਿਆਨ ਕਰਕੇ ਸਿਰਫ ਰਚਨਾ ਤੇ ਹੀ ਕੇਂਦਰਿਤ ਕੀਤਾ ਜਾਂਦਾ ਹੈ। ਇਸ ਵਿਧੀ ਬਾਰੇ, ਇਸ ਦੇ ਸਰੂਪ, ਖੇਤਰ ਤੇ ਹੋਰ ਅਨੁਸ਼ਾਸਨਾਂ ਨਾਲ ਸੰਬੰਧ ਬਾਰੇ ਅਸੀਂ ਪਹਿਲੇ ਅਧਿਆਇ ਵਿਚ ਕਾਫੀ ਚਰਚਾ ਕਰ ਚੁੱਕੇ ਹਾਂ। ਵੱਖ ਵੱਖ ਵਿਦਵਾਨਾਂ ਵੱਲੋਂ ਸ਼ੈਲੀ ਵਿਗਿਆਨ ਦੇ ਵੱਖ-ਵੱਖ ਪ੍ਰਤਿਮਾਨ ਪੇਸ਼ ਕੀਤੇ ਗਏ ਹਨ।

### 3.1 ਪ੍ਰਤਿਮਾਨ

ਪ੍ਰਤਿਮਾਨ ਦੇ ਪੱਧਰ ਤੇ ਦੋ ਤਰ੍ਹਾਂ ਦੇ ਆਧਾਰ ਸਾਡੇ ਸਾਹਮਣੇ ਸਪਸ਼ਟ ਹੁੰਦੇ ਹਨ।

ਪਹਿਲਾ ਆਧਾਰ ਸੰਕਲਪ ਦਾ ਹੈ। ਸ਼ੈਲੀ ਵਿਗਿਆਨ ਸਿੱਧਾਂਤ ਵਿਚ ਕੁਝ ਪ੍ਰਤਿਮਾਨ ਅਜਿਹੇ ਵੀ ਹਨ ਜੋ ਸੰਕਲਪ ਨੂੰ ਆਧਾਰ ਬਣਾ ਕੇ ਕਿਸੇ ਰਚਨਾ ਦਾ ਅਧਿਐਨ ਕਰਦੇ ਹਨ। ਅਗਰਭੂਮਨ ਪ੍ਰਤਿਮਾਨ ਚੋਣ, ਸੰਯੋਜਨ ਪ੍ਰਤਿਮਾਨ ਅਤੇ ਸ਼ੈਲੀ ਚਿਹਨਕ ਪ੍ਰਤਿਮਾਨ ਸੰਕਲਪ ਆਧਾਰਿਤ ਪ੍ਰਤਿਮਾਨ ਹਨ। ਦੂਸਰਾ ਆਧਾਰ ਵਿਆਕਰਨ ਨੂੰ ਮੰਨ ਕੇ ਵੀ ਕਿਸੇ ਰਚਨਾ ਦਾ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਜਾ ਸਕਦਾ ਹੈ। ਇਸ ਸੰਦਰਭ ਵਿਚ ਰੂਪਾਂਤਰੀ ਵਿਆਕਰਨ, ਵਿਵਸਥਾਪਰਕ ਵਿਆਕਰਨ ਅਤੇ ਪਰਕਾਰਜੀ ਵਿਆਕਰਨ ਉਲੇਖ ਯੋਗ ਹਨ। ਹੁਣ ਅਸੀਂ ਇਹਨਾਂ ਦੋਹਾਂ ਆਧਾਰਾਂ ਦੇ ਅੰਤਰਗਤ ਆਉਂਦੇ ਸਥਾਪਤ ਪ੍ਰਤਿਮਾਨਾਂ ਦਾ ਸੰਖੇਪ ਰੂਪ ਵਿਚ ਚਰਚਾ ਕਰਾਂਗੇ।

(ੳ) ਸੰਕਲਪ ਆਧਾਰਿਤ ਪ੍ਰਤਿਮਾਨ

(ਅ) ਵਿਆਕਰਨ ਆਧਾਰਿਤ ਪ੍ਰਤਿਮਾਨ

ਉਪਰੋਕਤ ਮਾਡਲਾਂ ਦਾ ਵਿਸ਼ਲੇਸ਼ਣ ਦੇ ਸੰਦਰਭ ਵਿਚ ਪਰਯੋਗ ਸਾਹਿਤ ਦੀ ਪਰਕਿਰਤੀ ਨੂੰ ਵੇਖ ਕੇ ਕੀਤਾ ਜਾਂਦਾ ਹੈ। ਕਿਸੇ ਵੀ ਮਾਡਲ ਦੀ ਚੋਣ ਪਾਠ ਨੂੰ ਵੇਖ ਕੇ ਕੀਤੀ ਜਾਣੀ ਚਾਹੀਦੀ ਹੈ। ਵਾਸਤਵ ਵਿਚ ਪ੍ਰਤਿਮਾਨ ਦੀ ਚੋਣ ਦੀ ਉਪਯੋਗਤਾ ਵਿਸ਼ਲੇਸ਼ਕ ਤੇ ਨਿਰਭਰ ਕਰਦੀ ਹੈ। ਇਸ ਦੇ ਨਾਲ ਹੀ ਕਿਰਤ ਜਾਂ ਪਾਠ ਦੀ ਪਰਕਿਰਤੀ ਵੀ ਵਿਸ਼ੇਲਸ਼ਣ ਲਈ ਮਾਡਲ ਨੂੰ ਨਿਰਧਾਰਤ ਕਰਨ ਵਿਚ ਮਦਦ ਹੀ ਨਹੀਂ ਕਰਦੀ ਹੈ ਸਗੋਂ ਇਸ ਨੂੰ ਹੀ ਪ੍ਰਤਿਮਾਨ ਦੀ ਚੋਣ ਦਾ ਮਹੱਤਵਪੂਰਨ ਆਧਾਰ ਮੰਨਿਆ ਜਾ ਸਕਦਾ ਹੈ।[1]

#### 3.1.1 ਸੰਕਲਪ ਆਧਾਰਿਤ ਪ੍ਰਤਿਮਾਨ

ਸੰਕਲਪ ਆਧਾਰਿਤ ਪ੍ਰਤਿਮਾਨ ਤਿੰਨ ਪਰਕਾਰ ਦੇ ਹਨ ਜਿਹਨਾਂ ਨੂੰ ਕ੍ਰਮਵਾਰ ਇਸ ਪਰਕਾਰ ਵੰਡਿਆ ਜਾ ਸਕਦਾ ਹੈ :

1. ਸ਼ੈਲੀ ਚਿਹਨਕ ਪ੍ਰਤਿਮਾਨ
2. ਚੋਣ ਸੰਯੋਜਨ ਪ੍ਰਤਿਮਾਨ

### 3.1.1.1 ਸ਼ੈਲੀ ਚਿਹਨਕ ਪ੍ਰਤਿਮਾਨ

ਸ਼ੈਲੀ ਦੇ ਬਾਰੇ ਵਿਚ ਇਹ ਸਪਸ਼ਟ ਹੋ ਚੁੱਕਾ ਹੈ ਕਿ ਇਹ ਉਹ ਵਿਸ਼ੇਸ਼ਤਾ ਹੈ ਜੋ ਇਕ ਸਿਰਜਕ ਨੂੰ ਦੂਜੇ ਸਿਰਜਕ ਨਾਲੋਂ ਅਲੱਗ ਕਰਦੀ ਹੈ। ਹਰ ਰਚਨਾ ਨੂੰ ਸ਼ਾਬਦਿਕ ਕਲਾ ਕਿਹਾ ਜਾ ਸਕਦਾ ਹੈ। ਹਰ ਰਚਨਾ ਵਿਚ ਅਜਿਹੇ ਤੱਤਾਂ ਦਾ ਹੋਣਾ ਜ਼ਰੂਰੀ ਹੈ ਜਾਂ ਸੁਭਾਵਕ ਹੈ ਜੋ ਉਸਦੀ ਸ਼ੈਲੀ ਨੂੰ ਦੂਜਿਆਂ ਨਾਲੋਂ ਨਿਖੇੜਦੇ ਹਨ। ਡਾ. ਕ੍ਰਿਸ਼ਨ ਕੁਮਾਰ ਸ਼ਰਮਾ ਸ਼ੈਲੀ ਚਿਹਨਕ ਨੂੰ ਪਰਿਭਾਸ਼ਤ ਕਰਦੇ ਹੋਏ ਲਿਖਦੇ ਹਨ : "ਅਜਿਹੇ ਭਾਸ਼ਕ ਤੱਤ ਜਿਹਨਾਂ ਦਾ ਸ਼ੈਲੀਪਰਕ ਕਾਰਜ ਫਲਨ ਹੁੰਦਾ ਹੈ ਸ਼ੈਲੀ ਚਿਹਨਕ ਕਹੇ ਜਾਂਦੇ ਹਨ। ਸ਼ੈਲੀ ਚਿਹਨਕ ਸੰਦਰਭਬੱਧ ਹੁੰਦੇ ਹਨ। ਨਿਸ਼ਚਿਤ ਸੰਦਰਭ ਵਿਚ ਹੀ ਉਹਨਾਂ ਦਾ ਪਰਯੋਗ ਹੁੰਦਾ ਹੈ।[2] ਐਨ. ਈ. ਐਂਕਵਿਸਟ ਦਾ ਵਿਚਾਰ ਹੈ ਕਿ ਸਾਰੀਆਂ ਭਾਸ਼ਕ ਇਕਾਈਆਂ ਜੋ ਨਿਸ਼ਚਿਤ ਸੰਦਰਭ ਵਿਚ ਵਰਤੀਆਂ ਜਾਂਦੀਆਂ ਹਨ, ਉਹਨਾਂ ਨੂੰ ਸ਼ੈਲੀ ਚਿਹਨਕ ਕਿਹਾ ਜਾਂਦਾ ਹੈ।[3] ਉਹਨਾਂ ਨੇ ਅੱਗੇ ਸਪਸ਼ਟ ਕੀਤਾ ਹੈ ਕਿ ਕਈ ਵਾਰੀ ਅਜਿਹਾ ਵੀ ਸੰਭਵ ਹੁੰਦਾ ਹੈ ਕਿ ਸ਼ੈਲੀ ਦੀ ਦਰਿਸ਼ਟੀ ਤੋਂ ਸਧਾਰਨ ਅਤੇ ਅਣਉਪਯੋਗੀ ਤੱਤ ਵੀ ਕਾਰਜਸ਼ੀਲ ਹੋ ਕੇ ਸ਼ੈਲੀ ਚਿਹਨਕਾਂ ਦੀ ਸਥਿੱਤੀ ਗਰਹਿਣ ਕਰ ਲੈਂਦੇ ਹਨ ਪਰ ਸੰਦਰਭ ਦੇ ਇਕ ਹੀ ਵਰਗ ਵਿਚ ਵਧੇਰੇ ਭਾਸ਼ਕ ਇਕਾਈਆਂ ਵੀ ਸ਼ੈਲੀ ਚਿਹਨਕ ਹੋ ਸਕਦੀਆਂ ਹਨ। ਕਿਹਾ ਜਾ ਸਕਦਾ ਹੈ ਕਿ ਸ਼ੈਲੀ ਚਿਹਨਕ ਸੰਦਰਭ ਹੀ ਭਾਸ਼ਿਕ ਤੱਤ ਹੈ।

ਡਾ. ਕ੍ਰਿਸ਼ਨ ਕੁਮਾਰ ਸ਼ਰਮਾ ਨੇ ਸ਼ੈਲੀ ਚਿਹਨਕ ਦੀ ਧਾਰਨਾ ਦੇ ਅਨੁਸਾਰ ਸ਼ੈਲੀ ਵਿਗਿਆਨਕ ਅਧਿਐਨ ਦੀ ਚਰਚਾ ਕੀਤੀ ਹੈ। ਸ਼ੈਲੀ ਚਿਹਨਕ ਦੀ ਧਾਰਨਾ ਅਨੁਸਾਰ ਸ਼ੈਲੀ ਵਿਗਿਆਨਕ ਅਧਿਐਨ ਦਾ ਮਤਲਬ ਹੈ ਕਿ ਸ਼ੈਲੀ ਚਿਹਨਕ ਸੂਚੀ ਪਰਸਤੁਤ ਕਰਨ ਅਤੇ ਉਨ੍ਹਾਂ ਦਾ ਸੰਦਰਭਗਤ ਵਿਸ਼ੇਲਸ਼ਣ ਕਰਨ।[4] ਇਸ ਪ੍ਰਤਿਮਾਨ ਦੁਆਰਾ ਕੀਤਾ ਗਿਆ ਵਿਸ਼ਲੇਸ਼ਣ ਪਰੰਪਰਾਈ ਵਿਸ਼ਲੇਸ਼ਣ ਤੋਂ ਪੂਰੀ ਤਰ੍ਹਾਂ ਵੱਖਰਾ ਹੁੰਦਾ ਹੈ। ਭਾਸ਼ਕ ਤੱਤਾਂ ਦੇ ਸਮੁੱਚ ਆਦਿ ਦੇ ਕੀਤੇ ਗਏ ਵਿਸ਼ਲੇਸ਼ਣ ਨਾਲ ਇਸਦਾ ਪਰਯੋਗ ਥੋੜ੍ਹਾ ਬਹੁਤ ਕਾਰਗਰ ਸਿੱਧ ਹੋ ਸਕਦਾ ਹੈ। ਗਲਪ ਰਚਨਾ ਲਈ ਇਸ ਮਾਡਲ ਦਾ ਪਰਯੋਗ ਠੀਕ ਨਹੀਂ ਹੈ। ਲਕਸ਼ਨਾ ਪਰਯੋਗ ਅਤੇ ਅਲੰਕਾਰਿ ਪਰਯੋਗ, ਰੂਪਕ ਵਿਸ਼ਲੇਸ਼ਣ, ਵਿਧੀ, ਪਰਤੀਕ, ਅਰਥ ਪਰਤੀਤੀ ਆਦਿ ਨੂੰ ਆਧਾਰ ਮੰਨ ਕੇ ਚੱਲਣ ਵਾਲਾ ਇਹ ਪ੍ਰਤਿਮਾਨ ਕਾਵਿ ਸ਼ਾਸਤਰੀ ਦਰਿਸ਼ਟੀ ਨੂੰ ਵੀ ਅਪਨਾ ਕੇ ਚੱਲਣ ਵਾਲਾ ਹੈ। ਇਸ ਵਿਚ ਜ਼ਰੂਰੀ ਹੈ ਕਿ ਧੁਨੀ, ਰੂਪ, ਸ਼ਬਦ, ਵਾਕ ਆਦਿ ਪੱਧਰਾਂ ਦੇ ਸ਼ੈਲੀ ਚਿਹਨਕ ਨਿਰਦਿਸ਼ਟ ਕੀਤੇ ਜਾਣ। ਇਹ ਪ੍ਰਤਿਮਾਨ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਦੀ ਬਜਾਏ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਦਾ ਮੁੱਦਈ ਹੈ।

### 3.1.1.2 ਚੋਣ ਸੰਯੋਜਨ ਪ੍ਰਤਿਮਾਨ

ਸਾਹਿਤ ਨੂੰ ਸ਼ਾਬਦਿਕ ਕਲਾ ਕਿਹਾ ਜਾਂਦਾ ਹੈ। ਸਾਹਿਤ ਦਾ ਸੰਸਾਰ ਭਾਸ਼ਾਬੱਧ ਹੁੰਦਾ ਹੈ ਅਤੇ ਇਸ ਪਰਕਾਰ ਰਚਨਾ ਵਿਚ ਵੀ ਸੰਮਿਲਤ ਸੰਸਾਰ ਭਾਸ਼ਾ ਦੇ ਕਾਰਨ ਵਾਚਕ ਵਾਚ ਪਰਬੰਧ ਨੂੰ ਪਰਗਟ ਕਰਦਾ ਹੈ। ਰਚਨਾ ਭਾਸ਼ਾ ਪਰਤੀਕਾਂ ਦੁਆਰਾ ਪਰਤੀਕਾਤਮਕ ਰੂਪ ਵਿਚ ਸਾਡੇ ਸਾਹਮਣੇ ਪੇਸ਼ ਹੁੰਦੀ ਹੈ। ਰਚਨਾਕਾਰ ਕੋਲ ਇਕ ਇਕ ਸ਼ਬਦ ਦੇ ਕਈ ਕਈ ਵਿਕਲਪ ਮੌਜੂਦ ਹੁੰਦੇ ਹਨ ਜਿਨ੍ਹਾਂ ਵਿਚੋਂ ਉਹ ਸਭ ਤੋਂ ਨੇੜਲਾ ਅਤੇ ਉਪਯੋਗੀ ਸ਼ਬਦ ਚੁਣਦਾ ਹੈ।

ਸ਼ਬਦਾਂ ਦੇ ਸੰਯੋਜਨ ਵਿਚ ਵਿਸ਼ੇਸ਼ ਅਨੁਕੂਲਤਾ ਅਤੇ ਸੰਮਤੀ ਦੀ ਦਰਿਸ਼ਟੀ ਨਾਲ ਓਤਪੋਤ ਵਿਸ਼ੇਸ਼ਤਾ ਦੇ ਪਰਿਣਾਮ ਸਵਰੂਪ ਵਿਲੱਖਣਤਾ ਉਤਪੰਨ ਹੁੰਦੀ ਹੈ। ਇਸ ਪਰਕਾਰ ਪਦ ਬੰਧਨਾ ਅਤੇ ਵਾਕਾਂ ਦੇ ਸੰਯੋਜਨ ਦੀ ਵਿਸ਼ੇਸ਼ਤਾ ਨੂੰ ਭਾਸ਼ਾ ਦੀਆਂ ਵੱਖੋ ਵੱਖ ਇਕਾਈਆਂ ਦੀ ਵਰਤੋਂ ਰਾਹੀਂ ਪਰਾਪਤ ਕੀਤਾ ਜਾ ਸਕਦਾ ਹੈ। ਇਸ ਪਰਕਾਰ ਕਿਸੇ ਕਿਰਤ ਦੇ ਵਿਸ਼ਲੇਸ਼ਣ ਲਈ ਨਿਮਨ ਲਿਖਤ ਪ੍ਰਤਿਮਾਨ ਨਿਰਧਾਰਿਤ ਕੀਤਾ ਜਾ ਸਕਦਾ ਹੈ :

| | | |
|---|---|---|
| ਚੋਣ | ਧੁਨੀ | ਸੰਯੋਜਨ |
| ਸਮਾਂਤ੍ਰਿਤ ਚੋਣ | ਸ਼ਬਦ | ਸਮਾਂਤ੍ਰਿਤ ਸੰਯੋਜਨ |

| | | |
|---|---|---|
| ਵਿਚਲਿਤ ਚੋਣ | ਰੂਪ | ਵਿਚਲਿਤ ਚੋਣ |
| ਵਿਪਥਿਤ ਚੋਣ | ਵਾਕ | ਵਿਪਥਿਤ ਸੰਯੋਜਨ |

ਚੋਣ ਅਤੇ ਸੰਯੋਜਨ ਦੀ ਧਾਰਨਾ ਰੋਮਨ ਜੈਕਬਸਨ ਨੇ ਪਰਸਤੁਤ ਕੀਤੀ ਸੀ।[5] ਉਸਨੇ ਚੋਣ (excess and selection) ਅਤੇ ਸੰਯੋਜਨ (excess and combination) ਦੇ ਕੇਂਦਰਕ ਨੂੰ ਵਿਸ਼ਲੇਸ਼ਣ ਦਾ ਆਧਾਰ ਮੰਨਣ ਦਾ ਸੁਝਾਓ ਦਿੱਤਾ। ਸ਼ੈਲੀ ਵਿਗਿਆਨ ਇਹ ਮੰਨ ਕੇ ਚਲਦਾ ਹੈ ਕਿ ਸਾਹਿਤਕ ਸੰਸਾਰ ਵਿਚ ਵਿਭਿੰਨ ਰਚਨਾਕਾਰਾਂ ਦੀ ਸ਼ੈਲੀਗਤ ਵਿਸ਼ੇਸ਼ਤਾ ਦੇ ਮੂਲ ਵਿਚ ਚੋਣ ਹੀ ਕ੍ਰਿਆਸ਼ੀਲ ਹੈ।

ਡਾ. ਠਾਕੁਰ ਨੇ ਸ਼ੈਲੀ ਵਿਗਿਆਨ ਦੇ ਸੰਦਰਭ ਵਿਚ ਚੋਣ ਦੀ ਭੂਮਿਕਾ ਨੂੰ ਸਪਸ਼ਟ ਕਰਦਿਆਂ ਹੋਇਆਂ ਲਿਖਿਆ ਹੈ : "ਸ਼ੈਲੀ ਵਿਗਿਆਨ ਉਸ ਚੋਣ ਦਾ ਅਧਿਐਨ ਕਰਦਾ ਹੈ ਜੋ ਲੇਖਕ/ਵਕਤਾ ਵਿਭਿੰਨ ਭਾਸ਼ਾਈ ਪੱਧਰਾਂ ਵਿਚੋਂ ਅਪਣਾਉਂਦਾ ਹੈ।"[6] ਧਿਆਨ ਦੇਣ ਯੋਗ ਹੈ ਕਿ ਕਿਸੇ ਵੀ ਰਚਨਾ ਵਿਚ ਸੰਯੋਜਨ, ਵਿਚਲਨ, ਵਿਪਥਨ, ਸਮਾਂਤਰਤਾ ਅਤੇ ਅਗਰਭੂਮਨ ਦੇ ਮੂਲ ਰੂਪ ਚੋਣ ਹੀ ਕ੍ਰਿਆਸ਼ੀਲ ਰਹਿੰਦੀ ਹੈ। ਇਹ ਚੋਣ ਵਿਭਿੰਨ ਭਾਸ਼ਾਈ ਇਕਾਈਆਂ ਦੇ ਪੱਧਰ ਤੇ ਹੁੰਦੀ ਹੈ। ਸੋ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਭਾਸ਼ਾ ਦੇ ਵਿਭਿੰਨ ਪੱਧਰਾਂ (ਧੁਨੀ, ਸ਼ਬਦ, ਵਾਕ, ਅਰਥ ਤੇ ਰੂਪ) ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਸਾਰੇ ਪੱਧਰਾਂ ਤੇ ਕਿਸੇ ਵੀ ਰਚਨਾ ਵਿਚ ਚੋਣ ਅਤੇ ਸੰਯੋਜਨ ਨੂੰ ਵੇਖਿਆ ਜਾ ਸਕਦਾ ਹੈ। ਚੋਣ ਅਤੇ ਸੰਯੋਜਨ ਪੱਧਰਾਂ ਤੇ (ਵਿਚਲਿਤ, ਵਿਪਥਿਤ, ਸਮਾਂਤ੍ਰਿਤ) ਅਗਰਭੂਮਿਤ ਹੋ ਸਕਦਾ ਹੈ।

ਚੋਣ ਸੰਯੋਜਨ ਦਾ ਇਹ ਦੋ ਪੱਖੀ ਪ੍ਰਤਿਮਾਨ ਆਪਣੀ ਪਰਕਿਰਿਆ ਵਿਚ ਵਿਆਪਕਤਾ ਦੇ ਕਾਰਨ ਸ਼ੈਲੀ ਚਿਹਨਕ ਪ੍ਰਤਿਮਾਨ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਸ਼ੈਲੀ ਚਿਹਨਕ ਤੋਂ ਵਧੇਰੇ ਸਪਸ਼ਟ ਅਤੇ ਕਾਰਗਰ ਧਾਰਨਾ ਚੋਣ ਸੰਯੋਜਨ ਦੀ ਹੈ। ਇਸਦੇ ਵਿਭਿੰਨ ਪੱਧਰ ਵੀ ਸਪਸ਼ਟ ਹਨ। ਸ਼ੈਲੀ ਚਿਹਨਕ ਵਿਚ ਇਹਨਾਂ ਪੱਧਰਾਂ ਦਾ ਰੇਖਾਂਕਣ ਸਪਸ਼ਟ ਤੇ ਸੰਭਵ ਵੀ ਨਹੀਂ।

ਡਾ. ਠਾਕੁਰ ਇਹ ਮੰਨ ਕੇ ਚਲਦੇ ਹਨ ਕਿ ਸ਼ੈਲੀ ਵਿਗਿਆਨ ਦੀ ਸਿੱਧਾਂਤਕ ਭੂਮੀ ਤਾਂ ਹੀ ਸਮਰਥ (ediquate) ਹੋ ਸਕਦੀ ਹੈ ਜਦੋਂ ਭਾਸ਼ਾ ਦੇ ਉਪਰੋਕਤ ਪੰਜਾਂ ਪੱਧਰਾਂ ਤੇ ਚੋਣ ਦਾ ਵਿਚਾਰ ਕੀਤਾ ਜਾਵੇ।[7] ਲੇਖਿਮ ਵਿਗਿਆਨ ਨੂੰ ਵੀ ਉਹਨਾਂ ਨੇ ਕਾਰਗਰ ਦੱਸਿਆ ਹੈ। ਇਸ ਪਰਕਾਰ ਭਾਸ਼ਿਕ ਉਪਕਰਣਾਂ ਨੂੰ ਲੈ ਕੇ ਕੀਤਾ ਗਿਆ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਜਿੱਥੇ ਇਕ ਪਾਸੇ ਰੂਪਾਂਤਮਿਕ (formal components) ਅੰਗਾਂ ਦੀ ਚਰਚਾ ਕਰਦਾ ਹੈ ਉੱਥੇ ਦੂਜੇ ਪਾਸੇ ਥੀਮਾਂ ਦੀ ਪਰਕਿਰਿਆ ਦੀ ਵੀ ਵਿਆਖਿਆ ਕਰਦਾ ਹੈ।

### 3.1.1.3 ਅਗਰਭੂਮਨ ਪ੍ਰਤਿਮਾਨ (foregrounding model)

ਅਗਰਭੂਮਨ ਨੂੰ ਭਾਸ਼ਾ ਵਿਗਿਆਨੀਆਂ ਨੇ ਭਾਸ਼ਿਕ ਵਿਸ਼ਲੇਸ਼ਣ ਲਈ ਇਕ ਸ਼ੈਲੀਪਰਕ ਲੱਛਣ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਰੂਪਾਂਤਰੀ ਵਿਆਕਰਨ ਨੂੰ ਮੰਨਣ ਵਾਲੇ ਵਿਦਵਨਾਂ ਅਤੇ ਸੰਰਚਨਾਵਾਦੀਆਂ ਨੇ ਸਿਰਜਨਾਤਮਕ ਸਾਹਿਤ ਦੇ ਵਿਸ਼ਲੇਸ਼ਣ ਲਈ ਉਸਨੂੰ ਇਕ ਛੋਟੀ ਸੰਸਥਾ ਦੇ ਰੂਪ ਵਿਚ ਸਵੀਕਾਰ ਕੀਤਾ ਹੈ ਅਤੇ ਅਪਣਾਇਆ ਹੈ। ਇਹ ਪ੍ਰਤਿਮਾਨ ਸਰੂਪ ਦੀ ਦਰਿਸ਼ਟੀ ਤੋਂ ਬਹੁਤ ਸਮਰੱਥਾਪੂਰਨ ਹੈ। ਡਾ. ਸ਼ੀਤਾਂਸ਼ੂ ਨੇ ਇਸ ਕਰਕੇ ਹੀ ਇਸਨੂੰ ਸਾਹਿਤ ਸੰਕਲਪਮੂਲਕ ਪ੍ਰਤਿਮਾਨ ਕਿਹਾ ਹੈ।[8]

ਇਸਦਾ ਸਰੂਪ ਦੋਹਰਾ ਹੈ। ਪਹਿਲੇ ਪੱਧਰ ਤੇ ਇਸਦੇ ਭੇਦਾਂ ਅਤੇ ਉਹਨਾਂ ਦੇ ਉਪਭੇਦਾਂ ਦੀ ਪਛਾਣ ਮਿਲ ਸਕਦੀ ਹੈ। ਜਦੋਂ ਕਿ ਦੂਸਰੇ ਪੱਧਰ ਵਿਚ ਇਹਨਾਂ ਭੇਦਾਂ ਉਪਭੇਦਾਂ ਨੂੰ ਭਿੰਨ ਭਿੰਨ ਪੱਧਰਾਂ ਤੇ ਭਾਸ਼ਿਕ ਲੱਛਣਾਂ ਦੇ ਨਾਲ ਪਰਯੋਗ ਵਿਚ ਲਿਆਂਦਾ ਜਾ ਸਕਦਾ ਹੈ। ਡਾ. ਸ਼ੀਤਾਂਸ਼ੂ ਦੇ ਸ਼ਬਦਾਂ ਵਿਚ, "ਕਿਸੇ ਕਿਰਤ ਜਾਂ ਪਾਠ ਵਿਸ਼ਲੇਸ਼ਣ ਦੇ ਕਰਮ ਵਿਚ ਜਿਨ੍ਹਾਂ ਜਿਨ੍ਹਾਂ ਪੱਧਰਾਂ ਤੇ ਅਗਰਭੂਮਨ ਦੀ ਸਤ੍ਹਾ ਹੋਵੇਗੀ ਉਹਨਾਂ ਪੱਧਰਾਂ ਤੇ ਵਿਸ਼ਲੇਸ਼ਣ ਸੰਭਵ ਹੋ ਸਕੇਗਾ ਅਤੇ ਉਸੇ ਵਿਸ਼ਲੇਸ਼ਣ ਨਾਲ ਹੀ ਕਿਰਤ ਜਾਂ ਪਾਠ ਵਿਸ਼ੇਸ਼ ਦੀ ਸਮਝਦਾਰੀ ਨੂੰ ਚੰਗੀ ਤਰ੍ਹਾਂ ਰੇਖਾਂਕਿਤ ਕੀਤਾ ਜਾ ਸਕੇਗਾ।[9]

ਡਾ. ਸ਼ੀਤਾਂਸ਼ੂ ਨੇ ਅਗਰਭੂਮਨ ਦੀਆਂ ਚਾਰ ਜੁਗਤਾਂ ਮੰਨੀਆਂ ਹਨ :

1. ਵਿਚਲਨ (deviation)
2. ਵਿਪਥਨ (deflection)

3. ਸਮਾਂਤਰਤਾ (parallelism)

4. ਵਿਰਲਤਾ (rareness)

ਵਿਚਲਨ ਵਿਚ ਵਿਆਕਰਨ ਦੇ ਨਿਯਮਾਂ ਨੂੰ ਭੰਗ ਕਰਕੇ ਨਵੇਂ ਪੈਟਰਨ ਸਿਰਜੇ ਹੁੰਦੇ ਹਨ ਜਾਂ ਉਹ ਵਾਕ ਸਿਰਜੇ ਜਾਂਦੇ ਹਨ ਜਿਹੜੇ ਲੋਕ ਪਰਵਾਨਗੀ ਦਾ ਵਿਰੋਧ ਕਰਦੇ ਹਨ। ਸਮਾਂਤਰਤਾ ਦੀ ਜੁਗਤ ਵਿਚ ਕਈ ਵਾਰ ਸਮਾਨਰਥਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਕਈ ਵਾਰ ਦੁਹਰਾਉ ਵਿਪਥਨ ਰਚਨਾਕਾਰ ਦੇ ਸਵੀਕਾਰ ਕੀਤੇ ਨਿਯਮਾਂ ਜਾਂ ਸਿਸਟਮ ਦਾ ਵਿਰੋਧ ਹੈ। ਭਾਵ ਰਚਨਾਕਾਰ ਕਈ ਵਾਰ ਆਪਣੇ ਹੀ ਸਵੀਕਾਰ ਕੀਤੇ ਜਾਂ ਉਹ ਨਿਯਮਾਂ ਜਿਹਨਾਂ ਵਿਚ ਕਈ ਵਾਰ ਉਹ ਕਹਾਣੀ ਜਾਂ ਨਾਵਲ ਦੇ ਗਤੀਸ਼ੀਲ ਮੋਟਿਫ ਸਿਰਜ ਰਿਹਾ ਹੁੰਦਾ ਹੈ। ਅੱਗੇ ਜਾ ਕੇ ਉਹ ਉਹਨਾਂ ਨਿਯਮਾਂ ਨੂੰ ਭੰਗ ਕਰਕੇ ਨਵੇਂ ਨਿਯਮ ਸਿਰਜ ਲੈਂਦਾ ਹੈ। ਉਦੋਂ ਰਚਨਾ ਵਿਚ ਵਿਪਥਨ ਦਾ ਆਗਮਨ ਮੰਨਿਆ ਜਾਂਦਾ ਹੈ। ਇਸਤੋਂ ਇਲਾਵਾ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਸੰਰਚਨਾ ਨਾ ਤਾਂ ਵਿਚਲਿਤ ਹੁੰਦੀ ਹੈ ਨਾ ਹੀ ਵਿਪਥਿਤ ਅਤੇ ਨਾ ਹੀ ਸਮਾਂਤਰਿਤ ਹੁੰਦੀ ਹੈ ਪਰ ਫਿਰ ਵੀ ਅਗਰਭੂਮਨ ਹੁੰਦਾ ਹੈ ਐਸਾ ਪਰਯੋਗ ਵਿਰਲਾ ਹੀ ਹੁੰਦਾ ਹੈ। ਇਸ ਕਰਕੇ ਇਸ ਪਰਕਾਰ ਦੀ ਪੇਸ਼ਬੰਦੀ ਦੀ ਇਕ ਜੁਗਤ ਵਿਰਲਤਾ ਵੀ ਹੈ। ਉਹਨਾਂ ਨੇ ਸਪਸ਼ਟ ਕੀਤਾ ਹੈ ਕਿ ਇਹ ਚਾਰੇ ਜੁਗਤਾਂ ਭਾਸ਼ਾ ਦੀਆਂ ਸਾਰੀਆਂ ਤਹਿਆਂ ਤੇ ਲੱਭੀਆਂ ਜਾ ਸਕਦੀਆਂ ਹਨ।[10]

ਅਗਰਭੂਮਨ ਪ੍ਰਤਿਮਾਨ ਨੂੰ ਸਰੂਪ ਅਤੇ ਪਰਕਿਰਿਆ ਦੀ ਦਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਚੋਣ ਸੰਯੋਜਨ ਪ੍ਰਤਿਮਾਨ ਤੋਂ ਵਧੇਰੇ ਕਾਰਗਰ ਸਿੱਧ ਹੁੰਦਾ ਹੈ। ਇਸ ਪ੍ਰਤਿਮਾਨ ਦੀਆਂ ਕਈ ਵਿਸ਼ੇਸ਼ਤਾਵਾਂ ਚੋਣ ਸੰਯੋਜਨ ਪ੍ਰਤਿਮਾਨ ਨਾਲ ਨਹੀਂ ਮਿਲਦੀਆਂ। ਚੋਣ ਸੰਯੋਜਨ ਪ੍ਰਤਿਮਾਨ ਦੇ ਦੋ ਹੀ ਅੰਗ ਹਨ ਜਿਨ੍ਹਾਂ ਨੂੰ ਵੱਖੋ ਵੱਖ ਪੱਧਰਾਂ ਤੇ ਵੇਖਿਆ ਜਾ ਸਕਦਾ ਹੈ। ਚੋਣ ਸੰਯੋਜਨ ਪ੍ਰਤਿਮਾਨ ਵਿਚ ਵਾਕ ਪੱਧਰ ਤੇ ਵਿਚਾਰ ਸੰਭਵ ਨਹੀਂ ਹੈ ਜਦੋਂ ਕਿ ਅਗਰਭੂਮਨ ਪ੍ਰਤਿਮਾਨ ਇਸ ਦਰਿਸ਼ਟੀ ਤੋਂ ਸਮਰੱਥ ਮੰਨਿਆ ਜਾ ਸਕਦਾ ਹੈ। ਪਰਵਚਨ ਪੱਧਰ ਤੇ ਇਕ ਵਾਕ ਤੋਂ ਦੂਜੇ ਵਾਕ ਤੱਕ ਦੀ ਯਾਤਰਾ ਅਤੇ ਉਸਦੇ ਪਰਭਾਵ ਦੀ ਵਿਆਖਿਆ ਇਸ ਮਾਡਲ ਦੁਆਰਾ ਸੰਭਵ ਨਹੀਂ। ਪਰ ਅਗਰਭੂਮਨ ਪ੍ਰਤਿਮਾਨ ਵਿਚ ਵਾਕ ਤੋਂ ਅੱਗੇ ਵੀ (beyond the sentence) ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਵਿਚ ਪਰਵਚਨ ਪੱਧਰ ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਚੋਣ ਸੰਯੋਜਨ ਵਿਧੀ ਦੀ ਵਰਤੋਂ ਸਾਹਿਤਕਾਰ ਦੀ ਦਰਿਸ਼ਟੀ ਨੂੰ ਟੀਚਾ ਮੰਨ ਕੇ ਕੀਤੀ ਜਾਂਦੀ ਹੈ। ਇਹ ਦੇਖਿਆ ਜਾਂਦਾ ਹੈ ਕਿ ਕਿਸ ਭਾਸ਼ਕ ਇਕਾਈ ਦੀ ਚੋਣ ਤੇ ਸੰਯੋਜਨ ਰਚਨਾਕਾਰ ਕਿਸ ਮੰਤਵ ਲਈ ਕਰ ਰਿਹਾ ਹੈ। ਪਰ ਅਗਰ ਪਰਸਤੁਤ ਪ੍ਰਤਿਮਾਨ ਵਿਚ ਵਿਧੀ ਦੀ ਵਰਤੋਂ ਪਾਠਕ ਦੀ ਦਰਿਸ਼ਟੀ ਤੋਂ ਹੁੰਦੀ ਹੈ ਕਿ ਕਿਹੜੀ ਭਾਸ਼ਕ ਇਕਾਈ ਦੀ ਕੀ ਵਿਸ਼ੇਸ਼ਤਾ ਹੈ ਤੇ ਉਹ ਕਿਸ ਪਰਕਾਰ ਵਰਤੀ ਗਈ ਹੈ।

### 3.1.2 ਵਿਆਕਰਨ ਆਧਾਰਿਤ ਪ੍ਰਤਿਮਾਨ

ਵਿਆਕਰਨ ਨੂੰ ਆਧਾਰ ਬਣਾ ਕੇ ਵੀ ਕਿਸੇ ਰਚਨਾ ਦਾ ਸ਼ੈਲੀ ਵਿਗਿਆਨਕ ਵਿਸ਼ੇਲਸ਼ਣ ਕੀਤਾ ਜਾ ਸਕਦਾ ਹੈ। ਇਸ ਕਰਕੇ ਵਿਆਕਰਨ ਆਧਾਰਿਤ ਸ਼ੈਲੀ ਵਿਸ਼ਲੇਸ਼ਣ ਦੀ ਰੁਚੀ ਵੀ ਪਰਚੱਲਿਤ ਹੈ। ਭਾਸ਼ਾ ਦੀ ਤਹਿ ਥੱਲੇ ਕਾਰਜਸ਼ੀਲ ਨਿਯਮਾਂ ਨੂੰ ਵਿਆਕਰਨ ਕਿਹਾ ਜਾਂਦਾ ਹੈ। ਵਿਆਕਰਨ ਭਾਸ਼ਾ ਬੋਲਣ ਵਾਲਿਆਂ ਨੂੰ ਉਨ੍ਹਾਂ ਦੀ ਆਪਣੀ ਭਾਸ਼ਾ ਦੇ ਨਿਯਮਾਂ ਤੋਂ ਜਾਣੂੰ ਕਰਵਾਉਂਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਵਿਆਕਰਨ ਬੋਲਣ ਵਾਲਿਆਂ ਉੱਤੇ ਭਾਸ਼ਾ ਦੇ ਨਿਯਮ ਠੋਸਦਾ ਹੈ ਜਾਂ ਉਨ੍ਹਾਂ ਨੂੰ ਸਿਖਾਉਂਦਾ ਹੈ ਕਿ ਭਾਸ਼ਾ ਕਿਵੇਂ ਬੋਲਣੀ ਜਾਂ ਵਰਤਣੀ ਹੈ। ਵਿਆਕਰਨ ਤਾਂ ਇਹ ਦੱਸਦਾ ਹੈ ਕਿ ਬੋਲਦਿਆਂ ਤੁਸੀਂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹੋ। ਅਰਥਾਤ ਜਿਨ੍ਹਾਂ ਨਿਯਮਾਂ ਦੇ ਬੋਲਣ ਵਾਲੇ ਅਚੇਤ ਰੂਪ ਵਿਚ ਪਾਲਣਾ ਕਰਦੇ ਹਨ ਵਿਆਕਰਨ ਉਨ੍ਹਾਂ ਦੀ ਵਿਆਖਿਆ ਕਰਦਾ ਹੈ। ਹਰ ਭਾਸ਼ਾ ਦਾ ਵਿਆਕਰਨ ਆਪਣਾ ਆਪਣਾ ਹੁੰਦਾ ਹੈ। ਇਕ ਭਾਸ਼ਾ ਦੀ ਵਿਆਕਰਨ ਨੂੰ ਦੂਸਰੇ ਉੱਤੇ ਥੋਪਿਆ ਨਹੀਂ ਜਾ ਸਕਦਾ। ਵਿਆਕਰਨ ਭਾਸ਼ਾ ਦੇ ਗੁੰਝਲਦਾਰ ਪੱਧਰਾਂ ਨੂੰ ਸਾਡੇ ਸਾਹਮਣੇ ਖੋਲ੍ਹ ਕੇ ਸਪਸ਼ਟ ਕਰ ਦਿੰਦਾ ਹੈ। ਪੱਛਮ ਵਿਚ ਭਾਸ਼ਾ ਦੇ ਵੱਖ ਵੱਖ ਪੱਧਰਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਆਪਣੇ ਦਰਿਸ਼ਟੀਕੋਣ ਤੋਂ ਵੱਖ ਵੱਖ ਵਿਆਕਰਨ ਪ੍ਰਣਾਲੀਆਂ ਹੋਂਦ ਵਿਚ ਆਈਆਂ ਹਨ। ਉਸੇ ਆਧਾਰ ਤੇ ਸ਼ੈਲੀ ਵਿਗਿਆਨਕ ਵਿਆਖਿਆ ਪ੍ਰਣਾਲੀਆਂ ਵੀ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਵਿਚੋਂ ਰੂਪਾਂਤਰੀ ਵਿਆਕਰਨ, ਵਿਵਸਥਾਪਰਕ ਵਿਆਕਰਨ ਤੇ ਪਰਕਾਰਜੀ ਵਿਆਕਰਨ ਪ੍ਰਣਾਲੀਆਂ ਪਰਮੁੱਖ ਹਨ।

## 3.1.2.1 ਰੂਪਾਂਤਰੀ ਸਿਰਜਨਾਤਕਮ ਵਿਆਕਰਨ (Transformational Generative Grammar)

ਇਸ ਵਿਆਕਰਨ ਪੱਧਤੀ ਦਾ ਜਨਮਦਾਤਾ ਨੋਮ ਚੌਮਸਕੀ ਹੈ।ਉਸਨੇ ਰੂਪਾਂਤਰੀ ਸਿਰਜਣਾਤਮਕ ਵਿਆਕਰਨ ਦੁਆਰਾ ਅਜਿਹੇ ਨਿਯਮਾਂ ਦੀ ਸਥਾਪਨਾ ਕੀਤੀ ਜਿਨ੍ਹਾਂ ਨਾਲ ਭਾਸ਼ਾ ਦੀ ਅਸੀਮਤ ਵਾਕ ਸਿਰਜਣਾ ਨੂੰ ਪਰਗਟ ਕੀਤਾ ਜਾ ਸਕਦਾ ਹੈ। ਇਸ ਧਾਰਨ ਨਾਲ ਵਕਤਾ ਦੁਆਰਾ ਵਰਤੇ ਗਏ ਵਾਕਾਂ ਦਾ ਹੀ ਅਨੇਕ ਰੂਪਾਂ ਵਿਚ ਰੂਪਾਂਤਰਣ ਸੰਭਵ ਨਹੀਂ ਹੁੰਦਾ ਪਰ ਸੰਭਾਵਿਤ ਵਿਆਕਰਨ ਸਮਸਤ ਵਾਕਾਂ ਦੇ ਨਿਰਮਾਣ ਦੀ ਦਿਸ਼ਾ ਵਿਚ ਵੀ ਨਵੇਂ ਵਾਕਾਂ ਦੀ ਹੋਂਦ ਸੰਭਵ ਹੁੰਦੀ ਹੈ। ਚੌਮਸਕੀ ਨੇ ਸਿਰਜਣਾ ਦੀ ਧਾਰਨਾ ਨੂੰ ਗਣਿਤ ਨਾਲ ਲਿਆ ਹੈ। ਚੌਮਸਕੀ ਦੀ ਰੂਪਾਂਤਰਣ ਵਿਚ ਰੁਚੀ 1950 ਤੋਂ ਸ਼ੁਰੂ ਹੋ ਗਈ ਸੀ।[11]

ਚੌਮਸਕੀ ਦਾ ਰੂਪਾਂਤਰੀ ਸਿਰਜਣਾਤਮਕ ਵਿਆਕਰਨ ਤ੍ਰੈਮੁਖੀ ਹੈ ਜੋ ਧੁਨੀ, ਅਰਥ ਅਤੇ ਵਾਕ ਦੇ ਧਰਾਤਲ ਤੇ ਕੰਮ ਕਰਦਾ ਹੈ। ਵਾਕ ਦੀ ਬਾਹਰੀ ਸੰਰਚਨਾ ਨੂੰ ਬੀਜ ਵਾਕ ਦੇ ਰੂਪ ਵਿਚ ਗ੍ਰਹਿਣ ਕਰਕੇ ਉਸਦੀ ਆਂਤਰਿਕ ਸੰਰਚਨਾ ਵਿਚ ਨਿਹਿਤ ਧੁਨੀ ਅਤੇ ਅਰਥ ਦੀ ਦਰਿਸ਼ਟੀ ਤੋਂ ਵਾਕ ਦੇ ਨਵੇਂ ਨਵੇਂ ਅਰਥਾਂ ਦਾ ਪਰਗਟਾਵਾ ਹੁੰਦਾ ਹੈ। ਇਸ ਪਰਕਾਰ ਸਿਰਜਨਾਤਮਕ ਵਿਆਕਰਨ ਬਾਹਰੀ ਸੰਰਚਨਾ ਤੇ ਅੰਦਰੂਨੀ ਸੰਰਚਨਾ ਨੂੰ ਨਿਖੇੜਨ ਦਾ ਯਤਨ ਵੀ ਕਰਦਾ ਹੈ। ਇਸ ਦੇ ਆਧਾਰ ਤੇ ਕੀਤਾ ਗਿਆ ਵਿਸ਼ਲੇਸ਼ਣ ਪੂਰਨ ਚਰਚਿਤ ਵਿਸ਼ਲੇਸ਼ਣ ਨਾਲੋਂ ਵਧੇਰੇ ਸੂਖ਼ਮ ਹੈ। ਸਾਹਿਤ ਦਾ ਕਥਨ ਜਾਂ ਵਿਸ਼ਾ ਮੂਲ ਰੂਪ ਵਿਚ ਆਂਤਰਿਕ ਸੰਰਚਨਾ ਵਿਚ ਹੀ ਨਿਹਿਤ ਹੁੰਦਾ ਹੈ ਜੋ ਵੀ ਪ੍ਰਣਾਲੀ ਮੂਲ ਰੂਪ ਵਿਚ ਸਾਹਿਤ ਦੀ ਆਂਤਰਿਕ ਸੰਰਚਨਾ ਦੀ ਵਿਆਖਿਆ ਕਰ ਸਕੇ ਉਸਨੂੰ ਹੀ ਸੂਖ਼ਮ ਤੇ ਮਹੱਤਵਪੂਰਨ ਮੰਨਿਆ ਜਾਣਾ ਚਾਹੀਦਾ ਹੈ।

**ਰੂਪਾਂਤਰ ਦੇ ਪਰਕਾਰ**

ਰੂਪਾਂਤਰ ਦੀਆਂ ਕਿਸਮਾਂ ਦੇ ਆਧਾਰ ਤੇ ਕਿਸੇ ਕਿਰਤ ਦੀ ਭਾਸ਼ਾ ਨੂੰ ਵਿਸ਼ਲੇਸ਼ਿਤ ਕਰਕੇ ਉਸਦੇ ਅੰਤਰਗਤ ਕਥਨ ਅਥਵਾ ਸੁਹਜ ਨੂੰ ਲੱਭਿਆ ਜਾ ਸਕਦਾ ਹੈ। ਰੂਪਾਂਤਰਣ ਦੇ ਨਿਯਮ ਭਾਸ਼ਕ ਸੰਰਚਨਾ ਦੇ ਕੁਝ ਪੱਧਰਾਂ ਤੇ ਪਰਿਵਰਤਿਤ ਹੁੰਦੇ ਹਨ। ਰੂਪਾਂਤਰਣ ਤੋਂ ਪਹਿਲਾਂ ਵਾਲੀ ਤੇ ਰੂਪਾਂਤਰਣ ਤੋਂ ਬਾਅਦ ਵਾਲੀ ਸੰਰਚਨਾ ਵਿਚ ਸੰਬੰਧ ਜ਼ਰੂਰ ਹੁੰਦਾ ਹੈ। ਰੂਪਾਂਤਰਣ ਦੇ ਵੱਖ ਵੱਖ ਪੱਧਰ ਹੁੰਦੇ ਹਨ ਜਿਹਨਾਂ ਦੁਆਰਾ ਭਾਸ਼ਾ ਦੇ ਮਰਮ ਨੂੰ ਗਰਹਿਣ ਕੀਤਾ ਜਾ ਸਕਦਾ ਹੈ। ਰੂਪਾਂਤਰੀ ਵਿਆਕਰਨ ਰਾਹੀਂ ਜਟਿਲ ਵਾਕਾਂ ਨੂੰ ਸਾਧਾਰਨ ਵਾਕਾਂ ਵਿਚ ਸਮਝਣ ਲਈ ਸਹਾਇਤਾ ਪਰਾਪਤ ਹੁੰਦੀ ਹੈ। ਰੂਪਾਂਤਰੀ ਸਿਰਜਨਾਤਮਕ ਵਿਆਕਰਨ ਵਿਚ ਹਰੇਕ ਕਥਨ ਦਾ ਇਕ ਚਿਹਨ ਹੁੰਦਾ ਹੈ ਅਤੇ ਇਹ ਚਿਹਨ ਕਿਸੇ ਰੇਖਾ-ਚਿੱਤਰ ਨਾਲ ਨਿਯੋਜਨ ਨਹੀਂ ਕੀਤੇ ਜਾਂਦੇ। ਨਿਯਮਾਂ ਦੀ ਇਕ ਲੜੀ ਭਾਸ਼ਾ ਸਾਧਨਾ ਦੇ ਪਰਯੋਗਾਂ ਨੂੰ ਦਰਸਾਉਣ ਲਈ ਪਰਸਤੁਤ ਕੀਤੀ ਜਾਂਦੀ ਹੈ ਜਿਸ ਦੇ ਕਿਸੇ ਕਥਨ ਦੇ ਪੈਦਾ ਹੋਣ ਵਿਚ ਗੂੜ੍ਹ ਸੰਬੰਧ ਹੁੰਦੇ ਹਨ। ਹਾਂ ਵਾਕ ਦੇ ਅੰਤਰਗਤ ਹੀ ਵਿਆਕਰਨਕ ਅੰਗਾਂ (ਨਾਂਵ-ਕਿਰਿਆ) ਆਦਿ ਦਾ ਅਧਿਐਨ ਹੋ ਜਾਂਦਾ ਹੈ।

ਰੂਪਾਂਤਰੀ ਵਿਆਕਰਨ ਦਾ ਮੁੱਖ ਟੀਚਾ ਇਸ ਸਮੱਸਿਆ ਦਾ ਹੱਲ ਲੱਭਣਾ ਹੈ ਕਿ ਮਨੁੱਖ ਭਾਸ਼ਾ ਜਿਹੀ ਗੁੰਝਲਦਾਰ ਵਿਉਂਤ ਨੂੰ ਸਿੱਖਣ ਤੇ ਵਰਤਣ ਵਿਚ ਅਜਿਹਾ ਕਮਾਲ ਕਿਵੇਂ ਹਾਸਲ ਕਰਦਾ ਹੈ। ਉਹ ਭਾਸ਼ਾ ਦੇ ਅਜਿਹੇ ਨਵੇਂ ਤੋਂ ਨਵੇਂ ਵਾਕ ਬੋਲ ਤੇ ਸਮਝ ਸਕਦਾ ਹੈ ਜਿਹੜੇ ਅਸਾਂ ਕਦੇ ਬੋਲੇ ਸੁਣੇ ਨਾ ਹੋਣ। ਰੂਪਾਂਤਰੀ ਥਿਊਰੀ ਅਨੁਸਾਰ ਮਨੁੱਖ ਭਾਸ਼ਾ ਦੇ ਕੁਝ ਮੁੱਢਲੇ ਵਾਕ ਸਿਖਦਾ ਹੈ ਅਤੇ ਬਾਕੀ ਅਨੇਕ ਪਰਕਾਰ ਦੇ ਵਾਕ ਇਨ੍ਹਾਂ ਮੁੱਢਲੇ ਵਾਕਾਂ ਵਿਚ ਕਈ ਪਰਕਾਰ ਦੇ ਰੂਪਾਂਤਰ ਕਰਕੇ ਬਣਾਉਂਦਾ ਹੈ। ਨਵੇਂ ਤੋਂ ਨਵੇਂ ਵਾਕ ਬੋਲਣ ਦੀ ਸਮਰਥਾ ਭਾਸ਼ਾ ਦੀ ਕਰਤਰੀ ਸ਼ਕਤੀ ਕਰਕੇ ਹੈ। ਭਾਸ਼ਾ ਦੇ ਵਾਕਾਂ ਨੂੰ ਰੂਪਾਂਤਰ ਰਾਹੀਂ ਅਨੇਕਾਂ ਹੀ ਨਵੇਂ ਰੂਪ ਦਿੱਤੇ ਜਾ ਸਕਦੇ ਹਨ ਤੇ ਫੋਟ ਦੇ ਗੁਣ (recursiveness) ਕਾਰਨ ਕਿਸੇ ਵਾਕ ਨੂੰ ਲੰਮੇ ਤੋਂ ਲੰਮੇਰਾ ਤੇ ਹੋਰ ਲੰਮੇਰਾ ਕੀਤਾ ਜਾ ਸਕਦਾ ਹੈ। ਭਾਸ਼ਾ ਦੇ ਦੋ ਢਾਂਚੇ ਮੰਨੇ ਗਏ ਹਨ : ਉਤਲਾ ਢਾਂਚਾ ਤੇ ਹੇਠਲਾ ਢਾਂਚਾ। ਉਤਲਾ ਢਾਂਚਾ ਉਹ ਹੈ ਜੋ ਅਸੀਂ ਸ਼ਬਦਾਂ ਰਾਹੀਂ ਉਚਾਰਦੇ ਹਾਂ। ਹੇਠਲਾ ਢਾਂਚਾ ਉਹ ਹੈ ਜੋ ਬੋਲਣ ਵਾਲੇ ਦੇ ਦਿਮਾਗ ਵਿਚ ਹੁੰਦਾ ਹੈ ਤੇ ਜੋ ਵਾਕ ਦੇ ਅਰਥਾਂ ਦਾ ਆਧਾਰ ਹੁੰਦਾ ਹੈ। ਜਦੋਂ ਦੋ ਵੱਖ ਵੱਖ ਹੇਠਲੇ ਢਾਂਚਿਆਂ ਦਾ ਉਤਲਾ ਢਾਂਚਾ ਇਕੋ ਹੀ ਹੋ ਜਾਵੇ ਉਦੋਂ ਉਚਾਰਿਆ ਹੋਇਆ ਵਾਕ ਦੋ ਅਰਥੀ ਹੁੰਦਾ ਹੈ। ਮਨੁੱਖ ਦੀ ਭਾਸ਼ਾ ਸੰਬੰਧੀ ਕੌਸ਼ਲਤਾ ਦੇ ਦੋ ਤਲ ਮੰਨੇ ਗਏ ਹਨ : ਭਾਸ਼ਾ ਸੰਬੰਧੀ ਸਮਰਥਾ ਅਰਥਾਤ

ਜਾਣਕਾਰੀ ਅਤੇ ਪਰਗਟਾ ਜਾਂ ਵਰਤੋਂ। ਪਰਗਟਾ ਸਮਰਥਾ ਤੇ ਆਧਾਰਿਤ ਹੁੰਦਾ ਹੈ ਪਰ ਹਰ ਹਾਲਤ ਵਿਚ ਇਹ ਸਮਰਥਾ ਦੀ ਪੂਰੀ ਨਕਲ ਨਹੀਂ ਹੁੰਦਾ। ਇਸ ਵਿਆਕਰਨ ਵਿਚ ਸਮਰਥਾ ਦੇ ਨਿਯਮ ਵਿਚਾਰੇ ਜਾਂਦੇ ਹਨ ਅਤੇ ਪਰਗਟਾ ਨੂੰ ਸਮਰਥਾ ਨਾਲ ਜੋੜਨ ਬਾਰੇ ਵਿਚਾਰ ਕੀਤੀ ਜਾਂਦੀ ਹੈ।

ਚੌਮਸਕੀ ਨੇ ਰੂਪਾਂਤਰੀ ਵਿਆਕਰਨ ਦੇ ਤਿੰਨ ਅੰਗ : ਵਾਕ ਵਿਉਂਤ ਅੰਗ, ਧੁਨੀ ਵਿਉਂਤ ਅੰਗ ਅਤੇ ਅਰਥ ਵਿਉਂਤ ਅੰਗ ਮੰਨੇ ਹਨ। ਵਾਕ ਵਿਉਂਤ ਅੰਗ ਵਿਚ ਅੱਗੋਂ ਆਧਾਰ ਨਿਯਮ, ਪਦਬਧ ਸੰਰਚਨਾ ਅਤੇ ਸ਼ਬਦ ਕੋਸ਼ ਨੂੰ ਸ਼ਾਮਲ ਕੀਤਾ ਜਾਂਦਾ ਹੈ। ਅਰਥ ਵਿਉਂਤ ਅੰਗ ਵਿਚ ਅਰਥਾਂ ਨੂੰ ਬਾਹਰੀ ਸੰਰਚਨਾ ਤੇ ਅੰਦਰੂਨੀ ਸੰਰਚਨਾ ਵਿਚ ਵੰਡਿਆ ਗਿਆ ਹੈ। ਅਮਲ ਦੀ ਦਰਿਸ਼ਟੀ ਤੋਂ ਗਹਿਨ ਸੰਰਚਨਾ ਕਥਾ ਜਾਂ ਕਹਾਣੀ ਦੀ ਪਰਤੀਨਿਧਤਾ ਕਰਦੀ ਹੈ। ਇਹ ਅੰਤਰਮੁਖੀ ਸੰਰਚਨਾ ਹੁੰਦੀ ਹੈ ਸਾਹਿਤ ਦੀ ਭਾਸ਼ਾ ਦਾ ਵਜੂਦ ਉਸ ਦੀ ਆਂਤਰਿਕ ਸੰਰਚਨਾ ਵਿਚ ਹੀ ਨਿਹਿਤ ਹੁੰਦਾ ਹੈ। ਇਸ ਵਿਚ ਅਰਥ ਪੱਧਰ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਕੋਈ ਵੀ ਵਾਕ ਜਿਨ੍ਹਾਂ ਮੂਲ ਵਾਕਾਂ ਤੋਂ ਬਣਦਾ ਹੈ ਉਹ ਉਸ ਦੀਆਂ ਆਂਤਰਿਕ ਸੰਰਚਨਾਵਾਂ ਹੁੰਦੀਆਂ ਹਨ।

### 3.1.2.2 ਪਰਕਾਰਜਮੂਲਕ ਵਿਆਕਰਨ

ਪਰਾਗ ਤੇ ਕਾਪਨਹੈਗਨ ਸਕੂਲ ਦੇ ਭਾਸ਼ਾ ਵਿਗਿਆਨੀਆਂ, ਜਿਨ੍ਹਾਂ ਵਿਚ ਰੋਮਨ ਜੈਕਬਸਨ ਅਤੇ ਹੈਲੀਡੇ ਦੇ ਨਾਮ ਪਰਸਿੱਧ ਹਨ, ਨੇ ਭਾਸ਼ਾ ਵਿਸ਼ਲੇਸ਼ਣ ਦੇ ਪ੍ਰਤਿਮਾਨ ਦੇ ਰੂਪ ਵਿਚ ਭਾਸ਼ਾ ਦੇ ਪਰਕਾਰਜਾਂ ਉੱਤੇ ਵਿਸ਼ੇਸ਼ ਬਲ ਦਿੱਤਾ ਹੈ। ਇਸ ਦੀ ਪਰਤੀਨਿਧਤਾ ਰੋਮਨ ਜਾਕੋਬਸਨ ਨੇ ਕੀਤੀ ਜਿਸ ਨੇ ਭਾਸ਼ਾ ਦੇ ਹੇਠ ਲਿਖੇ ਛੇ ਪਰਕਾਰਜ ਬਿਆਨ ਕੀਤੇ ਹਨ :

1. Expressive : ਭਾਵਾਤਮਕ (ਅਭਿਵਿਅਕਤੀ ਮੂਲਕ)
2. Conative : ਕਿਰਿਆਤਮਕ (ਨਿਦੇਸ਼ਮੂਲਕ)
3. Refertative : ਸੰਕੇਤਮੂਲਕ (ਵਿਸ਼ੈ ਮੂਲਕ)
4. Phatice : ਸੰਪਰਕ ਮੂਲਕ (ਸੰਬੰਧਾਤਮਕ)
5. Metalinguistic : ਨਿਰੂਪਕ (ਤਰਕਮੂਲਕ)
6. Poetics : ਕਾਵਿਮਈ

ਭਾਵਾਤਮਕ ਪਰਕਾਰਜ, ਭਾਸ਼ਾ ਦੇ ਉਸ ਵਿਹਾਰ ਨਾਲ ਸੰਬੰਧਤ ਹੈ ਜੋ ਵਿਸ਼ੈ-ਵਸਤੂ ਬਾਰੇ ਵਕਤਾ ਦੇ ਦਰਿਸ਼ਟੀਕੋਣ ਜਾਂ ਭਾਵ ਨੂੰ ਵਿਅਕਤ ਕਰਦਾ ਹੈ। ਵਿਸਮੈ ਬੋਧਕ ਸ਼ਬਦ (ਓਹ, ਆਹ, ਆਦਿ) ਜਾਂ ਭਾਸ਼ਿਕ ਅਭਿਵਿਅਕਤੀ (ਕਿਤਨਾ ਖ਼ੂਬਸੂਰਤ ਨਜ਼ਾਰਾ ਹੈ) ਆਦਿ ਆ ਜਾਂਦੇ ਹਨ।

**ਕਿਰਿਆਤਮਕ ਪਰਕਾਰਜ** ਦਾ ਸੰਬੰਧ ਸ੍ਰੋਤੇ ਨਾਲ ਹੁੰਦਾ ਹੈ ਅਤੇ ਵਿਆਕਰਨਕ ਸੰਰਚਨਾ ਦੀ ਦਰਿਸ਼ਟੀ ਤੋਂ ਸੰਬੋਧਨ ਸੂਚਨ, ਪ੍ਰਸ਼ਨਵਾਚੀ, ਆਗਿਆਵਾਚੀ, ਅਭਿਵਿਅਕਤੀਆਂ ਇਸ ਦੇ ਅੰਤਰਗਤ ਆ ਜਾਂਦੀਆਂ ਹਨ।

**ਸੰਕੇਤਮੂਲਕ** ਪ੍ਰਸ਼ਨਵਾਚਕ ਪਰਕਾਰਜ ਵਿਸ਼ੈ ਵਸਤੂ ਦੀ ਸੂਚਨਾ ਦਿੰਦਾ ਹੈ। ਇਸ ਦੇ ਸੰਦਰਭ ਤੋਂ ਪਰਾਪਤ ਸੂਚਨਾਵਾਂ ਬਾਹਰਲੇ ਗਿਆਨ ਦੇ ਸੰਦਰਭ ਵਿਚ ਸੱਚ ਜਾਂ ਝੂਠ ਹੋ ਸਕਦੀਆਂ ਹਨ।

**ਕਾਵਿਮਈ ਪਰਕਾਰਜ** ਦਾ ਸੰਬੰਧ ਖੁਦ ਸੰਦੇਸ਼ ਵੱਲ ਪ੍ਰਵਿਰਤ ਹੋਣ ਕਾਰਨ ਅਭਿਵਿਅਕਤੀ ਦੀਆਂ ਸ਼ੈਲੀਗਤ ਵਿਸ਼ੇਸ਼ਤਾਵਾਂ ਨਾਲ ਜੁੜਿਆ ਹੁੰਦਾ ਹੈ। ਸਾਹਿਤ ਰਚਨਾ ਦੀ ਦਰਿਸ਼ਟੀ ਤੋਂ ਛੰਦ, ਤੁਕ ਅਤੇ ਲੈਅ ਜਾਂ ਲਕਸ਼ਨਾ ਤੇ ਵਿਅੰਜਨਾਮਈ ਪਰਯੋਗ ਇਸਦੇ ਉਦਾਹਰਨ ਹਨ।

**ਸੰਪਰਕਮੂਲਕ ਪਰਕਾਰਜ** ਵਕਤਾ ਤੇ ਸ੍ਰੋਤੇ ਵਿਚ ਭੌਤਿਕ ਜਾਂ ਮਾਨਸਿਕ ਸੰਬੰਧਾਂ ਦਾ ਇਕ ਸਿਲਸਿਲਾ ਹੁੰਦਾ ਹੈ ਜਿਸਦੇ ਸਹਾਰੇ ਉਹ ਸੰਚਾਰ ਕਾਰਜ ਵਿਚ ਲੀਨ ਰਹਿੰਦੇ ਹਨ। ਟੈਲੀਫੋਨ ਤੇ ਵਰਤੀ ਜਾਣ ਵਾਲੀ ਸ਼ਬਦਾਵਲੀ ਜਾਂ ਕਹਾਣੀ ਸੁਣਨ ਵੇਲੇ ਵਰਤੇ ਜਾਂਦੇ ਸੰਕੇਤ ਇਸ ਪਰਕਾਰਜ ਨਾਲ ਜੁੜੇ ਹਨ। ਨਿਰੂਪਕ ਪਰਕਾਰਜ, ਭਾਸ਼ਾ ਪ੍ਰਤਿ ਉਸ ਭਾਗ ਦਾ ਪਰਕਾਰਜ ਹੈ ਜਿਸ ਨੂੰ ਵਿਗਿਆਨਕ ਜਾਂ ਤਰਕ ਸ਼ਾਸਤਰੀ ਕਿਸੇ ਵਿਸ਼ੇ ਵਸਤੂ ਦੀ ਵਿਵੇਚਨਾ ਦੇ ਸਮੇਂ ਸਾਧਨ ਦੇ ਰੂਪ ਵਿਚ ਅਪਣਾਉਂਦੇ ਹਨ। ਇਸ

ਪਰਕਾਰਜ ਦੀ ਵਰਤੋਂ ਅਸੀਂ ਸਾਧਾਰਨ ਭਾਸ਼ਾ ਵਿਚ ਵੀ ਕਰਦੇ ਹਾਂ। ਜਦੋਂ ਅਸੀਂ ਇਹ ਪੁੱਛਦੇ ਹਾਂ ਕਿ ਇਸ ਗੱਲ ਦਾ ਕੀ ਅਰਥ ਹੈ ? ਜਾਂ ਜੋ ਮੈਂ ਕਹਿਣਾ ਚਾਹੁੰਦਾ ਹਾਂ ਤੁਸੀਂ ਸਮਝ ਗਏ ਹੋ ?

ਸਾਹਿਤ ਵਿਚ ਸੰਚਾਰ ਵਿਵਸਥਾ ਬੜੇ ਸਿਰਜਨਾਤਮਕ ਰੂਪ ਵਿਚ ਕਾਰਜ ਕਰਦੀ ਹੈ। ਇਸਦਾ ਨਿਸ਼ਚਿਤ ਸੰਦਰਭ ਹੁੰਦਾ ਹੈ, ਜੋ ਰੋਜ਼ਾਨਾ ਜੀਵਨ ਵਿਚ ਵਰਤਦੇ ਸੰਚਾਰ ਤੋਂ ਭਿੰਨ ਅਤੇ ਵਿਸ਼ੇਸ਼ ਹੁੰਦਾ ਹੈ। ਮਾਰਤੀਨੇ ਨੇ ਭਾਸ਼ਾ ਦੇ ਪੰਜ ਪਰਕਾਰਜ ਹੀ ਸਵੀਕਾਰੇ ਹਨ ਅਤੇ ਸੰਚਾਰ ਨੂੰ ਭਾਸ਼ਾ ਦਾ ਮੁਖ ਪਰਕਾਰਜ ਮੰਨਿਆ ਹੈ। ਉਸ ਅਨੁਸਾਰ ਭਾਸ਼ਾ ਵਿਚ ਸੰਚਾਰ, ਵਿਚਾਰ ਨੂੰ ਪਰਗਟ ਕਰਨਾ, ਪਰਗਟਾਓ, ਪਰਭਾਵ ਪਾਉਣਾ ਅਤੇ ਸੁਹਜਾਤਮਕ ਦੇ ਪਰਕਾਰਜ ਹੋਣੇ ਜ਼ਰੂਰੀ ਹਨ।

ਸੰਸਾਰ ਪਰਸਿੱਧ ਭਾਸ਼ਾ ਵਿਗਿਆਨੀ ਐਮ. ਏ. ਕੇ. ਹਾਲੀਡੇ ਵੀ ਪਰਕਾਰਜੀ ਭਾਸ਼ਾ ਵਿਗਿਆਨੀਆਂ ਦੀ ਮੁਹਰਲੀ ਕਤਾਰ ਵਿਚ ਆਉਂਦਾ ਹੈ। ਉਨ੍ਹਾਂ ਅਨੁਸਾਰ ਭਾਸ਼ਾ ਦੇ ਰਚਨਾ ਤੱਤ ਆਪਣੇ ਵੇਲੇ ਦੇ ਸਮਾਜ ਅਤੇ ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜੇ ਹੁੰਦੇ ਹਨ। ਇਸ ਲਈ ਜਦੋਂ ਉਸ ਨੇ ਭਾਸ਼ਾ ਦੀ ਸੰਰਚਨਾ ਦਾ ਡੂੰਘੀ ਤਰ੍ਹਾਂ ਨਾਲ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਤਾਂ ਉਸਦਾ ਸਾਰਾ ਜ਼ੋਰ ਭਾਸ਼ਾ ਦੇ ਪਰਕਾਰਜੀ ਪੱਖਾਂ ਨੂੰ ਉਘਾੜਨ ਉੱਤੇ ਰਿਹਾ ਹੈ। ਹਾਲੀਡੇ ਨੇ ਇਸ ਸੰਬੰਧ ਵਿਚ ਦੋ ਮਹੱਤਵਪੂਰਨ ਨਿਬੰਧ ਲਿਖੇ ਹਨ ਉਸਦੇ ਇਕ ਨਿਬੰਧ ਦਾ ਨਾਂ ਹੈ Categories of the Theory of Grammar, 1961 ਅਤੇ ਦੂਜਾ Grmmatical Categories in Modern Chinese, 1956. ਇਹਨਾਂ ਦੋਹਾਂ ਨਿਬੰਧਾਂ ਰਾਹੀਂ ਉਸਨੇ ਭਾਸ਼ਾ ਪਰਤੀ ਪਹੁੰਚ ਨੂੰ ਇਕ ਨਵਾਂ ਮੋੜ ਦਿੱਤਾ। ਉਸਨੇ ਆਪਣੀਆਂ ਬੁਨਿਆਦੀ ਧਾਰਨਾਵਾਂ ਨੂੰ ਸਪਸ਼ਟ ਕਰਨ ਲਈ ਅੱਗੋਂ ਵੀ ਇਸਦੀ ਵਿਆਖਿਆ ਕੀਤੀ ਅਤੇ ਭਾਸ਼ਾ ਦੇ ਨਿਸ਼ਚਿਤ ਪਰਕਾਰਜਾਂ ਦਾ ਬਿਆਨ ਕੀਤਾ। ਉਸਦਾ ਕਥਨ ਹੈ ਕਿ ਭਾਸ਼ਾ ਹਮੇਸ਼ਾ ਸਮਾਜਕ, ਸਭਿਆਚਾਰਕ ਸੰਰਚਨਾ ਵਿਚ ਕਾਰਜਸ਼ੀਲ ਹੁੰਦੀ ਹੈ। ਇਹ ਭਿੰਨ ਭਿੰਨ ਸਮਾਜਾਂ ਦੇ ਮੈਂਬਰਾਂ ਵਿਚਕਾਰ ਸੰਬੰਧਾਂ ਨੂੰ ਸਥਾਪਤ ਕਰਦੀ ਹੈ। ਉਹਨਾਂ ਸੰਬੰਧਾਂ ਨੂੰ ਕਾਇਮ ਰੱਖਦੀ ਹੈ ਅਤੇ ਸਮੇਂ ਸਮੇਂ ਸਿਰ ਉਹਨਾਂ ਸੰਬੰਧਾਂ ਨੂੰ ਸਪਸ਼ਟ ਵੀ ਕਰਦੀ ਹੈ। ਇਸਨੂੰ ਹਾਲੀਡੇ ਨੇ ਭਾਸ਼ਾ ਦਾ ਅੰਤਰ ਵਿਅਕਤਿਵ (interpersonal) ਪਰਕਾਰਜ ਕਿਹਾ ਹੈ। ਭਾਸ਼ਾ ਦਾ ਦੂਜਾ ਪਰਮੁੱਖ ਪਰਕਾਰਜ ਸਮਾਜ ਦੇ ਭਿੰਨ ਭਿੰਨ ਮੈਂਬਰਾਂ ਵਿਚਕਾਰ ਸੂਚਨਾ ਪ੍ਰਸਾਰਣ ਕਰਨਾ ਹੈ ਜਿਸ ਵਿਚ ਵਿਅਕਤੀਆਂ, ਵਸਤਾਂ, ਪਰਕਿਰਿਆਵਾਂ ਗੁਣਾਂ ਸਥਿੱਤੀਆਂ, ਦਿਸ਼ਾਵਾਂ ਅਤੇ ਸੰਬੰਧਾਂ ਨੂੰ ਪਰਗਟ ਕੀਤਾ ਜਾਂਦਾ ਹੈ। ਭਾਸ਼ਾ ਦਾ ਇਹ ਪਰਕਾਰਜ ਵਿਚਾਰਾਤਮਕ ਬੁਨਿਆਦੀ ਧਾਰਨਾਵਾਂ ਨੂੰ ਸਪਸ਼ਟ ਕਰਨ ਲਈ ਅੱਗੋਂ ਵੀ ਇਸਦੀ ਵਿਆਖਿਆ ਕੀਤੀ ਅਤੇ ਭਾਸ਼ਾ ਦੇ ਨਿਸ਼ਚਿਤ ਪਰਕਾਰਜਾਂ ਦਾ ਬਿਆਨ ਕੀਤਾ। ਉਸਦਾ ਕਥਨ ਹੈ ਕਿ ਭਾਸ਼ਾ ਹਮੇਸ਼ਾ ਸਮਾਜਕ, ਸਭਿਆਚਾਰਕ ਸੰਰਚਨਾ ਵਿਚ ਕਾਰਜਸ਼ੀਲ ਹੁੰਦੀ ਹੈ। ਇਹ ਭਿੰਨ ਭਿੰਨ ਸਮਾਜਾਂ ਦੇ ਮੈਂਬਰਾਂ ਵਿਚਕਾਰ ਸੰਬੰਧਾਂ ਨੂੰ ਸਥਾਪਤ ਕਰਦੀ ਹੈ। ਉਹਨਾਂ ਸੰਬੰਧਾਂ ਨੂੰ ਕਾਇਮ ਰੱਖਦੀ ਹੈ ਅਤੇ ਸਮੇਂ ਸਮੇਂ ਸਿਰ ਉਹਨਾਂ ਸੰਬੰਧਾਂ ਨੂੰ ਸਪਸ਼ਟ ਵੀ ਕਰਦੀ ਹੈ। ਇਸਨੂੰ ਹਾਲੀਡੇ ਨੇ ਭਾਸ਼ਾ ਦਾ ਅੰਤਰ ਵਿਅਕਤਿਵ (interpersonal) ਪਰਕਾਰਜ ਕਿਹਾ ਹੈ। ਭਾਸ਼ਾ ਦਾ ਦੂਜਾ ਪਰਮੁੱਖ ਪਰਕਾਰਜ ਸਮਾਜ ਦੇ ਭਿੰਨ ਭਿੰਨ ਮੈਂਬਰਾਂ ਵਿਚਕਾਰ ਸੂਚਨਾ ਪ੍ਰਸਾਰਣ ਕਰਨਾ ਹੈ ਜਿਸ ਵਿਚ ਵਿਅਕਤੀਆਂ, ਵਸਤਾਂ, ਪਰਕਿਰਿਆਵਾਂ ਗੁਣਾਂ ਸਥਿੱਤੀਆਂ, ਦਿਸ਼ਾਵਾਂ ਅਤੇ ਸੰਬੰਧਾਂ ਨੂੰ ਪਰਗਟ ਕੀਤਾ ਜਾਂਦਾ ਹੈ। ਭਾਸ਼ਾ ਦਾ ਇਹ ਪਰਕਾਰਜ ਵਿਚਾਰਾਤਮਕ (ideeational) ਅਖਵਾਉਂਦਾ ਹੈ। ਭਾਸ਼ਾ ਦਾ ਤੀਜਾ ਪਰਕਾਰਜ ਹਰ ਸਥਿੱਤੀ ਦੇ ਮੁਤਾਬਕ ਪਰਵਚਨ ਨੂੰ ਸੰਗਠਿਤ ਕਰਨਾ ਅਤੇ ਉਸਨੂੰ ਬੁਣਤਰ ਪਰਦਾਨ ਕਰਦਾ ਹੈ। ਇਹ ਹਾਲੀਡੇ ਲਈ ਭਾਸ਼ਾ ਦਾ ਪਾਠਮੂਲਕ (tectual) ਪਰਕਾਰਜ ਹੈ। ਇਹਨਾਂ ਤਿੰਨਾਂ ਦੇ ਅੱਗੋਂ ਉਪ-ਪਰਕਾਰਜ ਬਣਦੇ ਹਨ ਜਿਹਨਾਂ ਨੂੰ ਅਸੀਂ ਨਿਮਨ ਚਿਤਰ ਰਾਹੀਂ ਸਮਝ ਸਕਦੇ ਹਾਂ। ਜਿਵੇਂ-

ਕਿਰਿਆਤਮਕ (interational)

ਅੰਤਰਵਿਅਕਤਿਕ (interpersonal)

ਵਿਹਾਰ ਸੰਬੰਧੀ (attitudinal)

ਅਨੁਭਵ ਪਰਕ (experientials)

ਭਾਸ਼ਾ ਦੇ ਪਰਕਾਰਜ (function of the language)

ਵਿਚਾਰਾਤਮਕ (identional)

ਨਿਆਇ ਮੂਲਕ (logical)
ਥੀਮ ਮੂਲਕ (thematic)

ਪਾਠ ਮੂਲਕ (textual)

ਸੂਚਨਾਤਮਕ/ਸੂਚਨਾ ਸੰਬੰਧੀ
(informational)

ਇਨ੍ਹਾਂ ਤਿੰਨਾਂ ਪਰਕਾਜਾਂ ਦੇ ਆਧਾਰ ਤੇ ਅਸੀਂ ਭਾਸ਼ਾ ਨੂੰ ਹੇਠ ਲਿਖੇ ਰੂਪਾਂ ਵਿਚ ਗਰਹਿਣ ਕਰ ਸਕਦੇ ਹਾਂ ਕਿ :

1. ਭਾਸ਼ਾ ਦਾ ਪਹਿਲਾ ਪਰਕਾਰਜ ਅੰਤਰ ਵਿਅਕਤਿਕ (interpersonal) ਮੰਨਿਆ ਜਾਂਦਾ ਹੈ ਜਿਸ ਤੋਂ ਭਾਵ ਹੈ ਕਿ ਭਾਸ਼ਾ ਲਗਾਤਾਰ ਸਮਾਜ ਦੇ ਵੱਖੋ ਵੱਖ ਮੈਂਬਰਾਂ ਦੇ ਪਰਸਪਰ ਸੰਬੰਧਾਂ ਨੂੰ ਸਥਾਪਤ ਕਰਨ, ਉਹਨਾਂ ਨੂੰ ਪੱਕਿਆਂ ਕਰਨ ਅਤੇ ਸਮੇਂ ਸਮੇਂ ਸਿਰ ਉਹਨਾਂ ਨੂੰ ਸਪਸ਼ਟ ਕਰਨ ਦਾ ਕੰਮ ਕਰਦੀ ਹੈ। ਵਿਅਕਤੀਆਂ ਦੇ ਆਪਸੀ ਸਮਾਜਕ ਸੰਬੰਧਾਂ ਨੂੰ ਲਗਾਤਾਰ ਚਲਾਈ ਰੱਖਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਵਿਅਕਤੀਆਂ ਦੇ ਆਪਸੀ ਸਮਾਜਕ ਸੰਬੰਧਾਂ ਨੂੰ ਲਗਾਤਾਰ ਚਲਾਈ ਰੱਖਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਇਸ ਦੇ ਅੱਗੋਂ ਉਪ ਪਰਕਾਰਜ ਬਣਦੇ ਹਨ ਜਿਨ੍ਹਾਂ ਨੂੰ ਪਰਮੁੱਖ ਰੂਪ ਵਿਚ ਦੋ ਸ਼੍ਰੇਣੀਆਂ – ਵਾਚਕ ਪਰਕਾਰਜ (speech function) ਅਤੇ ਵਕਤਾ ਤੇ ਸ੍ਰੋਤਾ ਦੀ ਮਨੋਸਥਿੱਤੀ ਹਨ।

2. ਭਾਸ਼ਾ ਦਾ ਦੂਜਾ ਪਰਕਾਰਜ ਵਿਚਾਰਾਤਮਕ (ideational) ਮੰਨਿਆ ਗਿਆ ਹੈ। ਇਸ ਪਰਕਾਰਜ ਨੂੰ ਅੱਗੋਂ ਦੋ ਉਪ-ਪਰਕਾਰਜਾਂ ਵਿਚ ਵੰਡਿਆ ਜਾ ਸਕਦਾ ਹੈ। ਜਿਹਨਾਂ ਨੂੰ ਅਨੁਭਵਪਰਕ ਅਤੇ ਤਾਰਕਿਕ (experiential and logical) ਆਖਿਆ ਜਾਂਦਾ ਹੈ। ਆਪਣੇ ਅਨੁਭਵਪਰਕ ਉਪ ਪਰਕਾਰਜ ਰਾਹੀਂ ਕੋਈ ਵਿਅਕਤੀ ਆਪਣੇ ਅਨੁਭਵ ਨੂੰ ਕੁਝ ਸੰਬੰਧਾਂ ਦੇ ਪਰਸੰਗ ਵਿਚ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਜਿਵੇਂ-

1. ਲੜੀਬੱਧਤਾ (sequentiality)
2. ਅਨੁਵਰਤਤਾ (consequentliality)
3. ਹਾਈਪੋਟੈਕਸਿਜ਼ (hypotaxis)
4. ਸੰਯੋਜਕ ਹੀਣਤਾ (parataxis) ਆਦਿ।

3. ਪਾਠਮੂਲਕ (textual) ਤੋਂ ਸਾਡਾ ਭਾਵ ਅਜਿਹੇ ਪਰਕਾਰਜ ਤੋਂ ਹੈ ਜਿਸ ਨਾਲ ਭਾਸ਼ਾ ਪਾਠਾਂ ਦੀ ਸਿਰਜਣਾ ਕਰਦੀ ਹੈ। ਇਹ ਪਾਠਮੂਲਕ ਪਰਕਾਰਜ ਵਿਚੋਂ ਪੈਦਾ ਹੁੰਦੀ ਹੈ। ਥੀਮ-ਮੂਲਕ ਪਰਕਾਰਜ ਕਿਸੇ ਉਚਾਰ ਕਾਰਜ ਲਈ ਵਿਧਾ ਬਿੰਦੂ ਦਾ ਪਰਕਾਰਜ ਕਰਦਾ ਹੈ। ਇਸੇ ਵਿਚ ਹੀ ਵਕਤਾ ਅਤੇ ਸਰੋਤੇ ਦੇ ਇਕ ਦੂਜੇ ਪਰਤੀ ਝੁਕਾਵਾਂ ਦੀ ਗੱਲ ਵੀ ਆਉਂਦੀ ਹੈ। ਭਾਸ਼ਾ ਦੇ ਇਸ ਪਰਕਾਰਜ ਨੂੰ ਝੁਕਾਅ ਮੂਲਕ ਪਰਕਾਰਜ ਵੀ ਆਖ ਸਕਦੇ ਹਾਂ। ਇਸ ਦੇ ਅੱਗੋਂ ਦੋ ਉਪ-ਪਰਕਾਰਜ ਥੀਮ ਮੂਲਕ ਅਤੇ ਸੂਚਨਾ ਸੰਬੰਧੀ ਹਨ।

ਜਿਸ ਤਰ੍ਹਾਂ ਵਾਕ ਵਿਆਕਰਨ ਦੀ ਵੱਡੀ ਤੋਂ ਵੱਡੀ ਇਕਾਈ ਹੈ ਉਸ ਤਰ੍ਹਾਂ 'ਪਾਠ' ਨੂੰ ਭਾਸ਼ਾ ਦੀ ਪਰਕਾਰਜੀ ਇਕਾਈ ਮੰਨਿਆ ਜਾਂਦਾ ਹੈ। ਪਾਠ ਕੇਵਲ ਵਾਕਾਂ ਦੀ ਜੁੜਵੀ ਲੜੀ ਹੀ ਨਹੀਂ ਹੁੰਦਾ ਸਗੋਂ ਇਕ ਸੰਦੇਸ਼ ਹੁੰਦਾ ਹੈ ਜੋ ਆਪਣੀ ਆਂਤਰਿਕ ਸੰਰਚਨਾ ਅਤੇ ਸੰਦਰਭ ਨਾਲ ਜੁੜ ਕੇ ਕਿਸੇ ਪ੍ਰਯੋਜਨ ਨੂੰ ਉਘਾੜਦਾ ਹੈ। 'ਪਾਠ' ਨੂੰ ਅਸੀਂ ਇਕ ਅਰਥ ਇਕਾਈ ਦੇ ਰੂਪ ਵਿਚ ਗਰਹਿਣ ਕਰ ਸਕਦੇ ਹਾਂ। ਇਸ ਕਰਾਨ ਇਸ ਦਾ ਰਿਸ਼ਤਾ ਵਾਕੰਸ਼ ਜਾਂ ਵਾਕ ਨਾਲ ਅਕਾਰ ਦੇ ਆਧਾਰ ਤੇ ਨਹੀਂ ਜੁੜਦਾ ਸਗੋਂ ਪਰਤੱਖੀਕਰਣ (realization) ਦੇ ਆਧਾਰ ਤੇ ਜੁੜਦਾ ਹੈ। ਪਾਠ ਵਿਚ ਇਕ ਪਰਤੀਕ ਪਰਬੰਧ ਨੂੰ ਦੂਜੇ ਵਿਚ ਉਤਾਰਨ ਦੀ ਯੋਗਤਾ ਹੁੰਦੀ ਹੈ। ਸ਼ੈਲੀ ਵਿਗਿਆਨ 'ਪਾਠ' ਨੂੰ ਕਾਵਿ ਵਸਤੂ ਮੰਨ ਕੇ ਉਸਦਾ ਨਵ-ਨਿਰਮਾਣ ਕਰਦਾ ਹੈ। ਸ਼ੈਲੀ ਵਿਗਿਆਨ ਵਿਸ਼ਲੇਸ਼ਣ ਦੇ ਉਪਲਬਧ ਸੰਘਟਕਾਂ ਦੇ ਸਜੋੜ ਨਾਲ ਇਕ ਪੱਧਰ ਦੀਆਂ ਇਕਾਈਆਂ ਦਾ ਦੂਸਰੇ ਪੱਧਰ ਦੀਆਂ ਇਕਾਈਆਂ ਵਿਚ ਰੂਪਾਂਤਰਣ ਕਰਦਾ ਹੈ। ਐਮ. ਏ. ਕੇ. ਹਾਲੀਡੇ ਨੇ ਵਿਆਕਰਨ ਵਿਚ ਕੁਝ ਪੱਧਰਾਂ ਬਾਰੇ ਜਾਣਕਾਰੀ ਦਿੱਤੀ ਹੈ ਜਿਵੇਂ ਸੂਖਮਤਾ ਦਾ ਪੱਧਰ, ਸਪਸ਼ਟੀਕਰਨ ਦਾ ਪੱਧਰ, ਡੂੰਘਾਈ ਦਾ ਪੱਧਰ, ਸੂਚਨਾ, ਸੰਰਚਨਾ ਆਦਿ।

### ਸੂਖਮਤਾ ਦਾ ਪੱਧਰ

ਹਾਲੀਡੇ ਦੇ ਵਿਆਕਰਨਕ ਨਿਯਮ ਵਿਚ ਭਾਸ਼ਾ ਪਰਯੋਗ ਦੀ ਸੂਖਮਤਾ ਦਾ ਵਿਸ਼ਲੇਸ਼ਣ ਕਰਨ ਲਈ ਸੂਖਮਤਾ ਦੇ ਪੱਧਰ ਦੀ ਵੀ ਸੰਕਲਪਨਾ ਕੀਤੀ ਗਈ ਹੈ। ਸੂਖਮਤਾ ਭਾਸ਼ਕ ਵਿਸ਼ਲੇਸ਼ਣ ਵਿਚ ਵਿਸ਼ਲੇਸ਼ਣਾਂ ਦਾ ਵਰਗੀਕਰਨ ਹੀ ਹੈ। ਸ਼ੁਰੂ ਵਿਚ ਇਹ ਵਰਗੀਕਰਨ ਅਲਪ ਸੂਖਮ ਜਾਂ ਸਥੂਲ ਹੁੰਦਾ ਹੈ ਜੋ ਸੂਖਮ ਤੋਂ ਸੂਖਮਤਾ ਵੱਲ ਵਧਦਾ ਚਲਾ ਜਾਂਦਾ ਹੈ। ਸਥੂਲ ਪਰਯੋਗ ਜਾਂ ਲਘੂ ਸੂਖਮਤਾ ਨੂੰ ਪਰਤੀਮਿਕ ਸੂਖਮਤਾ ਅਤੇ ਵਿਸ਼ਲੇਸ਼ਣ ਤੋਂ ਬਾਅਦ ਤੋਂ ਹੋਈ ਸੂਖਮਤਾ ਨੂੰ ਦੂਜੈਲੀ ਸੂਖਮਤਾ ਕਿਹਾ ਜਾਂਦਾ ਹੈ। ਅਕਸਰ ਪਹਿਲੀ ਸੂਖਮਤਾ ਵਿਚ ਸਮਾਨ ਦਿਸਣ ਵਾਲੇ ਤੱਤ ਦੂਜੀ ਸੂਖਮਤਾ ਵਿਚ ਅਸਮਾਨ ਹੋ ਜਾਂਦੇ ਹਨ। ਇਹ ਵਰਗੀਕਰਨ ਜਿੰਨੀ ਸੂਖਮਤਾ ਨਾਲ ਕੀਤਾ ਜਾਵੇਗਾ ਓਨਾ ਹੀ ਵਿਸ਼ਲੇਸ਼ਣ ਡੂੰਘੇਰਾ ਹੋਵੇਗਾ। ਭਾਸ਼ਾ ਵਿਚ ਸੂਖਮਤਾ ਦੀ ਸੀਮਾ ਨਿਸਚਿਤ ਨਹੀਂ ਹੈ। ਭਾਸ਼ਾ ਪਰਯੋਗ ਵਿਚ ਇਹ ਬੋਲਮ ਵਾਲੇ ਤੇ ਨਿਰਭਰ ਕਰਦੀ ਹੈ ਅਤੇ ਭਾਸ਼ਾ ਵਿਸ਼ਲੇਸ਼ਣ ਵਿਚ ਇਹ ਵਿਸ਼ਲੇਸ਼ਕ ਉੱਤੇ ਨਿਰਭਰ ਕਰਦੀ ਹੈ।

ਭਾਸ਼ਾ ਦੇ ਇਕ ਜਟਿਲ ਵਾਕ ਨੂੰ ਸੂਖਮਤਾ ਦੇ ਪੱਧਰ ਦੇ ਸਹਾਰੇ ਹੇਠ ਲਿਖੇ ਰੂਪ ਵਿਚ ਵਿਸ਼ਲੇਸ਼ਿਤ ਕੀਤਾ ਜਾ ਰਿਹਾ ਹੈ :

ਸਾਰੇ ਚੌਗਿਰਦੇ ਵਿਚ ਬਿਜਲੀ ਦੀ ਕੜਕ ਵਰਗੀ ਤਿੱਖੀ ਦਿਲ<br>
ਵਿੰਨਵੀਂ ਗੋਲੀ ਦੀ ਆਵਾਜ਼ ਹਨੇਰੇ ਦੀ ਚੁਪ ਨੂੰ ਤੋੜਦੀ ਹੋਈ<br>
ਦੂਰ ਦਰਾਜ਼ ਤੱਕ ਫੈਲ ਗਈ।

ਉਪਰੋਕਤ ਜਟਿਲ ਵਾਕ ਦੀ ਸੰਰਚਨਾ ਵਿਚ ਸਥੂਲ ਵਾਕ ਹੈ- ਚੌਗਿਰਦੇ ਵਿਚ ਗੋਲੀ ਦੀ ਆਵਾਜ਼ ਫੈਲ ਗਈ। ਪਰ ਇਸਨੂੰ ਆਮ ਸੂਖਮਤਾ ਤੋਂ ਮਹੀਨ ਸੂਖਮਤਾ ਵੱਲ ਲਿਜਾਇਆ ਗਿਆ ਹੈ। ਇਹ ਸੂਖਮਤਾ ਦਾ ਆਧਾਰ ਵਿਸ਼ਲੇਸ਼ਣ ਤੇ ਵਿਸ਼ਲੇਸ਼ਣ ਦੇ ਵੀ ਵਿਸ਼ਲੇਸ਼ਣ ਦਾ ਸਪਸ਼ਟ ਪਰਯੋਗ ਕੀਤਾ ਗਿਆ ਹੈ। ਸੂਖਮ ਤੋਂ ਸੂਖਮਤਰ, ਸੂਖਮਤਰ ਤੋਂ ਸੂਕਮਤਤਾ ਦੀ ਸਥਿੱਤੀ ਨੂੰ ਸਪਸ਼ਟ ਕਰਨ ਲਈ ਉਪਰਲੇ ਵਾਕ ਦੀ ਪੜਚੋਲ ਪਰਸਤੁਤ ਕੀਤੀ ਜਾ ਰਹੀ ਹੈ ?

ਸਥੂਲ ਵਾਕ :

–ਚੌਗਿਰਦੇ ਵਿਚ ਗੋਲੀ ਦੀ ਆਵਾਜ਼ ਫੈਲ ਗਈ।

–ਸਾਰੇ ਚੌਗਿਰਦੇ ਵਿਚ ਆਵਾਜ਼ ਫੈਲ ਗਈ।

–ਸਾਰੇ ਚੌਗਿਰਦੇ ਵਿਚ ਗੋਲੀ ਦੀ ਦਿਲ ਵਿੰਨਵੀ ਆਵਾਜ਼ ਫੈਲ ਗਈ।

–ਸਾਰੇ ਚੌਗਿਰਦੇ ਵਿਚ ਗੋਲੀ ਦੀ ਤਿੱਖੀ ਦਿਲ ਵਿੰਨਵੀਂ ਆਵਾਜ਼ ਫੈਲ ਗਈ।

–ਸਾਰੇ ਚੌਗਿਰਦੇ ਵਿਚ ਗੋਲੀ ਦੀ ਤਿੱਖੀ ਦਿਲ ਵਿੰਨਵੀਂ ਆਵਾਜ਼ ਦੂਰ ਦੁਰਾਡੇ ਤੱਕ ਫੈਲ ਗਈ।

–ਸਾਰੇ ਚੌਗਿਰਦੇ ਵਿਚ ਬਿਜਲੀ ਦੀ ਕੜਕ ਵਰਗੀ ਤਿੱਖੀ ਦਿਲ ਵਿੰਨਵੀਂ ਗੋਲੀ ਦੀ ਆਵਾਜ਼ ਫੈਲ ਗਈ।

–ਸਾਰੇ ਚੌਗਿਰਦੇ ਵਿਚ ਬਿਜਲੀ ਦੀ ਕੜਕ ਵਰਗੀ ਤਿੱਖੀ ਦਿਲ ਵਿੰਨਵੀਂ ਗੋਲੀ ਦੀ ਆਵਾਜ਼ ਹਨੇਰੇ ਦੀ ਚੁੱਪ ਨੂੰ ਤੋੜਦੀ ਹੋਈ ਦੂਰ ਦਰਾਜ ਤੱਕ ਫੈਲ ਗਈ।

ਇਸ ਵਾਕ ਦੀ ਸੰਰਚਨਾ ਵਿਚ ਚੌਗਿਰਦੇ ਵਿਚ ਗੋਲੀ ਦੀ ਆਵਾਜ਼ ਫੈਲਣਾ ਹੀ ਮੂਲ ਸੰਰਚਨਾ ਹੈ। ਇਸ ਦੇ ਵਿਆਪਕ ਪਰਭਾਵ ਨੂੰ ਵਧਾਉਣ ਲਈ ਦੂਰ-ਦਰਾਜ਼ ਤੱਕ ਦੀ ਭਾਸ਼ਾਈ ਵਰਤੋਂ ਕੀਤੀ ਗਈ ਹੈ ਬਾਕੀਂ ਸਾਰੇ ਵਿਸ਼ੇਸਣ, ਬਿਜਲੀ ਦੀ ਕੜਕ ਵਰਗੀ ਤਿੱਖੀ ਦਿਲ ਵਿੰਨਵੀ, ਆਵਾਜ਼ ਲਈ ਹਨ। ਵਾਕ ਵਿਚ ਇਹ ਕਰਮਵਾਰ ਵਿਸ਼ੇਸ਼ਣਾਂ ਦਾ ਵਾਧਾ ਸਥੂਲਤਾ ਤੋਂ ਸੂਖਮਤਾ ਵੱਲ ਪਰਭਾਵ ਦੀ ਸਿਰਜਣਾ ਕਰਦਾ ਹੈ। ਸਥੂਲ ਵਾਕ ਵਿਚ ਵਾਰੀ ਵਾਰੀ ਵਧਾਏ ਗਏ ਵਾਕ ਵਿਚ ਵਿਸ਼ੇਸ਼ਣ ਗੋਲੀ ਦੀ ਆਵਾਜ਼ ਦੇ ਤਿੱਖੇਪਨ ਅਤੇ ਦਿਲ ਨੂੰ ਡਰਾ ਦੇਣ ਦੇ ਪਰਭਾਵ ਨੂੰ ਸਿਰਜਦੇ ਹਨ। ਇਹਨਾਂ ਸੂਖਮ ਪਰਯੋਗਾਂ ਨਾਲ ਰਚਨਾਕਾਰ ਨੇ ਚੌਗਿਰਦੇ ਦੀ ਆਵਾਜ਼ ਦਾ ਫੈਲਣਾ ਅਤੇ ਦਿਲ ਵਿੰਨਵੀਂ ਨੂੰ ਅਤੇ ਆਵਾਜ਼ ਦੂਰ-ਦਰਾਜ਼ ਨੂੰ ਸਫਲਤਾ ਨਾਲ ਅਭਿਵਿਅਤ ਕੀਤਾ ਹੈ ਅਤੇ ਸੂਖਮਤਰ ਤੋਂ ਸੂਖਮਤਾ ਵੱਲ ਵੱਧਦੀ ਹੈ ਅਤੇ ਅਰਥ ਨੂੰ ਪਰਗਟ ਕਰਦੀ ਹੈ ਸੂਖਮਤਾ ਦੀ ਪੱਧਰ ਨੂੰ ਰੇਖਾ-ਚਿੱਤਰ ਦੁਆਰਾ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ :

ਸਥੂਲ ਪਰਯੋਗ                                                    ਸੂਖਮਤਾ (ਸੂਖਮ)

1  2  3  4  5  6  7  8  9  10

ਪਰਤੀਮਿਕ ਸੂਖਮਤਾ                                              ਦੂਜੈਲੀ ਸੂਖਮਤਾ

ਸੂਖਮਤਾ ਦੇ ਪੱਧਰ ਦੀ ਪੜਚੋਲ ਪਰਕਿਰਿਆ ਨੂੰ ਇਕ ਹੋਰ ਢੰਗ ਨਾਲ ਵੀ ਦਰਸਾਇਆ ਜਾ ਸਕਦਾ ਹੈ।

ਸਥੂਲ

ਵਿਸ਼ੇਸ਼      ਵਿਸ਼ੇਸ਼ਣ  1+1+1+1......

ਸੂਖਮ........ਸੂਖਮਤਰ.....ਸੂਖਮਤਮ

**ਸਪਸ਼ਟੀਕਰਨ ਦਾ ਪੱਧਰ**

ਸਪਸ਼ਟੀਕਰਨ ਸ਼ਬਦ ਐਕਸਪੋਨੈਂਸ ਜਾਂ ਰਿਅਲਾਈਜੇਸ਼ਨ ਦਾ ਅਨੁਵਾਦ ਹੈ। ਸਪਸ਼ਟੀਕਰਨ ਦਾ ਅਰਥ ਹੈ ਸਪਸ਼ਟ ਕਰਨਾ, ਮੂਰਤ ਕਰਨਾ। ਸਪਸ਼ਟੀਕਰਨ ਦੇ ਪੱਧਰ ਨੂੰ ਡਾ. ਕ੍ਰਿਸ਼ਨ ਕੁਮਾਰ 'ਦਰਿਸ਼ਟਾਂਤ' ਦਾ ਪੱਧਰ ਦਸਦੇ ਹਨ ਦਰਿਸ਼ਟਾਂਤ ਦਾ ਮਾਪਦੰਡ ਪਰਯੋਗ ਕਰਨ ਵਾਲੇ ਨੂੰ ਸਮਗਰੀ ਦੇ ਪਰਤੀ ਹਮੇਸ਼ਾ ਚੇਤੰਨ ਰੱਖਦਾ ਹੈ। ਦਰਿਸ਼ਟਾਂਤ ਸ਼ਬਦ ਵਿਨਸਟਾਂਸ (ਵਾਕ, ਸ਼ਬਦ, ਨਾਂਵ, ਲਿੰਗ) ਆਦਿ ਦਾ ਅਨੁਵਾਦ ਹੈ। ਇਸ ਲਈ ਐਕਸਪੋਨੈਂਸ ਜਾਂ ਰਿਅਲਾਈਜੇਸ਼ਨ ਦਾ ਦਰਿਸ਼ਟਾਂਤ ਅਨੁਵਾਦ ਪ੍ਰਤਿਮਾਨ ਦੀ ਸਮਝ ਵਿਚ ਭੁਲੇਖਾ ਪਾ ਸਕਦਾ ਹੈ। ਕੁਝ ਵਿਦਵਾਨ ਇਸ ਨੂੰ ਨਿਰਦੇਸ਼ਨ ਦਾ ਪੱਧਰ ਵੀ ਕਹਿੰਦੇ ਹਨ। ਇਹ ਸਪਸ਼ਟੀਕਰਨ ਦੇ ਕਾਫੀ ਨੇੜੇ ਹੈ। ਦੋਵੇਂ ਭਾਸ਼ਾ ਦੀ ਸ਼ਕਤੀ ਅਸ਼ਕਤੀ ਦਾ ਚਿਹਨ ਹਨ ਅਤੇ ਨਿਰਦੇਸ਼ਨ ਕਰਦੇ ਹਨ।

ਸਪਸ਼ਟੀਕਰਨ ਦੀ ਪੱਧਰ ਵਕਤਾ ਜਾਂ ਲੇਖਕ ਨੂੰ ਪਰਾਪਤ ਸਮਗਰੀ ਦੇ ਪਰਤੀ ਚੇਤੰਨ ਕਰਦਾ ਹੈ। ਇਸ ਦੇ ਦੋ ਪੱਖ ਅਭਿਵਿਅਕਤੀ ਦੀ ਸ਼ਕਤੀ ਦਾ ਸਪਸ਼ਟੀਕਰਨ ਤੇ ਅਭਿਵਿਅਕਤੀ ਦੀ ਅਸ਼ਕਤੀ ਦਾ ਸਪਸ਼ਟੀਕਰਨ ਹੈ। ਬੱਚਾ ਜੋ ਭਾਸ਼ਾ ਦੀ ਸ਼ੁਰੂ ਦੀ ਸਥਿੱਤੀ ਤੋਂ ਗੁਜ਼ਰ ਰਿਹਾ ਹੈ, ਉਹ ਜੋ ਕੁਝ ਕਹਿਣਾ ਚਾਹੁੰਦਾ ਹੈ ਕਹਿ ਨਹੀਂ ਸਕਦਾ ਅਤੇ ਜੋ ਉਹ ਅਭਿਵਿਅਕਤ ਕਰਦਾ ਹੈ ਉਹ ਉਨ੍ਹਾਂ ਤੋਂ ਪੂਰਾ ਮਤਲਬ ਗਰਹਿਣ ਕਰਨਾ ਚਾਹੁੰਦਾ ਹੈ। ਇਹ ਭਾਸ਼ਾ ਦਾ ਅਸ਼ਕਤੀ ਪੱਖ ਹੈ। ਬੱਚਾ ਜਦ ਕਹਿੰਦਾ ਹੈ –ਮੰਮੀ – ਕੁੱਤਾ ਰੋਟੀ। ਪਰ ਭਾਸ਼ਾ ਤੇ ਕਬਜ਼ਾ ਨਾ ਹੋਣ ਕਰਕੇ ਆਪਣੇ ਆਪ ਨੂੰ ਅਭਿਵਿਅਕਤ ਨਹੀਂ ਕਰ ਸਕਦਾ।

ਸਪਸ਼ਟੀਕਰਨ ਦਾ ਦੂਜਾ ਪੱਖ ਭਾਸ਼ਾ ਦੇ ਅਧਿਕਾਰ ਨੂੰ ਸਪਸ਼ਟ ਕਰਨਾ ਹੈ। ਭਾਸ਼ਾ ਦਾ ਇਕ ਨਿਪੁੰਨ ਪਰਯੋਗ ਕਰਨ ਵਾਲਾ ਵਕਤੀ ਲੇਖਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਅਰਥਾਂ ਨੂੰ ਸਪਸ਼ਟ ਕਰ ਜਾਂਦਾ ਹੈ। ਸਪਸ਼ਟੀਕਰਨ ਦੀ ਪੱਧਰ ਭਾਸ਼ਾ ਦੇ ਸਿੱਧਾਂਤਕ ਅਤੇ ਵਰਣਾਤਮਕ ਪੱਧਰ ਹੀ ਹਨ। ਇਹ ਪੱਧਰ ਭਾਸ਼ਾ ਵਿਚ ਮਿਲਦੀ ਵਾਸਤਵਿਕ ਸਮਗਰੀ ਨੂੰ ਅਮੂਰਤ ਵਿਆਕਰਣਕ ਸੰਕਲਪਨਾਵਾਂ ਨਾਲ ਜੋੜਦੀ ਹੈ। ਜੇ ਪੁੱਛਿਆ ਜਾਵੇ 'ਤੁਸੀਂ ਦੁੱਧ ਪੀ ਲਿਆ ?' ਅਤੇ ਉੱਤਰ ਮਿਲੇ 'ਪੀ ਲਿਆ ਹੈ' ਤਾਂ ਉਹ ਵਾਸਤਵਿਕ ਪਰਯੋਗ ਅਮੂਰਤ ਵਿਆਕਰਣ ਵਿਚ ਕਈ ਪੱਧਰਾਂ ਤੇ ਖੁੱਲ੍ਹਦਾ ਹੈ।

ਪੀ ਲਿਆ ......... ਇਕਾਈ ਦੇ ਰੂਪ ਵਿਚ ਸਮੂਹ

1+ ਸੰਰਚਨਾ ਦੇ ਰੂਪ ਵਿਚ ਵਿਧੇਅ

1+ ਵਰਗ ਦੇ ਰੂਪ ਵਿਚ ਕ੍ਰਿਆਤਮਕ

1 ਵਿਵਸਥਾ ਦੇ ਰੂਪ ਵਿਚ ਕ੍ਰਿਤਵਾਚ + ਭੂਤਕਾਲਿਕ + ਪੁਲਿੰਗ ਸੂਚਕ

ਇਹਨਾਂ ਇਕਾਈਆਂ ਦਾ ਸਪਸ਼ਟੀਕਰਨ ਆਪਣੇ ਆਪ ਵਿਚ ਹੇਠਲੀਆਂ ਇਕਾਈਆਂ ਵਿਚ ਖੁੱਲ੍ਹਦਾ ਹੈ। ਵਾਕ ਦਾ ਉਪਵਾਕ ਵਿਚ, ਉਪਵਾਕ ਦਾ ਵਾਕੰਸ਼ ਵਿਚ (ਸਮੂਹ), ਵਾਕੰਸ਼ ਦਾ ਸ਼ਬਦ ਵਿਚ, ਸ਼ਬਦ ਦਾ ਰੂਪੀਮ ਵਿਚ। ਇਸਨੂੰ ਸਾਰੀਆਂ ਭਾਸ਼ਕ ਪੱਧਰਾਂ ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।

ਵਿਵਸਥਾ (system)

ਵਰਗ

ਇਕਾਈ          ਸੰਰਚਨਾ

ਵਾਸਤਵਿਕ ਪਰਯੋਗ

ਇਸ ਵਾਸਤਵਿਕ ਪਰਯੋਗ ਨੂੰ ਸਾਰੀਆਂ ਪੱਧਰਾਂ ਤੇ ਜੋੜ ਕੇ ਵੇਖੀਏ ਤਾਂ ਅਰਥ ਸੰਬੰਧੀ ਚੰਗੀ ਜਾਣਕਾਰੀ ਮਿਲਦੀ ਹੈ।

**ਗਹਿਨ ਪੱਧਰ** (Deep level)

ਐਮ. ਏ. ਕੇ. ਹਾਲੀਡੇ ਆਪਣੀ ਭਾਸ਼ਾ ਵਿਸ਼ਲੇਸ਼ਣ ਪੱਧਤੀ ਵਿਚ ਸਮੇਂ ਸਮੇਂ ਤੇ ਸੁਧਾਰ ਕਰਦੇ ਰਹੇ ਹਨ। ਇਸੇ ਪਰਕਿਰਿਆ ਵਿਚ ਉਹਨਾਂ ਨੇ ਡੂੰਘਾਈ ਦੀ ਪੱਧਰ ਦੀ ਸੰਕਲਪਨਾ ਕੀਤੀ ਹੈ। Hocket ਨੇ ਅਧਿਐਨ ਦੀ ਅੰਦਰੂਨੀ ਵਿਆਕਰਣ ਦੀ ਧਾਰਨਾ ਦਿੱਤੀ ਹੈ। Chomsky ਨੇ ਸਤਹ ਸੰਰਚਨਾ ਦੇ ਅਰਥ ਦੀ ਖੋਜ ਦੇ ਲਈ ਡੂੰਘੀ ਸੰਰਚਨਾ ਦੀ ਗੱਲ ਕੀਤੀ ਹੈ। ਪਰਕਾਰਜੀ ਵਿਆਕਰਨ ਵਿਚ ਸੰਦੇਹਮੂਲਕ ਅਰਥ ਦੀਆਂ ਡੂੰਘੇਰੀਆਂ ਛਵੀਆਂ ਨੂੰ ਪਰਗਟਾਉਣ ਲਈ ਡੂੰਘਾਈ ਦੇ ਪੱਧਰ ਦੀ ਸੰਕਲਪਨਾ ਕੀਤੀ ਹੈ। ਪਰੰਤੂ ਇਸਦਾ ਸੰਬੰਧ ਚੌਮਸਕੀ ਅੰਦਰੂਨੀ ਸੰਰਚਨਾ ਦੇ ਨਾਲ ਨਹੀਂ ਜੋੜਨਾ ਚਾਹੁੰਦਾ। ਚੌਮਸਕੀ ਦੀ ਧਾਰਨਾ ਵੱਖਰੀ ਹੈ। ਜਿਥੇ ਪਰਜਨਕ ਵਿਆਕਰਨ (generative grammar) ਕੇਵਲ ਵਿਆਕਰਨ ਅਰਥ ਨੂੰ ਉਜਾਗਰ ਕਰਦੀ ਹੈ ਉਥੇ ਪਰਕਾਰਜੀ ਵਿਆਕਰਨ ਵਿਚ ਸੂਖਮਤਾ ਅਤੇ ਸਪਸ਼ਟੀਕਰਨ ਵੀ ਭਾਸ਼ਾਈ ਪਰਯੋਗ ਦੀਆਂ ਸੂਖਮਤਾਵਾਂ ਤੋਂ ਲੁਕੇ ਅਰਥਾਂ ਨੂੰ ਸਪਸ਼ਟ ਕਰਦੇ ਹਨ।

**ਸੂਚਨਾ ਸੰਰਚਨਾ**

ਹਾਲੀਡੇ ਨੇ ਜਿੱਥੇ ਆਪਣੇ ਪਰਕਾਰਜੀ ਵਿਚ ਜਿੱਥੇ ਭਾਸ਼ਾ ਦੇ ਪਰਕਾਰਜਾਂ ਦਾ ਵਿਵਸਥਾਪੂਰਣ ਵਰਣਨ ਕੀਤਾ ਹੈ ਉਥੇ ਕਿਸੇ ਭਾਸ਼ਾਈ ਘਾੜਤ ਦੀ ਸੰਰਚਨਾ ਦੇ ਭਿੰਨ ਭਿੰਨ ਪੱਖਾਂ ਦਾ ਵੀ ਬਿਆਨ ਕੀਤਾ ਹੈ। ਭਾਸ਼ਾ ਦਾ ਇਕ ਲੱਛਣ ਉਸ ਨੇ ਸੂਚਨਾ ਪਰਦਾਨ ਕਰਨਾ ਦੱਸਿਆ ਹੈ। ਇਸਨੂੰ ਉਸਨੇ ਭਾਸ਼ਾ ਦੀ ਸੁਰ-ਸ਼ੈਲੀ ਨਾਲ ਸੰਬੰਧਤ ਕੀਤਾ ਹੈ। ਉਸਨੇ ਦੱਸਿਆ ਕਿ ਹਰ ਰਚਨਾ ਦਾ ਆਪਣਾ ਟੋਨਗੁਣ ਹੁੰਦਾ ਹੈ। ਸਪਸ਼ਟ ਹੈ ਕਿ ਕਿਸੇ ਕਵੀ ਜਾਂ ਲੇਖਕ ਕੋਲ ਕੁਝ ਕਹਿਣ ਜਾਂ ਲਿਖਣ ਨੂੰ ਜਿਸਨੂੰ ਉਹ ਪਾਠਕ ਜਾਂ ਸਰੋਤੇ ਤਕ ਪਹੁੰਚਾਉਣਾ ਚਾਹੁੰਦਾ ਹੈ ਇਸਨੂੰ ਅਸੀਂ ਸੰਦੇਸ਼ ਕਹਿ ਸਕਦੇ ਹਾਂ। ਕੋਈ ਰਚਨਹਾਰਾ ਇਸਨੂੰ ਸੂਚਨਾ ਦੀ ਕਿਾਈ ਵਿਚ ਬੰਨ੍ਹ ਕੇ ਪੇਸ਼ ਕਰਨ ਦਾ ਫੈਸਲਾ ਕਰਦਾ ਹੈ। ਸੂਚਨਾ ਦੀ ਇਕ ਇਕਾਈ ਦਾ ਅਰਥ ਹੈ ਕਿ ਸੂਚਨਾ ਦੀਆਂ ਇਕ ਤੋਂ ਵੱਧ ਇਕਾਈਆਂ ਹੁੰਦੀਆਂ ਹਨ। ਸੂਚਨਾ ਦੇ ਪਰਕਾਰਜ ਦੇ ਆਧਾਰ ਤੇ ਸੂਚਨਾ ਦਾ ਇਕ ਦਿੱਤਾ ਹੋਇਆ ਅੰਸ਼ ਹੁੰਦਾ ਹੈ ਅਤੇ ਇਕ ਉਸ ਦਾ ਕੋਈ ਨਵਾਂ ਅੰਸ਼। ਸੂਚਨਾ ਦੀ ਪਹਿਲਾਂ ਤੋਂ ਹਾਸਲ ਇਕਾਈ ਨੂੰ ਪਾਰਵਤ ਇਕਾਈ ਕਿਹਾ ਜਾਂਦਾ ਹੈ। ਇਹ ਪਹਿਲਾਂ ਹੀ ਭਾਸ਼ਾ ਵਿਚ ਪਈ ਹੁੰਦੀ ਹੈ ਪਰੰਤੂ ਉਸਦੇ ਨਾਲ ਹੀ ਨਵੀਂ ਸੂਚਨਾ ਦਾ ਸੰਬੰਧ ਜੋੜ ਕੇ ਸੁਨੇਹਾ ਦਿੱਤਾ ਜਾਂਦਾ ਹੈ।

ਕੋਈ ਭਾਸ਼ਕ ਰਚਨਾ ਜੋ ਇਕ ਉਰਦੂ ਸ਼ਿਅਰ ਦੇ ਰੂਪ ਵਿਚ ਹੈ, ਵਿਚ ਅਸੀਂ ਪਰਾਦੱਤ ਅਤੇ ਨਵੀਨ ਦੋਵੇਂ ਤਰ੍ਹਾਂ ਨੂੰ ਪਛਾਣ ਸਕਦੇ ਹਾਂ :

ਪਰਾਦਤ : ਵੋਹ ਹਮ ਕੋ ਦੇਖਤੇ ਥੇ ਹਸਰਤ ਭਰੀ ਨਜ਼ਰ ਸੇ।

ਨਵੀਨ : ਕਹਿ ਦੋ ਯੇ ਕੋਈ ਉਨਸੇ ਗੁਜ਼ਰੇ ਨਾ ਵੋਹ ਇਧਰ ਸੇ।

ਸਪਸ਼ਟ ਹੈ ਕਿ ਸੰਦੇਸ਼ ਜਾਂ ਪੈਗਾਮ ਦਾ ਸੰਬੰਧ ਨਵੀਂ ਸੂਚਨਾ ਨਾਲ ਹੈ। ਸੰਦੇਸ਼ ਤੋਂ ਬਿਨਾਂ ਕੋਈ ਸੂਚਨਾ ਸੂਚਨਾ ਨਹੀਂ ਹੁੰਦੀ। ਹਾਲੀਡੇ ਅਨੁਸਾਰ ਸੂਚਨਾ ਇਕਾਈ ਵਿਚ ਨਵਾਂ ਤੱਤ ਲਾਜ਼ਮੀ ਹੁੰਦਾ ਹੈ। ਉਥੇ ਕੁਝ ਨਵਾਂ ਜ਼ਰੂਰ ਹੋਣਾ ਚਾਹੀਦਾ ਹੈ ਨਹੀਂ ਤਾਂ ਉਥੇ ਕੋਈ ਸੂਚਨਾ ਨਹੀਂ। ਨਵੀਂ ਸੂਚਨਾ ਹੀ ਪਹਿਲਾਂ ਦਿੱਤੀ ਸੂਚਨਾ ਨੂੰ ਅੱਗੇ ਵਧਾਉਂਦੀ ਹੈ। ਮੌਜੂਦ ਸੂਚਨਾ ਦਾ ਮਤਲਬ ਹੈ ਕੁਝ ਅਜਿਹਾ ਪਾਠਕ/ਸਰੋਤਾ ਨੂੰ ਪਹਿਲਾਂ ਤੋਂ ਹੀ ਪਤਾ ਹੈ ਅਤੇ ਨਵੀਂ ਸੂਚਨਾ ਤੋਂ ਇਸ ਪੂਰਵ ਗਿਆਨ ਨਵਾਂ ਗਿਆਨ ਜੋੜਨਾ ਹੈ ਜਾਂ ਨਵਾਂ ਸੰਦੇਸ਼ ਦੇਣਾ ਹੈ। ਇਸਨੂੰ ਅਸੀਂ ਮੌਜੂਦਾ ਮਜ਼ਮੂਨ ਉਪਰ ਨਵੀਂ ਟਿੱਪਣੀ ਕਹਿ ਸਕਦੇ ਹਾਂ। ਸੂਚਨਾ ਸੰਰਚਨਾ ਰਾਹੀਂ ਸੰਦੇਸ਼ ਪਰਭਾਵੀ ਰੂਪ ਧਾਰਨ ਕਰਦਾ ਹੈ। ਜੇਕਰ ਕੋਈ ਬੋਲਣਹਾਰਾ ਪੂਰਨ ਮਾਨਤਾ ਲੈਂਦਾ ਹੈ ਕਿ ਸਰੋਤੇ ਨੂੰ ਕੁਝ ਪਹਿਲਾਂ ਗਿਆਨ ਹੈ ਅਤੇ ਆਪਣੀ ਭਾਸ਼ਾ ਘਾੜਤ ਨੂੰ ਇਸ ਢੰਗ ਨਾਲ ਬੰਨ੍ਹਦਾ ਹੈ ਤਾਂ ਕਿ ਉਸਦੀ ਉਕਤੀ ਦਾ ਕਿਹੜਾ ਤੱਤ ਨਵੀਂ ਸੂਚਨਾ ਦਿੰਦਾ ਹੈ, ਨੂੰ ਸਪਸ਼ਟ ਕੀਤਾ ਜਾ ਸਕੇ। ਇਸਦੇ ਨਾਲ ਹੀ ਸੰਚਾਰ ਪਰਭਾਵਸ਼ਾਲੀ ਬਣਦਾ ਹੈ। ਪਹਿਲਾਂ ਤੋਂ ਮੌਜੂਦ ਸੂਚਨਾ ਵਰਗਾ ਇਕ ਮਜ਼ਮੂਨ ਹੈ ਜਿਸ ਉੱਤੇ ਨਵੀਨ

ਟਿੱਪਣੀ ਕਰਨ ਨਾਲ ਹੀ ਉਹ ਸੰਦੇਸ਼ ਬਣਦਾ ਹੈ। ਨਵੀਂ ਸੂਚਨਾ ਕਿਸੇ ਸਾਹਿਤਕਾਰ ਦੀ ਰਚਨਾ ਵਿਚ ਸਾਹਮਣੇ ਆ ਕੇ ਉਘੜਦੀ ਹੈ ਅਤੇ ਇਹ ਉਘਾੜ ਪੁਰਾਣੀ ਦੀ ਤੁਲਨਾ ਵਿਚ ਹੁੰਦਾ ਹੈ।

### 3.1.3 ਸੰਕਲਪ ਅਤੇ ਵਿਆਕਰਨ ਦੋਹਾਂ ਦੇ ਆਧਾਰ ਤੇ ਪ੍ਰਤਿਮਾਨ

ਸ਼ੈਲੀ ਵਿਗਿਆਨੀਆਂ ਨੇ ਕੁਝ ਅਜਿਹੇ ਵੀ ਪ੍ਰਤਿਮਾਨ ਦਿੱਤੇ ਹਨ ਜਿਨ੍ਹਾਂ ਵਿਚ ਸੰਕਲਪ ਅਤੇ ਵਿਆਕਰਨ ਦੋਹਾਂ ਨੂੰ ਹੀ ਆਧਾਰ ਬਣਾਇਆ ਜਾ ਸਕਦਾ ਹੈ। ਮਾਈ-ਮਾਂ-ਪੇਗ ਇਸੇ ਹੀ ਕਿਸਮ ਦਾ ਇਕ ਪ੍ਰਤਿਮਾਨ ਹੈ। ਇਹ ਪ੍ਰਤਿਮਾਨ ਨੂੰ ਵੀ ਸਾਹਿਤਕ ਕਿਰਤਾਂ ਤੇ ਲਾਗੂ ਕਰਕੇ ਉਹਨਾਂ ਦਾ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਪ੍ਰਤਿਮਾਨ ਦਾ ਪਰਯੋਗ ਹਿੰਦੀ ਵਿਚ ਤਾਂ ਡਾ. ਸ਼ੀਤਾਂਸ਼ੂ ਹੋਰਾਂ ਨੇ ਕੀਤਾ। ਇਸ ਪਰਯੋਗ ਨੇ ਇਹ ਸਿੱਧ ਕਰ ਦਿੱਤਾ ਕਿ ਇਸ ਪ੍ਰਤਿਮਾਨ ਦੁਆਰਾ ਕਾਵਿ ਵਿਸ਼ਲੇਸ਼ਣ ਲਈ ਮਹੱਤਵਪੂਰਨ ਪਿੱਠਭੂਮੀ ਤਿਆਰ ਕੀਤੀ ਜਾ ਸਕਦੀ ਹੈ। ਸਾਹਿਤ ਦੇ ਅਰਥ ਵਿਸ਼ਲੇਸ਼ਣ ਵਿਚ ਇਹ ਪ੍ਰਤਿਮਾਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਾਵਿ ਵਿਸ਼ਲੇਸ਼ਣ ਵਿਚ ਅਰਥਾਂ ਦੀਆਂ ਕਈ ਘੁੰਡੀਆਂ ਖੋਲ੍ਹ ਦਿੰਦਾ ਹੈ ਜੋ ਕਥਾ ਸੌਂਦਰਯ ਦੇ ਮੂਲ ਤੱਕ ਪਹੁੰਚਣ ਵਿਚ ਸਹਾਇਕ ਸਿੱਧ ਹੁੰਦੀਆਂ ਹਨ।

ਮਾਈ-ਮਾਂ-ਪੇਗ ਪ੍ਰਤਿਮਾਨ ਮਾਈ-ਮਾਂ ਅਤੇ ਪੇਰਾ ਦੇ ਸੰਯੋਗ ਤੋਂ ਬਣਿਆ ਹੈ। ਮਾਈ-ਮਾਂ ਸੰਰਚਨਾਤਮਕ ਅਰਥ ਵਿਗਿਆਨ ਦਾ ਵਰਣਾਤਮਕ ਸ਼ਬਦ ਹੈ। ਇਸ ਵਿਚ ਦੋ ਭਿੰਨ ਭਿੰਨ ਪੜਾਅ ਹਨ: ਲਘੂ ਅਰਥ ਵਿਗਿਆਨ ਅਤੇ ਵਿਸਤ੍ਰਿਤ ਅਰਥ ਵਿਗਿਆਨ। ਇਕ ਦਾ ਸੰਬੰਧ ਸ਼ਬਦਾਂ ਦੀ ਅਰਥੀਮ ਸੰਰਚਨਾ ਨਾਲ ਹੈ ਅਤੇ ਦੂਜੇ ਦਾ ਸ਼ਬਦਾਂ ਦੇ ਪਰਸਪਰ ਸਹਿ ਸੰਬੰਧਾਂ ਨੂੰ ਰੇਖਾਂਕਿਤ ਕਰਦਾ ਹੈ।

ਪੇਗ ਪ੍ਰਤਿਮਾਨ ਰਿਚਰਡ ਗੁੰਟਰ ਦੁਆਰਾ ਦਿੱਤਾ ਗਿਆ ਹੈ।[12] ਇਹ ਕਵਿਤਾ ਦੀ ਅਸਪਸ਼ਟਤਾ ਨੂੰ ਦੂਰ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ। ਅਰਥ ਵਿਸ਼ਲੇਸ਼ਣ ਲਈ ਪੇਗ ਪ੍ਰਤਿਮਾਨ ਮਹੱਤਵਪੂਰਨ ਹੈ। ਪੇਗ ਪ੍ਰਤਿਮਾਨ ਇਸ ਤੱਥ ਦੀ ਵੀ ਪੜਤਾਲ ਕਰਦਾ ਹੈ ਕਿ ਕਿਸ ਸ਼ਬਦ ਦੀ ਕਿਹੜੀ ਭੂਮਿਕਾ ਹੈ। ਇਸ ਪ੍ਰਤਿਮਾਨ ਨਾਲ ਜੁੜੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਾਵਿ ਅਰਥ ਵਿਸ਼ਲੇਸ਼ਣ ਦੀ ਭਾਸ਼ਾ ਵਿਗਿਆਨ ਤੇ ਆਧਾਰਿਤ ਵਸਤੂਨਿਸ਼ਠ ਅਤੇ ਵਿਗਿਆਨਕ ਪ੍ਰਤਿਮਾਨ ਹੈ।

## 3.2 ਅਧਿਐਨ ਵਿਧੀ

ਸ਼ੈਲੀ ਵਿਗਿਆਨ ਵਿਸ਼ਲੇਸ਼ਣ ਲਈ ਵਰਤੇ ਜਾਂਦੇ ਵੱਖ-ਵੱਖ ਪ੍ਰਤਿਮਾਨਾਂ ਦਾ ਵਿਸ਼ਲੇਸ਼ਣ ਅਤੇ ਉਹਨਾਂ ਦੀ ਸਾਰਥਕਤਾ ਵਿਖਾਈ ਹੈ। ਅਸੀਂ ਆਪਣੇ ਅਧਿਐਨ ਦੀ ਵਿਧੀ ਅਗਰਭੂਮਨ ਪ੍ਰਤਿਮਾਨ ਨੂੰ ਬਣਾ ਰਹੇ ਹਾਂ ਇਸ ਪ੍ਰਤਿਮਾਨ ਨਾਲ ਗੱਦ ਵਿਸ਼ਲੇਸ਼ਣ ਬਹੁਤ ਵਧੀਆ ਹੋ ਸਕਦਾ ਹੈ। ਇਸ ਅਗਰਭੂਮਨ ਪ੍ਰਤਿਮਾਨ ਬਾਰੇ ਵਿਸਥਾਰ ਸਹਿਤ ਚਰਚਾ ਨਿਮਨ ਲਿਖਤ ਅਨੁਸਾਰ ਹੈ :

### 3.2.1 ਅਗਰਭੂਮਨ (foregrounding) ਪ੍ਰਤਿਮਾਨ

ਅਗਰਭੂਮਨ ਚਿੱਤਰ ਕਲਾ ਦੇ ਖੇਤਰ ਦਾ ਸੰਕਲਪ ਹੈ ਜੋ ਕਿ ਅੰਗਰੇਜ਼ੀ ਸ਼ਬਦ ਫੋਰਗਰਾਊਂਡਿੰਗ ਦਾ ਸਿੱਧਾ ਅਨੁਵਾਦ ਹੈ। ਅਗਰਭੂਮਨ ਦੀ ਧਾਰਨਾ ਦੀ ਵਰਤੋਂ ਭਾਸ਼ਾ ਵਿਗਿਆਨ ਦੇ ਪਰਾਗ ਸਕੂਲ ਵਿਚ ਕਾਵਿ ਭਾਸ਼ਾ ਦੇ ਸੰਦਰਭ ਵਿਚ ਹੋਈ। ਉਦੋਂ ਅਗਰਭੂਮਨ ਇਸ ਸੰਪਰਦਾਇ ਦੇ ਪਰਸਿੱਧ ਭਾਸ਼ਾ ਵਿਗਿਆਨੀ ਮੁਕਾਰੋਵਸਕੀ ਨੇ ਸਭ ਤੋਂ ਪਹਿਲਾਂ ਇਹਨਾਂ ਅਰਥਾਂ ਵਿਚ ਚੈੱਕ ਸ਼ਬਦ Aktulisace ਦੀ ਵਰਤੋਂ ਕੀਤੀ। Foregrounding ਇਸ ਦਾ ਅੰਗਰੇਜ਼ੀ ਅਨੁਵਾਦ ਹੈ। ਹਿੰਦੀ ਵਿਚ ਇਸ ਲਈ 'ਅਗਰਗਰਾਮਿਤਾ', 'ਅਗਰਪਰਸਤੁਤੀ' ਪੇਸ਼ਬੰਦੀ ਸ਼ਬਦ ਵਰਤਿਆ ਜਾਂਦਾ ਹੈ। ਇਹ ਸ਼ੈਲੀ ਵਿਗਿਆਨ ਦਾ ਵਸ਼ਿਸ਼ਟ ਸ਼ਬਦ ਬਣ ਗਿਆ। ਸਾਹਿਤਕ ਸਿਰਜਣਾ ਲਈ ਸਧਾਰਨ ਭਾਸ਼ਾ ਨਾਲ ਕੰਮ ਨਹੀਂ ਚਲਦਾ। ਸਧਾਰਨ ਭਾਸ਼ਾ ਆਮ ਅਨੁਭਵਾਂ ਅਤੇ ਜ਼ਿੰਦਗੀ ਦੀਆਂ ਸਧਾਰਨ ਹਾਲਤਾਂ ਨੂੰ ਹੀ ਦਰਸਾ ਸਕਦੀ ਹੈ। ਵਿਸ਼ੇਸ਼ ਅਨੁਭਵਾਂ ਅਤੇ ਵਸ਼ਿਸ਼ਟਤਾਵਾਂ ਨੂੰ ਨਹੀਂ। ਇਸ ਲਈ ਸਾਹਿਤਕ ਭਾਸ਼ਾ ਦਾ ਨਿਰਮਾਣ ਸਧਾਰਨ ਭਾਸ਼ਾ ਤੋਂ ਅੱਗੇ ਵੱਧ ਕੇ ਕਰਨਾ ਪੈਂਦਾ ਹੈ। ਇਸ ਅੱਗੇ ਵਧਣ ਦੀ ਪਰਕਿਰਿਆ ਨੂੰ Foregrounding ਕਹਿੰਦੇ ਹਨ। Boroslav Hevemek ਨੇ ਆਪਣੀ ਪੁਸਤਕ Literary Structure and Style ਵਿਚ ਕਿਹਾ ਹੈ ਕਿ "ਅਗਰਭੂਮਨ ਅਜਿਹੀ ਭਾਸ਼ਕ ਜੁਗਤ ਹੈ ਜਿਸ ਨਾਲ ਕਿਰਤਕਾਰ ਆਪਣੀ ਰਚਨਾ ਵਿਚ ਵਧੇਰੇ ਦਿਲਚਸਪੀ ਅਤੇ ਖਿੱਚ

ਪੈਦਾ ਕਰਨ ਲਈ ਅਨੁਭਵ ਦੇ ਮਸ਼ੀਨੀ ਪਰਗਟਾ ਨੂੰ ਬਦਲ ਕੇ, ਉਸਨੂੰ ਅਸਾਧਾਰਨ ਬਣਾ ਦਿੰਦਾ ਹੈ। ਇਸ ਤਰ੍ਹਾਂ ਇਹ ਸ੍ਵੈ-ਚਲਿਤ ਨਾ ਰਹਿ ਕੇ ਅਸ੍ਵੈਚਲਿਤ ਹੋ ਜਾਂਦੀ ਹੈ।"[13]

ਅਗਰਭੂਮਨ ਜਾਂ ਪੇਸ਼ਬੰਦੀ (Foregrounding) ਕਲਾ ਅਤੇ ਹੋਰਨਾਂ ਖੇਤਰਾਂ ਵਿਚ ਕਲਾਤਮਕ ਸੰਚਾਰ ਦਾ ਇਕ ਅਤਿਅੰਤ ਸਾਧਾਰਨ ਸਿੱਧਾਂਤ ਹੈ। ਹਰ ਕਲਾ ਕਿਰਤ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਿਮਾਨ ਤੋਂ ਵਿਚਲਨ ਪਰਾਪਤ ਕਰਦੀ ਹੈ। ਇਸ ਗੱਲ ਬਾਰੇ ਸਾਨੂੰ ਇਕ ਪਾਠਕ ਜਾਂ ਕਲਾ ਮਾਨਵ ਵਾਲੇ ਦੇ ਰੂਪ ਵਿਚ ਗਿਆਨ ਹੁੰਦਾ ਹੈ ਕਿ ਕੋਈ ਕਲਾ ਕ੍ਰਿਤ ਆਪਣੇ ਵਰਤੇ ਜਾ ਰਹੇ ਮਾਧਿਅਮ ਰਾਹੀਂ ਪ੍ਰਤਿਮਾਨ ਤੋਂ ਕਿਸੇ ਨਾ ਕਿਸੇ ਤਰ੍ਹਾਂ ਅਲੱਗ ਰਾਹ ਅਖਤਿਆਰ ਕਰਦੀ ਹੈ। ਆਪਣੇ ਇਸ ਗੁਣ ਕਰਕੇ ਉਹ ਦੂਜੀਆਂ ਕਲਾ ਕਿਰਤਾਂ ਨਾਲੋਂ ਵੱਖਰਤਾ ਸਥਾਪਤ ਕਰਦੀ ਹੈ। ਅਸੀਂ ਆਪਣੀ ਗੱਲ ਨੂੰ ਚਿਤਰਕਾਰੀ ਵਿਚੋਂ ਉਦਾਹਰਣਾਂ ਲੈ ਕੇ ਸਪਸ਼ਟ ਕਰਦੇ ਹਾਂ ਕਿ ਇਕ ਚਿੱਤਰ ਜੋ ਸਹੀ ਅਰਥਾਂ ਵਿਚ ਕਲਾਤਮਕਤਾ ਗਰਹਿਣ ਕਰਦਾ ਹੈ ਕੇਵਲ ਕਿਸੇ ਦਿਸ਼ਾ ਦੀ ਹੂ-ਬ-ਹੂ ਨਕਲ ਹੀ ਪੇਸ਼ ਨਹੀਂ ਕਰਦਾ। ਉਸ ਵਿਚ ਦਿਲਚਸਪੀ ਤਾਂ ਹੀ ਪੈਦਾ ਹੁੰਦੀ ਹੈ ਜਦੋਂ ਉਹ ਫੋਟੋਗ੍ਰਾਫਿਕ ਯਥਾਰਥ ਨੂੰ ਤਿਆਗਣ ਲਈ ਥੋੜ੍ਹਾ ਜਿਹਾ ਸਥਾਪਤ ਪ੍ਰਤਿਮਾਨ ਤੋਂ ਪਰਾਹਨ ਧਾਰਨ ਕਰੇਗਾ। ਅੱਜਕੱਲ੍ਹ ਪਰਚੱਲਿਤ ਐਸਬਸਟਰੈਕਟ ਚਿੱਤਰਕਾਰੀ ਦੀ ਵੱਡੀ ਵਿਸ਼ੇਸ਼ਤਾ ਇਸੇ ਗੱਲ ਵਿਚ ਹੈ ਕਿ ਨਿਰੋਲ ਪਰਕਿਰਤੀ ਦੀ ਨਕਲ ਨਾ ਹੋ ਕੇ ਆਪਣੀ ਇਕ ਵੱਖਰੀ ਹੋਂਦ ਸਥਾਪਤ ਕਰਦੀ ਹੈ। ਇਹ ਵੱਡੇ ਪੈਮਾਨੇ ਤੇ ਤਿਆਰ ਕੀਤੇ ਚਿਤਰਾਂ ਦੇ ਬਕਾਇਦਗੀ ਵਾਲੇ ਪੈਟਰਨ ਜਾਂ ਉਹਨਾਂ ਵਿਚ ਮਿਲਦੀ ਨਿਰਪੇਖ ਸਮਿਟਰੀ ਨੂੰ ਤਿਆਗ ਕੇ ਨਵੇਂ ਪ੍ਰਤਿਮਾਨ ਘੜਦੀ ਹੈ। ਅਸਲ ਵਿਚ ਕਿਸੇ ਕਲਾ ਕਿਰਤ ਵਿਚ ਜੇਕਰ ਦਿਲਚਸਪੀ ਦਾ ਕੇਂਦਰ ਲੱਭਣਾ ਹੋਵੇ ਤਾਂ ਸਾਨੂੰ ਇਹ ਵੇਖਣਾ ਪਵੇਗਾ ਕਿ ਅਜਿਹੀ ਕਿਰਤ ਕਿਸ ਹੱਦ ਤੱਕ ਮਾਨਵ ਵਾਲੇ ਅੰਦਰ ਰੁਚੀ ਪੈਦਾ ਕਰਦੀ ਹੈ। ਕਿਸੇ ਕਲਾ ਕਿਰਤ ਦੀ ਸਾਰਥਕਤਾ ਅਤੇ ਮੂਲ ਵੀ ਇਸ ਵਿਚ ਹੈ ਕਿ ਉਹ ਮਾਨਣ ਵਾਲੇ ਨੂੰ ਸਵੈਚਲਿਤ ਪੈਟਰਨ ਪੇਸ਼ ਕਰਨ ਦੀ ਬਜਾਇ ਉਸ ਅੰਦਰ ਥੋੜ੍ਹਾ ਜਿਹਾ ਵਿਸਮੈ ਦਾ ਭਾਵ ਉਤਪੰਨ ਕਰੇ। ਇਹ ਰਚਣਹਾਰ ਦੁਆਰਾ ਸਥਾਪਤ ਹੋ ਚੁੱਕੇ ਪ੍ਰਤਿਮਾਨ ਤੋਂ ਰਤਾ ਪਰ੍ਹਾਂ ਜਾਣ ਨਾਲ ਹੀ ਸੰਭਵ ਹੋ ਸਕਦਾ ਹੈ। ਇਹ ਪਰਾਹਨ ਜਾਂ ਵਿਚਲਨ ਸਾਡੇ ਭਾਸ਼ਾ ਪਰਯੋਗਾਂ ਅਤੇ ਰੀਤੀ ਰਿਵਾਜਾਂ ਵਿਚ ਵੀ ਲਿਆਂਦੇ ਜਾ ਸਕਦੇ ਹਨ। ਇਸ ਪਰਾਹਨ ਜਾਂ ਵਿਚਲਨ ਨੂੰ ਅਗਰਭੂਮਨ ਜਾਂ ਪੇਸ਼ਬੰਦੀ ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਆਧਾਰ ਪਿਛੋਕੜ ਵਿਚ ਪੇਸ਼ ਕੀਤੀ ਕਿਸੇ ਸ਼ਕਲ ਜਾਂ ਆਕਾਰ ਦੀ ਸਮਦ੍ਰਿਸਟਤਾ (anology) ਹੈ। ਕਲਾਤਮਕ ਵਿਚਲਨ ਉਦੋਂ ਪੈਦਾ ਹੁੰਦਾ ਹੈ ਜਦੋਂ ਕਿਸੇ ਪਿਛੋਕੜ ਵਿਚ ਰੱਖ ਕੇ ਪੇਸ਼ ਕੀਤੀ ਹੋਈ ਆਕ੍ਰਿਤੀ ਜਾਂ ਸ਼ਕਲ ਆਪਣੇ ਪਿਛੋਕੜ ਨਾਲੋਂ ਵੱਖਰਤਾ ਧਾਰਨ ਕਰੇ। ਪਿਛੋਕੜ ਵਿਚ ਮਿਲਦੇ ਸਵੈਚਲਿਤ ਸਿਸਟਮ ਨੂੰ ਭੰਗ ਕਰਕੇ ਤਾਜ਼ਗੀ ਅਤੇ ਵਿਸਮੈ ਦਾ ਭਾਵ ਉਤਪੰਨ ਕਰੇ।

ਅਗਰਭੂਮਨ ਮੂਲ ਰੂਪ ਵਿਚ ਚਿਤਰਕਾਰੀ ਦੇ ਖੇਤਰ ਦਾ ਸੰਕਲਪ ਹੈ। ਪਰ ਇਸਦੀ ਵਰਤੋਂ ਕਾਵਿ ਅਤੇ ਹੋਰ ਕਲਾਤਮਕ ਖੇਤਰਾਂ ਵਿਚ ਵੀ ਸਫਲਤਾ ਨਾਲ ਕੀਤੀ ਗਈ ਹੈ। ਕਾਵਿ ਵਿਚ ਜਦੋਂ ਕੋਈ ਰਚਨਾ ਰੂੜ ਅਤੇ ਮਸ਼ੀਨੀ ਅਨੁਭਵ ਨੂੰ ਤੋੜਦੀ ਹੈ ਤਾਂ ਕਈ ਅਗਰਭੂਮਨ ਦੁਆਰਾ ਹੀ ਇਸ ਉਦੇਸ਼ ਦੀ ਪੂਰਤੀ ਕਰਦਾ ਹੈ। ਇਉਂ ਇਸ ਸੰਬੰਧ ਦਾ ਸੰਬੰਧ ਅਨੁਭਵ ਦੇ ਪ੍ਰਮਾਣਿਕ ਪਰਤੱਖੀਕਰਣ ਨਾਲ ਜੋੜਿਆ ਜਾਂਦਾ ਹੈ। ਕਵਿਤਾ ਵਿਚ ਅਗਰਭੂਮਨ ਪਰਗਟਾਵੇ ਦਾ ਉਹ ਚਿਹਨ ਹੈ ਜੋ ਪਰੋਖ ਹੋਣ ਕਰਕੇ ਸਾਡਾ ਧਿਆਨ ਖਿੱਚਦਾ ਹੈ ਅਤੇ ਸਾਡੀਆਂ ਮਸ਼ੀਨੀ ਰੂਪ ਧਾਰਨ ਕਰਦੀਆਂ ਜਾ ਰਹੀਆਂ ਸੰਵੇਦਨਾਵਾਂ ਵਿਚ ਤਾਜ਼ਗੀ ਲਿਆਉਂਦਾ ਹੈ ਅਤੇ ਆਲੇ ਦੁਆਲੇ ਦੇ ਵਸਤੂ ਜੀਵਨ ਨੂੰ ਇਕ ਨਵੀਂ ਅਤੇ ਸੱਜਰੀ ਦਰਿਸ਼ਟੀ ਤੋਂ ਵੇਖਣ ਦੀ ਪ੍ਰੇਰਨਾ ਦਿੰਦਾ ਹੈ। ਅਗਰਭੂਮਨ ਦੀਆਂ ਕੁਝ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ :

ਐਮ. ਏ. ਕੇ. ਹਾਲੀਡੇ ਅਨੁਸਾਰ ਅਗਰਭੂਮਨ ਇਕ ਅਜਿਹੀ ਪ੍ਰੇਰਨਾਸ਼ੀਲ ਭਾਸ਼ਿਕ ਪ੍ਰਭੁਸੱਤਾ ਹੈ ਜੋ ਪਾਠ ਦੀ ਅਰਥ ਸੰਰਚਨਾ ਨਾਲ ਪੂਰੀ ਤਰ੍ਹਾਂ ਜੁੜੀ ਹੁੰਦੀ ਹੈ।[14]

ਰਵੀਂਦਰ ਨਾਥ ਸ੍ਰੀਵਾਸਤਵਾ ਅਨੁਸਾਰ ਅਗਰਭੂਮਨ ਅਭਿਵਿਅਕਤੀ ਦੀ ਉਹ ਭੰਗਿਮਾ ਹੈ ਜੋ ਆਪਣੀ ਵੱਖਰਤਾ ਦੇ ਕਾਰਨ ਨਾ ਕੇਵਲ ਸਾਡਾ ਧਿਆਨ ਖਿੱਚਦੀ ਹੈ ਸਗੋਂ ਖ਼ਤਮ ਹੁੰਦੀਆਂ ਜਾ ਰਹੀਆਂ ਸਾਡੀਆਂ ਸੰਵੇਦਨਾਵਾਂ ਵਿਚ ਇਕ ਨਵਾਂ ਰੰਗ ਭਰਦੀ ਹੈ ਅਤੇ ਵਸਤੂ ਜਗਤ ਦੇ ਪਰਤੀ ਸਾਡੇ ਰੂੜੀਵਾਦ ਬੋਧ ਵਿਚ ਇਕ ਨਵੀਨਤਾ ਦਾ ਨਿਰਮਾਣ ਵੀ ਕਰਦਾ ਹੈ।[15]

ਸ਼ਸ਼ੀ ਭੂਸ਼ਨ ਸ਼ੀਤਾਂਸ਼ੂ ਅਨੁਸਾਰ ਰਚਨਾਕਾਰ ਦੀ ਅਭਿਵਿਅੰਜਨਾ ਵਿਚ ਜ਼ਿਆਦਾਤਰ ਭਾਸ਼ਕ

ਇਕਾਈਆਂ ਆਪਣੀਆਂ ਸਵੈਚਾਲ ਦੇ ਕਾਰਨ ਪਿੱਠਭੂਮੀ ਵਿਚ ਚਲੀਆਂ ਜਾਂਦੀਆਂ ਹਨ। ਇਸ ਵਿਚ ਰੂੜ੍ਹ ਪਰਬੰਧ ਨੂੰ ਤੋੜਨ ਵਾਲੀਆਂ ਭਾਸ਼ਿਕ ਇਕਾਈਆਂ ਆਪਣੇ ਨਵੇਂ ਰੂਪ ਵਿਚ ਉਭਰਦੀਆਂ ਹਨ। ਅਗਰਭੂਮਨ ਵਿਚ ਭਾਸ਼ਾ ਦਾ ਸੌਂਦਰਯਾਤਮਕ ਪਰਕਾਰਜ ਕਿਰਿਆਸ਼ੀਲ ਹੁੰਦਾ ਹੈ।[16]

ਇਸ ਪਰਕਾਰ ਕਿਹਾ ਜਾ ਸਕਦਾ ਹੈ ਕਿ ਅਗਰਭੂਮਨ ਅਭਿਵਿਅਕਤੀ ਦੀ ਅਜਿਹੀ ਭੰਗਿਮਾ ਹੈ ਜਿਸ ਵਿਚ ਭਾਸ਼ਾ ਦਾ ਸੌਂਦਰਯਾਤਮਕ ਪਰਕਾਰਜ ਨਿਹਿਤ ਰਹਿੰਦਾ ਹੈ। ਇਸਦੇ ਦੁਆਰਾ ਰਚਨਾਕਾਰ ਰੂੜ੍ਹੀਆਂ ਨੂੰ ਅਤਿਕਰਮਿਤ ਕਰਕੇ ਚੌਂਕਾ ਦੇਣ ਵਾਲੇ ਭਾਸ਼ਿਕ ਵਿਧਾਨ ਦਾ ਨਵ ਨਿਰਮਾਣ ਕਰਦਾ ਹੈ।

### 3.2.2 ਅਧਿਐਨ ਪੱਧਰ

ਅਗਰਭੂਮਨ ਦੇ ਵਿਸਥਾਰ ਸਹਿਤ ਅਧਿਐਨ ਤੋਂ ਬਾਅਦ ਅਧਿਐਨ ਪੱਧਰ ਜੋ ਇਸ ਪ੍ਰਤਿਮਾਨ ਦੇ ਅੰਤਰਗਤ ਆਉਂਦੇ ਹਨ, ਨੂੰ ਵਿਚਾਰਨਾ ਜ਼ਰੂਰੀ ਹੈ। ਜਿਹਨਾਂ ਰਾਹੀਂ ਲੇਖਕ ਅਗਰਭੂਮਨ ਪਰਾਪਤ ਕਰਦਾ ਹੈ। ਇਹ ਪੱਧਰ ਇਸ ਪਰਕਾਰ ਹਨ :

#### 3.2.2.1 ਵਿਚਲਨ

ਭਾਸ਼ਾ ਦੀ ਆਪਣੀ ਇਕ ਵਿਵਸਥਾ ਹੁੰਦੀ ਹੈ ਜਿਸਦੇ ਨਿਯਮਾਂ ਵਿਚ ਰਹਿ ਕੇ ਉਹ ਕਾਰਜ ਕਰਦੀ ਹੈ। ਸਾਧਾਰਨ ਭਾਸ਼ਾ ਨਿਯਮਬੱਧ ਹੁੰਦੀ ਹੈ। ਇਸ ਪਰਕਾਰ ਨਿੱਤ ਵਰਤੋਂ ਵਿਚ ਭਾਸ਼ਾ ਤੇ ਉਸਦੀ ਸੰਰਚਨਾ ਰੂੜ੍ਹ ਅਤੇ ਯਾਂਤਰਿਕ ਜਹੀ ਹੋ ਜਾਂਦੀ ਹੈ। ਹਰ ਵਿਅਕਤੀ ਸਮਾਨਯ ਜਾਂ ਵਿਹਾਰਕ ਭਾਸ਼ਾ ਦੁਆਰਾ ਹੀ ਆਪਣੇ ਵਿਚਾਰ ਜਾਂ ਇੱਛਾਵਾਂ ਪਰਗਟ ਕਰਦਾ ਹੈ। ਪਰਮਨਵ ਦੀ ਇਹ ਭਾਸ਼ਾ ਕਾਵਿ ਭਾਸ਼ਾ ਜਾਂ ਸਿਰਜਣਾਤਮਕ ਭਾਸ਼ਾ ਨਹੀਂ ਹੋ ਸਕਦੀ। ਕਾਵਿ ਭਾਸ਼ਾ ਰੂੜ੍ਹੀਗਤ ਵਿਵਸਥਾ ਤੋਂ ਹਟ ਕੇ ਕਾਰਜ ਕਰਦੀ ਹੈ। ਰੂੜ੍ਹੀਗਤ ਨਿਯਮਾਂ ਦਾ ਇਹ ਵਿਰੋਧ ਹੀ ਵਿਚਲਨ ਹੈ।

ਡਾ. ਰਵੀਂਦਰ ਨਾਥ ਸ੍ਰੀਵਾਸਤਵ ਦੇ ਸ਼ਬਦਾਂ ਵਿਚ ਸਮਾਨਯ ਭਾਸ਼ਾ ਦੇ ਸਮਾਨਯ ਭਾਸ਼ਿਕ ਨਿਯਮਾਂ ਦੇ ਇਸ ਵਿਰੋਧ ਨੂੰ ਹੀ ਵਿਚਲਨ ਕਿਹਾ ਜਾਂਦਾ ਹੈ।[17]

ਡਾ. ਪਾਂਡੇ ਸ਼ਸ਼ੀਭੂਸ਼ਣ ਸ਼ੀਤਾਂਸ਼ੂ ਇਸ ਸੰਬੰਧ ਵਿਚ ਲਿਖਦੇ ਹਨ, "ਵਿਚਲਨ ਵਿਚ ਸਮਾਨਯ ਗਦ ਭਾਸ਼ਾ ਦੇ ਮਾਪਦੰਡਾਂ ਤੋਂ ਵਿਰੋਧ ਹੁੰਦਾ ਹੈ। ਇਹ ਵਿਰੋਧ ਅਵਿਆਕਰਨਕ (ungrammatical) ਅਤੇ ਅਸਵੀਕਾਰਤਾ (unacceptability) ਵਰਗੀਆਂ ਦੋ ਦਿਸ਼ਾਵਾਂ ਵਿਚ ਹੁੰਦਾ ਹੈ।[18] ਅਵਿਆਕਰਣਿਕਤਾ ਵਿਚ ਭਾਸ਼ਾ ਦੇ ਪੱਧਰਾਂ (ਧੁਨੀ, ਸ਼ਬਦ, ਰੂਪ ਆਦਿ) ਦਾ ਪ੍ਰਤਿਮਾਨ ਜਾਂ ਮਾਪਦੰਡ ਤੋਂ ਹਟ ਕੇ ਆਉਣਾ ਮੰਨਿਆ ਜਾਂਦਾ ਹੈ।

ਡਾ. ਭੋਲਾ ਨਾਥ ਤਿਵਾੜੀ ਦੇ ਸ਼ਬਦਾਂ ਵਿਚ 'ਸਮਾਨਯ ਭਾਸ਼ਾ ਦੇ ਨਿਯਮਾਂ, ਬੰਧਨ ਚਾਲਨ ਅਥਵਾ ਰਾਹ ਨੂੰ ਛੱਡ ਕੇ ਨਵਾਂ ਰੂਪ ਧਾਰਨ ਕਰਨਾ ਤੇ ਨਵੀਂ ਦਿਸ਼ਾ ਵਿਚ ਚੱਲਣਾ ਹੀ ਵਿਚਲਨ ਵਿਪਥਨ ਆਦਿ ਹੈ।[19]

ਇਸ ਪਰਕਾਰ ਉਹਨਾਂ ਨੇ ਵਿਚਲਨ ਅਤੇ ਵਿਪਥਨ ਦੋ ਭਿੰਨ ਪੱਧਰਾਂ ਨੂੰ ਇਕ ਹੀ ਪਰਿਭਾਸ਼ਾ ਵਿਚ ਬੰਨਣ ਦਾ ਯਤਨ ਕੀਤਾ ਹੈ। ਜਦੋਂ ਕਿ ਵਿਚਲਨ ਅਤੇ ਵਿਪਥਨ ਦੋ ਭਿੰਨ ਭਿੰਨ ਸੱਤਾ ਵਾਲੇ ਦੋ ਪੱਧਰ ਹਨ।

ਡਾ. ਵਿਦਿਆ ਨਿਵਾਸ ਮਿਸ਼ਰ ਵੀ ਵਿਚਲਨ ਨੂੰ ਗੱਦ ਦੀ ਦਰਿਸ਼ਟੀ ਨਾਲ ਮਾਪਦੰਡ ਰੂਪ ਨਾਲ ਵਿਚਲਨ ਮੰਨਦੇ ਹਨ। "ਜਿਸਨੂੰ ਗੱਦ ਦੀ ਦਰਿਸ਼ਟੀ ਨਾਲ ਮਾਪਦੰਡ ਰੂਪ ਨਾਲ ਵਿਚਲਨ ਕਿਹਾ ਜਾਵੇਗਾ ਉਹ ਕਾਵਿ ਭਾਸ਼ਾ ਦੇ ਗਠਨ ਦੀ ਦਰਿਸ਼ਟੀ ਤੋਂ ਭਾਸ਼ਾ ਦੀ ਸਿਰਜਣ ਸਮਰਥਾ ਦਾ ਪਰਮਾਣ ਬਣ ਸਕਦਾ ਹੈ। ਸ਼ਰਤ ਹੈ ਕਿ ਉਸਦਾ ਪਰਯੋਗ ਸੰਜਮਤਾ ਅਤੇ ਕੁਸ਼ਲਤਾ ਨਾਲ ਕੀਤਾ ਜਾਣਾ ਚਾਹੀਦਾ ਹੈ।"[20]

ਸਾਧਾਰਨ ਭਾਸ਼ਾ ਦੇ ਨਿਯਮ, ਬੰਧਨ, ਵਰਤੋਂ ਅਤੇ ਪੱਖ ਤਿਆਗ ਕੇ ਨਵੇਂ ਪੱਖ ਉੱਤੇ ਚੱਲਣ ਨੂੰ ਪਰਾਹਨ ਕਿਹਾ ਜਾਂਦਾ ਹੈ। ਪੱਛਮ ਵਿਚ ਕਵੀ ਰਾਹੀਂ ਪਰਾਪਤ ਕੀਤੀ ਖੁੱਲ੍ਹ (poetic licence) ਸੰਸਕ੍ਰਿਤ ਦੀ ਕਵੀ ਦੀ ਨਿਰੰਕੁਸ਼ਤਾ ਅਤੇ ਕੁੰਤਕ ਦੀ ਵਕਰੋਕਤੀ ਸਭ ਪਰਾਹਨ ਹਨ। ਸਾਹਿਤ ਦੀ ਭਾਸ਼ਾ ਆਮ ਭਾਸ਼ਾ ਤੋਂ ਇਸ ਰੂਪ ਵਿਚ ਆਪਣੇ ਆਪ ਨੂੰ ਵਖਰਾਉਂਦੀ ਹੈ ਕਿ ਉਹ ਵਿਆਕਰਨ ਦੇ ਨਿਯਮ ਅਤੇ ਉਸਦੇ

ਮਿਆਰੀ ਸਰੂਪ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਵਿਆਕਰਨ ਦੇ ਪ੍ਰਤਿਮਾਨਾਂ ਨੂੰ ਭੰਗ ਕਰਕੇ ਕਾਵਿ ਭਾਸ਼ਾ ਕਾਵਿ ਦੀ ਕਿਸੇ ਵੀ ਸਤਹ ਤੇ ਆਪਣੇ ਸਰੂਪ ਦਾ ਪਰਗਟਾ ਕਰਦੀ ਹੈ ਤਾਂ ਉਥੇ ਵਿਚਲਨ ਜਨਮ ਲੈਂਦਾ ਹੈ।

ਆਮ ਤੌਰ ਤੇ ਵਿਆਕਰਨ ਭਾਸ਼ਾ ਤੇ ਸਾਧਾਰਨ ਭਾਸ਼ਾ ਦੇ ਪ੍ਰਤਿਮਾਨ ਤੋਂ ਹਟ ਕੇ ਜਦੋਂ ਲੇਖਕ ਵਿਸ਼ੇਸ਼ ਪਰਕਾਰ ਦੇ ਕਥ ਦਾ ਪਰਯੋਗ ਕਰਦਾ ਹੈ ਤਾਂ ਪਰਾਹਨ ਦੀ ਸਥਿੱਤੀ ਪੈਦਾ ਹੁੰਦੀ ਹੈ। ਅੰਗਰੇਜ਼ੀ ਵਿਚ ਇਸਨੂੰ ਡੈਵੀਏਸ਼ਨ (deviation) ਕਿਹਾ ਜਾਂਦਾ ਹੈ।

ਭਾਸ਼ਾ ਦੇ ਸਥਾਪਤ ਪ੍ਰਤਿਮਾਨਾਂ ਨੂੰ ਤੋੜ ਕੇ ਨਵੇਂ ਭਾਸ਼ਾ ਰੂਪਾਂ ਦੀ ਸਿਰਜਨਾ ਕਰਨਾ ਪਰਾਹਨ ਹੈ। ਪਰ ਇਸਦਾ ਇਹ ਮਤਲਬ ਨਹੀਂ ਕਿ ਨਵਾਂ ਸਿਰਜਨ ਕਿਸੇ ਨੇਮ ਵਿਚ ਬੱਝਾ ਨਹੀਂ ਹੁੰਦਾ ਜਾਂ ਆਪ ਮੁਹਾਰਾ ਹੁੰਦਾ ਹੈ। ਜਿੱਥੇ ਵਿਹਾਰਕ ਭਾਸ਼ਾ ਦੇ ਆਪਣੇ ਨੇਮ ਹੁੰਦੇ ਹਨ ਉਥੇ ਕਾਵਿ ਭਾਸ਼ਾ ਦੀ ਵਿਵਸਥਾ ਦੇ ਆਪਣੇ ਨੇਮ ਹੁੰਦੇ ਹਨ। ਕਾਵਿ ਭਾਸ਼ਾ ਪਰਾਹਨ ਦੀ ਜੁਗਤ ਰਾਹੀਂ ਵਸ਼ਿਸ਼ਟ ਭਾਸ਼ਾ ਦੇ ਰੂਪ ਧਾਰ ਜਾਂਦੀ ਹੈ। ਇਹ ਵੀ ਯਾਦ ਰੱਖਣ ਯੋਗ ਹੈ ਕਿ ਪਰਾਹਨ ਨਿਰਯਤਨ ਨਹੀਂ ਹੁੰਦਾ ਜਾਂ ਅਚੇਤ ਨਹੀਂ ਹੁੰਦਾ। ਸਗੋਂ ਨਵੀਂ ਪੈਟਰਨ ਸਿਰਜਨਾ ਵਿਸ਼ੇਸ਼ ਯਤਨ ਨਾਲ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਾਧਾਰਨ ਭਾਸ਼ਾ ਕਾਵਿ ਭਾਸ਼ਾ ਦੀ ਪਿੱਠਭੂਮੀ ਵਿਚ ਚਲੀ ਜਾਂਦੀ ਹੈ। ਇਹ ਹਾਲ ਆਮ ਵਰਤੀ ਜਾਣ ਵਾਲੀ ਕਾਵਿ ਭਾਸ਼ਾ ਦਾ ਵੀ ਹੋ ਸਕਦਾ ਹੈ। ਸ਼ੈਲੀ ਵਿਗਿਆਨੀ ਇਸ ਪਰਾਹਨ ਨੂੰ ਸੋਹਤੁਕ (ਮਦਦਗਾਰ) ਕਹਿੰਦੇ ਹਨ ਕਿਉਂਕਿ ਇਸ ਰਾਹੀਂ ਕਿਰਤਕਾਰ ਸਿਰਜਨਾਤਮਕ ਉਦੇਸ਼ ਦੀ ਪੂਰਤੀ ਕਰਦਾ ਹੈ। ਪਰਾਹਨ ਨਾਲ ਸ਼ੈਲੀ ਗੁਣਾਂ ਦੀ ਪਛਾਣ ਹੁੰਦੀ ਹੈ। ਪਰਾਹਨ ਨੂੰ ਸ਼ੈਲੀ ਵਿਗਿਆਨ ਦੋ ਸੰਦਰਭਾਂ ਵਿਚ ਗਰਹਿਣ ਕਰਦਾ ਹੈ।

1. ਵਿਆਕਰਨਕਤਾ (grammaticality)
2. ਦੁਹਰਾਓ (frequency)

**ਵਿਆਕਰਨਕਤਾ**

ਵਿਆਕਰਨਕਤਾ ਤੋਂ ਭਾਵ ਹੈ ਕਿਸੇ ਦੇ ਕਿਸੇ ਵਿਆਕਰਨ ਵਿਸ਼ੇਸ਼ ਦੇ ਨੇਮਾਂ ਮੁਤਾਬਕ ਰਚਿਆ ਗਿਆ ਹੋਣਾ। ਉਦਾਹਰਣ ਲਈ ਪੰਜਾਬੀ ਦੇ ਵਿਕਰਨ ਦੇ ਮੁਤਾਬਕ ਰਚਿਆ ਗਿਆ ਕੋਈ ਵਿਸ਼ੇਸ਼ ਵਾਕ ਵਿਆਕਰਨਕ ਹੋਵੇਗਾ। ਵਿਆਕਰਨਕਤਾ ਦਾ ਸੰਕਲਪ ਇਸ ਗੱਲ ਤੇ ਆਧਾਰਿਤ ਹੈ ਕਿ ਕੋਈ ਵਾਕ ਜਾਂ ਭਾਸ਼ਾ ਦਾ ਕੋਈ ਭਾਗ ਕਿਸ ਹੱਦ ਤੱਕ ਵਿਆਕਰਨ ਦੇ ਨਿਯਮਾਂ ਤੇ ਆਧਾਰਿਤ ਹੈ। ਵਿਆਕਰਨਕਤਾ ਦਾ ਸੁਆਲ ਸਾਨੂੰ ਦੋ ਗੱਲਾਂ ਬਾਰੇ ਵਿਚਾਰਨ ਲਈ ਪ੍ਰੇਰਦਾ ਹੈ। ਪਹਿਲੀ ਗੱਲ ਇਹ ਕਿ ਕੋਈ ਵਾਕ ਜੋ ਵਿਆਕਰਨਕਾਰਾਂ ਦੀ ਨਜ਼ਰ ਵਿਚ ਸੁਗਠਿਤ ਭਾਵ (well formed) ਹੈ ਉਸਨੂੰ ਭਾਸ਼ਾ ਬੋਲਣ ਵਾਲੇ ਲੋਕ ਸਵੀਕਾਰ ਕਰਦੇ ਹਨ ਕਿ ਨਹੀਂ। ਦੂਸਰੀ ਗੱਲ ਇਹ ਹੈ ਕਿ ਕੋਈ ਵਾਕ ਵਿਆਕਰਨ ਦੀ ਦਰਿਸ਼ਟੀ ਤੋਂ ਕੁਗਠਿਤ (ill formed) ਹੈ ਪਰ ਲੋਕ ਜੀਵਨ ਵਿਚ ਉਸਨੂੰ ਪੂਰੀ ਤਰ੍ਹਾਂ ਸਵੀਕਾਰਿਆ ਜਾਂਦਾ ਹੋਵੇ। ਇਸ ਲਈ ਜ਼ਰੂਰੀ ਹੈ ਕਿ ਅਸੀਂ ਵਾਕ ਦੇ ਪਰਸੰਗ ਨੂੰ ਦੋ ਤਰ੍ਹਾਂ ਨਾਲ ਵੇਖੀਏ ;

(ੳ) ਵਿਆਕਰਨਕ ਦਰਿਸ਼ਟੀ

(ਅ) ਲੋਕ ਪਰਵਾਨਗੀ ਦੀ ਦਰਿਸ਼ਟੀ

ਇਸ ਤਰ੍ਹਾਂ ਵਿਆਕਰਨਕਤਾ ਦਾ ਪ੍ਰਸ਼ਨ ਨਿਰਪੇਖ ਨੇਮਾਂ ਨਾਲ ਜੋੜਿਆ ਨਹੀਂ ਜਾ ਸਕਦਾ ਸਗੋਂ ਇਹ ਪਰਸੰਗ ਪਰਵਾਨਗੀ ਦੇ ਪੈਮਾਨੇ (scale of acceptability) ਨਾਲ ਸੰਬੰਧਤ ਹੈ। ਵਿਆਕਰਨਕਤਾ ਅਤੇ ਪਰਵਾਨਗੀ ਦੀ ਦਵੰਦਾਤਮਕ ਪਰਕਿਰਤੀ ਕਾਰਨ ਹੇਠਲੇ ਮਾਨ ਚਿੱਤਰ ਅਨੁਸਾਰ ਚਾਰ ਪਰਕਾਰ ਦੀਆਂ ਹਾਲਤਾਂ ਨਾਲ ਵੇਖਦੇ ਹਾਂ ;

ਵਿਆਕਰਣਕਤਾ

| | | + | − |
|---|---|---|---|
| | + | 1 | 2 |
| ਪਰਵਾਨਗੀ | - | 3 | 4 |

ੳ. ਵਿਆਕਰਨਕ ਰੂਪ ਵਿਚ ਸ਼ੁੱਧ ਅਤੇ ਪਰਵਾਨਗੀ ਯੋਗ।

ਅ. ਵਿਆਕਰਨਕ ਰੂਪ ਵਿਚ ਅਸ਼ੁੱਧ ਅਤੇ ਪਰਵਾਨਗੀ ਯੋਗ।

ੲ. ਵਿਆਕਰਨਕ ਰੂਪ ਵਿਚ ਸ਼ੁੱਧ ਅਤੇ ਅਪਰਵਾਨਗੀ ਯੋਗ।

ਸ. ਵਿਆਕਰਨਕ ਰੂਪ ਵਿਚ ਅਸ਼ੁੱਧ ਤੇ ਅਪਰਵਾਨਗੀ ਯੋਗ।

ਉਪਰਾਲੇ ਚਾਰਾਂ ਹੀ ਵਾਕ ਢਾਂਚਿਆਂ ਨੂੰ ਕ੍ਰਮਵਾਰ ਅਸੀਂ ਹੇਠਾਂ ਲਿਖੀਆਂ ਉਦਾਹਰਣਾਂ ਨਾਲ ਸਮਝ ਸਕਦੇ ਹਾਂ :

ੳ. ਭਾਰਤ ਦੀ ਆਜ਼ਾਦੀ ਦੀ ਕੀਮਤ ਭਗਤ ਸਿੰਘ ਨੇ ਆਪਣੀ ਸ਼ਹੀਦੀ ਨਾਲ ਦਿੱਤੀ।

ਅ. ਭਾਰਤੀ ਦੀ ਆਜ਼ਾਦੀ ਦੀ ਕੀਮਤ ਇਕ ਕੀਮਤੀ ਜਾਨ ਨੇ ਦਿੱਤੀ।

ੲ. ਇਕ ਬਹੁਰੰਗੀ ਜ਼ਿੰਦਗੀ ਸਹਿਕਦੀ ਇਕ ਗੁਫ਼ਾ ਵਿਚ ਰਾਹ ਲੱਭਦੀ ਪਤਾ ਨਹੀਂ ਕਿਉਂ ਡੁੱਬ ਗਈ।

ਸ. ਆਜ਼ਾਦੀ ਦੀ ਕੀਮਤ ਇਕ ਗੁਫ਼ਾ ਵਿਚ ਗੁੰਮ ਕੇ ਜਵਾਲਾਮੁਖੀ ਦਾ ਨਾਮ ਧਾਰਨ ਕਰ ਗਈ।

ਸ਼ੈਲੀ ਵਿਗਿਆਨੀਆਂ ਨੇ ਵਿਚਲਨ ਜਾਂ ਪਰਾਹਨ ਦੀ ਗੱਲ ਕਰਦਿਆਂ Semi Sentence ਜਾਂ ਅਰਧ ਵਾਕ ਦਾ ਸੰਕਲਪ ਪੇਸ਼ ਕੀਤਾ ਹੈ। ਜਿਹੜੇ ਵਾਕ ਭਾਸ਼ਾ ਬੋਲਣ ਵਾਲੇ ਲੋਕਾਂ ਦੇ ਪਰਵਾਨਗੀ ਪੈਮਾਨੇ ਉੱਤੇ ਵਿਆਕਰਨ ਅਸੰਗਤ ਗਿਣੇ ਜਾਂਦੇ ਹਨ, ਉਹਨਾਂ ਨੂੰ ਅਰਧ ਵਾਕ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਲੋਕ ਪਰਵਾਨਗੀ ਵਾਲੇ ਵਿਆਕਰਨਕ ਤੌਰ ਤੇ ਅਸ਼ੁੱਧ ਵਾਕ ਨੂੰ ਅਰਧ ਵਾਕ ਕਿਹਾ ਜਾਂਦਾ ਹੈ। ਅਰਧ ਵਾਕ ਵਿਆਕਰਨਕ ਹੋਕੇ ਵੀ ਅਜਿਹੇ ਵਾਕ ਹੁੰਦੇ ਹਨ ਜੋ ਭਾਸ਼ਿਕ ਨਿਯਮਾਂ ਵਿਚ (ਵਿਆਕਰਨਕ) ਬੱਝ ਕੇ ਵੀ ਉਹਨਾਂ ਦੀ ਉਲੰਘਣਾ ਕਰਦੇ ਹਨ। ਜਿਵੇਂ 'ਰੱਤੀ ਤੇਰੀ ਵੇ ਢੋਲ ਮੇਰਿਆ ਲੂੰਗੀ' ਇਸ ਵਾਕ ਵਿਚ ਸਾਧਾਰਨ ਵਿਆਕਰਨ ਦੇ ਨਿਯਮਾਂ ਦੀ ਉਲੰਘਣਾ ਹੈ ਪਰ ਇਹ ਲੋਕ ਪ੍ਰਵਾਨਿਤ ਹੈ। ਅਰਥ ਵਾਕ ਅਵਿਆਕਰਨਕ ਨਹੀਂ ਹੁੰਦੇ ਸਗੋਂ ਉਹਨਾਂ ਦਾ ਗਠਨ ਅਜਿਹੇ ਢੰਗ ਨਾਲ ਕੀਤਾ ਗਿਆ ਹੁੰਦਾ ਹੈ ਕਿ ਉਹ ਵਿਆਕਰਨਕ ਨੇਮਾਂ ਵਿਚ ਬੱਝ ਕੇ ਵੀ ਉਹਨਾਂ ਦਾ ਪਰਾਹਨ ਕਰਦੇ ਹਨ। ਜਿਵੇਂ ਅਰਧ ਵਾਕ ਦੀ ਉਦਾਹਰਣ ਹੈ (A grief ago) ਜਦੋਂ ਅਸੀਂ ਇਸ ਉਦਾਹਰਣ ਦੀ ਵਿਆਕਰਨਕ ਯੋਗਤਾ ਨੂੰ ਵੇਖਦੇ ਹਾਂ ਤਾਂ ਸਾਨੂੰ ਅੰਗਰੇਜ਼ੀ ਭਾਸ਼ਾ ਦਾ ਵਿਆਕਰਨ ਧਿਆਨਗੋਚਰੇ ਲਿਆਉਣਾ ਹੋਵੇਗਾ। ਪੰਜਾਬੀ ਵਿਚ ਇਸਦਾ ਅਨੁਵਾਦ 'ਇਕ ਦੁਖ ਪਹਿਲਾ' ਕੀਤਾ ਜਾ ਸਕਦਾ ਹੈ। ਹੁਣ ਇਸਦੀ ਬਣਤਰ ਨੂੰ ਵੇਖੀ ਤਾਂ ਪਤਾ ਲਗਦਾ ਹੈ ਕਿ ਕਵੀ ਦੇ ਮਨ ਵਿਚਲੀ ਵਾਕ ਰੂਪਾਵਲੀ ਦੇ ਮੁਤਾਬਕ 'ਇਕ ਛਿਨ ਪਹਿਲਾਂ', 'ਇਕ ਦਿਨ ਪਹਿਲਾਂ', 'ਇਕ ਮਹੀਨਾ ਪਹਿਲਾਂ', 'ਇਕ ਵਰ੍ਹਾ ਪਹਿਲਾਂ' ਆਦਿ ਸੰਰਚਨਾ ਬਣਨੀ ਚਾਹੀਦੀ ਸੀ। ਏਥੇ ਇਹ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ 'ਪਹਿਲਾਂ' ਦੇ ਖੱਬੇ ਪਾਸੇ ਸਮਾਂ ਸੂਚਕ ਨਾਂਵ ਦਾ ਵਰਤਿਆ ਜਾਣਾ ਆਮ ਵਿਹਾਰਕ ਵਾਕ ਬਣਾਉਂਦਾ ਹੈ। ਪਰ ਕਵੀ ਇਸ ਨੇਮ ਨੂੰ ਤੋੜ ਕੇ ਸ਼ਬਦ 'ਦੁੱਖ' ਦੀ ਵਰਤੋਂ ਕਰਦਾ ਹੈ ਜੋ ਅਨੁਭਵ ਦੇ ਖੇਤਰ ਨਾਲ ਸੰਬੰਧਤ ਹੈ। ਅਸੀਂ ਵੇਖਦੇ ਹਾਂ ਕਿ ਕਵੀ ਦੀ ਭਾਸ਼ਾ ਦਾ ਇਹ ਅਗਰਭੂਮਿਤ ਰੂਪ (foregrounded figure) ਭਾਸ਼ਕ ਪਰਾਹਨ ਦਾ ਨਮੂਨਾ ਬਣਦਾ ਹੈ; ਜਿਸਦਾ ਪਰਤੱਖਣ ਪਿਛੋਕੜ ਵਿਚ ਆਮ ਵਿਹਾਰਕ ਭਾਸ਼ਾ ਦੇ ਸਿਸਟਮ ਤੋਂ ਹੁੰਦਾ ਹੈ। ਇਸ ਤਰ੍ਹਾਂ ਅਗਰਭੂਮਿਕ ਭਾਸ਼ਾ ਪਰਯੋਗ ਆਮ ਵਿਹਾਰਕ ਭਾਸ਼ਾਈ ਪੈਟਰਨ ਦੇ ਮੁਕਾਬਲੇ ਵਿਚ ਮਾਪਿਆ ਜਾਂਦਾ ਹੈ ਅਤੇ ਇਸ ਤੋਂ ਭਾਸ਼ਕ ਪਰਾਹਨ ਦੀ ਸੂਚਨਾ ਮਿਲਦੀ ਹੈ। ਪਰਾਹਨ ਰਚਨਾ ਵਿਚ ਕਈ ਪੱਧਰਾਂ ਤੇ ਕੀਤਾ ਜਾਂਦਾ ਹੈ : ਸ਼ਬਦਾਂ ਦੀ ਪੱਧਰ ਤੇ, ਵਿਆਕਰਨ ਦੀ ਪੱਧਰ ਤੇ ਅਤੇ ਅਰਥ ਦੀ ਪੱਧਰ ਤੇ। ਸ਼ਬਦ ਦੀ ਪੱਧਰ ਤੇ ਕਵੀ ਪਹਿਲਾਂ ਮਿਲਦੇ ਸ਼ਬਦਾਂ ਨੂੰ ਤੋੜ ਕੇ ਨਵੇਂ ਸ਼ਬਦ ਘੜਦਾ ਹੈ; ਵਿਆਕਰਨ ਦੀ ਪੱਧਰ ਤੇ ਕਵੀ ਆਪਣੀ ਭਾਸ਼ਾ-ਰਚਨਾ ਕਰਦਿਆਂ ਆਮ ਪ੍ਰਤਿਮਾਣਕ ਵਿਆਕਰਨ ਦੇ ਨੇਮਾਂ ਦੀ ਉਲੰਘਣਾ ਕਰਦਾ ਹੈ ਅਤੇ ਨਜ਼ਮ ਦੀ ਆਪਣੀ ਵਿਆਕਰਨ ਰਚਦਾ ਹੈ। ਅਰਥ ਦੀ ਪੱਧਰ ਤੇ ਪਰਾਹਨ ਸਾਨੂੰ ਵਿਰੋਧ, ਵਿਰੋਧਾਭਾਸ, ਰੂਪਕ, ਲਕਸ਼ਣਾ, ਟਰਾਂਸਫਾਰਮਡ ਆਦਿ ਰੂਪਾਂ ਵਿਚ ਮਿਲਦੇ ਹਨ।

ਦੁਹਰਾਓ

ਦੁਹਰਾਓ ਰਾਹੀਂ ਲੇਖਕ ਅਗਰਭੂਮਨ ਕਰਦਾ ਹੈ। ਦੁਹਰਾਓ ਦਾ ਭਾਵ ਹੈ ਕਿ ਕੋਈ ਲੇਖਕ ਰਚਨਾ

ਕਰਦਿਆਂ ਹੋਇਆਂ ਪਾਠ ਦੀਆਂ ਲੋੜਾਂ ਅਤੇ ਰੁਚੀ ਮੁਜਬ ਕੁਝ ਸ਼ਬਦ - ਆਈਟਮਾਂ ਨੂੰ ਵਾਰ ਵਾਰ ਵਰਤੋਂ ਵਿਚ ਲਿਆਉਂਦਾ ਹੈ। ਸ਼ੈਲੀ ਦਾ ਦੁਹਰਾਉਮੂਲਕ ਪਰਸੰਗ ਦੋ ਮਾਨਤਾਵਾਂ ਤੇ ਆਧਾਰਿਤ ਹੈ :

1. ਸ਼ੈਲੀ ਬਹੁਤ ਸਾਰੇ ਵਿਕਲਪਾਂ ਵਿਚੋਂ ਇਕ ਦੀ ਚੋਣ ਹੈ।
2. ਕਿਸੇ ਪਰਵਚਨ ਵਿਚ ਜਿਸ ਤਰ੍ਹਾਂ ਦੀ ਚੋਣ ਕੀਤੀ ਗਈ ਹੋਵੇ, ਸੰਖਿਆਮੂਲਕ ਵਿਸ਼ੇਸ਼ਣਾਂ ਰਾਹੀਂ ਉਸਦੀ ਵਿਲੱਖਣਤਾ ਨੂੰ ਬਿਆਨ ਕੀਤਾ ਜਾ ਸਕਦਾ ਹੈ। ਸ਼ੈਲੀ ਦਾ ਦੁਹਰਾਓ ਮੂਲਕ ਸੰਦਰਭ ਸਾਪੇਖਤਾ ਦੀ ਧਾਰਨਾ ਤੇ ਆਧਾਰਿਤ ਹੈ। ਉਹ ਤੁਲਨਾ ਦੇ ਪਰਿਪੇਖ ਵਿਚ ਸਾਹਿਤਕ ਵਿਸ਼ੇਸ਼ਤਾਵਾਂ ਨੂੰ ਪਰਗਟ ਕਰਦਾ ਹੈ ਜਿਵੇਂ:

## 1. ਸ਼ਾਬਦਿਕ ਵਿਚਲਨ

ਸ਼ਾਬਦਿਕ ਪਰਾਹਨ ਦੀ ਸਭ ਤੋਂ ਉੱਤਮ ਨਮੂਨੇ ਨਵ-ਸ਼ਬਦ ਨਿਰਮਾਣ ਜਾਂ ਨਵੇਂ ਸ਼ਬਦਾਂ ਦੀ ਘਾੜਤ ਵਿਚ ਮਿਲਦੇ ਹਨ। ਕਈ ਨਵੇਂ ਸ਼ਬਦਾਂ ਦੀ ਰਚਨਾ ਕਰਕੇ ਭਾਸ਼ਾ ਦੀਆਂ ਮਿਲਦੀਆਂ ਯੋਗਤਾਵਾਂ ਤੋਂ ਪਾਰ ਚਲਾ ਜਾਂਦਾ ਹੈ। ਕਵੀ ਤੋਂ ਬਿਨਾਂ ਪੱਤਰਕਾਰ, ਵਿਗਿਆਨਕਾਰ ਅਤੇ ਵਿਗਿਆਨੀ ਵੀ ਆਪਣੇ ਭਾਸ਼ਕ ਪਰਯੋਗਾਂ ਵਿਚ ਭਾਸ਼ਕ ਕਾਢਾਂ ਲਈ ਜਾਣੇ ਜਾਂਦੇ ਹਨ। ਰਚੇ ਗਏ ਸ਼ਬਦਾਂ ਨੂੰ ਤਕਨੀਕੀ ਸ਼ਬਦਾਵਲੀ ਵਿਚ ਨਾਂਸ ਫਾਰਮੇਸ਼ਨਜ਼ (Nonce formations) ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਆਮ ਤੌਰ ਤੇ ਇਹ ਨਵਾਂ ਸ਼ਬਦ ਨਿਰਮਾਣ ਕੇਵਲ ਕਿਸੇ ਇਕ ਖਾਸ ਮੌਕੇ ਲਈ ਹੀ ਕੀਤਾ ਜਾਂਦਾ ਹੈ। ਨਵੇਂ ਸ਼ਬਦਾਂ ਦੀ ਘਾੜਤ ਨਵੀਆਂ ਲੋੜਾਂ ਪੂਰੀਆਂ ਕਰਨ ਦੀ ਦਰਿਸ਼ਟੀ ਤੋਂ ਸ਼ਬਦ ਭੰਡਾਰ ਵਿਚ ਵਿਸਥਾਰ ਕੀਤੇ ਜਾਣ ਲਈ ਨਹੀਂ ਕੀਤੀ ਜਾਂਦੀ। ਲੇਖਕ ਆਪਣੀ ਵਿਸ਼ੇਸ਼ ਰਚਨਾ ਵਿਚ ਜਦੋਂ ਭਾਸ਼ਕ ਮੱਦਾਂ ਘੜਦਾ ਹੈ ਤਾਂ ਉਹਨਾਂ ਨੂੰ ਅਸੀਂ (nonce formation ਦੀ ਸ਼੍ਰੇਣੀ ਵਿਚ ਰੱਖ ਸਕਦੇ ਹਾਂ। ਪਰ ਹੌਲੀ ਹੌਲੀ ਇਹ ਮੌਕਾ ਪੂਰਾ ਕਰਨ ਲਈ ਘੜੇ ਸ਼ਬਦ, ਭੰਡਾਰ ਦਾ ਅੰਗ ਬਣ ਜਾਂਦੇ ਹਨ।

ਅਸੀਂ ਆਮ ਤੌਰ ਤੇ ਨਵ ਸ਼ਬਦ ਨਿਰਮਾਣ ਨੂੰ ਸ਼ਾਬਦਿਕ ਨੇਮ ਦਾ ਭੰਗ ਹੋਣਾ ਸਮਝਦੇ ਹਾਂ ਪਰ ਇਥੇ ਹੁੰਦਾ ਇਹ ਹੈ ਕਿ ਪਹਿਲਾਂ ਤੋਂ ਮਿਲਦੇ ਸ਼ਬਦ ਰਚਨਾ ਦੇ ਨੇਮ ਨੂੰ ਹੀ ਵਧੇਰੇ ਸਮਾਨਯ ਰੂਪ ਵਿਚ ਵਰਤਿਆ ਜਾਂਦਾ ਹੈ। ਇਸਦੀ ਵਰਤੋਂ ਉੱਤੇ ਆਮ ਤੌਰ ਤੇ ਲਗਾਈਆਂ ਗਈਆਂ ਬੰਦਿਸ਼ਾਂ ਹਟਾ ਦਿੱਤੀਆਂ ਜਾਂਦੀਆਂ ਹਨ।

ਇਕ ਹੋਰ ਢੰਗ ਨਾਲ ਸ਼ਬਦ ਭੰਡਾਰ ਵਿਚ ਵਾਧਾ ਕੀਤਾ ਜਾਂਦਾ ਹੈ ਜਿਸ ਦਾ ਅੰਗਰੇਜ਼ੀ ਭਾਸ਼ਾ ਦੇ ਸੰਦਰਭ ਵਿਚ ਖਾਸ ਮਹੱਤਵ ਹੈ, ਪਰਕਾਰਜੀ ਪਰਿਵਰਤਨ (functional conversion) ਅਖਵਾਉਂਦਾ ਹੈ। ਇਸਨੂੰ ਸਿਰਫ ਸੰਜੋਗ ਵੀ ਕਿਹਾ ਜਾਂਦਾ ਹੈ। ਪਰਕਾਰਜੀ ਪਰਿਵਰਤਨ ਤੋਂ ਭਾਵ ਹੈ ਕਿਸੇ ਸ਼ਬਦ ਨੂੰ ਉਸਦੇ ਵਿਆਕਰਨਕ ਪਰਕਾਰਜ ਦੀ ਬਜਾਏ ਕਿਸੇ ਨਵੇਂ ਵਿਆਕਰਨਕ ਪਰਕਾਰਜ ਲਈ ਵਰਤੋਂ ਵਿਚ ਲਿਆਉਣਾ ਪਰ ਉਸ ਦੇ ਰੂਪ ਨੂੰ ਉਵੇਂ ਦਾ ਉਵੇਂ ਰਹਿਣ ਦੇਣਾ।

ਸ਼ਬਦ ਨਿਰਮਾਣ (neologism) ਦੇ ਕਾਵਿ ਰਚਨਾ ਵਿਚ ਬਹੁਤ ਸਾਰੇ ਪਰਕਾਰਜ ਹਨ। ਪਰ ਲੀਰ ਦੇ ਸ਼ਬਦਾਂ ਵਿਚ ਇਸਦਾ ਸਭ ਤੋਂ ਵੱਡਾ ਪਰਕਾਰਜ ਸੰਕਲਪ ਘੜਨਾ ਹੈ। ਆਮ ਤੌਰ ਤੇ ਅਸੀਂ ਕਿਸੇ ਭਾਸ਼ਾ ਵਿਚ ਕਿਸੇ ਗੱਲ ਨੂੰ ਕਹਿਣ ਲਈ ਪੂਰਾ ਵਾਕੰਸ਼ ਜਾਂ ਅੱਧਾ ਵਾਕ ਵਰਤਦੇ ਹਾਂ। ਪਰ ਸ਼ਬਦ ਨਿਰਮਾਣ ਦੁਆਰਾ ਜਦੋਂ ਨਵੇਂ ਸ਼ਬਦ ਘੜੇ ਜਾਂਦੇ ਹਨ ਤਾਂ ਭਾਸ਼ਾ ਵਿਚ ਅਜਿਹਾ ਸੰਕਲਪ ਜਾਂ ਗੁਣ ਪੈਦਾ ਹੋ ਜਾਂਦਾ ਹੈ ਜਿਸ ਨਾਲ ਵਧੇਰੇ ਸੰਜਮ ਤੇ ਸੰਖੇਪ ਰੂਪ ਵਿਚ ਗੱਲ ਕਹੀ ਜਾ ਸਕਦੀ ਹੈ। ਉਦਾਹਰਣ ਲਈ ਪੰਜਾਬੀ ਵਿਚ ਸੁਹੰਢਣ, ਨਿਚਿੰਤ, ਨਿਕਰਮਣ, ਅ-ਬਾਜੂ ਹੱਥ, ਅ-ਧੜ ਗਰਦਨ, ਅਸਿਰ-ਮੱਥਾ, ਅਖਬਾਰੀ, ਬੁਹਾਰੇ (ਸਭ ਤਾਰੇ ਗਏ ਬੁਹਾਰੇ) ਬੁਹਾਰੀ (ਬੁਹਾਰੀ ਆਣ ਖਰਖਹਾਂ ਏਸ ਗਲੀ ਦੀ ਪਿੱਠ ਤੇ ਕਰਦੀ ਹੈ) ਆਦਿ ਅਜਿਹੇ ਸ਼ਬਦ ਨਿਰਮਾਣ ਦੀਆਂ ਉਦਾਹਰਣਾਂ ਹਨ ਜੋ ਪੰਜਾਬੀ ਭਾਸ਼ਾ ਦੀ ਸੰਕਲਪ ਘੜਨ ਦੀ ਯੋਗਤਾ ਨੂੰ ਵਧਾਉਂਦੀਆਂ ਹਨ।

ਦੋ ਭਿੰਨ ਭਿੰਨ ਆਈਟਮਾਂ ਨੂੰ ਜੋੜ ਕੇ ਸੰਯੁਕਤ ਸ਼ਬਦਾਂ ਦੀਆਂ ਉਪਰੋਕਤ ਉਦਾਹਰਣਾਂ ਵਿਚੋਂ ਕੁਝ ਅਜਿਹੇ ਵੀ ਹਨ ਜੋ ਸ਼ਾਬਦਕ ਪਰਾਹਨ ਦਾ ਨਮੂਨਾ ਨਹੀਂ ਬਣਦੇ ਕਿਉਂਕਿ ਪੰਜਾਬੀ ਸ਼ਬਦ ਨਿਰਮਾਣ

ਦੇ ਨੇਮਾਂ ਦੇ ਮੁਤਾਬਕ ਉਹ ਸਹਿਜ ਨਜ਼ਰ ਆਉਂਦੇ ਹਨ। ਪਰ ਅਗਨ-ਵਰੇਸ, ਵਿਧਵਾ ਰੁੱਤ ਵਰਗੇ ਸੰਯੁਕਤ ਸ਼ਬਦ ਪੰਜਾਬੀ ਦੇ ਸਾਧਾਰਨ ਸ਼ਬਦ ਰਚਨਾ ਦੇ ਅਮਲ ਨੂੰ ਭੰਗ ਕਰਦੇ ਹਨ। ਇਸ ਕਾਰਨ ਇਹ ਸ਼ਬਦ ਪਰਾਹਨ ਦੇ ਸੂਚਕ ਹਨ।

## 3. ਧੁਨੀਮੂਲਕ ਵਿਚਲਨ

ਧੁਨੀ ਦੀ ਪੱਧਰ ਤੇ ਸੁਚੇਤ ਤੌਰ ਤੇ ਰਚੇ ਧੁਨੀਮੂਲਕ ਪੈਟਰਨ ਕਾਵਿ ਰਚਨਾ ਤੇ ਵਿਗਿਆਪਨ ਨਮੂਨਿਆਂ ਵਿਚ ਮਿਲਦੇ ਹਨ। ਛੰਦਾਬੰਦੀ ਦੀਆਂ ਤੁਰੀਆਂ ਆਉਂਦੀਆਂ ਰੂੜ੍ਹੀਆਂ ਕਵੀ ਨੂੰ ਤੋਲ ਤੁਕਾਂਤ ਦੇ ਅਨੁਕੂਲ ਉਚਾਰ ਨੂੰ ਭਿੰਨ ਭਿੰਨ ਵੰਨਗੀਆਂ ਵਿਚ ਬੰਨ੍ਹਣ ਦੀ ਆਗਿਆ ਦੇਂਦੀਆਂ ਹਨ। ਕਵੀ ਰੂੜ੍ਹੀ ਅਨੁਸਾਰ ਅੱਖਰ ਲੋਪ (elision) ਆਦਿ ਵਰਨ ਲੋਪ (ephesis) ਅੰਤਲੋਪ (apocope) ਆਦਿ ਰਾਹੀਂ ਧੁਨੀਮੂਲਕ ਪਰਾਹਨ ਲਿਆਉਂਦਾ ਹੈ। ਗੱਦ ਰਚਨਾ ਵਿਚ ਅਜਿਹੇ ਪਰਾਹਨ ਬਾਰੇ ਹਵਾਲੇ ਕੇਵਲ ਨਾ ਮਾਤਰ ਹੀ ਮਿਲਦੇ ਹਨ। ਜਿਵੇਂ 'ਵਿਚੋਂ' ਦੀ ਥਾਂ 'ਚੋਂ ਨ੍ਹੇਰੇ-ਹਨੇਰੇ ਦੀ ਥਾਂ ਆਦਿ ਸ਼ਬਦਾਂ ਵਿਚ ਅਸੀਂ ਅਜਿਹੀਆਂ ਉਦਾਹਰਣਾਂ ਲੱਭ ਸਕਦੇ ਹਾਂ। ਜੇਕਰ ਸ਼ਬਦ ਉਚਾਰਨ ਮੁੱਢਲਾ ਉਚਾਰ ਖੰਡ ਦਾ ਲੋਪ ਹੋਵੇ ਤਾਂ ਇਸ ਨੂੰ ਆਦਿ ਵਰਨ ਲੋਪ ਕਿਹਾ ਜਾਂਦਾ ਹੈ। ਜੇਕਰ ਮੱਧ ਵਿਚੋਂ ਉਚਾਰ ਖੰਡ ਲੋਪ ਹੋਵੇ ਤਾਂ ਇਸ ਨੂੰ ਸਿਨਕੋਪ (syncope) ਕਹਿੰਦੇ ਹਨ ਅਤੇ ਜਦੋਂ ਇਹ ਲੋਪ ਅੰਤਿਮ ਉਚਾਰ ਖੰਡ ਦਾ ਹੋਵੇ ਤਾਂ ਉਦੋਂ ਇਸ ਨੂੰ (apocope) ਐਪੋਕੋਪ ਕਹਿੰਦੇ ਹਨ।

## 4. ਲੇਖਨ ਵਿਗਿਆਨ ਦੀ ਪੱਧਰ ਤੇ ਵਿਚਲਨ

ਸ਼ਬਦ ਜੋੜ ਦੀ ਪੱਧਰ ਤੇ ਕਿਸੇ ਸ਼ਬਦ ਦੇ ਉਚਾਰਨ ਬਦਲ ਜਾਣ ਨਾਲ ਉਸ ਵਿਚ ਅਜਨਬੀਅਤ ਆ ਜਾਂਦੀ ਹੈ। ਇਸੇ ਤਰ੍ਹਾਂ ਲਿਪੀਅੰਕਣ ਵਿਗਿਆਨ ਦੀ ਪੱਧਰ ਤੇ ਵੀ ਪਰਾਹਨ ਕੀਤੇ ਜਾਂਦੇ ਹਨ। ਇਸ ਦੀ ਉਦਾਹਰਣ ਉਚਾਰਨ ਵਿਚ ਨਵੀਂ ਮਿਲੀ ਪਰ ਲਿਖਤ ਰੂਪ ਵਿਚ ਇਸ ਦਾ ਉਦਾਹਰਣ ਭਾਸ਼ਾ ਲੇਖਨ ਦੀਆਂ ਵਿਸ਼ੇਸ਼ ਰੂਪ ਵਿਧੀਆਂ ਦੁਆਰਾ ਮਿਲ ਜਾਂਦਾ ਹੈ।

## 5. ਅਰਥਮੂਲਕ ਵਿਚਲਨ ਜਾਂ ਪਰਾਹਨ

ਕਵਿਤਾ ਵਿਚ ਥੋੜ੍ਹਾ ਜਿਹਾ ਅਤਾਰਕਿਕਤਾ ਦਾ ਤੱਤ ਲਾਜ਼ਮੀ ਤੌਰ ਤੇ ਹੁੰਦਾ ਹੈ। ਜਦੋਂ ਅਸੀਂ ਅਰਥਮੂਲਕ ਪਰਾਹਨ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿਚ ਇਸ ਅਤਾਰਕਿਕਤਾ ਦਾ ਵਿਚਾਰ ਹੁੰਦਾ ਹੈ। ਕਵਿਤਾ ਵਿਚ ਵਰਤੇ ਗਏ ਰੂਪਕਾਂ ਨੂੰ ਜੇਕਰ ਅਸੀਂ ਉਹਨਾਂ ਦੇ ਸ਼ਬਦੀ ਅਰਥਾਂ ਦੇ ਰੂਪ ਵਿਚ ਗਰਹਿਣ ਕਰੀਏ ਤਾਂ ਸਾਰੀ ਕਵਿਤਾ ਇਕ ਪਰਕਾਰ ਦਾ ਅਰਥਹੀਣ ਪਰਪੰਚ ਨਜ਼ਰ ਆਏਗੀ। ਜੇਕਰ ਅਸੀਂ ਅਠਾਰਵੀਂ ਉਨ੍ਹੀਵੀਂ ਸਦੀ ਦੇ ਪੰਜਾਬੀ ਕਿੱਸਾ ਕਵੀਆਂ ਵੱਲੋਂ ਆਪਣੀਆਂ ਨਾਇਕਾਵਾਂ ਦੇ ਹੁਸਨ ਬਿਆਨ ਕਰਨ ਲਈ ਵਰਤੀਆਂ ਗਈਆਂ ਤਸ਼ਬੀਹਾਂ ਜਿਵੇਂ ਮੱਥਾ ਮਹਿਤਾਬ, ਗੱਲਾਂ ਸੇਉ, ਨੈਣ ਤੀਰ, ਭਵਾਂ ਕਮਾਨ, ਬੁਲ੍ਹ ਯਕੂਤ, ਦੰਦ ਮੋਤੀ ਲੜੀਆਂ, ਠੋਡੀ ਨਾਸ਼ਪਤੀ ਆਦਿ ਦੇ ਸਿੱਧੇ ਸ਼ਾਬਦਿਕ ਅਰਥ ਗਰਹਿਣ ਕਰੀਏ ਤਾਂ ਸਾਨੂੰ ਇਸ ਵਿਚ ਕੋਈ ਅਰਥ ਨਜ਼ਰ ਨਹੀਂ ਆਵੇਗਾ। ਇਸੇ ਕਰਕੇ ਕਵਿਤਾ ਵਿਚ ਵਰਤੀ ਗਈ ਭਾਸ਼ਾ ਦੇ ਸੰਦਰਭਾਰਥ ਤੇ ਧਿਆਨ ਟਿਕਾਉਣਾ ਪੈਂਦਾ ਹੈ। ਸੰਦਰਭਾਰਥ ਤੋਂ ਖੁੰਝ ਕੇ ਅਸੀਂ ਕਵਿਤਾ ਦੇ ਅਸਲ ਅਰਥਾਂ ਨੂੰ ਕਦੇ ਵੀ ਗਰਹਿਣ ਨਹੀਂ ਕਰ ਸਕਦੇ। ਕਵਿਤਾ ਵਿਚ ਅਰਥ ਬਦਲੀ (transference of meanings) ਜਾਂ ਰੂਪਕ (metaphor) ਅਜਿਹੀ ਪਰਕਿਰਿਆ ਹੈ ਜਿਸ ਦੁਆਰਾ ਨਿਰੋਲ ਸ਼ਬਦ ਦੀ ਅਰਥ ਵਿਹੀਣਤਾ ਤੋਂ ਅਲੰਕਾਰ ਦੀ ਪੱਧਰ ਉੱਤੇ ਅਰਥਪੂਰਨਤਾ ਤੱਕ ਦੀ ਯਾਤਰਾ ਕੀਤੀ ਜਾਂਦੀ ਹੈ। ਇਹ ਭਾਸ਼ਾ ਦੀਆਂ ਆਮ ਸ਼ਕਤੀਆਂ ਤੋਂ ਪਾਰ ਜਾ ਕੇ ਨਵੀਂ ਭਾਸ਼ਾ ਦਾ ਸਿਰਜਣ ਹੈ।

ਵਿਗਿਆਪਨ ਦੇ ਖੇਤਰ ਵਿਚ ਅਤਾਰਕਿਕਤਾ ਬੜਾ ਵੱਡਾ ਰੋਲ ਅਦਾ ਕਰਦੀ ਹੈ। ਵਿਗਿਆਪਨਕਾਰ ਅਰਥਮੂਲਕ ਪਰਗਨਾ ਰਾਹੀਂ ਆਪਣੀ ਵਿਕਰੀ ਦੀ ਸ਼ੈਅ ਵੱਲ ਪਾਠਕਾਂ ਦਾ ਧਿਆਨ ਖਿੱਚਦਾ ਹੈ। Geoffery N. Leach ਦੇ ਸ਼ਬਦਾਂ ਵਿਚ ਭਾਸ਼ਾ ਦੇ ਹਰ ਪਰਯੋਗ ਦੇ ਅਰਥ ਉਸਦੇ ਸੰਦਰਭ ਨਾਲ ਜੁੜੇ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਇਹ ਭਾਸ਼ਾ ਪਰਯੋਗ ਉਹੀ ਸੂਚਨਾ ਦਿੰਦੇ ਹਨ ਜੋ ਵਿਸ਼ੇਸ਼ ਸਥਿੱਤੀ ਵਿਚ ਮਿਲਣੀ ਚਾਹੀਦੀ ਹੈ।

## 6. ਬੋਲੀ ਦੀ ਪੱਧਰ ਤੇ ਪਰਾਹਨ

ਲੇਖਕ ਮਿਆਰੀ ਭਾਸ਼ਾ ਦੀ ਵਰਤੋਂ ਕਰਦਾ ਕਰਦਾ ਕਦੀ ਕਦੀ ਸਮਾਜਕ ਜਾਂ ਪਰਿਭਾਸ਼ਤ ਬੋਲੀਆਂ ਜਾਂ ਉਪਭਾਸ਼ਾਵਾਂ ਦੇ ਲੱਛਣਾਂ ਦੀ ਵਰਤੋਂ ਕਰਦਾ ਹੋਇਆ ਵੀ ਪ੍ਰਹਾਨ ਕਰਦਾ ਹੈ। ਗੱਦ ਲੇਖਕ ਆਮ ਤੌਰ ਤੇ ਮਾਣਕ ਭਾਸ਼ਾ ਵਿਚ ਹੀ ਲਿਖਦਾ ਹੈ। ਉਸਨੂੰ ਆਮ ਕਰਕੇ ਉਪਭਾਸ਼ਾਵਾਂ ਵਾਲੇ ਲੱਛਣਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਨਹੀਂ ਹੁੰਦੀ। ਕਵੀ, ਕਹਾਣੀਕਾਰ ਜਾਂ ਨਾਵਲਕਾਰ ਜਾਂ ਹਾਸ ਵਿਅੰਗ ਦਾ ਲੇਖਕ ਬੋਲੀ ਜਾਂ ਉਪਭਾਸ਼ਾ ਦੇ ਲੱਛਣਾਂ ਦੀ ਵਰਤੋਂ ਕਰਕੇ ਭਾਸ਼ਾ ਵਿਚ ਸੱਜਰਾਪਨ ਲਿਆਉਂਦਾ ਹੈ। ਪੰਜਾਬੀ ਵਿਚ ਨਾਵਲਕਾਰ ਸੋਹਣ ਸਿੰਘ ਸੀਤਲ ਮਾਝੇ ਦੇ ਵਿਸ਼ੇਸ਼ ਆਂਚਲ ਨੂੰ ਚਿਤਰਣ ਵਾਲਾ ਨਾਵਲਕਾਰ ਮੰਨਿਆ ਗਿਆ ਹੈ। ਜਦਕਿ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ ਤੇ ਜਸਵੰਤ ਸਿੰਘ ਕੰਵਲ ਤੇ ਮਾਲਵੇ ਦੇ ਆਂਚਲ ਨੂੰ ਚਿਤਰਣ ਤੇ ਮਲਵਈ ਭਾਸ਼ਾ ਦੀ ਵਿਸ਼ੇਸ਼ ਵਰਤੋਂ ਕਰਨ ਦਾ ਲੇਬਲ ਆਲੋਚਕਾਂ ਨੇ ਲਾਇਆ ਹੈ। ਇਹ ਪ੍ਰਹਾਨ ਸ਼ਬਦ ਰੂਪ ਤੇ ਵਾਕ ਦੀ ਪੱਧਰ ਤੱਕ ਵੀ ਕੀਤਾ ਜਾਂਦਾ ਹੈ।

## 7. ਇਤਿਹਾਸਕ ਕਾਲ

ਕਵੀ ਆਪਣੀ ਕਾਵਿ ਭਾਸ਼ਾ ਰਚਨ ਲੱਗਿਆਂ ਬੋਲੀ ਤੇ ਰਜਿਸਟਰ ਦੀਆਂ ਹੱਦਾਂ ਪਾਰ ਕਰਦਾ ਹੈ। ਉਹ ਕੇਵਲ ਆਪਣੇ ਯੁੱਗ ਦੀ ਭਾਸ਼ਾ ਦੀ ਵਰਤੋਂ ਤੱਕ ਸੀਮਿਤ ਨਹੀਂ ਰਹਿੰਦਾ। ਇਸ ਲਈ ਇਤਿਹਾਸਕ ਪੱਖ ਤੋਂ ਭਾਸ਼ਾ ਦਾ ਸਦੀਆਂ ਦਾ ਵਿਕਾਸ ਇਕ ਅਖੰਡ ਇਕਾਈ ਹੈ ਅਤੇ ਉਹ ਆਪਣੇ ਇਤਿਹਾਸਕ ਯੁੱਗ ਤੋਂ ਪਹਿਲਾਂ ਦੀ ਭਾਸ਼ਾ ਦੀ ਵੀ ਲੋੜ ਅਨੁਸਾਰ ਵਰਤੋਂ ਕਰਦਾ ਹੈ। ਇਸ ਕਰਕੇ ਲੇਖਕਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕੇਵਲ ਆਪਣੇ ਯੁੱਗ ਦੀ ਭਾਸ਼ਾ ਤੋਂ ਹੀ ਵਾਕਿਫ ਨਾ ਹੋਣ ਸਗੋਂ ਆਪਣੀ ਭਾਸ਼ਾ ਦੇ ਇਤਿਹਾਸਕ ਸਮੁੱਚ ਨਾਲ ਸਾਂਝ ਰੱਖਦੇ ਹੋਣ। ਦੂਜੇ ਸ਼ਬਦਾਂ ਵਿਚ ਕਵੀ ਨੂੰ ਇਕ ਭਾਸ਼ਾ ਮਰਮੀ (philologist) ਹੋਣਾ ਵੀ ਲਾਜ਼ਮੀ ਹੈ। ਇਸ ਕਰਕੇ ਕਵੀ ਇਹ ਆਮ ਕਹਿੰਦੇ ਮੰਨੇ ਗਏ ਹਨ ਕਿ ਕੀ ਉਹ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਦੇ ਕਵੀਆਂ ਦੀ ਭਾਸ਼ਾ ਤੇ ਸੰਚਾਰ ਮਾਧਿਅਮ ਵਰਤੋਂ ਵਿਚ ਲਿਆਉਂਦੇ ਹਨ ਚਾਹੇ ਉਹਨਾਂ ਦੇ ਆਪਣੇ ਵੇਲੇ ਦੀ ਭਾਸ਼ਾ ਕਿੰਨੀ ਹੀ ਕਿਉਂ ਨਾ ਬਦਲ ਗਈ ਹੋਵੇ। ਪੁਰਾਤਨਤਾ (archaism) ਜਾਂ ਅਤੀਤ ਦੀ ਭਾਸ਼ਾ ਦਾ ਵਰਤਮਾਨ ਵਿਚ ਜਿਊਂਦਾ ਰੱਖਣਾ ਕਵਿਤਾ ਦਾ ਸੰਸਥਾ ਕਿਰਤ ਲਾਈਸੈਂਸ ਹੈ। ਕਵੀ ਅਨੇਕ ਵਾਰੀ ਜਾਣ ਬੁੱਝ ਕੇ ਨਵੇਂ ਭਾਸ਼ਾ ਮੁਹਾਵਰੇ ਵਿਚ ਆਦਿਮ ਭਾਸ਼ਾ ਰੂਪ ਵਿਧੀਆਂ, ਲੈਆਂ ਤੇ ਤੱਤਾਂ ਨੂੰ ਜਿਊਂਦਾ ਰੱਖਦਾ ਹੈ।

## 8. ਪਰਵਚਨ ਦੀ ਪੱਧਰ ਤੇ ਵਿਚਲਨ

ਜਿੱਥੇ ਇਕ ਪੂਰਨ ਕਥਨ ਦੇ ਇਕ ਭਾਗ ਦਾ ਤਾਂ ਵਿਆਖਿਆ ਕਰਨ ਯੋਗ ਕਥਨ ਕੀਤਾ ਜਾਵੇ ਪਰੰਤੂ ਬਾਕੀ ਭਾਗ ਦੇ ਵਿਆਖਿਆਤ ਕਥਨ ਦਾ ਭਾਵ ਪਰਗਟ ਹੁੰਦਾ ਹੋਵੇ ਉਥੇ ਪਰਵਚਨ ਵਿਚਲਨ ਹੁੰਦਾ ਹੈ। ਨਾਵਲ ਵਿਚ ਕਈ ਕਿਸਮ ਦੇ ਪਾਠ ਹੁੰਦੇ ਹਨ ਵਿਆਖਿਆਤਮਕ ਪੱਧਰ ਤੇ ਉਹ ਸਾਰੇ ਇਕ ਦੂਜੇ ਤੋਂ ਪਰਾਹਨ ਪੈਦਾ ਕਰਦੇ ਹਨ। ਨਾਵਲ ਵਿਚ ਰੀਤੀ ਰਸਮਾਂ ਦਾ, ਕਦਰਾਂ ਕੀਮਤਾਂ ਦਾ ਤੇ ਰਿਸ਼ਤੇ ਨਾਤਿਆਂ ਦਾ ਤੇ ਉਹਨਾਂ ਦੀ ਨਿਭਾਉ ਯੋਗਤਾ ਦਾ ਪਰਾਹਨ ਇਸੇ ਹੀ ਖੇਤਰ ਵਿਚ ਰੱਖਿਆ ਜਾ ਸਕਦਾ ਹੈ। ਨਾਵਲ ਦੇ ਥੀਮ ਦੇ ਕਈ ਪਾਸਾਰ ਹੁੰਦੇ ਹਨ। ਹਰ ਪਾਸਾਰ ਆਪਣੇ ਆਪ ਵਿਚ ਇਕ ਪਰਵਚਨ ਹੁੰਦਾ ਹੈ। ਲੇਖਕ ਨੇ ਉਸ ਥੀਮ ਵਿਚ ਕੁਝ ਨਵਾਂ ਜਾਂ ਸਮਾਜ ਵਿਚ ਚੱਲ ਰਹੇ ਵਿਹਾਰ ਤੋਂ ਭਿੰਨ ਵਿਖਾ ਕੇ ਪਰਾਹਨ ਪੈਦਾ ਕੀਤਾ ਹੁੰਦਾ ਹੈ। ਇਹ ਸਾਰਾ ਪਰਾਹਨ ਪਰਵਚਨ ਵਿਚ ਰੱਖਿਆ ਜਾ ਸਕਦਾ ਹੈ।

## 3.2.2.2 ਵਿਪਥਨ

ਇਹ ਵੀ ਇਕ ਕਿਸਮ ਦਾ ਵਿਚਲਨ ਹੀ ਹੁੰਦਾ ਹੈ ਪਰ ਇਹ ਭਾਸ਼ਾ ਦੇ ਮਾਪਦੰਡ ਦਾ ਨਾ ਹੋ ਕੇ ਖ਼ੁਦ ਰਚਨਾਕਾਰ ਦੁਆਰਾ ਅਪਣਾਏ ਗਏ ਮਾਪਦੰਡ ਵਿਚ ਹੁੰਦਾ ਹੈ। ਡਾ. ਸ਼ੀਤਾਂਸ਼ੂ ਦੇ ਸ਼ਬਦਾਂ ਵਿਚ "ਜਦ ਰਚਨਾਕਾਰ ਆਪਣੇ ਦੁਆਰਾ ਸਵੀਕਾਰਿਤ ਅਤੇ ਸੁੈਸਥਿਰ ਇਕ ਮਾਪਦੰਡ ਦੀ ਵਿਰੋਧਤਾ ਕਰ ਦਿੰਦਾ ਹੈ ਤਾਂ ਇਸਦੇ ਸਮਾਂਤਰ ਜਾਂ ਵਿਰੋਧ ਵਿਚ ਦੂਸਰੇ ਮਾਪਦੰਡ ਨੂੰ ਉਪਸਥਿਤ ਕਰ ਦਿੰਦਾ ਹੈ ਤਾਂ ਇਸਦੇ ਸਮਾਂਤਰ ਜਾਂ ਵਿਰੋਧ ਵਿਚ ਦੂਸਰੇ ਮਾਪਦੰਡ ਨੂੰ ਉਪਸਥਿਤ ਕਰ ਦਿੰਦਾ ਹੈ ਤਾਂ ਉਥੇ ਵਿਪਥਨ ਹੁੰਦਾ ਹੈ।"[21]

ਡਾ. ਭੋਲਾ ਨਾਥ ਤਿਵਾੜੀ ਨੇ ਵਿਚਲਨ ਅਤੇ ਵਿਪਥਨ ਨੂੰ ਇਕ ਹੀ ਪਰਕਾਰ [illegible] ਲਿਆ ਹੈ। ਅੰਤਰ ਕੇਵਲ ਏਨਾ ਹੈ ਕਿ ਵਿਪਥਨ ਵਿਚ ਉਸ ਮਾਪਦੰਡ ਦਾ ਵਿਰੋਧ ਹੁੰਦਾ ਹੈ ਜਿਸ ਨੂੰ ਰਚਨਾਕਾਰ ਨੇ ਰਚਨਾ ਦੇ ਪਹਿਲੇ ਭਾਗ ਵਿਚ ਸਵੀਕਾਰ ਕੀਤਾ ਹੋਵੇ ਜਦਕਿ ਵਿਚਲਨ ਭਾਸ਼ਾ ਦੇ ਮਾਪਦੰਡ ਦਾ ਵਿਰੋਧ ਹੈ।

ਐਮ. ਏ. ਕੇ. ਹਾਲੀਡੇ ਇਸ ਸੰਦਰਭ ਵਿਚ ਲਿਖਦੇ ਹਨ, "ਵਿਪਥਨ ਰਚਨਾਕਾਰ ਦੁਆਰਾ ਸਹਿਜ ਸਵੀਕ੍ਰਿਤ ਮਾਪਦੰਡ ਦੀ ਪੱਧਤੀ ਦਾ ਵਿਰੋਧ ਹੈ।" ਇਕ ਸਾਹਿਤਕ ਰਚਨਾ ਵਿਚ ਇਹ ਵਿਭਿੰਨ ਪੱਧਰਾਂ ਤੇ ਪਾਇਆ ਜਾ ਸਕਦਾ ਹੈ। ਜਿਵੇਂ- ਧੁਨੀ ਪੱਧਰ, ਸ਼ਬਦ ਪੱਧਰ, ਰੂਪ ਪੱਧਰ, ਵਾਕ ਪੱਧਰ, ਅਰਥ ਪੱਧਰ, ਪਰਵਚਨ ਪੱਧਰ ਆਦਿ।

### 3.2.2.3 ਸਮਾਂਤਰਤਾ

ਸਾਹਿਤਕ ਭਾਸ਼ਾ ਜਦ ਅਤਿ ਅਧਿਕ ਨਿਯਮਤਤਾ ਨੂੰ ਆਧਾਰ ਮੰਨ ਕੇ ਚੱਲੇ ਤਾਂ ਸਮਾਂਤਰਤਾ ਦੇ ਲੱਛਣਾਂ ਦਾ ਜਨਮ ਹੁੰਦਾ ਹੈ। ਸਮਾਂਤਰਤਾ ਵਿਚ ਅਤਿਰਿਕਤ ਨਿਯਮਤਤਾ ਦੀ ਸੰਕਲਪਨਾ ਰਹਿੰਦੀ ਹੈ। ਡਾ. ਰਵਿੰਦਰ ਨਾਥ ਸ੍ਰੀਵਾਸਤਵਾ ਦੇ ਸ਼ਬਦਾਂ ਵਿਚ ਸਮਾਂਤਰਤਾ ਦਾ ਅਰਥ ਹੈ "ਕਿਸੇ ਭਾਸ਼ਿਕ ਲੱਛਣ ਜਾਂ ਵਿਧਾਨ ਦੀ ਨਿਯਮਤਤਾ।"[22] ਇਸ ਨਿਯਮਤਤਾ ਨੂੰ ਭਾਸ਼ਾ ਦੇ ਹਰ ਪੱਧਰ ਤੇ ਵੇਖਿਆ ਜਾ ਸਕਦਾ ਹੈ। ਅਗਰਭੂਮਨ ਦੇ ਅਤਿਕਰਣ ਦੇ ਰੂਪ ਵਿਚ ਸਿਰਜਕ ਆਪਣੀ ਸੰਰਚਨਾ ਦੇ ਧਰਾਤਲ ਤੇ ਸਮਾਂਤਰਤਾ ਦਾ ਸਮਰਥ ਤੇ ਸੌਂਦਸ਼ੇਯ ਪਰਯੋਗ ਕਰਦਾ ਹੈ ਜੋ ਪਰਸੰਗ ਅਨੁਸਾਰ ਸਾਰਥਕ ਬਣੇ ਹੋਣ।

ਡਾ. ਪਾਂਡੇ ਸ਼ਸ਼ੀ ਭੂਸ਼ਨ ਸ਼ੀਤਾਂਸ਼ੂ ਦੇ ਸ਼ਬਦਾਂ ਵਿਚ "ਸਮਾਂਤਰਤਾ ਵਿਚ ਸਮਤਾ ਅਤੇ ਵਿਰੋਧ ਦੀਆਂ ਦੋ ਦਿਸ਼ਾਵਾਂ ਖੁਲ੍ਹਦੀਆਂ ਹਨ। ਵਿਭਿੰਨ ਪਰਕਾਰਾਂ ਦੀ ਆਵ੍ਰਿਤੀ ਨਿਰਭਰ ਸਮਾਂਤਰਤਾ ਸਮਤਾਮੂਲਕ ਸਮਾਂਤਰਤਾ ਬਣ ਕੇ ਆਉਂਦੀ ਹੈ ਅਤੇ ਵਿਰੋਧ ਨਿਰਭਰ ਸਮਾਨਤਰਤਾ ਵਿਰੋਧੀ ਸਮਾਂਤਰਤਾ ਬਣ ਕੇ। ਸਮਾਂਤਰਤਾ ਦੀਆਂ ਇਹਨਾਂ ਦੋਹਾਂ ਹੀ ਕਿਰਿਆਵਾਂ ਵਿਚ ਭਾਸ਼ਾ ਦੇ ਸਾਰੇ ਪੱਧਰ ਕਿਰਿਆਸ਼ੀਲ ਹੁੰਦੇ ਹਨ।"[23]

ਸਮਾਂਤਰਤਾ ਸ਼ਬਦ ਪੰਜਾਬੀ ਵਿਚ ਅੰਗਰੇਜ਼ੀ ਸ਼ਬਦ ਪੈਰੇਲਲਿਜ਼ਮ ਦੇ ਆਧਾਰ ਤੇ ਲਿਆ ਗਿਆ ਹੈ। ਰੋਮਨ ਜੈਕੋਬਸਨ ਅਤੇ ਐਸ. ਆਰ. ਲੈਵਿਨ ਜਹੇ ਪੱਛਮੀ ਵਿਚਾਰਕਾਂ ਨੇ ਇਸ ਪਰਿਭਾਸ਼ਕ ਦਾ ਪਰਯੋਗ ਅਤੇ ਇਸ ਤੇ ਸਮਯਕ ਵਿਚਾਰ ਕੀਤਾ ਹੈ। ਡਾ. ਭੋਲਾ ਨਾਥ ਤਿਵਾੜੀ ਇਸ ਸੰਬੰਧ ਵਿਚ ਲਿਖਦੇ ਹਨ: "ਸਮਾਂਤਰਤਾ ਤੋਂ ਆਸ ਹੈ ਕਿਸੇ ਰਚਨਾ ਵਿਚ ਸਮਾਨ ਜਾਂ ਵਿਰੋਧੀ ਭਾਸ਼ਿਕ ਇਕਾਈਆਂ ਦਾ ਸਮਾਂਤਰ ਪਰਯੋਗ। ਇਸ ਵਿਚ ਸਮਾਨ ਭਾਸ਼ਿਕ ਇਕਾਈ ਦਾ ਇਕ ਜਾਂ ਅਧਿਕ ਵਾਰ ਆਗਮਨ ਹੁੰਦਾ ਹੈ। ਜਾਂ ਦੋ ਜਾਂ ਅਧਿਕ ਵਿਰੋਧੀ ਭਾਸ਼ਿਕ ਇਕਾਈਆਂ ਨਾਲ ਨਾਲ ਆਉਂਦੀਆਂ ਹਨ।"[24]

ਇਕ ਸਾਹਿਤਕ ਰਚਨਾ ਵਿਚ ਸਮਾਨਤਰਤਾ ਦੀ ਜੁਗਤ ਨੂੰ ਭਾਸ਼ਾ ਦੀਆਂ ਸਾਰੀਆਂ ਇਕਾਈਆਂ ਤੇ ਵੇਖਿਆ ਜਾ ਸਕਦਾ ਹੈ। ਜਿਵੇਂ: ਧੁਨੀ, ਰੂਪ, ਸ਼ਬਦ, ਵਾਕ, ਅਰਥ ਤੇ ਪਰਵਚਨ ਆਦਿ ਇਕਾਈਆਂ ਇਸਦੇ ਘੇਰੇ ਵਿਚ ਆਉਂਦੀਆਂ ਹਨ।

**ਸਮਾਨਤਰਤਾ ਦਾ ਸੰਕਲਪ**

ਪਰਿਭਾਸ਼ਕ ਰੂਪ ਵਿਚ ਇਸ ਦਾ ਪਰਯੋਗ ਰੋਮਨ ਜੈਕੋਬਸਨ ਆਦਿ ਕੁਝ ਪੱਛਮੀ ਵਿਦਵਾਨਾਂ ਨੇ ਕਾਵਿ ਭਾਸ਼ਾ ਦੇ ਪਰਸੰਗ ਵਿਚ ਕੀਤਾ ਤਾਂ ਹੈ ਪਰ ਕਿਤੇ ਵੀ ਇਸ ਉਪਰ ਵਿਸਥਾਰਪੂਰਵਕ ਵਿਚਾਰ ਘੱਟ ਵੱਧ ਹੀ ਮਿਲਦੇ ਹਨ। 'ਪਰਾਹਨ' ਵਿਚ ਸਾਧਾਰਨ ਭਾਸ਼ਾ ਦੇ ਨਿਯਮਾਂ ਦਾ ਉਲੰਘਣ ਕੀਤਾ ਜਾਂਦਾ ਹੈ। 'ਸਮਾਨਾਂਤਰਤਾ' ਇਸ ਦੇ ਉਲਟ ਹੈ। ਉਸ ਤਰ੍ਹਾਂ ਇਹ ਅਗਰਭੂਮਨ ਦਾ ਹੀ ਇਕ ਅੰਗ ਹੈ। ਸਮਾਨਾਂਤਰਤਾ ਤੋਂ ਭਾਵ ਹੈ ਕਿਸੇ ਰਚਨਾ ਵਿਚ ਸਮਾਨ ਜਾਂ ਵਿਰੋਧੀ ਭਾਸ਼ਿਕ ਇਕਾਈਆਂ ਦਾ ਸਮਾਂਨਤਰ ਪਰਯੋਗ। ਇਸ ਵਿਚ ਇਕ ਜਾਂ ਵਧੀਕ ਸਮਾਨ ਭਾਸ਼ਿਕ ਭਾਸ਼ਿਕ ਇਕਾਈਆਂ ਜਾਂ ਇਕ ਜਾਂ ਵਧੀਕ ਵਿਰੋਧੀ ਇਕਾਈਆਂ ਨਾਲੋਂ ਨਾਲ ਆਉਂਦੀਆਂ ਹਨ ਅਰਥਾਤ ਇਸ ਵਿਚ ਇਕੋ ਜਿਹਾ ਜਾਂ ਵਿਰੋਧ ਸੰਤੁਲਨ ਹੁੰਦਾ ਹੈ ਜੋ ਸਮਾਂਨਤਰਤਾ ਕਾਰਨ ਸੰਭਵ ਹੁੰਦਾ ਹੈ।

ਜੇਕਰ ਪਰਾਹਨ ਦਾ ਸਿੱਧਾਂਤ ਅਨਿਯਮਤਾ (irregularity) ਦੀ ਧਾਰਨਾ ਨੂੰ ਆਪਣਾ ਆਧਾਰ ਬਣਾਉਂਦੇ ਹੈ ਤਾਂ ਸਮਾਂਨਤਰਤਾ ਦਾ ਸਿੱਧਾਂਤ ਵਧੇਰੇ ਬਕਾਇਦਗੀ ਦੀ ਧਾਰਨਾ ਨੂੰ ਅਪਨਾਉਂਦਾ ਹੈ।

ਸਮਾਂਨਤਰਤਾ ਦਾ ਭਾਵ ਹੈ ਕਿਸੇ ਭਾਸ਼ਿਕ ਲੱਛਣ ਜਾਂ ਵਿਧਾਨ ਦੇ ਦੁਹਰਾਉ ਦੀ ਨਿਯਮਤਾ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅਗਰਭੂਮਨ ਦੀ ਜੁਗਤ ਵਿਚ ਸਾਹਿਤਕਾਰ ਰਚਨਾ ਦੇ ਧਰਾਤਲ ਤੇ ਸਮਾਂਨਤਰਤਾ ਦੀ ਸਾਰਥਕ ਵਰਤੋਂ ਕਰਦਾ ਹੈ।

G.N. Leach ਨੇ ਆਪਣੀ ਪੁਸਤਕ A Linguistic Guide to English Poetry ਵਿਚ ਕਿਹਾ ਹੈ ਕਿ "ਸਮਾਂਨਤਰਤਾ ਅਗਰਭੂਮਨ ਦਾ ਹੀ ਇਕ ਰੂਪ ਹੈ ਜੋ ਅਸਲ ਵਿਚ ਪਰਾਹਨ ਦੇ ਉਲਟ ਹੈ ਕਿਉਂਕਿ ਇਹ ਭਾਸ਼ਾ ਵਿਚ ਬੇਕਾਇਦਗੀਆਂ ਨਹੀਂ ਸਗੋਂ ਵਾਧੂ ਬੇਕਾਇਦਗੀਆਂ ਦੀ ਵਰਤੋਂ ਉੱਤੇ ਨਿਰਭਰ ਕਰਦਾ ਹੈ। ਇਸ ਵਿਚ ਸ਼ਬਦ ਰੂਪ, ਵਾਕ, ਅਰਥ ਅਤੇ ਪ੍ਰੋਕਤੀ ਆਦਿਕ ਕਿਸਮਾਂ ਮਿਲਦੀਆਂ ਹਨ। ਇਸ ਵਿਚ ਦੁਹਰਾਉ ਨਾਲ ਚਮਤਕਾਰ ਪੈਦਾ ਕੀਤਾ ਜਾਂਦਾ ਹੈ। ਸਮਾਂਨਤਰਤਾ ਦਾ ਸਾਹਿਤਕ ਭਾਸ਼ਾ ਦੇ ਇਕ ਲੱਛਣ ਦੇ ਤੌਰ ਤੇ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਪਰਾਹਨ ਦੇ ਬਿਲਕੁਲ ਉਲਟ ਹੈ। ਸਾਹਿਤ ਵਿਚ ਇਸਦਾ ਰੋਲ ਬੁਨਿਆਦੀ ਮੰਨਿਆ ਗਿਆ ਹੈ। ਰੋਮਨ ਜੈਕੋਬਸਨ ਦਾ ਕਥਨ ਹੈ ਕਿ ਸਮਾਂਨਤਰਤਾ ਦਾ ਕੋਈ ਵੀ ਰੂਪ ਕਿਉਂ ਨਾ ਹੋਵੇ ਇਹ ਕਿਸੇ ਨਾ ਕਿਸੇ ਤਰ੍ਹਾਂ ਸਥਿਰ ਅਤੇ ਅਸਥਿਰ ਤੱਤਾਂ ਦੇ ਵਿਚਕਾਰ ਦੀ ਵੰਡ ਹੈ। ਕਿਸੇ ਵਾਕ ਵਿਚ ਵਿਰੋਧੀ ਜਾਂ ਸਮਾਨ ਸੰਤੁਲਨ ਹੁੰਦਾ ਹੈ। ਇਹ ਸੰਤੁਲਨ ਸਮਾਂਨਤਰਤਾ ਦੇ ਕਾਰਨ ਹੀ ਹੋ ਸਕਦਾ ਹੈ। ਉਦਹਾਰਣ ਦੇ ਤੌਰ ਤੇ 'ਭੈੜੀ ਸੰਗਤ ਵਿਚ ਪੈ ਕੇ ਭੈੜਾ ਹੋਣਾ' ਵਿਰੋਧੀ ਗੱਲ ਹੈ। ਸਮਾਨ ਜਾਂ ਵਿਰੋਧੀ ਭਾਸ਼ਿਕ ਇਕਾਈਆਂ ਦੀ ਇਸ ਪਰਕਾਰ ਦੀ ਵਰਤੋਂ ਸ਼ੈਲੀ ਦੀ ਨਿਰਤਰਤਾ ਦਾ ਨਮੂਨਾ ਹੈ। ਸਮਾਂਨਤਰਤਾ ਇਕ ਪਰਕਾਰ ਦੀ ਅਗਰਭੂਮਿਤ ਨੇਮਬੱਧਤਾ (foregrounded regularity) ਹੈ। ਧੁਨੀਮੂਲਕ ਸਮਾਂਨਤਰਤਾ ਦਾ ਵਿਧਾਨ ਸਾਨੂੰ ਛੰਦਾਬੰਦੀ ਦੇ ਰੂਪ ਵਿਚ ਮਿਲਦਾ ਹੈ। ਸਮਾਂਨਤਰਤਾ ਵਿਚ ਅਗਰਭੂਮਨ ਨੇਮਬੱਧਤਾ ਵੱਧ ਜਾਂਦੀ ਹੈ। ਜਿੱਤੇ ਵੀ ਨੇਮਬੱਧਤਾ ਦੀ ਮਾਤਰਾ ਵਧਾਈ ਜਾਵੇ, ਉਥੇ ਇਕ ਤਰ੍ਹਾਂ ਦੀ ਸਮਾਂਤਰਤਾ ਉਤਪੰਨ ਹੁੰਦੀ ਹੈ। ਇਸ ਨੇਮਬੱਧਤਾ ਨੂੰ ਕਾਵਿ ਵਿਚ ਸਭ ਤੋਂ ਮੁੱਢਲੇ ਪੱਧਰ ਉੱਤੇ ਅਨੁਪ੍ਰਾਸ ਦੇ ਰੂਪ ਵਿਚ ਪਛਾਣਿਆ ਜਾ ਸਕਦਾ ਹੈ।

ਇਸ ਪਰਕਾਰ ਦੀਆਂ ਉਦਾਹਰਣਾਂ ਵਿਚ ਅਸੀਂ ਭਾਸ਼ਾ ਨੂੰ ਕਿਸੇ ਨੇਮ ਦੇ ਮੁਤਾਬਕ ਕੰਮ ਕਰਦਾ ਦਰਸਾ ਸਕਦੇ ਹਾਂ। ਅਜਿਹਾ ਕਰਨ ਲਈ ਅਸੀਂ ਰਚਨਾ ਪਾਠ ਨੂੰ ਤੋੜ ਕੇ ਉਸ ਨੂੰ ਸੰਰਚਨਾਤਮਕ ਤੌਰ ਤੇ ਬਰਾਬਰ ਇਕਾਈਆਂ ਵਿਚ ਬੱਝਾ ਹੋਇਆ ਵੇਖ ਸਕਦੇ ਹਾਂ। ਇਹ ਇਕਾਈਆਂ ਧੁਨੀਮੂਲਕਤਾ ਦੀ ਪੱਧਰ ਉੱਤੇ ਉਚਾਰ ਖੰਡ (syllable) ਦੀਆਂ ਬਣ ਸਕਦੀਆਂ ਹਨ ਅਤੇ ਵਿਆਕਰਨ ਦੀ ਪੱਧਰ ਉੱਤੇ ਵਾਕੰਸ਼, ਉਪ ਵਾਕ ਤੇ ਵਾਕ ਦੀਆਂ। ਇਸ ਤਰ੍ਹਾਂ ਕਿਸੇ ਪਾਠ ਦਾ ਇਕ ਨਮੂਨੇ ਦੇ ਤੌਰ ਤੇ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਭਿੰਨ ਭਿੰਨ ਤਹਿਆਂ ਉੱਤੇ ਇਕੋ ਜਹੇ ਨਮੂਨਿਆਂ ਨੂੰ ਅਤੇ ਉਹਨਾਂ ਦੇ ਦੁਹਰਾਓ ਨੂੰ ਪਛਾਣਿਆ ਜਾ ਸਕਦਾ ਹੈ। ਕਾਲਰਿਜ ਦੀ ਉਪਰੋਕਤ ਕਾਵਿ ਪੰਗਤੀ ਦਾ ਭਾਸ਼ਾ ਵਿਗਿਆਨੀਆਂ ਨੇ ਵੱਖੋ ਵੱਖਰੇ ਪੱਧਰਾਂ ਉੱਤੇ ਵਿਸ਼ਲੇਸ਼ਣ ਕਰਕੇ ਉਸ ਵਿਚ ਹੇਠ ਲਿਖੇ ਪੈਟਰਨ ਰੂਪਮਾਨ ਹੁੰਦੇ ਦਰਸਾਏ ਹਨ ਜਿਨ੍ਹਾਂ ਵਿਚ ਸਮਾਨਤਾ ਸਹਿਜੇ ਹੀ ਪਛਾਣੀ ਜਾ ਸਕਦੀ ਹੈ :

| | | | | | |
|---|---|---|---|---|---|
| ੳ. | CV | CV-CV | CV-CVC | CCV | ਉਚਾਰ ਖੰਡ ਸੰਰਚਨਾ |
| ਅ. | XX | IXI | XIX | ਹਾਲ ਸੰਰਚਨਾ | |
| ੲ. | XI | FXI | FXIF | ਅਨੁਪ੍ਰਾਸ ਪੈਟਰਨ | |

ਉਪਰੋਕਤ ਵਿਸ਼ਲੇਸ਼ਣ ਤੋਂ ਵੱਖੋ ਵੱਖਰੇ ਪੱਧਰਾਂ ਤੇ ਸਾਨੂੰ ਸਮਾਨ ਸੰਰਚਨਾਵਾਂ ਦਾ ਪੈਟਰਨ ਉਭਰਦਾ ਨਜ਼ਰ ਆਉਂਦਾ ਹੈ।

ਇਉਂ ਕਿਹਾ ਜਾ ਸਕਦਾ ਹੈ ਕਿ ਸਮਾਂਨਤਰਤਾ ਆਪਣੇ ਵਿਆਪਕ ਰੂਪ ਵਿਚ ਪਰਾਹਨ ਦੁਆਰਾ ਪੈਦਾ ਕੀਤੇ ਅਗਰਭੂਮਨ ਦੇ ਉਲਟ ਹੈ। ਪਰਾਹਨ ਵਿਚੋਂ ਅਸੀਂ ਵੇਖਦੇ ਹਾਂ ਕਿ ਜਦੋਂ ਕਿਸੇ ਭਾਸ਼ਿਕ ਚੋਣ ਲਈ ਬਹੁਤ ਸਾਰੇ ਵਿਕਲਪ ਮਿਲਦੇ ਹਨ, ਤਾਂ ਕਵੀ ਇਹਨਾਂ ਵਿਕਲਪਾਂ ਦੇ ਘੇਰੇ ਵਿਚੋਂ ਪਾਰ ਜਾ ਕੇ ਆਪਣੀ ਚੋਣ ਕਰਦਾ ਹੈ। ਪਰ ਇਸ ਦੇ ਉਲਟ ਸਮਾਂਨਤਰਤਾ ਵਿਚ ਜਿੱਥੇ ਭਾਸ਼ਾ ਕਵੀ ਨੂੰ ਚੋਣ ਕਰਨ ਦਾ ਅਵਸਰ ਪਰਦਾਨ ਕਰਦੀ ਹੈ, ਉਹ ਆਪਣੇ ਆਪ ਨੂੰ ਇਕ ਚੋਣ ਤੱਕ ਸੀਮਿਤ ਰੱਖਦਾ ਹੈ। ਰੋਮਨ ਜੈਕੋਬਸਨ ਅਨੁਸਾਰ ਸਮਾਂਨਤਰਤਾ ਦਾ ਹਰ ਰੂਪ ਸਥਿਰ (invariables) ਅਤੇ ਅਸਥਿਰ (variables) ਤੱਤਾਂ ਵਿਚਕਾਰ ਇਕ

ਤਰ੍ਹਾਂ ਦੀ ਵੰਡ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਕਿਸੇ ਵੀ ਸਮਾਂਨਤਰਤਾ ਮੂਲਕ ਰੂਪ ਵਿਧੀ ਵਿਚ ਸਾਨੂੰ ਸਮਾਨਤਾ ਅਤੇ ਵਿਰੋਧ ਦੇ ਤੱਤ ਮਿਲਣੇ ਚਾਹੀਦੇ ਹਨ। ਜਦੋਂ ਕਿਸੇ ਰਚਨਾ ਉੱਤੇ ਸਮਾਂਨਤਰਤਾ ਦੀ ਰੂਪ ਵਿਧੀ ਲਾਗੂ ਕੀਤੀ ਜਾਂਦੀ ਹੈ ਤਾਂ ਉਸ ਸਮੇਂ ਪਾਠ ਦੇ ਦੋ ਜਾਂ ਦੋ ਤੋਂ ਵੱਧ ਅੰਗਾਂ ਦੀ ਜੋ ਜੁੜਵੇਂ ਹੋਣ ਦੀ ਸਮਤੁਲਤਾ (equivalence) ਦਾ ਸੰਬੰਧ ਕਾਇਮ ਹੁੰਦਾ ਹੈ। ਸਮਾਨਤਾ ਅਤੇ ਵਿਰੋਧ ਦੇ ਪੈਟਰਨ ਦੀ ਇਕ ਉਦਾਹਰਣ ਵਜੋਂ ਸ਼ਿਵ ਕੁਮਾਰ ਦਾ ਗੀਤ 'ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ' ਨੂੰ ਪੇਸ਼ ਕਰ ਸਕਦੇ ਹਾਂ। ਇਸ ਵਿਚ ਪਹਿਲਾਂ ਸਮਾਨਤਾ ਹੈ ਫਿਰ ਵਿਰੋਧ ਹੈ। ਸ਼ਿਵ ਕੁਮਾਰ ਕਾਵਿ ਨੂੰ ਇਸ ਜੁਗਤ ਦਾ ਮਾਡਲ ਕਿਹਾ ਜਾ ਸਕਦਾ ਹੈ। ਸਮਾਂਨਤਰਤਾ ਦੀ ਸਾਰਥਕਤਾ ਸਮਤੁਲਤਾ ਦੇ ਸਿੱਧਾਂਤ (principle of equivalence) ਰਾਹੀਂ ਗਰਹਿਣ ਕੀਤੀ ਜਾ ਸਕਦੀ ਹੈ। ਗੀਤ, ਗ਼ਜ਼ਲ ਅਤੇ ਵਾਰਾਂ ਆਪਣੇ ਡਿਜ਼ਾਇਨ ਵਿਚ ਜ਼ਿਆਦਾ ਸਮਾਂਨਤਰਤਾ ਅਪਣਾਉਂਦੀਆਂ ਹਨ। ਸਮਾਂਨਤਰਤਾ ਸ਼ੈਲੀ ਵਿਗਿਆਨੀਆਂ ਅਨੁਸਾਰ ਅਗਰਭੂਮਨ ਦੀ ਮਹਤੱਵਪੂਰਨ ਜੁਗਤ ਹੈ ਜੋ ਕਾਵਿ ਅਰਥ ਸਿਰਜਣ ਵਿਚ ਬਹੁਤ ਅਹਿਮ ਰੋਲ ਅਦਾ ਕਰਦੀ ਹੈ।

### 3.2.2.4 ਵਿਰਲਤਾ ਦਾ ਪੱਧਰ

ਇਹ ਇਕ ਪਰਕਾਰ ਦੀ ਥੀਮ (theme) ਦੀ ਸਥਿੱਤੀ ਹੈ। ਕਿਰਤ ਵਿਚ ਕਈ ਅਜਿਹੇ ਮੁੱਖ ਵਾਕ ਹੁੰਦੇ ਹਨ ਜਿਹਨਾਂ ਦਾ ਇਕ ਅੱਧ ਵਾਰ ਹੀ ਪਰਯੋਗ ਹੁੰਦਾ ਹੈ ਪਰ ਉਹਨਾਂ ਦਾ ਗਹਿਨ ਸਰਚਨਾ ਦਾ ਪਰਭਾਵ ਮਿਲਦਾ ਹੈ ਜੋ ਉਹਨਾਂ ਨੂੰ ਰਚਨਾ ਦੇ ਥੀਮ ਨਾਲ ਜੋੜਦੀ ਹੈ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਜਦ ਅਗਰਭੂਮਨ ਵਿਚਲਨ, ਵਿਪਥਨ ਅਤੇ ਸਮਾਂਤਰਤਾ ਆਦਿ ਤੱਤਾਂ ਨਾਲ ਅਭਿਵਿਅਕਤ ਨਾ ਹੁੰਦੀ ਹੋਵੇ ਉਦੋਂ ਧਿਆਨ ਆਕਰਸ਼ਨ ਕਰਨ ਦੀ ਸੱਤਾ ਵਿਦਮਾਨ ਹੋਵੇ ਜੋ ਗਹਿਨ ਅਰਥ ਦੀ ਭਾਵਨਾ ਉਤਪੰਨ ਕਰੇ ਤਾਂ ਉਥੇ ਵਿਰਲਤਾ ਦਾ ਤੱਤ ਵਿਦਮਾਨ ਹੁੰਦਾ ਹੈ।

ਡਾ. ਪਾਂਡੇ ਸ਼ਸ਼ੀ ਭੂਸ਼ਨ ਸ਼ੀਤਾਂਸ਼ੂ ਨੇ ਭਾਰਤੀਯ ਸ਼ੈਲੀ ਵਿਗਿਆਨ ਵਿਚ ਸਰਵਪ੍ਰਥਮ ਇਸ ਤੱਤ ਦਾ ਪਰਯੋਗ ਕੀਤਾ ਹੈ। ਉਹ ਲਿਖਦੇ ਹਨ "ਜਦੋਂ ਪਾਠ ਦੀ ਭਾਸ਼ਿਕ ਪਰਮੁੱਖਤਾ ਜਾਂ ਅਗਰਭੂਮਨ ਅਰਥ ਨਾਲ ਜੁੜ ਕੇ ਕਦੀ ਵਿਚਲਨ ਦੇ ਸਹਾਰ ਉਪਸਥਿਤ ਹੁੰਦੀ ਹੈ ਤੇ ਕਦੀ ਵਿਪਥਨ ਦੇ ਸਹਾਰੇ, ਅਤੇ ਸਮਾਂਤਰਤਾ ਦੇ ਸਹਾਰੇ ਪਰੰਤੂ ਕ੍ਰਿਤ ਅਥਵਾ ਪਾਠ ਵਿਚ ਕਦੀ ਕਦੀ ਐਸੀ ਸਥਿੱਤੀ ਉਤਪੰਨ ਹੁੰਦੀ ਹੈ, ਜਦੋਂ ਨਾ ਤਾਂ ਉਥੇ ਵਿਚਲਨ ਹੁੰਦਾ ਹੈ ਨਾ ਵਿਪਥਨ ਅਤੇ ਨਾ ਹੀ ਸਮਾਂਤਰਤਾ, ਫਿਰ ਵੀ ਸ਼ਬਦ ਪਰਮੁੱਖ ਹੋ ਕੇ ਸਾਡਾ ਧਿਆਨ ਆਕਰਸ਼ਿਤ ਕਦੇ ਹੋਏ ਅਗਰਭੂਮਿਤ ਹੋ ਜਾਂਦੇ ਹਨ।"[25]

ਪੀ. ਗੌਰੇ ਨੇ ਪਰਯੋਗ ਦੀ ਦਰਿਸ਼ਟੀ ਨਾਲ ਸ਼ਬਦਾਂ ਨੂੰ ਦੋ ਕੋਟੀਆਂ ਵਿਚ ਵੰਡਿਆ ਹੈ ;

ਥੀਮ ਸ਼ਬਦ (theme word)

ਕੁੰਜੀ ਸ਼ਬਦ (key word)

ਥੀਮ ਸ਼ਬਦ ਉਹ ਹੁੰਦੇ ਹਨ ਜੋ ਰਚਨਾ ਦੇ ਥੀਮ ਨਾਲ ਜੁੜਦੇ ਹਨ। ਇਹ ਕਿਰਤ ਵਿਚ ਇਕ ਅੱਧ ਵਾਰ ਉਭਰਦੇ ਹਨ। ਇਹਨਾਂ ਦੀ ਕਿਰਿਆਸ਼ੀਲਤਾ ਨੂੰ ਸਮਾਂਤਰਤਾ ਦੇ ਤੱਤ ਦੁਆਰਾ ਉਦਘਾਟਿਤ ਕੀਤਾ ਜਾਂਦਾ ਹੈ।

ਕੁੰਜੀ ਸ਼ਬਦ ਉਹ ਹੁੰਦੇ ਹਨ ਜੋ ਕਿਰਤ ਵਿਚ ਆਵਰਤਿਤ ਨਹੀਂ ਹੁੰਦੇ। ਉਹਨਾਂ ਦਾ ਪਰਯੋਗ ਕਿਰਤ ਵਿਚ ਵਿਰਲ ਹੁੰਦਾ ਹੈ।

ਸਪਸ਼ਟ ਹੈ ਕਿ ਵਿਰਲਤਾ ਨੂੰ ਵਿਚਲਨ, ਵਿਪਥਨ ਸਮਾਂਤਰਤਾ ਆਦਿ ਤੱਤਾਂ ਦੁਆਰਾ ਉਦਘਾਟਿਤ ਨਹੀਂ ਕੀਤਾ ਜਾ ਸਕਦਾ। ਡਾ. ਪਾਂਡੇ ਸ਼ਸ਼ੀ ਭੂਸ਼ਨ ਸ਼ੀਤਾਂਸ਼ੂ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਵਿਰਲਤਾ ਦੀ ਇਕ ਵਿਸ਼ੇਸ਼ਤਾ ਸਟਾਈਲਿਸਟਿਕ ਹੋਣ ਵਿਚ ਹੈ ਜਿਸਨੂੰ ਇੰਟਰਪਰੇਟਿਵ ਕਿਹਾ ਜਾਂਦਾ ਹੈ।[39] ਇਹ ਪੱਧਰ ਦੀ ਦ੍ਰਿਸ਼ਟੀ ਨਾਲ ਨਿਮਨ ਲਿਖਤ ਹੁੰਦੀ ਹੈ :

ਸ਼ਬਦ ਪੱਧਰ ਦੀ, ਵਾਕ ਪੱਧਰ ਦੀ ਅਤੇ ਪਰਵਚਨ ਪੱਧਰ ਦੀ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਅਗਰਭੂਮਨ ਪ੍ਰਤਿਮਾਨ ਦੁਆਰਾ ਕਿਸੇ ਰਚਨਾ ਦਾ ਸ਼ੈਲੀ

ਵਿਗਿਆਨਕ ਅਧਿਐਨ ਕਰਨ ਲਈ ਉਪਰੋਕਤ ਤੱਤਾਂ ਤੇ ਧਿਆਨ ਟਿਕਾਉਣਾ ਲਾਜ਼ਮੀ ਹੈ। ਇਹਨਾਂ ਤੱਤਾਂ ਦੁਆਰਾ ਰਚਨਾ ਵਿਚੋਂ ਵਿਦਮਾਨ ਹੋਏ ਪਰਸੰਗਿਕ ਅਤੇ ਅਪਰਸੰਗਿਕ ਅਰਥਾਂ ਨੂੰ ਸੰਦਰਭਕ ਸਭਿਆਚਾਰ ਨਾਲ ਜੋੜਨਾ ਵੀ ਅਤਿ ਜ਼ਰੂਰੀ ਹੈ।

### 3.2.3 ਅਗਰਭੂਮਨ ਪ੍ਰਤਿਮਾਨ ਤੇ ਗਦ ਅਧਿਐਨ

ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਦੀ ਗੱਲ ਕਰਦੇ ਹੋਏ ਰਚਨਾ ਦੀ ਵਿਧਾ ਵੱਲ ਧਿਆਨ ਜਾਂਦਾ ਹੈ। ਰਚਨਾ ਨੂੰ ਦੇਖ ਕੇ ਹੀ ਪ੍ਰਤਿਮਾਨ ਤੈਅ ਕੀਤਾ ਜਾਣਾ ਚਾਹੀਦਾ ਹੈ। ਇਥੇ ਇਹ ਕਹਿਣਾ ਜ਼ਰੂਰੀ ਹੈ ਕਿ ਜਿਹੜਾ ਪ੍ਰਤਿਮਾਨ ਕਵਿਤਾ ਦੇ ਵਿਸ਼ਲੇਸ਼ਣ ਲਈ ਕੰਮ ਆ ਸਕਦਾ ਹੋਵੇ ਜ਼ਰੂਰੀ ਨਹੀਂ ਵਾਰਤਕ ਜਾਂ ਗੱਦ ਵਿਸ਼ਲੇਸ਼ਣ ਲਈ ਵੀ ਉਪਯੋਗੀ ਹੋਵੇ। ਗੱਦ ਸੰਰਚਨਾ ਅਤੇ ਉਸ ਤੋਂ ਵੀ ਅੱਗੇ ਸਾਹਿਤਕ ਗੱਦ ਸੰਰਚਨਾ ਇਕ ਵਿਸ਼ੇਸ਼ ਵਿਸ਼ਲੇਸ਼ਣ ਦੇ ਪ੍ਰਤਿਮਾਨ ਦੀ ਮੰਗ ਕਰਦੀ ਹੈ। ਕਥਾ ਸਾਹਿਤ ਦੇ ਵਿਸ਼ਲੇਸ਼ਣ ਲਈ ਇਕ ਦੂਰਗਾਮੀ ਪ੍ਰਤਿਮਾਨ ਦੀ ਜ਼ਰੂਰਤ ਹੁੰਦੀ ਹੈ।

ਅਗਰਭੂਮਨ ਪ੍ਰਤਿਮਾਨ ਨੂੰ ਅਸੀਂ ਦੋ ਸਤਰਾਂ ਤੇ ਕੰਮ ਕਰਦਾ ਪ੍ਰਤਿਮਾਨ ਕਹਿ ਸਕਦੇ ਹਾਂ। ਇਹ ਭਾਸ਼ਾਈ ਵਿਸ਼ਲੇਸ਼ਣ ਦੇ ਨਾਲ ਨਾਲ ਰਚਨਾ ਦੇ ਸੂਖਮ ਪੱਧਰਾਂ ਤੱਕ ਜਾ ਕੇ ਕਿਰਤ ਦਾ ਸੰਰਚਨਾਤਮਕ ਵਿਸ਼ਲੇਸ਼ਣ ਕਰਦਾ ਹੈ। ਇਸ ਪ੍ਰਤਿਮਾਨ ਨਾਲ ਰਚਨਾ ਵਿਚ ਸਿਰਫ ਵਿਆਕਰਨਕ ਇਕਾਈਆਂ ਹੀ ਨਹੀਂ ਕੱਢੀਆਂ ਜਾਂਦੀਆਂ ਸਗੋਂ ਉਹਨਾਂ ਦਾ ਸੰਦਰਭਗਤ ਵਿਸ਼ਲੇਸ਼ਣ ਵੀ ਕੀਤਾ ਜਾਂਦਾ ਹੈ।

## ਹਵਾਲੇ ਤੇ ਟਿਪਣੀਆਂ


1. Roger Fowler, The Language of Literature, 1972, p. 46.
2. ਕ੍ਰਿਸ਼ਨ ਕੁਮਾਰ ਸ਼ਰਮਾ, ਸ਼ੈਲੀ ਵਿਗਿਆਨ ਕੀ ਰੂਪ ਰੇਖਾ, ਜੈਪੁਰ ਸੰਧੀ ਪ੍ਰਕਾਸ਼ਨ, 1974, ਪੰਨਾ 54.
3. N.E. Enkvist, Linguistics and Style, 1973, p. 33.
4. ਕ੍ਰਿਸ਼ਨ ਕੁਮਾਰ ਸ਼ਰਮਾ, ਉਹੀ ਰਚਨਾ, ਪੰਨਾ 55.
5. J.C. Cutford, J.R. Firth and British linguistics ed. Arcibbled Chill, 1970, p. 150.
6. ਸੁਰੇਸ਼ ਕੁਮਾਰ ਅਤੇ ਰਵਿੰਦਰ ਨਾਥ ਸ੍ਰੀਵਾਸਤਵ, ਸ਼ੈਲੀ ਔਰ ਸ਼ੈਲੀ ਵਿਗਿਆਨ, ਆਗਰਾ ਕੇਂਦਰੀਯ ਹਿੰਦੀ ਸੰਸਥਾਨ, 1973, ਪੰਨਾ 57.
7. D. Thakur, The Nature and Scope of Stylistics (ed). S. Kumar and R.N. srivastva, p. 30.
8. ਪਾਂਡੇ ਸ਼ਸ਼ੀ ਭੂਸ਼ਨ ਸ਼ੀਤਾਂਸ਼ੂ, ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 30.
9. ਉਹੀ ਪੰਨਾ 30.
10. ਉਹੀ. ਪੰਨਾ 30.
11. ਭੋਲਾ ਨਾਥ ਤਿਵਾੜੀ, ਆਧੁਨਿਕ ਭਾਸ਼ਾ ਵਿਗਿਆਨ, ਪੰਨਾ 196.
12. Richard Gunter, The Politics Action and Neography of the Poem, The Language of the Poems, Buliton Vol. 4, No. I, January, P. 1.
13. Roger Fowler, Linguistics and the Novel, 1977, p. 45.
14. M.A. K. Halliday, Linguistic Function and Literary Style, A Symposium (ed. Semur Chatman), 1971, p. 339.

15. ਰਵਿੰਦਰਨਾਥ ਸ੍ਰੀਵਾਸਤਵ, ਸੰਰਚਨਾਤਮਕ ਸ਼ੈਲੀ ਵਿਗਿਆਨ, ਪੰਨਾ 43.
16. ਡਾ. ਸ਼ੀਤਾਂਸ਼ੂ, **ਸ਼ੈਲੀ ਵਿਗਿਆਨ** : ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 29.
17. ਰਵਿੰਦਰਨਾਥ ਸ੍ਰੀਵਾਸਤਵ, **ਸੰਰਚਨਾਤਮਕ ਸ਼ੈਲੀ ਵਿਗਿਆਨ**, ਪੰਨਾ 49.
18. ਡਾ. ਸ਼ੀਤਾਂਸ਼ੂ, **ਪ੍ਰਤਿਮਾਨ ਔਰ ਵਿਸ਼ਲੇਸ਼ਣ**, ਪੰਨਾ 30.
19. ਭੋਲਾ ਨਾਥ ਤਿਵਾੜੀ, **ਸ਼ੈਲੀ ਵਿਗਿਆਨ**, ਪੰਨਾ 40.
20. ਵਿਦਿਆ ਨਿਵਾਸ ਮਿਸ਼ਰ, **ਰੀਤੀ ਵਿਗਿਆਨ**, ਪੰਨਾ 75.
21. ਪ੍ਰਤਿਮਨ ਔਰ ਵਿਸ਼ਲੇਸ਼ਣ, ਪੰਨਾ 32.
22. ਰਵਿੰਦਰਨਾਥ ਸ੍ਰੀਵਾਸਤਵ, **ਸੰਰਚਨਾਤਮਕ ਸ਼ੈਲੀ ਵਿਗਿਆਨ**, ਪੰਨਾ 58.
23. ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 31.
24. ਭੋਲਾ ਨਾਥ ਤਿਵਾੜੀ, ਸ਼ੈਲੀ ਵਿਗਿਆਨ, ਪੰਨਾ 88.
25. ਸ਼ੈਲੀ ਵਿਗਿਆਨ : ਪ੍ਰਤਿਮਾਨ ਔਰ ਵਿਸ਼ਲੇਸ਼ਣ, ਪੰਨਾ 31.

# ਸਮਾਜ-ਭਾਸ਼ਾ-ਵਿਗਿਆਨ ਅਤੇ ਭਾਸ਼ਾਈ ਪੱਧਰ
## (Socio-Linguistics and Lingual Levels)

ਵਿਅਕਤੀਗਤ ਉਚਾਰਨ ਤੋਂ ਲੈ ਕੇ ਸਮੁੱਚੀ ਮਨੁੱਖੀ ਭਾਸ਼ਾ ਦਾ ਅਧਿਐਨ ਕੀਤਿਆਂ ਵਿਭਿੰਨ ਪਰਕਾਰ ਦੇ ਭਾਸ਼ਾਈ ਵਖਰੇਵੇਂ ਅਤੇ ਭਾਸ਼ਾ ਵੰਨਗੀਆਂ ਦੇਖਣ ਵਿਚ ਮਿਲਦੀਆਂ ਹਨ। ਇਨ੍ਹਾਂ ਭਾਸ਼ਾਈ ਵਖਰੇਵਿਆਂ ਅਤੇ ਭਾਸ਼ਾ ਵੰਨਗੀਆਂ ਨੂੰ ਭਾਸ਼ਾਈ ਪੱਧਰਾਂ ਦੇ ਆਧਾਰ ਤੇ ਰੱਖ ਕੇ ਪਛਾਣਿਆ ਜਾ ਸਕਦਾ ਹੈ। ਇਹ ਭਾਸ਼ਾਈ ਪੱਧਰ ਧੁਨੀ ਪੱਧਰ ਤੋਂ ਲੈ ਕੇ ਅਰਥ ਪੱਧਰ ਤੱਕ ਸਮਾਜ ਦੀਆਂ ਵਿਭਿੰਨ ਪੱਧਰਾਂ ਤੇ ਸਾਕਾਰ ਹੁੰਦੇ ਹਨ। ਵੱਖ-ਵੱਖ ਵਿਸ਼ਿਆਂ ਦੇ ਪਰਗਟਾਅ ਲਈ ਅਪਨਾਏ ਵੱਖ-ਵੱਖ ਤਰੀਕਿਆਂ ਦੇ ਸਿੱਟੇ ਵਜੋਂ ਵੱਖ-ਵੱਖ ਭਾਸ਼ਾ ਵੰਨਗੀਆਂ ਹੋਂਦ ਵਿਚ ਆ ਜਾਂਦੀਆਂ ਹਨ। ਹਰ ਲੇਖਕ ਇਕ ਵਿਸ਼ੇਸ਼ ਵਿਚਾਰ ਦੇ ਸੰਚਰ ਲਈ ਇਕ ਵਿਸ਼ੇਸ਼ ਭਾਂਤ ਦੀ ਸ਼ਬਦਾਵਲੀ ਅਤੇ ਭਾਸ਼ਾ ਰੂਪਾਂ/ਪੱਧਰਾਂ ਦੀ ਚੋਣ ਕਰਦਾ ਹੈ। ਮਿਸਾਲ ਵਜੋਂ ਵੱਖ-ਵੱਖ ਵਿਸ਼ਿਆਂ ਦਾ ਬਿਰਤਾਂਤ ਵੀ ਵੱਖ-ਵੱਖ ਵਿਧੀਆਂ ਰਾਹੀਂ ਕੀਤਾ ਜਾਂਦਾ ਹੈ। ਇਕ ਕਹਾਣੀ ਵਿਚਲੇ ਬਿਰਤਾਂਤ ਅਤੇ ਇਕ ਵਿਗਿਆਨਕ ਵਿਸ਼ੇ ਦੇ ਬਿਰਤਾਂਤ ਸਮੇਂ ਦੋ ਵੱਖ-ਵੱਖ ਸ਼ੈਲੀਆਂ ਦਾ ਪਰਯੋਗ ਕੀਤਾ ਜਾਂਦਾ ਹੈ। ਜਿਥੇ ਕਹਾਣੀ ਦੇ ਬਿਰਤਾਂਤ ਸਮੇਂ ਕਰਤਰੀ ਰੂਪਾਂ (active forms) ਦੀ ਆਮ ਵਰਤੋਂ ਕੀਤੀ ਜਾਂਦੀ ਹੈ ਉਥੇ ਵਿਗਿਆਨਕ ਵਿਸ਼ਿਆਂ ਦੇ ਬ੍ਰਿਤਾਂਤ ਲਈ ਵਰਤੀ ਗਈ ਸ਼ੈਲੀ ਅਵਿਅਕਤ ਅਤੇ ਕਰਮਵਾਚੀ (Passive) ਹੁੰਦੀ ਹੈ। ਹਰ ਭਾਸ਼ਾ ਵੰਨਗੀ ਵਿਚ ਵੱਖ-ਵੱਖ ਭਾਂਤ ਦੇ ਤੱਤਾਂ ਦੀ ਘਾਟ ਵਾਧ ਹੁੰਦੀ ਰਹਿੰਦੀ ਹੈ। ਹਰ ਸਮਾਜ ਵਿਚ ਭਾਸ਼ਾ ਬਦਲਦੀ ਰਹਿੰਦੀ ਹੈ। ਸਿੱਟੇ ਵਜੋਂ ਭਾਸ਼ਾ ਵਿਚ ਕੁਝ ਨਵੇਂ ਰੂਪ ਦਾਖਲ ਵੀ ਹੁੰਦੇ ਰਹਿੰਦੇ ਹਨ ਪਰ ਨਾਲ ਹੀ ਪੁਰਾਣੇ ਵੀ ਪਰਚਲੱਤ ਰਹਿੰਦੇ ਹਨ। ਕੁਝ ਲੋਕ ਆਪਣੇ ਪਿਛੋਕੜ ਅਨੁਸਾਰ ਨਵੇਂ ਰੂਪਾਂ ਦੀ ਵਰਤੋਂ ਕਰਨੀ ਆਰੰਭ ਦਿੰਦੇ ਹਨ ਪਰ ਕੁਝ ਪੁਰਾਣਿਆਂ ਦੀ ਵਰਤੋਂ ਕਰਨੀ ਹੀ ਠੀਕ ਸਮਝਦੇ ਹਨ। ਇਹ ਵੀ ਹੋ ਸਕਦਾ ਹੈ ਕਿ ਬਹੁਤੇ ਲੋਕ ਇਸ ਬਾਰੇ ਸੁਚੇਤ ਹੀ ਨਾ ਹੋਣ। ਮਿਸਾਲ ਵਜੋਂ ਅੱਜ ਕੱਲ੍ਹ ਪੰਜਾਬ ਦੇ ਸ਼ਹਿਰਾਂ ਵਿਚ ਵੱਸਣ ਵਾਲੇ ਲੋਕ ਹਿੰਦੀ ਦੇ ਪਰਭਾਵ ਥੱਲੇ ਹਿੰਦੀਨੁਮਾ ਪੰਜਾਬੀ ਬੋਲਦੇ ਹਨ ਪਰ ਪੇਂਡੂ ਲੋਕ ਇਸ ਪਰਭਾਵ ਤੋਂ ਮੁਕਤ ਹਨ। ਇਕ ਵਿਅਕਤੀ, ਭਾਸ਼ਾ ਵਿਚ ਮਿਲਦੇ ਵੱਖੋ-ਵੱਖਰੇ ਸੰਭਾਵਿਤ ਚੋਣਾਂ (choices) ਵਿਚੋਂ ਕਿਸ ਤਰ੍ਹਾਂ ਇਕ ਵਿਸ਼ੇਸ਼ ਚੋਣ ਦੀ ਵਰਤੋਂ ਕਰਦਾ ਹੈ। ਕਿਸੇ ਸਥਿਤੀ ਵਿਚ ਉਸ ਲਈ ਕਿਹੜੇ-ਕਿਹੜੇ ਤੱਤ ਧਿਆਨ ਵਿਚ ਰੱਖਣੇ ਜ਼ਰੂਰੀ ਹੁੰਦੇ ਹਨ। ਅਜਿਹਾ ਅਧਿਐਨ ਹੀ ਸਮਾਜ ਭਾਸ਼ਾ-ਵਿਗਿਆਨ (Sociolinguistics) ਦਾ ਅਸਲ ਅੰਗ ਹੈ ਅਤੇ ਇਸ ਦਾ ਸੰਬੰਧ ਭਾਸ਼ਾ ਵਿਗਿਆਨਕ (Linguistic) ਸਿੱਧਾਂਤ ਨਾਲ ਹੈ। ਇਸ ਨੂੰ ਸਮਾਜ ਭਾਸ਼ਾ-ਵਿਗਿਆਨ ਆਖਦੇ ਹਨ। ਇਕ ਸਮਾਜ ਭਾਸ਼ਾ ਵਿਗਿਆਨੀ ਭਾਸ਼ਾ ਵਿਚ ਵਿਭਿੰਨਤਾ ਨੂੰ ਸਵੀਕਾਰ ਕਰਦਾ ਹੈ। ਇਸ ਦੇ ਵੱਖ-ਵੱਖ ਰੂਪਾਂਤਰਾਂ ਦੀ ਹੋਂਦ ਨੂੰ ਮੰਨ ਕੇ ਚਲਦਾ ਹੈ। ਇਸ ਦੇ ਨਾਲ ਹੀ ਉਹ ਇਸ ਵਿਭਿੰਨਤਾ ਦੇ ਕਾਰਨ ਦੱਸਣ ਦਾ ਯਤਨ ਕਰਦਾ ਹੈ। ਸੋ ਸਮਾਜ ਭਾਸ਼ਾ ਵਿਗਿਆਨੀ ਅਨੇਕ ਰੂਪਤਾ ਨੂੰ ਭਾਸ਼ਾ ਦਾ ਜ਼ਰੂਰੀ ਲੱਛਣ ਸਮਝਦਾ ਹੈ। ਉਹ ਧਾਰਨਾ ਬਣਾ ਕੇ ਚਲਦਾ ਹੈ ਕਿ ਇਹ ਰੂਪਾਂਤਰ ਕਿਸੇ ਸਮਾਜ ਲਈ ਜ਼ਰੂਰੀ ਹੁੰਦੇ ਹਨ। ਇਨ੍ਹਾਂ ਦਾ ਵੱਖ-ਵੱਖ ਸਮਾਜਕ ਮੰਤਵ ਹੁੰਦਾ ਹੈ। ਸਮੁੱਚੇ ਤੌਰ ਤੇ ਭਾਸ਼ਾ ਦੀ ਵਰਤੋਂ ਦੇ ਉਹ ਲੱਛਣ ਜਿਹੜੇ ਵਿਆਕਰਨਕਾਰ (grammarian) ਆਪਣੀ ਪਰਮਾਣਿਕਤਾ (standardization) ਦੀ ਵਿਧੀ ਦੁਆਰਾ ਆਦਰਸ਼ਕ ਬਣਾ ਕੇ ਪੇਸ਼ ਕਰਦਾ ਹੈ। ਸਮਾਜ-ਭਾਸ਼ਾ ਵਿਗਿਆਨੀ ਉਨ੍ਹਾਂ ਦੇ ਸਹਿ ਵਰਤੀ ਸੰਬੰਧ ਦਰਸਾਉਂਦਾ ਹੈ। ਸਮਾਜ ਭਾਸ਼ਾ ਵਿਗਿਆਨੀ ਲਈ ਵੱਖ-ਵੱਖ ਭਾਸ਼ਾਈ ਰੂਪਾਂਤਰ ਹੀ ਅਧਿਐਨ ਦਾ ਵਿਸ਼ਾ ਹੁੰਦੇ ਹਨ।

ਹਰ ਇਕ ਭਾਸ਼ਾ ਦੀ ਆਪੋ ਆਪਣੀ ਬਣਤਰ ਹੁੰਦੀ ਹੈ ਅਤੇ ਹਰ ਸਮਾਜ ਦੂਜੇ ਨਾਲੋਂ ਅੱਡਰਾ ਹੁੰਦਾ ਹੈ। ਵੱਖੋ-ਵੱਖਰੀਆਂ **ਸਮਾਜਕ ਸ਼ਰੇਣੀਆਂ** ਵਿਚ ਭਾਸ਼ਾ ਦੀ ਵਰਤੋਂ ਅੱਡ-ਅੱਡ ਢੰਗ ਨਾਲ ਕੀਤੀ ਜਾਂਦੀ ਹੈ। ਭਾਸ਼ਾ ਮਨੁੱਖੀ ਸੰਚਾਰ ਦਾ ਸਾਧਨ ਹੈ। ਇਸ ਦੁਆਰਾ ਮਨੁੱਖੀ ਵਿਚਾਰ, ਜਜ਼ਬਾਤ ਅਤੇ ਖਾਹਿਸ਼ਾਂ ਨੂੰ ਮੌਖਿਕ ਚਿਹਨਾਂ ਰਾਹੀਂ ਦਰਸਾਇਆ ਜਾਂਦਾ ਹੈ। ਇਹ ਚਿਹਨਾਂ ਹਰ ਸਮਾਜ ਦੇ ਸਵੈ-ਇੱਛਤ ਅਤੇ ਮਨ ਮਰਜ਼ੀ ਦੇ ਹੁੰਦੇ ਹਨ। ਇਹ ਮੁੱਖ ਰੂਪ ਵਿੱਚ ਨਿਯਮਿਤ ਵਰਤਾਉ ਦਰਸਾਉਂਦੇ ਹਨ। ਕਿਸੇ ਭਾਸ਼ਾਈ ਸਮਾਜ ਦੇ ਸਾਰੇ ਲੋਕਾਂ ਵਿਚ ਇਹਨਾਂ ਚਿਹਨਾਂ ਦੀ ਸਾਂਝ ਹੁੰਦੀ ਹੈ। ਭਾਸ਼ਾ ਦੀ ਸਭਿਆਚਾਰ ਤੋਂ ਬਾਹਰ ਕੋਈ ਸਾਂਝ ਨਹੀਂ। ਕਿਸੇ ਵੀ ਸਭਿਆਚਾਰ ਦਾ ਸਰੂਪ ਉਸ ਦੇ ਵਕਤਿਆਂ ਦੀ ਭਾਸ਼ਾ ਵਿਚ ਗੁੰਦਿਆਂ ਹੁੰਦਾ ਹੈ। ਸਭਿਆਚਾਰ ਤੇ ਭਾਸ਼ਾ ਲੋਕਾਂ ਦੀ ਉਸ ਵਾਸਤਵਿਕਤਾ ਤੋਂ ਉਤਪੰਨ ਹੁੰਦੇ ਹਨ ਜਿਹਨਾਂ ਵਿਚ ਉਹ ਜੀਉਂਦੇ ਹਨ। ਇਸ ਦੇ ਨਾਲ ਹੀ ਦੋਵੇਂ ਭਾਸ਼ਾ ਅਤੇ ਸਭਿਆਚਾਰ ਲੋਕਾਂ ਦੀ ਵਾਸਤਵਿਕਤਾ ਨੂੰ ਸਿਰਜਦੇ ਅਤੇ ਮੂਰਤੀਮਾਨ ਕਰਦੇ ਹਨ। ਇਸ ਤਰ੍ਹਾਂ ਦੋਵੇਂ ਪਰਸਪਰ ਸੰਬੰਧ ਰੱਖਦੇ ਹਨ। ਭਾਸ਼ਾਂ ਇਕ ਸਮਾਜਕ ਕਿਰਿਆ ਹੈ ਅਤੇ ਕਿਸੇ ਸਮਾਜ ਦੀ ਸਮਾਜਕ ਬਣਤਰ (Social Strucutre) ਅਤੇ ਕੀਮਤ ਪਰਣਾਲੀ (Value System) ਨਾਲ ਗੂੜ੍ਹੀ ਤਰ੍ਹਾਂ ਜੁੜੀ ਹੁੰਦੀ ਹੈ। ਇਹ ਸੰਚਾਰ ਦਾ ਸਾਧਨ ਹੈ ਅਤੇ ਨਾਲ ਹੀ ਸਾਰੇ ਸਮੂਹ ਦੇ ਮੈਂਬਰਾਂ ਦੀ ਪਛਾਣ ਦਾ ਮਹੱਤਵਪੂਰਨ ਚਿਹਨ। ਦੋਵੇਂ ਗੱਲਾਂ ਇਹ ਦਰਸਾਉਂਦੀਆਂ ਹਨ ਕਿ ਭਾਸ਼ਾ ਅਤੇ ਸਮਾਜ ਦਾ ਚੋਲੀ ਦਾਮਨ ਦਾ ਸੰਬੰਧ ਹੈ। ਭਾਸ਼ਾ ਅਤੇ ਸਮਾਜ ਦੀ ਬਣਤਰ ਵਿਚ ਅਮਲੀ ਤੌਰ ਤੇ ਤਿੰਨ ਪਰਕਾਰ ਦੇ ਕਾਰਨ-ਕਾਰਜੀ (casual) ਸੰਬੰਧ ਸੰਭਵ ਹਨ-

(1). ਅਜਿਹਾ ਕਾਰਨ-ਕਾਰਜੀ ਸੰਬੰਧ ਜਿਸ ਵਿਚ ਭਾਸ਼ਾ ਨੂੰ ਇਕ ਸੁਤੰਤਰ ਪਰਿਵਰਤਨਸ਼ੀਲ ਅੰਗ ਮੰਨਿਆ ਜਾਂਦਾ ਹੈ। ਵੋਰਫ (Whorfk, 1956) ਫਿਸ਼ਮੈਨ (Fishman, 1966) ਅਤੇ ਚਾਮਸਕੀ (Chomsky, 1965) ਇਸੇ ਵਿਚਾਰਧਾਰਾ ਨਾਲ ਸਹਿਮਤ ਹਨ।

(2) ਅਜਿਹਾ ਕਾਰਨ-ਕਾਰਜੀ ਸੰਬੰਧੀ ਜਿਸ ਵਿਚ ਸਮਾਜਕ ਬਣਤਰ ਨੂੰ ਇਕ ਸੁਤੰਤਰ ਪਰਿਵਰਤਨਸ਼ੀਲ ਅੰਗ ਮੰਨਿਆ ਜਾਂਦਾ ਹੈ। ਬਰਨਸਟੀਨ (Bernstein) ਇਸ ਵਿਚਾਰਧਾਰਾ ਨਾਲ ਸਹਿਮਤ ਹੈ।

(3) ਅਜਿਹਾ ਕਾਰਨ-ਕਾਰਜੀ ਸੰਬੰਧ ਜਿਸ ਵਿਚ ਭਾਸ਼ਾ ਅਤੇ ਸਮਾਜ ਸਹਿਵਰਤੀ ਤੇ ਸਹਿ-ਉਤਪਤ ਮੰਨੇ ਜਾਂਦੇ ਹਨ (ਆਤਮ ਸਿੰਘ, 1984-48)

ਭਾਵੇਂ ਅਸੀਂ ਭਾਸ਼ਾ ਦੀ ਬਣਤਰ ਤੋਂ ਆਰੰਭ ਕਰੀਏ ਜਾਂ ਸਮਾਜਕ ਬਣਤਰ ਦੇ ਸਿਰੇ ਤੋਂ ਵਿਚਾਰੀਏ, ਦੋਹਾਂ ਹਾਲਤਾਂ ਵਿਚ ਇਕ ਨਾ ਇਕ ਦਰਿਸ਼ਟੀਕੋਣ ਦੀ ਪੁਸ਼ਟੀ ਮਿਲਦੀ ਹੈ। ਪਰ ਇਹ ਗੱਲ ਜਾਇਜ਼ ਪਰਤੀਤ ਹੁੰਦੀ ਹੈ ਕਿ ਪਹਿਲੇ ਦੋਹਾਂ ਦਰਿਸ਼ਟੀਕੋਣਾਂ ਤੋਂ ਪਰਾਪਤ ਕੀਤੇ ਸਿੱਟੇ ਆਪਣੇ ਆਪ ਵਿਚ ਅਧੂਰੇ ਹਨ ਅਤੇ ਇਹਨਾਂ ਨੂੰ ਤੀਜੀ ਵਿਚਾਰਧਾਰਾ ਅਨੁਸਾਰ ਵੇਖਣਾ ਅਤੇ ਲੋੜੀਂਦਾ ਹੈ। ਤੀਜੀ ਵਿਚਾਰਧਾਰਾ ਅਨੁਸਾਰ ਭਾਸ਼ਾ ਅਤੇ ਸਮਾਜ ਸਹਿ-ਵਰਤੀ ਹੁੰਦੇ ਹਨ ਅਤੇ ਨਾਲ ਹੀ (ਸਹਿ ਉਤਪਤ) ਵੀ। ਇਸ ਤਰ੍ਹਾਂ ਸਹਿ ਵਰਤੀ ਨਿਰਧਾਰਿਤ ਕਰਨ ਵਾਲੀ ਵਿਚਾਰਧਾਰਾ ਰਾਹੀਂ ਅਸੀਂ ਇਹਨਾਂ ਦੇ ਸੰਬੰਧ ਚੰਗੀ ਤਰ੍ਹਾਂ ਦਰਸਾ ਸਕਦੇ ਹਾਂ।

1.2 ਗ੍ਰਿਮਸ਼ਾ (Grimshaw, 1971) ਅਨੁਸਾਰ ਭਾਸ਼ਾ ਅਤੇ ਸਮਾਜ ਦੇ ਸੰਬੰਧ ਨੂੰ ਇਕ ਹੋਰ ਦਰਿਸ਼ਟੀ ਤੋਂ ਵੀ ਵੇਖਿਆ ਜਾ ਸਕਦਾ ਹੈ। ਇਸ ਅਨੁਸਾਰ ਕਾਰਨ-ਕਾਰਜੀ ਸੰਬੰਧ ਮਨੁੱਖੀ ਅਵਸਥਾ (human condition) ਤੇ ਨਿਰਭਰ ਹਨ। ਮਨੁੱਖੀ ਅਵਸਥਾ ਤੋਂ ਭਾਵ ਮਨੁੱਖੀ ਮਨ ਦੀ ਬਣਤਰ ਜਾਂ ਸਮਾਜ ਦੀ ਸੁਭਾਵਿਕ ਅਤੇ ਅੰਤਰੀਵੀ (Indtinsic) ਲੋੜ ਹੈ। ਪਰ ਇਹ ਗੱਲ ਸਮਾਜ ਭਾਸ਼ਾ ਵਿਗਿਆਨੀ ਗ੍ਰਿਮਸ਼ਾ ਆਪ ਹੀ ਮੰਨਦਾ ਹੈ ਕਿ ਗਿਆਨ ਦੀ ਅਜੋਕੀ ਸੀਮਤ ਸਥਿਤੀ ਵਿਚ ਅਜਿਹੀ ਸੰਭਾਵਨਾ ਦੀ ਜਾਂਚ ਪੜਤਾਲ ਨਹੀਂ ਕੀਤੀ ਜਾ ਸਕਦੀ। ਸਮਾਜ ਵਿਚ ਸਮੂਹਾਂ ਦੇ ਵਰਗੀਕਰਨ ਸਦਕਾ ਸਮਾਜਕ-ਵਰਗ ਉਪਭਾਸ਼ਾਵਾਂ (Social-Class dialects) ਉਤਪੰਨ ਹੁੰਦੀਆਂ ਹਨ। ਇਹ ਉਪਭਾਸ਼ਾਵਾਂ ਜੁਗਤ-ਬੱਧ, ਨਿਯਮ-ਬੱਧ ਅਤੇ ਗੁੰਝਲਦਾਰ ਪਰਣਾਲੀਆਂ ਦੀ ਬਣਤਰ ਵਾਲੀਆਂ ਹੁੰਦੀਆਂ ਹਨ ਅਤੇ ਸਮਾਜ ਦੀਆਂ ਲੋੜਾਂ ਲਈ ਬਿਲਕੁਲ ਢੁਕਵੀਆਂ ਹੁੰਦੀਆਂ ਹਨ। ਭਾਸ਼ਾਈ ਸੰਰਚਨਾ ਅਤੇ ਸਮਾਜਕ ਸੰਰਚਨਾ ਦੀ ਸਹਿ ਵਿਭਿੰਨਤਾ (co-variation) ਨੂੰ ਸਹਿ-ਸੰਬੰਧਿਤ (correlational) ਅਤੇ ਅੰਤਰ ਸੰਬੰਧਿਤ (Inter-

relational) ਪੱਖਾਂ ਤੋਂ ਵਰਣਨ ਕਰਨ ਦੇ ਯਤਨ ਕੀਤੇ ਗਏ ਹਨ। ਇਸ ਕਾਰਜ ਲਈ ਸਾਨੂੰ ਇਹ ਅਧਿਐਨ ਇਕਾਤਮਿਕ ਕਿਰਿਆ (Unitary phenomenon) ਮੰਨ ਕੇ ਸਮੁੱਚੇ ਰੂਪ ਵਿਚ ਕਰਨਾ ਪੈਂਦਾ ਹੈ ਕਿਉਂਕਿ ਭਾਸ਼ਾਈ ਸੰਰਚਨਾ ਅਤੇ ਸਮਾਜਕ ਸੰਰਚਨਾ ਆਪਸ ਵਿਚ ਇਸ ਤਰ੍ਹਾਂ ਹਰਗਿਜ਼ ਅੰਤਰ-ਸੰਬੰਧਿਤ ਨਹੀਂ ਕਿ ਦੋਹਾਂ ਨੂੰ ਸਮਰੂਪ (homonym) ਸਮਝ ਲਿਆ ਜਾਵੇ। ਭਾਸ਼ਾ ਦੇ ਕੁਝ ਕੁ ਅਜਿਹੇ ਪੱਖ ਹਨ ਜਿਹੜੇ ਸਮਾਜਕ ਨਿਯੰਤਰਣ ਤੋਂ ਬਿਲਕੁਲ ਸੁਤੰਤਰ ਹਨ ਅਤੇ ਉਨ੍ਹਾਂ ਉੱਪਰ ਕੇਵਲ ਭਾਸ਼ਾ ਵਿਗਿਆਨਕ ਨਿਯਮ ਹੀ ਲਾਗੂ ਹੋ ਸਕਦੇ ਹਨ। ਉਦਾਹਰਨ ਵਜੋਂ ਇਹ ਇਕ ਭਾਸ਼ਾ ਵਿਗਿਆਨਕ ਨਿਯਮ ਹੈ ਕਿ ਕੁਝ ਕੁ ਵਿਅੰਜਨ (consonant) ਇਕ ਦੂਜੇ ਪਿੱਛੋਂ ਕ੍ਰਮ-ਅਨੁਸਾਰ ਨਹੀਂ ਆ ਸਕਦੇ ਜਦੋਂ ਤੀਕ ਕਿ ਉਨ੍ਹਾਂ ਵਿਚਕਾਰ ਕੋਈ ਸਵਰ (vowel) ਧੁਨੀਆਂ ਨਾ ਆਉਣ। ਹਾਂ, ਇਹ ਜ਼ਰੂਰ ਸੰਭਵ ਹੈ ਕਿ ਅਜਿਹਾ ਕੋਈ ਸਮਾਜਕ ਅਦਾਨ ਪਰਦਾਨ ਦਾ ਰੂਪਾਂਤਰ ਹੋਵੇ ਜਿਸ ਉੱਪਰ ਭਾਸ਼ਾ ਵਿਗਿਆਨਕ ਨਿਯੰਤਰਣ ਜਾਂ ਬੰਧੇਜ ਲਾਗੂ ਨਾ ਹੁੰਦਾ ਹੋਵੇ। ਲੈਬਾਵ (1972) ਵੀ ਮੰਨਦਾ ਹੈ ਕਿ ਭਾਸ਼ਾ ਵਿਗਿਆਨਕ ਬਣਤਰ ਦੇ ਬਹੁਤ ਸਾਰੇ ਤੱਤਾਂ ਦੇ ਅਜਿਹੇ ਨਿਯਮ ਹਨ ਜਿਹੜੇ ਬਿਲਕੁਲ ਅਦਿੱਸ ਤੇ ਅਮੂਰਤ ਹਨ। ਇਹ ਸਮਾਜਕ ਪਰਭਾਵਾਂ ਤੋਂ ਸੁਤੰਤਰ ਹਨ ਅਤੇ ਕਿਸੇ ਵਰਗ ਜਾਤੀ ਜਾਂ ਨਸਲ ਦੇ ਵਰਗੀਕਰਨ ਨੂੰ ਨਹੀਂ ਦਰਸਾਉਂਦੇ। ਇਹਨਾਂ ਉੱਪਰ ਸ਼ੈਲੀ ਦੇ ਪਰਿਵਰਤਨ ਦਾ ਵੀ ਕੋਈ ਪਰਭਾਵ ਨਹੀਂ ਪੈਂਦਾ। ਇਹ ਅਚੱਲ, ਸਵਾਧੀਨ, ਮੁਕਤ ਅਤੇ ਪਰਿਵਰਤਨ ਦੇ ਪਰਭਾਵ ਤੋਂ ਪਰ੍ਹੇ ਹੁੰਦੇ ਹਨ। ਭਾਸ਼ਾ ਵਿਗਿਆਨਕ ਸੰਰਚਨਾ ਦੇ ਕੇਵਲ ਕੁਝ ਕ ਕ੍ਰਮ ਉਪਰ ਹੀ ਸਮਾਜਕ ਪਰਭਾਵ ਪੈ ਸਕਦਾ ਹੈ ਤੇ ਇਹ ਸੰਰਚਨਾ ਦੇ ਰੂਪ ਪਰਿਵਰਤਨਸ਼ੀਲ (variable) ਹੁੰਦੇ ਹਨ। ਇਹਨਾਂ ਝੀਥਾਂ (slots) ਨੂੰ ਭਾਸ਼ਾ ਵਿਗਿਆਨੀ ਅਨੇਕ ਰੂਪਤਾ ਦੇ ਮੌਕੇ ਵਰਤ ਕੇ ਸਮਾਜਕ ਬਣਤਰ ਦੇ ਖੇਤਰ ਵਿਚ ਦਾਖਲ ਹੁੰਦੇ ਹਨ ਅਤੇ ਇਹਨਾਂ ਦਾ ਆਪਸੀ ਸੰਬੰਧ ਦਰਸਾਉਂਦੇ ਹਨ।

1.3 ਸਮਾਜ ਵਿਚ ਭਾਸ਼ਾ ਦੀ ਵਰਤੋਂ ਅਜਿਹੇ ਢੰਗ ਨਾਲ ਕੀਤੀ ਜਾਂਦੀ ਹੈ ਕਿ ਜਿਸ ਨਾਲ ਕਿਸੇ ਦੇ ਬੋਲਣ ਵਾਲੇ ਦੇ ਸਮਾਜਕ ਪਦ (Social Status) ਦੀ ਸੂਚਨਾ ਮਿਲਦੀ ਹੈ। ਪਦ ਤੋਂ ਭਾਵ ਕਿਸੇ ਸਮੂਹ ਦਾ ਸਤਰ (position) ਹੈ। ਇਸ ਤੋਂ ਭਾਵ ਦਰਜਾ (rank) ਜਾਂ ਦਰਜੇ ਦਾ ਕ੍ਰਮ ਹੈ। ਸਮਾਜ ਵਿਚ ਹਰ ਇਕ ਪਦਵੀ ਲਈ ਸਮਾਜਕ ਕਰਤੱਵ ਨਿਸ਼ਚਿਤ ਹੁੰਦੇ ਹਨ। ਹਰ ਇਕ ਸਮਾਜਕ ਵਰਗ (Social Class) ਦਾ ਆਪੋ-ਆਪਣਾ ਜੀਉਣ ਢੰਗ ਹੁੰਦਾ ਹੈ। ਬੁਨਿਆਦੀ (ascriptive) ਅਤੇ ਪਰਾਪਤ ਕੀਤੇ (achieved) ਕਾਰਨਾਂ ਅਨੁਸਾਰ ਪਦਵੀ ਨਿਸ਼ਚਿਤ ਕੀਤੀ ਜਾਂਦੀ ਹੈ। ਬੁਨਿਆਦੀ ਸ਼੍ਰੇਣੀ ਤੋਂ ਭਾਵ ਲਿੰਗ, ਉਮਰ, ਪਰਿਵਾਰਿਕ ਸੰਬੰਧ ਅਤੇ ਜਨਮ ਦੇ ਤੱਤ ਹਨ। ਇਸ ਦਾ ਆਧਾਰ ਗੁਣਾਤਮਿਕ (qualitative) ਮੰਨਿਆ ਜਾਂਦਾ ਹੈ। ਬੁਨਿਆਦੀ ਤੱਤਾਂ ਦਾ ਕੰਮ ਸਭਿਆਚਾਰਕ ਮੁਆਮਲਿਆਂ ਵਿਚ ਵਧੇਰੇ ਵਿਆਪਕ ਹੁੰਦਾ ਹੈ ਜਿਵੇਂ ਕਿ ਵਿਆਹ, ਰੀਤੀ-ਰਿਵਾਜ, ਪੂਜਾ-ਪਰਾਰਥਨਾ ਦੀਆਂ ਵਿਧੀਆਂ, ਉਤਸਵਾਂ ਦਾ ਮਨਾਉਣਾ, ਮੰਦਰ ਵਿਚ ਜਾਣਾ ਆਦਿ ਸਮੇਂ ਇਹ ਸਭਿਆਚਾਰਕ ਤੱਤ ਪਰਤਿਭਾ (power) ਅਤੇ ਆਰਥਿਕ ਗਤੀਸ਼ੀਲਤਾ ਦੇ ਖੇਤਰ ਵਿਚ ਸੀਮਤ ਹੱਦ ਤੱਕ ਕਾਰਜ ਕਰਦੇ ਹਨ। ਪਰਾਪਤ ਕੀਤੀ ਸ਼੍ਰੇਣੀ ਤੋਂ ਭਾਵ ਵਿੱਦਿਆ, ਪਰਭਾਵਸ਼ਾਲੀ ਨੌਕਰੀਆਂ ਅਤੇ ਆਮਦਨੀ ਤੋਂ ਹੈ। ਇਹ ਕਿਸੇ ਦੀਆਂ ਯੋਗਤਾਵਾਂ ਅਤੇ ਸਿਖਲਾਈ ਤੋਂ ਪਰਾਪਤ ਹੁੰਦੀ ਹੈ ਅਤੇ ਇਸ ਦਾ ਆਧਾਰ ਉਸ ਦਾ ਨਿਭਾਅ ਹੁੰਦਾ ਹੈ। ਪਰ ਕੋਈ ਵੀ ਸਮਾਜ ਕੇਵਲ ਬੁਨਿਆਦੀ ਤੱਤਾਂ ਜਾਂ ਪਰਾਪਤ ਕੀਤੇ ਤੱਤਾਂ ਉਪਰ ਆਧਾਰਿਤ ਨਹੀਂ ਹੁੰਦਾ। ਬੁਨਿਆਦੀ ਪੱਖ ਜੀਵਨ ਵਿਚ ਪਹਿਲਾਂ ਆਉਂਦੇ ਹਨ ਅਤੇ ਪਰਾਪਤ ਕੀਤੇ ਪੱਖ ਕੁਝ ਕੁ ਚਿਰ ਪਿਛੋਂ। ਇਕ ਬ੍ਰਾਹਮਣ ਜਾਤੀ ਦਾ ਵਿਅਕਤੀ ਬੁਨਿਆਦੀ ਪਦਵੀ (ascribed status) ਦਾ ਉਦਾਹਰਨ ਹੈ ਪਰ ਇਕ ਬ੍ਰਾਹਮਣ ਜਾਤੀ ਦਾ ਤੈਰਾਕ ਵਿਅਕਤੀ ਉਦੇਸ਼ ਪਰਾਪਤ ਪਦਵੀ (achieved status) ਦਾ ਉਦਾਹਰਨ। ਬੁਨਿਆਦੀ ਪਦਵੀ ਸਦਾ ਹੀ ਪਰੰਪਰਾਵਾਦੀ ਜਾਂ ਜਾਤੀ ਸਮਾਜ ਵਿਚ ਮਿਲਦੀ ਹੈ। ਵਰਗ ਪੱਖੀ ਸਮਾਜ ਵਿਚ ਇਹ ਬਹੁਤ ਘੱਟ ਹੁੰਦੀ ਹੈ ਕਿਉਂਕਿ ਵਰਗ ਪੱਖੀ ਸਮਾਜ ਵਿਚ ਸਮਾਜਿਕ ਗਤੀਸ਼ੀਲਤਾ ਵਧੇਰੇ ਹੁੰਦੀ ਹੈ। ਅਸਲ ਵਿਚ ਪਦਵੀ ਆਮ ਤੌਰ ਤੇ ਜਾਤੀ ਦਰਜੇ (caste rank) ਨਾਲ ਮੇਲ ਖਾਂਦੀ ਹੈ। ਵਰਗ ਇਕ ਆਰਥਿਕ ਸ਼੍ਰੇਣੀ ਹੈ ਅਤੇ ਪਦਵੀ ਇਕ ਸਮਾਜ ਸ਼੍ਰੇਣੀ। ਭਾਵੇਂ ਸਮਾਜਕ ਸ਼੍ਰੇਣੀ ਸਤਿਕਾਰ (honour) ਉਪਰ ਨਿਰਭਰ ਕਰਦੀ ਹੈ ਪਰ ਫੇਰ ਵੀ ਇਹ ਦੋਵੇਂ ਕਿਰਿਆਵਾਂ (Phenomena) ਇਕ ਦੂਜੇ ਤੋਂ ਸੁਤੰਤਰ ਨਹੀਂ ਹਨ।

ਸਮਾਜ ਭਾਸ਼ਾ ਵਿਗਿਆਨੀ ਪੀਟਰ ਟਰੈਡਗਿਲ (Peter Trudgill) ਨੇ ਆਪਣੀ ਪੁਸਤਕ ਸੋਸ਼ੋਲਿੰਗੁਇਸਟਿਕਸ ਐਨ ਇੰਟਰੋਡੈਕਸ਼ਨ (Sociolinguistics An Introduction) ਵਿਚ "ਭਾਸ਼ਾ ਅਤੇ ਸਮਾਜਕ ਵਰਗ" Langua... and Social class) ਨਾਮਕ ਲੇਖ ਵਿਚ ਸਮਾਜਕ ਪਦਵੀ (Social Status) ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਇਸ਼ ਪੱਖ ਨੂੰ ਸਪਸ਼ਟ ਕਰਨ ਲਈ ਅੰਗਰੇਜ਼ੀ ਦੇ ਬੁਲਾਰਿਆਂ ਦੀ ਵਾਰਤਾਲਾਪ ਨੂੰ ਉਦਾਹਰਨ ਦੇ ਤੌਰ 'ਤੇ ਲਿਆ ਹੈ-

| Speaker A | Speaker B |
|---|---|
| 1. I done it yesterday | I did it yesterday. |
| 2. He ain't got it. | He hasn't got it. |
| 3. It was her what said it. | It was her that said it. |

ਉਪਰੋਕਤ ਦਿੱਤੀਆਂ ਗਈਆਂ ਉਦਾਹਰਨਾਂ ਤੋਂ ਕਿਸੇ ਸਮਾਜ ਦੇ ਭਾਸ਼ਾਈ ਪੱਧਰ ਅਤੇ ਸਮਾਜਕ ਪੱਧਰ (Lingual Levels and Social Levels) ਦਰਿਸ਼ਟਮਾਨ ਹੁੰਦੇ ਹਨ। ਇਹਨਾਂ ਭਾਸ਼ਾਈ ਅਤੇ ਸਮਾਜਕ ਪੱਧਰਾਂ ਨੂੰ ਹੇਠਾਂ ਲਿਖੀ ਗਈ ਸ਼ਾਰਣੀ ਦੁਆਰਾ ਸਮਝਿਆ ਜਾ ਸਕਦਾ ਹੈ :

ਬੁਲਾਰਾ ਏ

(Speaker A)

1. ਅੰਗਰੇਜ਼ੀ ਦਾ ਇਹ ਬੁਲਾਰਾ ਜਿਹੜੀ ਭਾਸ਼ਾਂ ਦੀ ਵਰਤੋਂ ਕਰ ਰਿਹਾ ਹੈ ਉਹ ਉਥੋਂ ਦੀ ਉਪ ਭਾਸ਼ਾ (dialect) ਹੈ।

2. ਵਿਆਕਰਨਕ ਨੇਮਾਂ ਨੂੰ ਭੰਗ ਕੀਤਾ ਗਿਆ ਹੈ।

3. ਅੰਗਰੇਜ਼ੀ ਦਾ ਇਹ ਬੁਲਾਰਾ ਅਨਪੜ੍ਹ ਵਰਗ/ਨੀਵੇਂ ਵਰਗ (lower class) ਨਾਲ ਸੰਬੰਧਿਤ ਹੈ।

4. ਅੰਗਰੇਜ਼ੀ ਦਾ ਇਹ ਬੁਲਾਰਾ ਜਿਹੜੀ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ ਉਹ ਅੰਤਰ-ਰਾਸ਼ਟਰੀ ਪੱਧਰ ਦੀ ਨਹੀਂ ਸਗੋਂ ਉਹ ਭਾਸ਼ਾ ਦਾ ਸਥਾਨਕ ਰੂਪ ਵਰਤ ਰਿਹਾ ਹੈ।

ਬੁਲਾਰਾ ਬੀ

(Speaker B)

ਅੰਗਰੇਜ਼ੀ ਦਾ ਇਹ ਬੁਲਾਰਾ ਭਾਸ਼ਾ ਦੇ ਮਿਆਰੀ (Standard) ਰੂਪ ਅਨੁਸਾਰ ਵਾਕ ਉਚਾਰ ਰਿਹਾ ਹੈ।

ਵਿਆਕਰਨਕ ਨੇਮਾਂ ਅਨੁਸਾਰ ਵਾਕਾਂ ਦੀ ਵਰਤੋਂ ਕੀਤੀ ਗਈ ਹੈ।

ਅੰਗਰੇਜ਼ੀ ਦਾ ਇਹ ਬੁਲਾਰਾ ਉਚ ਵਰਗ (higher class) ਨਾਲ ਸੰਬੰਧਿਤ ਹੈ।

ਅੰਗਰੇਜ਼ੀ ਦਾ ਇਹ ਬੁਲਾਰਾ ਭਾਸ਼ਾ ਦਾ ਜਿਹੜਾ ਰੂਪ ਵਰਤ ਰਿਹਾ ਹੈ। ਉਹ ਅੰਤਰ-ਰਾਸ਼ਟਰੀ ਪੱਧਰ ਦਾ ਹੈ। ਜਿਸਨੂੰ ਕੁਲੀਨ ਵਰਗ (elite class) ਦੇ ਅੰਤਰਗਤ ਰੱਖਿਆ ਜਾ ਸਕਦਾ ਹੈ।

1.5 ਉਪਰੋਕਤ ਦੀ ਰੋਸ਼ਨੀ ਸਾਨੂੰ ਅੰਗਰੇਜ਼ੀ ਦੇ ਇਹਨਾਂ ਬੁਲਾਰਿਆਂ ਦੇ ਭਾਸ਼ਾਈ ਅਤੇ ਸਮਾਜਕ ਪੱਧਰ ਦਰਿਸ਼ਟਮਾਨ ਕਰਦੀ ਹੈ। ਅੰਗਰੇਜ਼ੀ ਦਾ ਇਹ ਪਹਿਲਾ ਬੁਲਾਰਾ ਗੈਰ ਰਸਮੀ ਭਾਸ਼ਾ (Informal Language)ਦੀ ਵਰਤੋਂ ਕਰ ਰਿਹਾ ਹੈ ਜਦ ਕਿ ਅੰਗਰੇਜ਼ੀ ਦਾ ਦੂਜਾ ਬੁਲਾਰਾ ਰਸਮੀ ਭਾਸ਼ਾ (formal language) ਦੀ ਵਰਤੋਂ ਕਰਦਾ ਨਜ਼ਰ ਆਉਂਦਾ ਹੈ।

4. ਪ੍ਰੋ. ਪੀ.ਬੀ. ਪੰਡਿਤ (P.B.Pandit) ਨੇ ਆਪਣੀ ਪੁਸਤਕ 'ਇੰਡੀਆ ਐਜ਼ ਏ ਸੋਸ਼ੋਲਿੰਗੁਇਸਟਿਕ ਏਰੀਆ' (India As a Sociolinguistic Area-1972) ਵਿਚ "ਸਮਾਜਕ ਵਿੱਥ ਦਾ ਭਾਸ਼ਾਈ ਪਰਗਟਾਵਾ, "ਇਕ ਭਾਰਤੀ ਸਮੁਦਾਇ ਵਿਚ ਉਚਾਰਨ ਵੰਨਗੀ ਦੇ ਪੈਮਾਨੇ "Linguistic Expression of Social Distance". "Parameters of Speech Variation in an Indian

Distance", ਆਦਿ ਲੇਖਾਂ ਵਿਚ ਦੱਸਿਆ ਹੈ ਕਿ ਸਮਾਜ ਵਿਚ ਭਾਸ਼ਾ ਦੀ ਵਰਤੋਂ ਅਜਿਹੇ ਢੰਗ ਨਾਲ ਕੀਤੀ ਜਾਂਦੀ ਹੈ ਜਿਸ ਨਾਲ ਕਿਸੇ ਭਾਸ਼ਾ ਦੇ ਬੋਲਣਹਾਰੇ ਦੇ ਸਮਾਜਕ ਪਦ ਦੀ ਸੂਚਨਾ ਮਿਲਦੀ ਹੈ। ਉਨ੍ਹਾਂ ਨੇ ਆਪਣੀ ਇਸ ਪੁਸਤਕ ਵਿਚ ਮਰਾਠੀ ਅਤੇ ਗੁਜਰਾਤੀ ਵਿਚ ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਦਿੱਤੀਆਂ ਹਨ ਜਿਨ੍ਹਾਂ ਰਾਹੀਂ ਸਮਾਜ ਦੇ ਵੱਖੋ ਵੱਖਰੇ ਪੱਧਰਾਂ ਉਪਰ ਵਕਤਿਆਂ ਦੀ ਚੁਣੀ ਸ਼ਬਦਾਵਲੀ ਸ਼ਬਦ ਉਚਾਰ ਦੇ ਧੁਨੀ ਪਰਬੰਧ ਅਤੇ ਵਾਕ ਬਣਤਰ ਦੇ ਵਖਰੇਵਿਆਂ ਕਾਰਨ ਕਿਸੇ ਭਾਸ਼ਾ ਸਮੁਦਾਇ ਦੇ ਬੋਲਣਹਾਰਿਆਂ ਵਿਚਕਾਰ ਨਿਖੜਵੇਂ ਸਮਾਜਕ ਫਾਸਲੇ ਨੂੰ ਪਛਾਣਿਆ ਜਾ ਸਕਦਾ ਹੈ। ਉਹਨਾਂ ਨੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਵਰਤੇ ਜਾਂਦੇ ਕੁਝ ਸੰਸਕ੍ਰਿਤ ਦੇ ਉਧਾਰੇ ਸ਼ਬਦਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ ਅਤੇ ਦੱਸਿਆ ਹੈ ਕਿ ਇਹਨਾਂ ਉਧਾਰੇ ਲਏ ਸੰਸਕ੍ਰਿਤ ਦੇ ਸ਼ਬਦਾਂ ਨੂੰ ਉਚੀਆਂ ਪੜ੍ਹੀਆਂ ਲਿਖੀਆਂ ਸ਼ਰੇਣੀਆਂ ਅਤੇ ਨੀਵੀਆਂ ਅਨਪੜ੍ਹ ਕਿਰਤੀ ਸ਼ਰੇਣੀਆਂ ਜਿਵੇਂ ਵੱਖੋ-ਵੱਖਰੇ ਤਰੀਕੇ ਨਾਲ ਉਚਾਰਦੀਆਂ ਹਨ ਉਹਨਾਂ ਤੋਂ ਬੋਲਣ ਵਾਲਿਆਂ ਦੇ ਸਮਾਜਕ ਪੱਧਰ ਦੀ ਸੂਚਨਾ ਮਿਲਦੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤਾਂ (Sanskrit and Prakrit) ਵਿਚ ਕੁਝ ਸ਼ਬਦਾਂ ਦੇ ਉਚਾਰਨ ਦੀਆਂ ਉਦਾਹਰਨਾਂ ਦਿੱਤੀਆਂ ਹਨ ਅਤੇ ਇਹ ਕਿਹਾ ਹੈ ਕਿ ਪ੍ਰਾਕ੍ਰਿਤ ਵਿਚ ਬੋਲੇ ਜਾਣ ਵਾਲੇ ਸੰਸਕ੍ਰਿਤ ਉਧਾਰੇ ਸ਼ਬਦ ਇਕ ਸਾਹਿੱਤਕ ਮਾਧਿਅਮ ਤੋਂ ਦੂਜੇ ਸਾਹਿੱਤਕ ਮਾਧਿਅਮ ਵਿਚ ਤਬਦੀਲ ਹੁੰਦੇ ਹਨ। ਜਦੋਂ ਸੰਸਕ੍ਰਿਤ ਦੇ ਉਧਾਰੇ ਸ਼ਬਦ ਪ੍ਰਾਕ੍ਰਿਤ ਵਿਚ ਆਉਂਦੇ ਹਨ ਤਾਂ ਇਹ ਪ੍ਰਾਕ੍ਰਿਤ ਧੁਨੀ ਪਰਬੰਧ ਦੇ ਅਨੁਕੂਲ ਢਾਲੇ ਜਾਂਦੇ ਹਨ। ਪ੍ਰਾਕ੍ਰਿਤ ਲੇਖਕ ਆਪੋ ਆਪਣੀਆਂ ਨਿੱਜੀ ਉਪ-ਬੋਲੀਆਂ ਦੇ ਸਾਹਿੱਤਕ ਮਾਧਿਅਮ ਵਿਚ ਲਿਖ ਰਹੇ ਸਨ ਅਤੇ ਉਨ੍ਹਾਂ ਦੀਆਂ ਆਪਣੀਆਂ ਨਿੱਜੀਆਂ ਉਪਬੋਲੀਆਂ ਅਤੇ ਸੰਸਕ੍ਰਿਤ ਦੋਹਾਂ ਵਿਚਕਾਰ ਨਿਸ਼ਚਿਤ ਨਿਖੇੜਾ ਕਾਇਮ ਕੀਤਾ ਜਾ ਰਿਹਾ ਸੀ। ਨਤੀਜੇ ਵਜੋਂ ਪ੍ਰਾਕ੍ਰਿਤ ਸਾਹਿੱਤ ਵਿਚ ਸੰਸਕ੍ਰਿਤ ਦੇ ਉਧਾਰੇ ਤੱਤਾਂ ਨੂੰ ਸੁੱਚੇਤ ਤੌਰ ਤੇ ਪ੍ਰਾਕ੍ਰਿਤ ਰੂਪ ਦੇਣ ਦੀ ਰੁਚੀ ਮਿਲਦੀ ਹੈ। ਇਸ ਕਾਰਨ ਪ੍ਰਾਕ੍ਰਿਤ ਭਾਸ਼ਾ ਦੀ ਵਿਆਕਰਨ ਵਧੇਰੇ ਕਰਕੇ ਸੰਸਕ੍ਰਿਤ ਸ਼ਬਦਾਂ ਦੇ ਪ੍ਰਾਕ੍ਰਿਤ ਰੂਪਾਂ ਵਿਚ ਢਾਲੇ ਜਾਣ ਦੇ ਨੇਮਾਂ ਦਾ ਬਿਆਨ ਕਰਦੀ ਹੈ। ਉਸ ਸਮੇਂ ਵੀ ਸਥਿਤੀ ਅਜਿਹੀ ਹੋਵੇਗੀ ਕਿ ਸੰਸਕ੍ਰਿਤ ਜਾਣਨ ਵਾਲੇ ਕੁਲੀਨ ਵਰਗ (Elite Classes) ਹਮੇਸ਼ਾ ਸੰਸਕ੍ਰਿਤ ਸ਼ਬਦਾਂ ਦੀ ਵਰਤੋਂ ਕਰਦੇ ਹੋਣਗੇ। ਚਾਹੇ ਉਹ ਬੋਲਣਹਾਰੇ ਉਸ ਸਮੇਂ ਆਪੋ ਆਪਣੀਆਂ ਉਪਬੋਲੀਆਂ ਵਿਚ ਬੋਲਦੇ ਹੋਣ। ਉਸ ਸਮੇਂ ਕਿਉਂਕਿ ਸੰਸਕ੍ਰਿਤ ਸ਼ਬਦਾਂ ਦੇ ਸ਼ੁੱਧ ਉਚਾਰਨ ਨੂੰ ਖਾਸ ਪ੍ਰਤਿਸ਼ਠਾ ਜਾਂ ਸਮਾਜਕ ਪਦਵੀ (Social Status) ਮਿਲੀ ਹੋਵੇਗੀ ਇਸ ਕਾਰਨ ਉਹ ਬੋਲਣਹਾਰੇ ਆਪਣੀਆਂ ਬੋਲੀਆਂ ਬੋਲਦੇ ਹੋਏ ਵੀ ਵਿਚ ਵਿਚ ਸ਼ੁੱਧ ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਕਰਦੇ ਸਨ ਅਤੇ ਆਪਣੀਆਂ ਬੋਲੀਆਂ ਦੀ ਸਮਾਜਕ ਪਦਵੀ ਨੂੰ ਉਪਰ ਚੁੱਕਣ ਦੀ ਕੋਸ਼ਿਸ਼ ਕਰਦੇ ਸਨ। ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਸੰਸਕ੍ਰਿਤ ਉਧਾਰੇ ਸ਼ਬਦ ਜਿਨ੍ਹਾਂ ਦੀ ਵੱਖੋ-ਵੱਖਰੇ ਵਿਅੰਜਨ ਗੁੱਛਿਆਂ (Heterogar:ic consonant clusters) ਦੇ ਰੂਪ ਵਿਚ ਬਣਤਰ ਸੀ, ਉਹ ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਆਪਣੇ ਮੂਲ ਢਾਂਚੇ ਨੂੰ ਬਦਲ ਕੇ ਵਿਚਕਾਰ ਵਿਚ ਸਵਰ ਵੀ ਲਗਾਉਣ ਲੱਗੇ ਜਿਸ ਨਾਲ ਸੰਸਕ੍ਰਿਤ ਧੁਨੀ ਗੁੱਛੇ ਭੰਗ ਹੋਣ ਲੱਗੇ। ਇਸ ਲਈ ਅਸੀਂ ਹੇਠ ਲਿਖੀਆਂ ਉਦਾਹਰਨਾਂ ਦੇ ਸਕਦੇ ਹਾਂ :

| ਸੰਸਕ੍ਰਿਤ | ਆਧੁਨਿਕ ਭਾਰਤੀ ਭਾਸ਼ਾਵਾਂ |
|---|---|
| 1. ਰਕਤ (r ਰ k ਰ t) | ਰੰਗਿਆਂ (ਰੰਗਤ) |
| 2. ਸਵੱਪਨ (Sਰ ਜ ਰ j) | ਸੁਪਨਾ |
| 3. ਗੁਪੱਤ (gup et) | ਗੁਪਤ |

4.1 ਇਹ ਉਧਾਰੇ ਲਏ ਸੰਸਕ੍ਰਿਤ ਸ਼ਬਦ ਭਾਰਤੀ ਆਰਿਆਈ ਭਾਸ਼ਾਵਾਂ ਦੇ ਵਿਕਾਸ ਵਿਚ ਉਨ੍ਹਾਂ ਦੇ ਆਪਣੇ ਨਿੱਜੀ ਸਿਸਟਮਾਂ ਵਿਚ ਬਹੁਤੀ ਥਾਂ ਨਹੀਂ ਰੱਖਦੇ ਸਨ। ਅਸਲ ਵਿਚ ਸੰਸਕ੍ਰਿਤ ਦੀ ਰੂਪ ਵਿਧੀ ਇਹਨਾਂ ਭਾਸ਼ਾਵਾਂ ਲਈ ਵਿਦੇਸ਼ੀ ਸੀ। ਇਹ ਉਧਾਰੇ ਤੱਤ ਬਦਲੀਆਂ ਹੋਈਆਂ ਉਪ-ਬੋਲੀਆਂ ਵਿਚ ਪੜ੍ਹਿਆਂ ਲਿਖਿਆਂ ਦੁਆਰਾ ਉਧਾਰੇ ਲਏ ਹੋਏ ਸਨ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਇਹਨਾਂ ਸਿਖਿਅਤ ਸ਼ਬਦਾਂ ਨੂੰ ਪਦਵੀ ਪਰਦਾਨ ਕੀਤੀ ਗਈ ਅਤੇ ਇਹਨਾਂ ਦੇ ਨਾਲ ਸਮਾਜਕ ਪ੍ਰਤਿਸ਼ਠਾ ਜੁੜ ਗਈ।

4.1.2 ਪ੍ਰੋ: ਪੰਡਿਤ ਨੇ ਇਹਨਾਂ ਸੰਸਕ੍ਰਿਤ ਗੁੱਛਿਆਂ (Sanskritic clusters) ਨੂੰ ਸਮਾਜਕ

ਭੇਦ ਭਾਵਾਂ ਦਾ ਸੂਚਕ ਦੱਸਿਆ ਹੈ। ਇਹ ਸ਼ਬਦ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਪ੍ਰਤਿਸ਼ਠਾ ਦੇ ਸੂਚਕ ਹਨ। ਪੜ੍ਹੀਆਂ ਲਿਖੀਆਂ ਸਿਖਿਅਤ ਸਮਾਜਕ ਸ਼ਰੇਣੀਆਂ ਦੇ ਉਚਾਰਨ ਦੇ ਪ੍ਰਤਿਮਾਨ ਸਾਹਿੱਤ ਪਰੰਪਰਾ ਅਤੇ ਸ਼ਬਦ ਉਚਾਰਨ ਨਾਲ ਜੁੜੇ ਹੋਏ ਸਨ। ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਬੋਲਚਾਲ ਦਾ ਪ੍ਰਤਿਮਾਨ ਭਾਸ਼ਾ ਦਾ ਖੇਤਰੀ ਵਨੰਗੀ ਹੁੰਦਾ ਹੈ। ਪਰੰਤੂ ਫਿਰ ਵੀ ਸੰਸਕ੍ਰਿਤ ਉਦਾਰ ਤੱਤਾਂ ਦੇ ਸ਼ਬਦ ਜੋੜਾਂ ਨੂੰ ਮੂਲ ਉਚਾਰਨ ਦੇ ਨੇੜੇ ਰੱਖਣ ਦੀ ਰੁਚੀ ਇਸੇ ਸਮਾਜਕ ਪ੍ਰਤਿਸ਼ਠਾ ਦੀ ਭਾਵਨਾ ਨੂੰ ਪਰਗਟਾਉਂਦੀ ਹੈ। ਅਸੀਂ ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਪੰਜਾਬੀ ਦੀ ਉਦਾਹਰਨ ਲੈ ਸਕਦੇ ਹਾਂ। ਪੰਜਾਬੀ ਵਿਚ /ਸ/ ਅਤੇ /ਸ਼/ ਧੁਨੀਆਂ ਅਜੋਕੇ ਸਮੇਂ ਵਿਚ ਬੋਲੀਆਂ ਜਾਂਦੀਆਂ ਹਨ। ਪਰੰਤੂ ਪੰਜਾਬੀ ਦੀ ਮੂਲ ਧੁਨੀ ਕੇਵਲ /ਸ/ ਹੈ। /ਸ਼/ਫਾਰਸੀ ਚੋਂ ਉਧਾਰੀ ਲਈ ਗਈ ਹੈ। /ਸ/ ਧੁਨੀ ਦਾ ਉਚਾਰਨ ਨੀਵੀਆਂ ਕਿਰਤੀ ਸ਼ਰੇਣੀਆਂ ਨਾਲ ਜੋੜਿਆ ਜਾਂਦਾ ਹੈ ਜਾਂ ਫਿਰ ਕੁਝ ਨੀਵੀਆਂ ਕਿਰਤੀ-ਸ਼ਰੇਣੀਆਂ ਨਾਲ ਜੋੜਿਆ ਤੇ ਪੱਛੜੀਆਂ ਜਾਤਾਂ ਨਾਲ। ਇਸ ਤਰ੍ਹਾਂ /ਖ/ ਤੇ /ਖ਼/ ਧੁਨੀ /ਗ/ ਅਤੇ /ਗ਼/ ਧੁਨੀ, /ਜ/ ਤੇ /ਜ਼/ ਧੁਨੀ, /ਫ/, /ਫ਼/ ਧੁਨੀ ਆਦਿ ਅਜਿਹੀਆਂ ਧੁਨੀਆਂ ਹਨ ਜਿਹਨਾਂ ਨਾਲ ਸਮਾਜਕ ਪਦਵੀ (Social Status) ਅਤੇ ਪ੍ਰਤਿਸ਼ਠਾ ਜੁੜੀ ਹੋਈ ਹੈ। ਇਸ ਤਰ੍ਹਾਂ ਸੰਸਕ੍ਰਿਤ ਸ਼ਬਦ ਜਿਹਨਾਂ ਦੇ ਅਤ ਵਿਚ /ਯ/ ਆਉਂਦਾ ਹੈ ਜਿਵੇਂ ਵਿਦਿਆਲਯ, ਸਮਾਨਯ, ਨਿਆਇਆਲਯ, ਕਾਰਆਲਯ ਆਦਿ। ਹਿੰਦੀ ਭਾਸ਼ਾ ਵਿਚ ਪ੍ਰਤਿਸ਼ਠਾ ਵਾਲੀ ਬੋਲੀ ਦੇ ਸੂਚਕ ਹਨ। ਪੰਜਾਬੀ ਭਾਸ਼ਾ ਦੇ ਬੋਲਣਹਾਰਿਆਂ ਨੇ ਇਸ ਅੰਤਲੀ /ਯ/ ਧੁਨੀ ਦਾ ਉਚਾਰਨ ਤਿਆਗ ਦਿੱਤਾ ਹੈ। ਪੰਜਾਬੀ ਵਿਚ ਇਹ /ਯ/ ਸ਼ਬਦ ਦੀ ਅੰਤਲੀ ਅਵਸਥਾ ਤੇ ਨਾ ਉਚਾਰਨਾ ਸਾਰੇ ਵਰਗਾਂ ਵਿਚ ਹੀ ਮਿਲਦਾ ਹੈ। ਪਰ ਹੋਰ ਭਾਰਤੀ ਭਾਸ਼ਾਵਾਂ ਜਿਵੇਂ ਗੁਜਰਾਤੀ ਅਤੇ ਮਰਾਠੀ ਵਿਚ /ਯ/ ਧੁਨੀ ਦਾ ਅੰਤ ਵਿਚ ਉਚਾਰਨ ਸਮਾਜਕ ਪਦਵੀ ਜਾਂ ਪੜ੍ਹੇ ਲਿਖੇ ਹੋਣ ਦਾ ਸੂਚਕ ਹੈ।

5. ਬੇਸਲ ਬਰਨਸਟੀਨ (Basils Bernstein, 1971) ਨੇ ਇਸ ਦਿਸ਼ਾ ਵਿਚ ਖਾਸਾ ਵਿਸਤਰਿਤ ਅਤੇ ਭਰਪੂਰ ਕਾਰਜ ਕੀਤਾ ਹੈ। ਉਸ ਦੀਆਂ ਦੋ ਪੁਸਤਕਾਂ ਕਲਾਸ ਕੋਡਜ਼ ਐਂਡ ਕੰਟਰੋਲ (ਭਾਗ ਪਹਿਲਾ ਅਤੇ ਦੂਜਾ), Class Codes and Control (Vol. I and II) ਵਿਚ ਮਿਲਦੇ ਲੇਖ ਭਾਸ਼ਾ ਅਤੇ ਸਮਾਜ ਸੰਬੰਧੀ ਵਿਸ਼ੇਸ਼ ਮਹੱਤਵ ਦੇ ਲਖਾਇਕ ਹਨ। ਉਸ ਨੇ ਆਪਣੇ ਅਧਿਐਨ ਲਈ ਸਮਾਜ ਅਤੇ ਭਾਸ਼ਾ ਦੇ ਆਪਸੀ ਸੰਬੰਧਾਂ ਨੂੰ ਮੁੱਖ ਰੱਖਦਿਆਂ ਹੇਠ ਲਿਖੀਆਂ ਪੂਰਵ-ਧਾਰਨਾਵਾਂ ਉੱਪਰ ਵਿਚਾਰ ਕੀਤਾ ਹੈ। ਸਮਾਜ ਵਿੱਚ ਮੱਧ ਸ਼ਰੇਣੀਆਂ ਅਤੇ ਕਿਰਤੀ ਸ਼ਰੇਣੀਆਂ ਸਮਾਜੀਕਰਨ ਦੇ ਅੰਤਰ ਵਿਅਕਤਿਕ ਪੱਖਾਂ ਉੱਪਰ ਭਾਸ਼ਾ ਵਰਤੋਂ ਵਿਚ ਵਧੇਰੇ ਜ਼ੋਰ ਦੇਂਦੀਆਂ ਹਨ। ਉਹ ਭਾਸ਼ਾ ਸਿੱਖਣ ਦੀਆਂ ਮੁੱਢਲੀਆਂ ਜੁਗਤਾਂ ਦੇ ਸਮਾਜੀਕਰਨ ਉੱਪਰ ਬਹੁਤਾ ਬਲ ਨਹੀਂ ਦੇਂਦੇ। ਇਸੇ ਤਰ੍ਹਾਂ ਉਸ ਨੇ ਕਿਰਤੀ ਸ਼ਰੇਣੀਆਂ ਅਤੇ ਸਮਾਜ ਦੀਆਂ ਉਪਰਲੀਆਂ ਸ਼੍ਰੇਣੀਆਂ ਦੀ ਭਾਸ਼ਾ ਵਰਤੋਂ ਵਿਚਲਾ ਮੁੱਢਲਾ ਅੰਤਰ ਸੰਕੁਚਿਤ ਕੋਡ ਅਤੇ ਵਿਸਤ੍ਰਿਤ ਕੋਡ (Restricted Code and Elaborated Code) ਦੇ ਫਰਕ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਅਨੁਸਾਰ ਵਕਤੇ ਪਾਸ ਦੋ ਪਰਕਾਰ ਦੀਆਂ ਸੰਕੇਤਾਵਲੀਆਂ ਹੁੰਦੀਆਂ ਹਨ। ਉਚੇਚਤਾ ਪੂਰਨ ਬਹਿਸ ਜਾਂ ਪੜ੍ਹਾਈ ਲਿਖਾਈ ਸੰਬੰਧੀ ਵਿਚਾਰ-ਵਟਾਂਦਰੇ ਜਿਹੀਆਂ ਸਥਿਤੀਆਂ ਵਿਚ ਵਰਤੀ ਜਾਂਦੀ ਬੋਲੀ ਨੂੰ 'ਵਿਸਤਰਿਤ ਕੋਡ' ਕਹਿੰਦੇ ਹਨ। ਇਸ ਸਥਿਤੀ ਵਿਚ ਵਕਤੇ ਦਾ ਵਿਅਕਤੀਤਵ ਉਸ ਦੇ ਬੋਲ ਤੇ ਪਰਭਾਵ ਪਾਉਂਦਾ ਹੈ ਅਤੇ ਇਹ ਸੰਬੰਧਿਤ ਪਰਸੰਗ ਤੋਂ ਵੀ ਸੁਤੰਤਰ ਹੁੰਦਾ ਹੈ। ਇਸ ਵਿਚ ਮੁਕਾਬਲਤਨ ਅਧੀਨ ਵਾਕੰਸ਼ਾਂ, ਕਰਮਣੀ ਕਿਰਿਆਵਾਂ, ਵਿਸ਼ੇਸ਼ਣਾਂ, ਅਸਾਧਾਰਨ ਕਿਰਿਆ ਵਿਸ਼ੇਸ਼ਣਾ, ਯੋਜਕਾਂ ਅਤੇ ਉਤਮ ਪੁਰਖ ਪੜਨਾਂਵ 'ਮੈਂ' ਦੀ ਬਹੁਲਤਾ ਹੁੰਦੀ ਹੈ। ਇਸ ਦੇ ਉਲਟ 'ਸੰਕੁਚਿਤ ਕੋਡ' ਦੀ ਵਰਤੋਂ ਉਚੇਚਤਾ ਰਹਿਤ ਤੇ ਗੈਰ-ਰਸਮੀ (Informal) ਸਥਿਤੀਆਂ ਵਿਚ ਹੁੰਦੀ ਹੈ ਜਿਵੇਂ ਘਰ ਵਿਚ ਜਾਂ ਮਿੱਤਰਾਂ ਵਿਚਕਾਰ। ਇਸ ਦੀ ਵਰਤੋਂ ਤੋਂ ਪਰਭਾਵ ਪੈਂਦਾ ਹੈ ਕਿ ਵਕਤਾ ਵੀ ਉਸ ਸਮੂਹ ਦਾ ਹੀ ਇਕ ਮੈਂਬਰ ਹੈ। ਇਹ ਸੰਕੇਤਾਵਲੀ ਵਿਸ਼ੇ ਨਾਲ ਜੁੜੀ ਹੁੰਦੀ ਹੈ ਅਤੇ ਇਸ ਵਿਚ ਬਹੁਤ ਸਾਰੀਆਂ ਭਾਸ਼ਾ ਵਿਗਿਆਨਕ ਰੂਪਾਂ ਦੀ ਵਰਤੋਂ ਦੀ ਸੰਭਾਵਨਾ ਦਾ ਪਤਾ ਲੱਗ ਜਾਂਦਾ ਹੈ। ਇਸ ਵਿਚ ਵਿਅਕਤੀਤਵ ਪੜਨਾਵਾਂ ਦੀ ਵਧੇਰੇ ਵਰਤੋਂ ਹੁੰਦੀ ਹੈ। ਖਾਸ ਕਰ ਜਦੋਂ ਵਕਤਾ ਸਰੋਤੇ ਤੋਂ ਪੁਸ਼ਟੀ ਦੀ ਮੰਗ ਕਰਦਾ ਹੋਇਆ ਪੁਛਾਂ ਕਰਦਾ ਹੈ ਤਾਂ 'ਤੂੰ/ਤੁਸੀਂ' ਅਤੇ 'ਉਹ' ਦੀ ਵਰਤੋਂ ਵਧੇਰੇ ਹੁੰਦੀ ਹੈ।

5.1 ਬੇਸਲ ਬਰਨਸਟੀਨ (Basil Bernstein) ਨੇ ਇਹਨਾਂ ਦੋਹਾਂ 'ਸੰਕੇਤਾਵਲੀਆਂ' ਦਾ ਸਮਾਜ-

ਵਰਗਾਂ ਨਾਲ ਸੰਬੰਧ ਦਰਸਾਇਆ। ਉਸ ਅਨੁਸਾਰ ਮੱਧ ਸ਼੍ਰੇਣੀ ਦੇ ਬੱਚੇ ਦੋਹਾਂ ਪਰਕਾਰ ਦੀਆਂ ਸੰਕੇਤਾਵਲੀਆਂ ਵਰਤਦੇ ਹਨ ਪਰ ਕੁਝ ਕੁ ਕਾਮਾ ਸ਼੍ਰੇਣੀ ਦੇ ਬੱਚੇ ਕੇਵਲ ਸੰਕੁਚਿਤ ਕੋਡ ਵਰਤਦੇ ਹਨ। ਇਸ ਖੋਜ ਦਾ ਵਿਦਿਅਕ ਖੇਤਰਾਂ ਉੱਪਰ ਮਹੱਤਵਪੂਰਨ ਪਰਭਾਵ ਪਿਆ ਅਤੇ ਅਧਿਕਾਰੀਆਂ ਨੇ ਕਾਮਾ-ਵਰਗ (Working Class) ਨੂੰ ਵਿਸਤ੍ਰਿਤ ਕੋਡ ਵਿਚ ਸਿਖਿਆ ਦੇਣ ਲਈ ਵਿਸ਼ੇਸ਼ ਪਰਬੰਧ ਕੀਤਾ। ਇਹ ਗੱਲ ਇਥੇ ਵਰਣਨਯੋਗ ਹੈ ਕਿ ਬਰਨਸਟੀਨ ਅਨੁਸਾਰ ਇਹਨਾਂ ਦੋਹਾਂ ਪਰਕਾਰ ਦੀਆਂ ਸੰਕੇਤਾਵਲੀਆਂ ਦਾ ਸਮਾਜਕ ਵਰਗ ਦੀਆਂ ਉਪ-ਬੋਲੀ ਨਾਲ ਸਿੱਧਾ ਕੋਈ ਸੰਬੰਧ ਨਹੀਂ। ਇਹ ਮੰਨਿਆ ਗਿਆ ਹੈ ਕਿ ਸਮਾਜਕ ਮਰਯਾਦਾ ਅਨੁਸਾਰ ਸਕੂਲ ਵਿਚ ਵਿਸਤ੍ਰਿਤ ਕੋਡ ਦੀ ਵਧੇਰੇ ਮਹਾਨਤਾ ਹੁੰਦੀ ਹੈ ਅਤੇ ਆਮ ਤੌਰ 'ਤੇ ਸਮਾਜ ਅਤੇ ਖਾਸ ਕਰਕੇ ਅਧਿਆਪਕ ਵਰਗ ਇਸੇ ਕੋਡ ਦੀ ਵਰਤੋਂ ਲਈ ਉਤਸ਼ਾਹ ਦਿੰਦਾ ਹੈ। ਇਸੇ ਲਈ ਜਿਹੜੇ ਬੱਚੇ ਵਿਸਤ੍ਰਿਤ ਕੋਡ ਦੀ ਵਰਤੋਂ ਨਹੀਂ ਕਰਦੇ ਉਹ ਵਿਦਿਅਕ ਤੌਰ ਤੇ ਪਿੱਛੇ ਰਹਿ ਜਾਂਦੇ ਹਨ ਕਿਉਂਕਿ ਉਹ ਅਧਿਆਪਕ ਦੀਆਂ ਇੱਛਾਵਾਂ ਤੇ ਪੂਰੇ ਨਹੀਂ ਉਤਰਦੇ। ਇਸ ਪੱਖ ਦਾ ਨਿਪਟਾਰਾ ਤਾਂ ਅਧਿਆਪਕਾਂ ਨੂੰ ਵਿਸਤ੍ਰਿਤ ਕੋਡ ਤੇ ਬਹੁਤਾ ਜ਼ੋਰ ਨਾ ਦੇਣ ਲਈ ਅਤੇ ਵਿਦਿਆਰਥੀਆਂ ਦੇ ਮਾਪਦੰਡ ਲਈ ਮੱਧ ਸ਼੍ਰੇਣੀ ਦੇ ਉਚਾਰਨ ਜੁਗਤ ਨੂੰ ਨਮੂਨੇ ਵਜੋਂ ਨਾ ਅਪਨਾਉਣ ਲਈ ਕਹਿ ਕੇ ਕੀਤਾ ਜਾ ਸਕਦਾ ਹੈ। ਇਸ ਦੇ ਉਲਟ ਜੇਕਰ ਇਹ ਮੰਨਿਆ ਜਾਵੇ ਕਿ ਵਿਸਤ੍ਰਿਤ ਕੋਡ ਇਕ ਸਮਾਜਕ ਮਰਿਯਾਦਾ ਨਹੀਂ ਸਗੋਂ ਇਹ ਵਿਦਿਅਕ ਵਿਧੀ ਦਾ ਅਨਿੱਖੜਵਾਂ ਅੰਗ ਹੈ ਅਤੇ ਕਾਮਾ ਸ਼੍ਰੇਣੀ ਦੇ ਵਿਦਿਆਰਥੀ ਇਸ ਦੀ ਪੂਰੀ ਤਰ੍ਹਾਂ ਵਰਤੋਂ ਨਾ ਕਰਕੇ ਗਿਆਨ ਪੱਖੋਂ ਅਧੂਰੇ ਰਹਿ ਜਾਂਦੇ ਹਨ ਅਤੇ ਸੂਖਮ ਭਾਵਾਂ ਨੂੰ ਪ੍ਰਗਟ ਕਰਨ ਤੋਂ ਅਸਮਰੱਥ ਰਹਿੰਦੇ ਹਨ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ 'ਕਾਮਾ ਸ਼੍ਰੇਣੀ' ਦੇ 'ਬੋਲ-ਦੋਸ਼' ਦੀ ਸਥਿੱਤੀ ਨੂੰ ਵਿਸ਼ੇਸ਼ ਯਤਨਾਂ ਰਾਹੀਂ ਪੂਰਾ ਕੀਤਾ ਜਾਵੇ। ਭਾਸ਼ਾ ਵਿਗਿਆਨ ਦੇ ਖੇਤਰ ਵਿਚ ਇਹ ਦੋਵੇਂ ਪੱਖ ਅਜੇ ਚਰਚਾ ਅਧੀਨ ਚਲ ਰਹੇ ਹਨ। ਪਰ ਬਰਨਸਟੀਨ ਦੀ ਇਹ ਖੋਜ ਮਹੱਤਵਪੂਰਨ ਹੈ ਕਿ ਘੱਟੋ ਘੱਟ ਕੁਝ ਕੁ ਪਰਸੰਗਾਂ ਵਿਚ ਮੱਧ-ਸ਼੍ਰੇਣੀ ਦੇ ਬੱਚੇ ਬੋਲੀ ਦੀਆਂ ਦੋ ਵੱਖੋ-ਵੱਖਰੀਆਂ ਸੰਕੇਤਾਵਲੀਆਂ ਵਰਤਦੇ ਹਨ ਜਾਂ ਵਰਤਣ ਦੀ ਸਮਰੱਥਾ ਰੱਖਦੇ ਹਨ। ਇਸ ਦੇ ਮੁਕਾਬਲੇ ਤੇ ਉਹਨਾਂ ਹਾਲਤਾਂ ਵਿਚ ਕਾਮਾ-ਸ਼੍ਰੇਣੀ ਦੇ ਵਿਦਿਆਰਥੀ ਇਕੋ ਹੀ ਪਰਕਾਰ ਦੀ ਸੰਕੇਤਾਵਲੀ ਵਰਤਦੇ ਹਨ। ਇਹਨਾਂ ਦੋ ਪਰਕਾਰ ਦੀਆਂ ਸੰਕੇਤਾਵਲੀਆਂ ਨੂੰ ਉਪਬੋਲੀ ਦੀਆਂ ਸ਼ੈਲੀਆਂ ਵੀ ਕਿਹਾ ਜਾ ਸਕਦਾ ਹੈ। ਇਸ ਪੱਖੋਂ ਵਾਚਿਆਂ ਅਸੀਂ ਬਰਨਸਟੀਨ ਦੇ ਵਿਚਾਰਾਂ ਨੂੰ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ ਕਿ ਬਹੁਤ ਸਾਰੇ ਪ੍ਰਸੰਗਾਂ ਵਿਚ ਕੁਝ ਕੁ ਕਾਮਾ ਵਰਗ ਦੇ ਬੱਚੇ ਮੱਧ-ਸ਼੍ਰੇਣੀ ਦੇ ਬੱਚਿਆਂ ਨਾਲੋਂ ਘੱਟ ਮਾਤਰਾ ਵਿਚ ਉਚੇਚਤਾਪੂਰਨ ਸ਼ੈਲੀ ਵਰਤਣ ਦੀ ਰੁਚੀ ਰੱਖਦੇ ਹਨ। ਇਸ ਦਾ ਇਹ ਭਾਵ ਹਰਗਿਜ਼ ਨਹੀਂ ਕਿ ਉਹ ਭਾਸ਼ਾ-ਵਿਗਿਆਨਕ ਪੱਖੋਂ ਹੀਣਤਾ ਵਾਲੇ ਹੁੰਦੇ ਹਨ। ਹਾਂ ਇਹ ਜ਼ਰੂਰ ਹੈ ਕਿ ਉਹਨਾਂ ਬੱਚਿਆਂ ਲਈ ਸ਼ੈਲੀ ਚੋਣ ਦੀ ਹੱਦਬੰਦੀ ਸੰਕੁਚਿਤ ਹੁੰਦੀ ਹੈ। ਜੇਕਰ ਅਸੀਂ ਬਰਨਸਟੀਨ ਵੱਲੋਂ ਦਰਸਾਈ ਸੰਕੇਤਾਵਲੀ ਦੀ ਵਰਤੋਂ ਨੂੰ ਪੰਜਾਬੀ ਸਮਾਜ ਦੇ ਪਿਛੋਕੜ ਰੱਖਕੇ ਤੁਲਨਾ ਕਰੀਏ ਤਾਂ ਉਸ ਦੀ ਮੱਧ-ਸ਼੍ਰੇਣੀ ਤੇ ਕਾਮਾ ਸ਼੍ਰੇਣੀ ਵਿਚ ਕੀਤੀ ਵੰਡ ਨੂੰ ਸ਼ਹਿਰੀ ਅਤੇ ਪੇਂਡੂ ਸਮਾਜ ਵਿਚ ਸਿਲਸਿਲੇਵਾਰ ਲਾਗੂ ਕਰ ਸਕਦੇ ਹਾਂ। ਵਿਦਿਅਕ ਅੰਕੜਿਆਂ ਤੋਂ ਵੀ ਪਤਾ ਲੱਗਦਾ ਹੈ ਕਿ ਪੇਂਡੂ ਸਮਾਜ ਦੇ ਵਿਦਿਆਰਥੀ ਵਧੇਰੀ ਮਾਤਰਾ ਵਿਚ ਸਕੂਲ ਛੱਡ ਜਾਂਦੇ ਹਨ। ਇਸ ਹੀਣਤਾ ਦਾ ਕਾਰਨ ਵਿਸਤ੍ਰਿਤ ਕੋਡ ਦੀ ਮੰਗ ਨੂੰ ਵਿਸ਼ੇਸ਼ ਯਤਨਾਂ ਰਾਹੀਂ ਪੂਰਾ ਨਾ ਕਰ ਸਕਣਾ ਹੈ।

5.1.1 ਸਮਾਜ ਦੀਆਂ ਭਿੰਨ-ਭਿੰਨ ਸ਼੍ਰੇਣੀ ਪੱਧਰਾਂ ਦੇ ਪੱਖ ਤੋਂ ਵਕਤਿਆਂ ਦੁਆਰਾ ਬੋਲੀ ਜਾਂਦੀ ਭਾਸ਼ਾ ਵਿਚ ਸਾਨੂੰ ਵੰਨ-ਸੁਵੰਨਤਾ ਨਜ਼ਰ ਆਉਂਦੀ ਹੈ। ਪਿੰਡ ਵਿਚ ਉੱਚੇ ਵਰਗ ਨਾਲ ਸੰਬੰਧਿਤ ਜ਼ਿਮੀਂਦਾਰ ਸ਼੍ਰੇਣੀਆਂ ਦੇ ਵਕਤੇ ਜਾਂ ਬੁਲਾਰੇ ਜਿਸ ਤਰ੍ਹਾਂ ਦੀ ਭਾਸ਼ਾ ਬੋਲਦੇ ਹਨ ਉਸ ਤਰ੍ਹਾਂ ਦੀ ਭਾਸ਼ਾ ਕਿਰਤੀ ਕਾਮੇ ਅਤੇ ਬੇ-ਜ਼ਮੀਨੇ ਨਿਮਨ ਪੱਧਰ ਦੇ ਕਿਰਸਾਣ ਨਹੀਂ ਬੋਲਦੇ। ਸਮਾਜ ਵਿਚ ਕਿੱਤੇ ਅਤੇ ਜਾਤਾਂ ਨਾਲ ਸੰਬੰਧਿਤ ਵਿਅਕਤੀ ਜੋ ਆਪਣੇ ਕਿੱਤੇ ਅਤੇ ਕਿਰਤ ਵਿਹਾਰ ਦੀ ਦਰਿਸ਼ਟੀ ਤੋਂ ਪਛਾਣੇ ਜਾਂਦੇ ਹਨ। ਇਸੇ ਤਰ੍ਹਾਂ ਲਿੰਗ, ਉਮਰ, ਸਮਾਜਕ ਪਦਵੀ ਅਤੇ ਹੋਰ ਕਈ ਸਮਾਜਕ ਪੱਧਰ ਪੈਦਾ ਕਰਨ ਵਾਲੇ ਵਖਰੇਵਿਆਂ ਕਾਰਨ ਸਾਨੂੰ ਭਾਸ਼ਾ ਵਰਤੋਂ ਵਿਹਾਰ ਵਿਚ ਵੰਨਗੀ ਨਜ਼ਰ ਆਉਂਦੀ ਹੈ। ਇਉਂ ਇਕ ਪਾਸੇ ਸਮਾਜ ਵਿਚ ਸ਼੍ਰੇਣੀ, ਜਾਤ ਅਤੇ ਕਿੱਤੇ ਦੇ ਆਧਾਰ ਉੱਤੇ ਦੂਜੇ ਪਾਸੇ ਉਮਰ, ਲਿੰਗ ਭੇਦ ਅਤੇ ਪਦਵੀ ਦੇ ਆਧਾਰ ਉੱਤੇ ਸਮਾਜਕ ਪੱਧਰ ਦੇ ਵਖਰੇਵੇਂ ਮਿਲਦੇ ਹਨ। ਇਹਨਾਂ ਵਖਰੇਵਿਆਂ ਨੂੰ ਪਰਗਟਾਉਣ ਲਈ ਵੰਨ-ਸਵੰਨੀ ਭਾਸ਼ਾ ਦੀ ਵਰਤੋਂ ਮਿਲਦੀ ਹੈ ਜਿਸ ਨੂੰ ਧੁਨੀ ਪਰਬੰਧ, ਸ਼ਬਦ ਬਣਤਰ, ਵਾਕ ਬਣਤਰ, ਪਰਵਚਨ ਪਰਬੰਧ,

ਅਰਥ ਪ੍ਰਬੰਧ ਅਤੇ ਸ਼ੈਲੀਗਤ ਵੰਨ-ਸੁਵੰਨਤਾਵਾਂ ਦੇ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਸਮਾਜ ਵਿਚ ਉਚੀਆਂ ਪੜ੍ਹੀਆਂ ਲਿਖੀਆਂ ਸ਼੍ਰੇਣੀਆਂ ਅਤੇ ਨੀਵੀਆਂ ਅਨਪੜ੍ਹ ਕਿਰਤੀ ਸ਼੍ਰੇਣੀਆਂ ਜਿਵੇਂ ਵੱਖੋ-ਵੱਖਰੇ ਤਰੀਕੇ ਨਾਲ ਭਾਸ਼ਾ ਨੂੰ ਉਚਾਰਦੀਆਂ ਹਨ ਤਾਂ ਉਹਨਾਂ ਤੋਂ ਬੋਲਣ ਵਾਲਿਆਂ ਦੇ ਸਮਾਜਕ ਪੱਧਰ ਦੀ ਸੂਚਨਾ ਮਿਲਦੀ ਹੈ। ਸਮਾਜ ਦੇ ਵੱਖੋ-ਵੱਖਰੇ ਪੱਧਰ ਭਾਸ਼ਾ ਦੀ ਵੱਖ-ਵੱਖ ਢੰਗ ਨਾਲ ਵਰਤੋਂ ਕਰਦੇ ਹਨ।

6. ਵੀਹਵੀਂ ਸਦੀ ਵਿਚ ਭਾਸ਼ਾ ਵਿਗਿਆਨੀਆਂ ਨੇ ਪਰੰਪਰਾਮੂਲਕ ਨੇਮਾਂ ਤੋਂ ਉਤਾਂਹ ਉਠ ਕੇ ਰਚਨਾ ਦਾ ਭਾਸ਼ਾਈ ਅਧਿਐਨ ਕਰਨਾ ਆਰੰਭਿਆ ਹੈ। ਮਨੁੱਖੀ ਭਾਸ਼ਾ ਨੂੰ ਸਿਰਫ ਨਿਯਮਾਂ ਦਾ ਸਮੂਹ ਹੀ ਨਹੀਂ ਸਮਝਿਆ ਜਾਂਦਾ ਸਗੋਂ ਸਮਾਜ ਵਿਚ ਕਾਰਜਸ਼ੀਲ ਸੰਚਾਰ ਪਰਬੰਧ (Communication System) ਵਜੋਂ ਲਿਆ ਜਾਂਦਾ ਹੈ। ਆਧੁਨਿਕ ਯੁਗ ਵਿਚ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਉੱਚੀਆਂ ਸਿਖਰਾਂ ਛੂਹਣ ਕਰਕੇ ਭਾਸ਼ਾ ਦੀ ਅਹਿਮੀਅਤ ਵੀ ਬਹੁਤ ਜ਼ਿਆਦਾ ਵੱਧ ਗਈ ਹੈ। ਪਿਛਲੇ ਸਮਿਆਂ ਵਿਚ ਭਾਸ਼ਾ ਕੇਵਲ ਸਧਾਰਨ ਸੰਪਰਕ (Communication) ਦਾ ਸਾਧਨ ਸੀ। ਅੱਜ ਇਹ ਵਿਗਿਆਨ, ਟੈਕਨਾਲੋਜੀ, ਰਾਜਨੀਤੀ, ਵਿਚਾਰਪੱਧਤੀ ਆਦਿ ਮਹਾਨ ਸ਼ਕਤੀਆਂ ਨੂੰ ਸਿਰਜਨ, ਉਸਾਰਨ ਤੇ ਪਰਫੁਲਤ ਕਰਨ ਦਾ ਸਾਧਨ ਵੀ ਹੈ। ਭਾਸ਼ਾ ਸਮਾਜ ਦਾ ਅੰਗ ਹੁੰਦੀ ਹੈ। ਕੋਈ ਵੀ ਅਜਿਹਾ ਸਮਾਜ ਨਹੀਂ ਜਿਸ ਪਾਸ ਸੰਚਾਰ ਲਈ ਭਾਸ਼ਾ ਨਾ ਹੋਵੇ। ਇਹ ਤਾਂ ਸੰਭਵ ਹੈ ਕਿ ਕਿਸੇ ਸਮਾਜ ਪਾਸ ਭਾਸ਼ਾ ਦਾ ਲਿਖਤੀ ਰੂਪ ਨਾ ਹੋਵੇ ਪਰ ਦੁਨੀਆਂ ਵਿਚ ਅਜਿਹਾ ਕੋਈ ਸਮਾਜ ਨਹੀਂ ਜਿਹੜਾ ਆਪਸੀ ਵਿਚਾਰ-ਵਟਾਂਦਰੇ ਲਈ ਭਾਸ਼ਾ ਦੀ ਵਰਤੋਂ ਨਾ ਕਰਦਾ ਹੋਵੇ। ਲਿਖਣ ਕਲਾ ਥੋੜ੍ਹਾ ਚਿਰ ਪਹਿਲੋਂ ਹੋਂਦ ਵਿਚ ਆਈ ਪਰ ਮਨੁੱਖੀ ਬੋਲ ਆਦਿ ਕਾਲ ਤੋਂ ਵਰਤੋਂ ਵਿਚ ਆ ਰਹੇ ਹਨ। ਮਾਰਸ਼ਲ ਕੋਹਿਨ (Marcel Cohen) ਨੇ ਆਪਣੀ ਪੁਸਤਕ ਲੈਂਗੁਏਜ਼: ਇਟਸ ਸਟਰੱਕਚਰ ਐਂ ਇਵੋਲੂਸ਼ਨ(Language : its Structure and Evolution) ਵਿਚ ਕਿਹਾ ਹੈ ਕਿ:

> "ਭਾਸ਼ਾ ਵਿਚ ਅਥਾਹ ਸ਼ਕਤੀ ਹੁੰਦੀ ਹੈ ਅਤੇ ਭਾਸ਼ਾ ਦੀ
> ਹਰ ਸਮਾਜ ਵਿਚ ਵਿਸ਼ੇਸ਼ ਸਥਾਪਤੀ ਦੀ ਉਦਾਹਰਨ ਆਦਿ
> ਮਨੁੱਖ ਦੇ ਇਤਿਹਾਸ ਤੋਂ ਸਹਿਜੇ ਹੀ ਪ੍ਰਾਪਤ ਕਰ ਸਕਦੇ ਹਾਂ।"[1]

ਭਾਸ਼ਾ ਅਤੇ ਸਮਾਜ (Language and society) ਦੇ ਆਪਸੀ ਸੰਬੰਧਾਂ ਦਾ ਅਧਿਐਨ ਸਮਾਜ ਭਾਸ਼ਾ-ਵਿਗਿਆਨ (Social Linguistios) ਦੇ ਖੇਤਰ ਵਿਚ ਆਉਂਦਾ ਹੈ ਜਾਂ ਫਿਰ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਾਜ ਭਾਸ਼ਾ-ਵਿਗਿਆਨ ਵਿਚ ਭਾਸ਼ਾ ਅਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਦੀ ਬਣਤਰ ਦਾ ਭਾਸ਼ਾ ਦੀ ਬਣਤਰ ਉਪਰ ਅਤੇ ਭਾਸ਼ਾ ਦੀ ਬਣਤਰ ਦਾ ਸਮਾਜ ਦੀ ਬਣਤਰ ਉਪਰ ਪਰਭਾਵ ਪੈਂਦਾ ਹੈ। ਸਮਾਜ-ਭਾਸ਼ਾ-ਵਿਗਿਆਨ ਦਾ ਉਦੇਸ਼ ਭਾਸ਼ਾ ਵਿਗਿਆਨਕ ਅਤੇ ਸਮਾਜਕ ਬਣਤਰ ਦੀ ਸਹਿਵਰਤੀ ਪਰਿਵਰਤਨ ਦਾ ਵਰਣਨ ਕਰਨਾ ਹੈ। ਇਸ ਦਾ ਮੁੱਖ ਆਸ਼ਾ ਭਾਸ਼ਾ ਬਹੁ ਰੂਪਤਾ (diversity) ਨੂੰ ਜਾਂਚਣਾ ਹੈ। ਇਸ ਸਾਰੇ ਅਧਿਐਨ ਲਈ ਲੋੜੀਂਦੀ ਸਮੱਗਰੀ ਸਮਾਜ-ਭਾਸ਼ਾ-ਵਿਗਿਆਨ ਦਾ ਅੰਗ ਮੰਨੀ ਜਾਂਦੀ ਹੈ। ਸਮਾਜ ਭਾਸ਼ਾ ਵਿਗਿਆਨ ਦਾ ਸੰਬੰਧ ਭਾਸ਼ਾ ਦੀ ਜੁਗਤ ਅਤੇ ਸਮਾਜ ਦੀ ਜੁਗਤ ਨਾਲ ਹੁੰਦਾ ਹੈ। ਪੱਛਮੀ ਵਿਦਵਾਨਾਂ ਨੇ ਸਮਾਜ-ਭਾਸ਼ਾ-ਵਿਗਿਆਨ (Sociolinguistics) ਸੰਬੰਧੀ ਹੇਠ ਲਿਖੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਪ੍ਰਾਈਡ ਤੇ ਹੋਮਜ਼ (Pride and Holmes, 1976) ਨੇ ਆਪਣੀ ਪੁਸਤਕ ਸੋਸ਼ਲਿੰਗੁਇਸਟਿਕਸ (Sociolinguistics) ਵਿਚ ਕਿਹਾ ਹੈ ਕਿ, "ਸਮਾਜ ਭਾਸ਼ਾ ਵਿਗਿਆਨ ਵਿਚ ਭਾਸ਼ਾ ਦੀ ਸਮਾਜਕ ਅਤੇ ਸਭਿਆਚਾਰਕ ਜੁਗਤ ਅਤੇ ਵਰਤੋਂ ਦੇ ਅਧਿਐਨ ਸ਼ਾਮਲ ਹਨ।"[2] ਪੀਟਰ ਟ੍ਰਡਗਿਲ (Peter Trudgill) ਨੇ ਆਪਣੀ ਪੁਸਤਕ ਸੋਸ਼ੋਲਿੰਗੁਇਸਟਿਕਸ ਐਨ ਇਨਟਰੋਡੈਕਸ਼ਨ (Sogiolinguistics An Introduction) ਵਿਚ ਕਿਹਾ

1. "Language as an Institution and language as a power must be taken into account in the history of every society."

   **Cohen Marcel, Language : its Structure and Evolution, p. 28, 1975**

2. "Sociolinguistics comprehends the study of the structure and use of language in its social and cultural context."

   Pride and Holmes. **Sociolinguistics**, 1972. p.7.

ਹੈ ਕਿ "ਸਮਾਜ-ਭਾਸ਼ਾ-ਵਿਗਿਆਨ ਭਾਸ਼ਾ ਵਿਗਿਆਨ ਦਾ ਉਹ ਅੰਗ ਹੈ ਜਿਹੜਾ ਭਾਸ਼ਾ ਦੀ ਸਮਾਜਕ ਤੇ ਸਭਿਆਚਾਰਕ ਵਰਤੋਂ ਸੰਬੰਧੀ ਜਾਣਕਾਰੀ ਦਿੰਦਾ ਹੈ।"[3]

ਐਲਨ ਅਤੇ ਕੋਰਡਰ (Allen and Corder, 1972) ਦੁਆਰਾ ਸੰਪਾਦਿਤ ਕੀਤੀ ਗਈ ਪੁਸਤਕ ਵਿਚ ਕ੍ਰੀਪਰ ਅਤੇ ਵਿਡੋਸਨ ਨੇ ਸਮਾਜ-ਭਾਸ਼ਾ-ਵਿਗਿਆਨ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ "ਭਾਸ਼ਾ ਦੀ ਵੱਡੇ ਪੈਮਾਨੇ ਤੇ ਵਰਤੋਂ ਦੇ ਅਧਿਐਨ ਨੂੰ ਕਈ ਵਾਰ 'ਭਾਸ਼ਾ ਦਾ ਸਮਾਜ ਵਿਗਿਆਨ' (Sociology of Language) ਕਹਿੰਦੇ ਹਨ ਅਤੇ ਭਾਸ਼ਾ ਦੇ ਛੋਟੇ ਪੈਮਾਨੇ ਤੇ ਅਦਾਨ ਪ੍ਰਦਾਨ ਦੇ ਅਧਿਐਨ ਨੂੰ 'ਸਮਾਜ ਭਾਸ਼ਾ ਵਿਗਿਆਨ (Sociolinguistics) ਕਹਿੰਦੇ ਹਨ।"[4] ਜਾਨ ਲਾਇਨਜ਼ (John Lyons, 1961) ਦੁਆਰਾ ਸੰਪਾਦਿਤ ਪੁਸਤਕ ਨਿਊ ਹੋਰੀਜ਼ਨਜ ਇਨ ਲਿੰਗੁਇਸਟਿਕਸ (New Horizons in Linguistics) ਵਿਚ ਪ੍ਰਾਈਡ ਨੇ ਕਿਹਾ ਹੈ ਕਿ "ਸਭਿਆਚਾਕ ਅਤੇ ਸਮਾਜਕ ਅੰਗ ਵਜੋਂ ਭਾਸ਼ਾ ਦੇ ਅਧਿਐਨ ਦਾ ਪ੍ਰਚਲਿਤ ਨਾਂ ਸਮਾਜ ਭਾਸ਼ਾ ਵਿਗਿਆਨ ਹੈ।"[5]

6.1 ਉਪਰ ਦਿੱਤੇ ਗਏ ਪੱਛਮੀ ਸਮਾਜ ਭਾਸ਼ਾ ਵਿਗਿਆਨੀਆਂ ਤੋਂ ਇਲਾਵਾ ਹੇਠ ਲਿਖੇ ਵਿਦਵਾਨਾਂ ਨੇ ਵੀ ਇਸ ਦਿਸ਼ਾ ਵਿਚ ਕਾਰਜ ਕੀਤਾ ਹੈ। ਜਿਵੇਂ ਜੋਸੂਆ ਏ. ਫਿਸ਼ਮੈਨ (Joshua A. Fishmar, 1971), ਵਿਲੀਅਮ ਲੈਬਾਵ (William Labov, 1978) ਚਾਰਲਸ ਏ. ਫਰਗੂਸਨ (Charles A, Ferguson, 1971), ਜੇ. ਜੇ. ਗਮਪਰਜ਼ (J. J. gumperz, 1977) ਪੀ. ਆਰ. ਹਾਕਨਜ਼ (P.R. Hawkins, 1977), ਸੂਸਨ ਐਮ. ਅਰਵਿਨ ਟ੍ਰਿਪ (Susan M. Ervin Tripp, 1971), ਐਲਨ ਡੀ. ਗ੍ਰਿਮਸ਼ਾ (Allen D. Grimshaw, 1973), ਐੱਮ. ਏ. ਕੇ. ਹੈਲੀਡੇ (M. A. K. Haliday, 1978), ਬੀ. ਐੱਲ. ਵੋਰਫ (B. L. Whorf, 1971), ਕੋਹਿਨ ਮਾਰਸ਼ਲ (Cohen Marcel, 1970), ਈ. ਦਰਖਾਇਮ (E. Durkheim, 1951), ਈ. ਡੀ. ਐਡਵਰਡਜ਼ (A. D. Edwards, 1979), ਐਰ. ਏ. ਹਡਸਨ (R. A. Hudson, 1980), ਆਈਵਾਨਾ ਮਰਕੋਵਾ (Ivana Markova, 1978) ਡਬਲਯੂ. ਪੀ. ਰਾਬਿਨਜ਼ (W. P. Robins) ਆਦਿ ਵਿਦਵਾਨਾਂ ਨੇ ਭਾਸ਼ਾ, ਸਮਾਜ ਅਤੇ ਸਮਾਜ-ਭਾਸ਼ਾ ਵਿਗਿਆਨ ਦੇ ਭਿੰਨ-ਭਿੰਨ ਖੇਤਰਾਂ ਵਿਚ ਬਹੁਤ ਹੀ ਮਹੱਤਵਪੂਰਨ ਕੰਮ ਕੀਤਾ ਹੈ।

7. ਸਮਾਜ-ਭਾਸ਼ਾ-ਵਿਗਿਆਨ ਦੀ ਵਿਚਾਰਧਾਰਾ ਸਮਾਜ ਵਿਗਿਆਨ ਦੇ ਸਿਧਾਂਤ ਤੋਂ ਪਰਭਾਵਿਤ ਹੋਈ ਹੈ। 1897 ਵਿਚ ਦਰਖਾਇਮ (Durkheim) ਨੇ ਆਤਮ ਹੱਤਿਆ (Suicide) ਸੰਬੰਧੀ ਇਕ ਅਧਿਐਨ ਕਰਕੇ ਛਾਪਿਆ। ਇਸ ਅਧਿਐਨ ਵਿਚ ਸਮਾਜ ਦੇ ਸਾਰੇ ਪੱਖਾਂ ਤੇ ਚਾਨਣਾ ਪਾਇਆ ਗਿਆ। ਦਰਖਾਇਮ ਦਾ ਸਮਾਜ ਦੇ ਖੇਤਰ ਸੰਬੰਧੀ ਅਧਿਐਨ ਸਮਾਜ ਵਿਗਿਆਨੀਆਂ ਲਈ ਸਹਾਇਕ ਸਿੱਧ ਹੋਇਆ। ਸਾਸਿਊਰ ਨੇ ਆਪਣੇ ਲਾਂਗ/ਪੈਰੋਲ (language/Parole) ਦੇ ਅੰਤਰ ਨੂੰ ਦਰਖਾਇਮ ਦੀਆਂ ਸਮਾਜ ਵਿਗਿਆਨਕ ਲਿਖਤਾਂ ਤੋਂ ਹੀ ਪਰਾਪਤ ਕੀਤਾ। ਸਮਾਜ ਵਿਚ ਭਾਸ਼ਾ ਦੀ ਵਰਤੋਂ ਨੂੰ ਦੋ ਪੱਧਰਾਂ (levels) ਤੇ ਜਾਂਚਿਆ ਜਾ ਸਕਦਾ ਹੈ। ਇਕ ਤਾਂ ਇਸ ਦਾ ਅਧਿਐਨ ਵੱਡੇ ਪੈਮਾਨੇ (Macro-Scale) ਤੇ ਹੋ ਸਕਦਾ ਹੈ ਅਤੇ ਦੂਜਾ ਛੋਟੇ ਪੈਮਾਨੇ (Micro-Scale) ਤੇ। ਵੱਡੇ ਪੈਮਾਨੇ ਤੇ ਭਾਸ਼ਾ ਦੀ ਵਰਤੋਂ ਨੂੰ ਜਾਂਚਣ ਲਈ ਅਸੀਂ ਵੱਡੀ ਪੱਧਰ ਤੇ ਸਰਵੇ ਕਰਕੇ ਸਮੱਗਰੀ ਹਾਸਲ ਕਰ ਸਕਦੇ ਹਾਂ। ਇਹ

---

3. "Sociolinguistics is that part of linguistics which is concerned with language as a social and cultural phenomenon."

   P. Trudgill, **Sociolinguistics : An Introduction,** p. 32.

4. "The Study of Language use in large sclae perspective is sometimes referred to as the sociology of language to distinguish it from the small scale study of verbal interaction which is commonly considered to be the main concern of sociolinguistics proper."

   Allen and Corder, **Papers in Applied Linguistics,** 1972, p. 183.

5. "The study of language as part of culture and society has acquired the now commonly accepted label Sociolinguistics'.

   John Lyons. **New Horizons in Linguistics,** 1961, p. 287.

ਸਮੱਗਰੀ ਸਮਾਜ ਵਿਚ ਭਾਸ਼ਾ ਵਰਤੋਂ ਸੰਬੰਧੀ ਮਾਪ ਸੂਚਕ (norms) ਦਾ ਕੰਮ ਕਰਦੀ ਹੈ। ਫਿਰ ਭਾਸ਼ਾ ਦੀ ਵਰਤੋਂ ਦੇ ਇਸ ਪਿਛੋਕੜ ਨੂੰ ਆਧਾਰ ਬਣਾ ਕੇ ਕਿਸੇ ਵਿਅਕਤੀ ਦੀ ਭਾਸ਼ਾ ਵਰਤੋਂ ਸੰਬੰਧੀ ਹਾਸਲ ਕੀਤੀ ਜਾ ਸਕਦੀ ਹੈ। ਸਾਨੂੰ ਪਤਾ ਲਗ ਸਕਦਾ ਹੈ ਕਿ ਕੋਈ ਵਿਅਕਤੀ ਸਮਾਜ ਵਿਚ ਵਿਸ਼ੇਸ਼ ਸ਼ਬਦ ਚੋਣ ਕਿਉਂ ਕਰਦਾ ਹੈ ? ਇਹ ਮਾਪਦੰਡ ਕਿਸ ਤਰ੍ਹਾਂ ਇਕ ਵਿਅਕਤੀ ਨੂੰ ਸ਼ਬਦ ਚੋਣ ਲਈ ਸੀਮਤ ਰੱਖਦੇ ਹਨ ? ਵੱਖ-ਵੱਖਰੀਆਂ ਭਾਸ਼ਾਵਾਂ ਅੱਡ ਅੱਡ ਸਮਾਜਾਂ ਵਿਚ ਵੱਖੋ-ਵੱਖਰੀਆਂ ਸਭਿਆਚਾਰਕ ਕੀਮਤਾਂ ਕਿਉਂ ਦਰਸਾਉਂਦੀਆਂ ਹਨ। ਵੱਡੇ ਅਤੇ ਛੋਟੇ ਪੈਮਾਨੇ ਤੇ ਮਾਪ ਸੂਚਕ ਪੂਰਕ ਵੰਡ (Complementsry Distribution) ਵਿਚ ਹੁੰਦੇ ਹਨ। ਦੋਵੇਂ ਦਰਿਸ਼ਟੀਕੋਣ ਵਿਰੋਧ ਵਿਚ ਨਹੀਂ ਹੁੰਦੇ। ਕੁਝ ਕੁ ਗੱਲਾਂ ਇਕ ਦਰਿਸ਼ਟੀਕੋਣ ਤੋਂ ਵਧੇਰੇ ਸਪਸ਼ਟ ਹੁੰਦੀਆਂ ਹਨ ਅਤੇ ਦੂਜੀਆਂ ਦੂਜੇ ਦਰਿਸ਼ਟੀਕੋਣ ਤੋਂ। ਇਸ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਕਹਿ ਸਕਦੇ ਹਾਂ ਕਿ 'ਭਾਸ਼ਾ ਦੇ ਸਮਾਜ ਵਿਗਿਆਨ (Sociology of Language) ਵਿਚ ਅਸੀਂ ਕਿਸੇ ਜੰਗਲ ਦੇ ਵੱਡੇ ਪੈਮਾਨੇ ਤੇ ਰੂਪ-ਰੇਖਾ ਦਰਸਾਉਂਦੇ ਹਾਂ ਪਰ ਇਕੱਲੇ-ਇਕੱਲੇ 'ਦਰਖ਼ਤਾਂ' ਵੱਲ ਧਿਆਨ ਨਹੀਂ ਦਿੰਦੇ। ਇਸ ਦ੍ਰਿਸ਼ਟੀਕੋਣ ਤੋਂ ਅਸੀਂ ਭਾਸ਼ਾ ਵਿਗਿਆਨ ਅਤੇ ਸਮਾਜਕ ਤੱਥਾਂ ਦੇ ਆਪਸੀ ਸੰਬੰਧ ਦੀ ਸਾਧਾਰਨ ਰੂਪ ਵਿਚ ਬਣਤਰ ਦਰਸਾਉਂਦੇ ਹਾਂ। ਇਸ ਤਰ੍ਹਾਂ ਸਮਾਜ ਵਿਚ ਭਾਸ਼ਾ ਦੇ ਕਾਰਜ ਸੰਬੰਧੀ ਸਮੁੱਚਾ ਚਿਤਰਨ ਮਿਲਦਾ ਹੈ। ਸਮਾਜ-ਭਾਸ਼ਾ-ਵਿਗਿਆਨ (Sociolinguistics) ਦੇ ਦਰਿਸ਼ਟੀਕੋਣ ਤੋਂ ਅਸੀਂ 'ਜੰਗਲ' ਦੇ ਅੰਦਰ ਦਾਖ਼ਲ ਹੋ ਜਾਂਦੇ ਹਾਂ ਅਤੇ ਫਿਰ ਅੱਡ-ਅੱਡ ਦਰਖ਼ਤਾਂ ਦਾ ਨਿਰੀਖਣ ਕਰਨ ਲਗ ਪੈਂਦੇ ਹਾਂ। ਇਸ ਤਰ੍ਹਾਂ ਅਸੀਂ ਵਿਸਥਾਰ ਸਹਿਤ ਡੂੰਘਾਈ ਨਾਲ ਅਧਿਐਨ ਕਰਦੇ ਹਾਂ। ਇਹ ਭਾਸ਼ਾ ਦੀ ਵਰਤੋਂ ਦਾ ਸਮਾਜ ਵਿਚ ਸਰਬ-ਪੱਖੀ ਚਿਤਰਨ ਹੁੰਦਾ ਹੈ।

8. ਸਮਾਜ ਵਿਗਿਆਨੀ (Sociologists) ਗੁੰਝਲਦਾਰ ਸ਼ਹਿਰੀ ਸਮਾਜਾਂ ਦੀ ਬਣਤਰ ਵਲ ਧਿਆਨ ਦੇਂਦੇ ਹਨ ਅਤੇ ਮਾਨਵ ਵਿਗਿਆਨੀ (Anthropologists) ਆਦਿ ਵਾਸੀ ਸਮਾਜਾਂ ਦੀ ਬਣਤਰ ਵਲ ਦਿਆਨ ਦੇਂਦੇ ਹਨ। ਪਰ ਭਾਸ਼ਾ (language) ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਪਰਵੇਸ਼ ਕਰਦੀ ਹੈ। ਇਸ਼ ਲਈ ਦੋਵੇਂ ਹੀ ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਭਾਸ਼ਾ ਦੇ ਰੂਪਾਂਤਰਾਂ ਵਿਚ ਰੁਚੀ ਰਖਦੇ ਹਨ। ਭਾਸ਼ਾ ਦੇ ਰੂਪਾਂਤਰ ਹੀ ਅਸਲ ਵਿਚ ਸੰਚਾਰ ਅਤੇ ਗਿਆਨ ਦੀ ਜੁਗਤ ਲਈ ਸ਼ਕਤੀਸ਼ਾਲੀ ਵੇਗ ਰੱਖਦੇ ਹਨ। ਮਨੋਵਿਗਿਆਨ (psychology) ਦਾ ਵੀ ਧਿਆਨ ਇਸ ਧਾਰਨਾ ਦੀ ਜੁਗਤ ਤੇ ਕੇਂਦਰਿਤ ਹੁੰਦਾ ਹੈ। ਇਕ ਸਮਾਜ ਭਾਸ਼ਾ ਵਿਗਿਆਨੀ ਭਾਸ਼ਾ ਵਿਚ ਵਿਭਿੰਨਤਾ ਨੂੰ ਸਵੀਕਾਰ ਕਰਦਾ ਹੈ। ਇਸ ਦੇ ਵੱਖ-ਵੱਖ ਰੂਪਾਂਤਰਾਂ ਦੀ ਹੋਂਦ ਨੂੰ ਮੰਨ ਕੇ ਚਲਦਾ ਹੈ। ਇਸ ਦੇ ਨਾਲ ਹੀ ਉਹ ਇਸ ਵਿਭਿੰਨਤਾ ਦੇ ਕਾਰਨ ਦਸਣ ਦਾ ਯਤਨ ਕਰਦਾ ਹੈ। ਸੋ ਸਮਾਜ ਭਾਸ਼ਾ ਵਿਗਿਆਨੀ ਅਨੇਕ ਰੂਪਤਾ ਨੂੰ ਭਾਸ਼ਾ ਦਾ ਜ਼ਰੂਰੀ ਲੱਛਣ ਸਮਝਦਾ ਹੈ। ਉਹ ਧਾਰਨਾ ਬਣਾ ਕੇ ਚਲਦਾ ਹੈ ਕਿ ਇਹ ਰੂਪਾਂਤਰ ਕਿਸੇ ਸਮਾਜ ਲਈ ਜ਼ਰੂਰੀ ਹੁੰਦੇ ਹਨ। ਇਹਨਾਂ ਦਾ ਵੱਖ-ਵੱਖ ਸਮਾਜਕ ਮੰਤਵ ਹੁੰਦਾ ਹੈ। ਭੂਗੋਲਿਕ ਭਾਸ਼ਾ ਵਿਗਿਆਨ ਜਿਸ ਨੂੰ ਉਪ-ਬੋਲੀ ਭਾਸ਼ਾ ਵਿਗਿਆਨ ਵੀ ਕਹਿੰਦੇ ਹਨ ਸਮਾਜ ਭਾਸ਼ਾ ਵਿਗਿਆਨ ਨਾਲੋਂ ਪੁਰਾਤਨ ਵਿਸ਼ਾ ਹੈ। ਸਮਾਜ-ਭਾਸ਼ਾ-ਵਿਗਿਆਨ ਦੀ ਹੋਂਦ ਕੇਵਲ 1960 ਵਿਚ ਆਈ। ਪਰ ਇਹਨਾਂ ਦੋਵੇਂ ਵਿਗਿਆਨਕ ਵਿਧੀਆਂ ਦੀ ਸਮੱਗਰੀ ਇਕੋ ਹੀ ਹੈ। ਇਸ ਨੂੰ ਭਾਸ਼ਾ ਵਿਗਿਆਨਕ ਵਿਭਿੰਨਤਾਵਾਂ (Linguistic Variations) ਕਹਿੰਦੇ ਹਨ। ਭਾਸ਼ਾ ਦੀ ਸਮਕਾਲੀ ਵਿਭਿੰਨਤਾ (Synchronic Variation) ਨੂੰ ਤਿੰਨ ਪੱਖਾਂ ਤੋਂ ਮਾਪਿਆ ਜਾ ਸਕਦਾ ਹੈ। ਇਹਨਾਂ ਨੂੰ ਭੂਗੋਲਿਕ, ਸਮਾਜਕ ਤੇ ਪਰਿਸਥਿਤਕ (Situational) ਕਹਿੰਦੇ ਹਨ। ਇਹਨਾਂ ਵਿਚੋਂ ਭੂਗੋਲਿਕ ਅੰਤਰ ਬਹੁਤ ਹੀ ਸਪੱਸ਼ਟ ਰੂਪ ਵਿਚ ਵੇਖੇ ਜਾ ਸਕਦੇ ਹਨ। ਇਹ ਅੰਤਰ ਧੁਨੀ ਗ੍ਰਾਮਕ, ਸ਼ਾਬਦਿਕ ਜਾਂ ਵਿਆਕਰਨਿਕ ਹੋ ਸਕਦੇ ਹਨ। ਇਹਨਾਂ ਨੂੰ ਆਸਾਨੀ ਨਾਲ ਅੰਕਿਤ ਕੀਤਾ ਜਾ ਸਕਦਾ ਹੈ। ਸਮਾਜਕ ਉਪਬੋਲੀਆਂ ਦਾ ਸੰਬੰਧ ਪਛਾਣੇ ਜਾਣ ਵਾਲੇ ਸਮਾਜਕ ਸਮੂਹਾਂ ਨਾਲ ਹੁੰਦਾ ਹੈ। ਉਦਾਹਰਣ ਵਜੋਂ ਜਰਮਨ ਭਾਸ਼ਾਈ ਸਮਾਜ ਵਿਚ ਯਿਦਿਸ਼ (Yiddish) ਭਾਸ਼ਾ ਸਮਾਜਕ ਉਪਬੋਲੀ ਦਾ ਉਦਾਹਰਨ ਹੈ। ਪਰਿਸਥਿਤੀ ਅਨੁਸਾਰ ਸ਼ੈਲੀਯੁਕਤ/ਸ਼ੈਲੀ ਵਿਗਿਆਨ (Stylistic) ਵਿਭਿੰਨਤਾ ਵਿਚ ਸੰਬੰਧਿਤ ਵਿਅਕਤੀ ਅਤੇ ਸਥਿਤੀ ਉਪਰ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਹਰ ਇਕ ਵਿਅਕਤੀ ਉਚੇਚਤਾ ਪੂਰਨ ਸਥਿਤੀ ਵਿਚ ਬੜੇ ਹੀ ਧਿਆਨ ਨਾਲ ਬੋਲਦਾ ਹੈ। ਜਿਉਂ ਜਿਉਂ ਸਥਿਤੀ ਉਚੇਚਤਾ ਰਹਿਤ ਤੇ ਖੁਲ੍ਹੀ ਡੁਲ੍ਹੀ ਹੁੰਦੀ ਜਾਂਦੀ ਹੈ ਉਹ ਆਪਣੀ ਸ਼ੈਲੀ (Style)

ਅਣਵਿਆਕਰਨਕ ਯੁਗਤ (loosely structured) ਵਾਲੇ ਵਾਕ ਉਚਾਰਦਾ ਹੈ। ਭਾਵੇਂ ਭੂਗੋਲਿਕ, ਸਮਾਜਕ ਅਤੇ ਪਰਿਸਥਿੱਤਕ ਵਭਿੰਨਤਾਵਾਂ ਸਿਧਾਂਤਕ ਤੌਰ ਤੇ ਅੱਡ ਅੱਡ ਹੁੰਦੀਆਂ ਹਨ, ਪਰ ਅਮਲੀ ਰੂਪ ਵਿਚ ਉਹ ਵਧੇਰੇ ਅੱਡਰੀਆਂ ਤੇ ਵੱਖ ਵੱਖ ਨਹੀਂ ਦਿਸੱਦੀਆਂ।

8.1 ਸੋ ਸਮਾਜ-ਭਾਸ਼ਾ- ਵਿਗਿਆਨ ਭਾਸ਼ਾ ਦੀ ਸਮਾਜਕ ਸੰਦਰਭ ਵਿਚ ਵਰਤੋਂ ਦਾ ਅਧਿਐਨ ਹੈ। ਇਸ ਵਿਗਿਆਨ ਸਦਕਾ ਭਾਸ਼ਾ ਦੀ ਪਰਿਕਿਰਤੀ ਸੰਬੰਧੀ ਪਤਾ ਲਗਦਾ ਹੈ। ਭਾਸ਼ਾ ਪਰਿਵਰਤਨ ਦੇ ਕਾਰਨ ਵੀ ਪਤਾ ਲਗ ਜਾਂਦੇ ਹਨ। ਇਤਿਹਾਸਕ ਪੱਖੋਂ ਭਾਸ਼ਾ ਦੇ ਬਦਲਵੇਂ ਰੂਪਾਂ ਦੀ ਜਾਣਕਾਰੀ ਮਿਲਦੀ ਹੈ। ਸਮਾਜ-ਭਾਸ਼ਾ-ਵਿਗਿਆਨ ਇਕ ਸਮਾਜਕ ਵਿਗਿਆਨਕ ਅਤੇ ਇਸ ਦੇ ਅਧਿਐਨ ਵਿਚ ਭਾਸ਼ਾ ਵਿਗਿਆਨ ਤੋਂ ਇਲਾਵਾ ਮਾਨਵ ਵਿਗਿਆਨ (Anthropology), ਸਮਾਜ ਵਿਗਿਆਨ (Socilogy) ਮਨੋਵਿਗਿਆਨ (Psychology) ਅਤੇ ਭੂਗੋਲਿਕ ਵਿਗਿਆਨ (Geography) ਆਦਿ ਵਿਸ਼ਿਆਂ ਨੇ ਵੀ ਹਿੱਸਾ ਪਾਇਆ ਹੈ। ਪਰ ਇਥੇ ਅਸੀਂ ਸਮਾਜ-ਭਾਸ਼ਾ-ਵਿਗਿਆਨਕ ਅਤੇ ਭਾਸ਼ਾ ਵਿਗਿਆਨ (Sociolinguistics and Linguistics) ਦੇ ਆਪਸੀ ਸੰਬੰਧਾਂ ਨੂੰ ਹੀ ਸਪਸ਼ਟ ਕਰਾਂਗੇ।

### 8.1.1 ਸਮਾਜ-ਭਾਸ਼ਾ-ਵਿਗਿਆਨ ਅਤੇ ਭਾਸ਼ਾ ਵਿਗਿਆਨ (Socioling uistics and Linguistic)

ਭਾਸ਼ਾ ਦਾ ਮੁੱਖ ਉਦੇਸ਼ ਆਪਸੀ ਸੰਚਾਰ ਹੁੰਦਾ ਹੈ। ਇਸ ਰਾਹੀਂ ਲੋਕੀਂ ਸਮਾਜਕ ਅਦਾਨ ਪ੍ਰਦਾਨ ਕਰਦੇ ਹਨ। ਭਾਸ਼ਾ ਦੀ ਇਕ ਰੂਪਕ ਪ੍ਰਣਾਲੀ ਹੁੰਦੀ ਹੈ। ਇਸ ਦੁਆਰਾ ਅਸੀਂ ਭਾਸ਼ਾ ਦੀ ਜੁਗਤ ਦੇ ਨਿਯਮ ਜਾਣ ਲੈਂਦੇ ਹਾਂ। ਫੇਰ ਭਾਸ਼ਾ ਦੀ ਵਰਤੋਂ ਦੀ ਵੀ ਵਿਧੀ ਹੁੰਦੀ ਹੈ। ਇਸ ਦੁਆਰਾ ਅਸੀਂ ਭਾਸ਼ਾ ਨੂੰ ਸੰਚਾਰ ਦੇ ਕਾਰਜ ਲਈ ਵਰਤਦੇ ਹਾਂ। ਵਿਸ਼ੇਸ਼ ਸਮਾਜਕ ਪ੍ਰਕਰਣ ਅਨੁਸਾਰ ਸੁਚੱਜੇ ਵਾਕ ਵਰਤੇ ਕੇ ਦੂਜਿਆਂ ਉਪਰ ਪ੍ਰਭਾਵ ਪਾਉਂਦੇ ਹਾਂ। ਇਸ ਤਰ੍ਹਾਂ ਸਾਨੂੰ ਭਾਸ਼ਾ ਦੀ ਨਿਯਮਿਤ ਪ੍ਰਣਾਲੀ ਦੇ ਨਾਲ ਨਾਲ ਸੰਚਾਰ ਵਿਧੀ ਸੰਬੰਧੀ ਜਾਣਕਾਰੀ ਵੀ ਚਾਹੀਦੀ ਹੁੰਦੀ ਹੈ। ਅਸੀਂ ਭਾਸ਼ਾ ਪ੍ਰਣਾਲੀ ਦੇ ਨਿਯਮ ਅਤੇ ਉਸ ਭਾਸ਼ਾ ਦੀ ਵਿਸ਼ੇਸ਼ ਸਥਿਤੀ ਵਿਚ ਵਰਤੋਂ ਦੀਆਂ ਪਰੰਪਰਾਵਾਂ (conventions) ਵਿਚ ਅੰਤਰ ਕਰਦੇ ਹਾਂ। ਸਮਾਜ-ਭਾਸ਼ਾ-ਵਿਗਿਆਨਕ ਭਾਸ਼ਾ ਦੀ ਵਾਸਤਵਿਕ ਵਰਤੋਂ ਨਾਲ ਸੰਬੰਧਿਤ ਹੈ। ਇਸ ਦਾ ਮੁੱਖ ਆਸ਼ਾ ਸਮਾਜਕ ਸਥਿਤੀ ਦੇ ਵੱਖੋ-ਵੱਖਰੇ ਪੱਖਾਂ ਅਨੁਸਾਰ ਭਾਸ਼ਾ ਵਰਤੋਂ ਦੀਆਂ ਪਰੰਪਰਾਵਾਂ ਨੂੰ ਜਾਣਨਾ ਹੈ। ਬਹੁਤ ਸਾਰੇ ਭਾਸ਼ਾ ਵਿਗਿਆਨੀਆਂ ਨੇ ਇਹ ਧਾਰਨਾ ਬਣਾ ਲਈ ਹੈ ਕਿ ਕੇਵਲ ਭਾਸ਼ਾ ਦਾ ਵਿਆਕਰਨ ਹੀ ਨੇਮਬੱਧ ਹੁੰਦਾ ਹੈ ਅਤੇ ਇਸ ਦੀ ਹੀ ਵਿਗਿਆਨਕ ਖੋਜ ਹੋਣੀ ਚਾਹੀਦੀ ਹੈ। ਅਜਿਹੀ ਹੀ ਧਾਰਨਾ ਦਾ ਸਾਸਿਊਹ (De Saussure) ਦੀ ਭਾਸ਼ਾ ਸੰਬੰਧੀ ਲਾਗ (langue) ਤੇ ਪਰੋਲ (Parole) ਵਿਚ ਉਘੀ ਵੰਡ ਹੈ। ਦੀ ਸਾਸਿਊਰ 'ਲਾਂਗ' ਨੂੰ ਭਾਸ਼ਾ ਪ੍ਰਣਾਲੀ ਲਈ ਵਰਤਦਾ ਹੈ। 'ਲਾਂਗ' ਲੋਕਾਂ ਦੀ ਵਾਸਤਵਿਕ ਵਰਤੋਂ ਤੋਂ ਸੁਤੰਤਰ (Independent) ਮੰਨੀ ਜਾਂਦੀ ਹੈ। 'ਪਰੋਲ' ਭਾਸ਼ਾ ਦਾ ਉਹ ਪੱਖ ਹੈ ਜਿਹੜਾ ਮਨੁੱਖ ਦੀ ਆਪਣੀ ਮਰਜ਼ੀ ਤੇ ਸਥਿਤੀ ਤੇ ਨਿਰਭਰ ਹੁੰਦਾ ਹੈ। ਦੀ ਸਾਸਿਊਰ ਭਾਸ਼ਾ ਦੇ ਵਿਅਕਤੀਗਤ ਉਚਾਰਨਾਂ ਭਾਵ 'ਪਰੋਲ' 1 ਸਮਾਜਕ ਪੱਖੋਂ ਉਸ ਤਰ੍ਹਾਂ ਸ਼ਕਤੀਸ਼ਾਲੀ ਨਹੀਂ ਸਮਝਦਾ ਜਿਸ ਤਰ੍ਹਾਂ 'ਲਾਂਗ' ਨੂੰ ਸਮਝਦਾ ਹੈ। 'ਲਾਂਗ' ਤੇ 'ਪਰੋਲ' ਨੂੰ ਅਸੀਂ ਇਸ ਉਦਾਹਰਨ ਰਾਹੀਂ ਸਮਝ ਸਕਦੇ ਹਾਂ ਮਿਸਾਲ ਵਜੋਂ ਇਕ ਕਵੀ ਜਿਹੜਾ ਕਵਿਤਾ ਲਿਖਣ ਦੀ ਸਮਰੱਥਾ ਰੱਖਦਾ ਹੈ। ਉਸ ਕੋਲ ਕਵਿਤਾ ਲਿਖਣ ਲਈ ਅਜਿਹਾ ਸ਼ਬਦਾਵਲੀ ਦਾ ਭੰਡਾਰ ਹੁੰਦਾ ਹੈ ਜਿਸ ਵਿਚੋਂ ਉਹ ਸ਼ਬਦ ਚੁਣ ਚੁਣ ਕੇ ਕਵਿਤਾ ਰਚਦਾ ਹੈ। ਭਾਵ ਕਵਿਤਾ ਰਚਣ ਲਈ ਉਸ ਕੋਲ ਭਾਸ਼ਾ ਦਾ ਬੇਸੁਮਾਰ ਖ਼ਜ਼ਾਨਾ ਹੁੰਦਾ ਹੈ ਇਸ ਨੂੰ ਲਾਂਗ ਕਿਹਾ ਜਾਂਦਾ ਹੈ ਅਤੇ ਜਦੋਂ ਕਵਿਤਾ ਲਿਖਤ ਰੂਪ ਵਿਚ ਜਦ ਸਾਹਮਣੇ ਆਉਂਦੀ ਹੈ ਤਾਂ ਉਹ 'ਪਰੋਲ' ਹੋ ਨਿਬੜਦੀ ਹੈ। 'ਪਰੋਲ' ਕਵੀ ਦਾ ਵਿਅਕਤੀਗਤ ਉਚਾਰਨ ਜਾਂ ਪ੍ਰਗਟਾਵਾ ਹੁੰਦਾ ਹੈ ਜਦ ਕਿ ਲਾਂਗ ਸਮੂਹਿਕ ਪੱਖ ਹੋ ਨਿਬੜਦਾ ਹੈ। ਅਜਿਹਾ ਹੀ ਭਾਸ਼ਾ ਵਿਚ ਅੰਤਰ ਚਾਮਸਕੀ (Chomsky) ਅਤੇ ਉਸ ਦੇ ਅਨੁਯਾਈ ਵੀ ਕਰਦੇ ਹਨ। ਉਹਨਾਂ ਦੀ ਤਕਨੀਕੀ ਸ਼ਬਦਾਵਲੀ ਵਿਚ ਸਮਰੱਥਾ (Competence) ਹੀ ਭਾਸ਼ਾ ਦੇ ਵਿਆਕਰਨ ਦਾ ਇਕ ਆਦਰਸ਼ਵਾਦੀ ਗਿਆ ਹੈ। ਇਹ ਭਾਸਾ ਵਿਗਿਆਨ ਦੇ ਅਧਿਐਨ ਦੀ ਅਸਲ ਵਸਤੂ ਹੈ। ਭਾਸ਼ਾ ਨਿਭਾਅ (Performance) ਕੇਵਲ ਉਸ ਦੀ ਵਰਤੋਂ ਦਾ ਗਿਆਨ ਹੈ। ਇਸ ਨੂੰ ਮਨੋਵਿਗਿਆਨਕ, ਭੌਤਿਕ ਅਤੇ ਸਮਾਜ ਤੱਤ ਸੀਮਤ ਕਰਦੇ ਹਨ। ਚਾਮਸਕੀ ਵੀ ਨਿਭਾਅ ਪੱਖ ਨੂੰ ਓਨਾ ਸ਼ਕਤੀਸ਼ਾਲੀ ਨਹੀਂ

ਸਮਝਦਾ ਜਿੰਨਾ ਕਿ ਸਮਰੱਥਾ ਪੱਖ ਨੂੰ। ਇਸ ਤਰ੍ਹਾਂ ਦੀ ਸਾਸਿਊਰ ਅਤੇ ਚਾਮਸਕੀ ਨੇ ਭਾਸ਼ਾ ਦੇ ਅਜਿਹੇ ਅੰਤਰ ਇਸ ਲਈ ਕੀਤੇ ਤਾਂ ਜੋ ਭਾਸ਼ਾ ਦਾ ਉਹ ਅਜਿਹਾ ਪਖ ਉਜਾਗਰ ਕਰ ਸਕਣ ਜਿਸ ਵਿਚ ਉਹਨਾਂ ਦੀ ਮੁੱਖ ਰੁਚੀ ਸੀ। 'ਲਾਂਗ' ਅਤੇ 'ਸਮਰੱਥਾ' ਨੂੰ ਭਾਸ਼ਾ ਦੇ ਅਧਿਐਨ ਦਾ ਮੁੱਖ ਅੰਗ ਮੰਨ ਕੇ ਉਹਨਾਂ ਨੇ ਭਾਸ਼ਾ ਵਿਗਿਆਨ ਦੇ ਵਿਸ਼ੇ ਨੂੰ ਕੇਵਲ ਉਸ ਸੂਚਨਾ ਤੀਕ ਸੀਮਤ ਕਰ ਦਿੱਤਾ ਜਿਹੜੀ ਸਿਧਾਂਤਕ (theoretical) ਰੂਪ-ਰੇਖਾ ਦਰਸਾਉਂਦੀ ਸੀ। ਸਮਾਜ-ਭਾਸ਼ਾ-ਵਿਗਿਆਨਕ ਪੱਖੋਂ ਇਹ ਦ੍ਰਿਸ਼ਟੀਕੋਣ ਬਹੁਤ ਹੀ ਸੀਮਤ ਹੈ। ਇਕ ਅਧਿਆਪਕ ਲਈ 'ਲਾਂਗ' ਜਾਂ 'ਸਮਰੱਥਾ' ਕੇਵਲ ਭਾਸ਼ਾ ਪ੍ਰਣਾਲੀ ਨੂੰ ਬਿਆਨਣ ਜਾਂ ਦੂਜੀਆਂ ਭਾਸ਼ਾ ਪ੍ਰਣਾਲੀਆਂ ਨਾਲ ਮੁਕਾਬਲਾ ਕਰਨ ਲਈ ਤਾਂ ਠੀਕ ਹੈ ਪਰ ਇਸ ਦੇ ਨਾਲ ਹੀ ਇਹਨਾਂ ਪ੍ਰਣਾਲੀਆਂ ਦੀ ਵਰਤੋਂ ਸੰਬਧੀ ਗਿਆਨ ਵੀ ਜ਼ਰੂਰੀ ਹੈ। ਇਕ ਸਮਾਜ ਭਾਸ਼ਾ ਵਿਗਿਆਨੀ ਨੂੰ ਨਾ ਹੀ ਕੇਵਲ 'ਲਾਂਗ' ਜਾਂ 'ਸਮਰੱਥਾ' ਸੰਬੰਧੀ ਜਾਣਨ ਦੀ ਲੋੜ ਹੁੰਦੀ ਹੈ ਸਗੋਂ 'ਪਰੋਲ' ਜਾਂ 'ਨਿਭਾਅ' ਦੀ ਵੀ। ਸੋ ਸਮਜ ਭਾਸ਼ਾ ਵਿਗਿਆਨੀ ਦਾ ਮੁੱਖ ਸੰਬੰਧ ਭਾਸ਼ਾ ਦੇ 'ਪਰੋਲ' ਜਾਂ 'ਨਿਭਾਅ' ਪੱਖ ਨਾਲ ਹੁੰਦਾ ਹੈ। ਇਸ ਦਾ ਭਾਵ ਇਹ ਹਰਗਿਜ਼ ਨਹੀਂ ਕਿ ਸਮਾਜ ਭਾਸ਼ਾ ਵਿਗਿਆਨੀ ਨੂੰ ਭਾਸ਼ਾ ਦੀ ਬਣਤਰ ਦੀ ਜਾਣਨ ਦੀ ਲੋੜ ਨਹੀਂ ਹੁੰਦੀ ਸਗੋਂ ਉਸ਼ ਲਈ ਦੋਵੇਂ ਪੱਖ ਲੋੜੀਂਦੇ ਹਨ ਪਰ ਬਹੁਤਾ ਧਿਆਨ ਭਾਸ਼ਾ ਦੀ ਸਮਾਜ ਵਿਚ ਵਰਤੋਂ ਦੇ ਨਿਯਮ ਵਲ ਹੁੰਦਾ ਹੈ। ਭਾਵੇਂ ਸਮਾਜ ਭਾਸ਼ਾ ਵਿਗਿਆਨੀ ਸੰਰਚਨਾਤਮਕ ਭਾਸ਼ਾ ਵਿਗਿਆਨਕ (Structural Linguistics) ਦੀ ਹੀ ਵਿਧੀ ਅਪਣਾਉਂਦੇ ਹਨ, ਪਰ ਫਿਰ ਵੀ ਉਹ ਭਾਸ਼ਾ ਵਿਗਿਆਨਕ ਰੁਚੀ ਨਾਲੋਂ ਬਿਲਕੁਲ ਅੱਡ ਹੋ ਜਾਂਦੇ ਹਨ। ਭਾਸ਼ਾ ਵਿਗਿਆਨ ਦੀ ਵਿਧੀ ਭਾਸ਼ਾ ਦੀ ਜੁਗਤ ਨੂੰ ਇਕੋ ਜਿਹੀ, ਸਮਤਲ ਅਤੇ ਕਿਸੇ ਵਿਸ਼ੇਸ਼ ਢਾਂਚੇ ਵਿਚ ਢਲੀ ਹੋਈ ਮੰਨਦੀ ਹੈ। ਭਾਸ਼ਾ ਵਿਗਿਆਨੀਆਂ ਅਨੁਸਾਰ ਕਿਸੇ ਜਾਤੀ ਵਿਚ ਮਿਲਦੇ ਉਚਾਰ ਅੰਤਰ ਕੇਵਲ ਮੁਕਤ ਪਰਿਵਰਤਨ (Free Variations) ਹੀ ਹੁੰਦੇ ਹਨ। ਇਸ ਦੇ ਉਲਟ ਸਮਾਜ ਭਾਸ਼ਾ ਵਿਗਿਆਨੀਆਂ ਨੇ ਇਹ ਸਾਬਤ ਕੀਤਾ ਹੈ ਕਿ ਇਹ ਪਰਿਵਰਤਨ ਅਸਲ ਵਿਚ ਮੁਕਤ (free) ਅਤੇ ਮਨ ਮਰਜ਼ੀ ਦੇ ਨਹੀਂ ਹੁੰਦੇ ਸਗੋਂ ਇਹ ਸਮਾਜਕ ਅੰਤਰਾਂ (Social Differences) ਨਾਲ ਨੇਮਬੱਧ ਵਿਧੀ ਅਨੁਸਾਰ ਮੇਲ ਖਾਂਦੇ ਹਨ। ਸੋ ਭਾਸ਼ਾ ਵਿਗਿਆਨਕ ਅਨੇਕ ਰੂਪਤਾ (diversity) ਹੀ ਸਮਾਜ ਭਾਸ਼ਾ ਵਿਗਿਆਨੀਆਂ ਦੀ ਵਿਸ਼ਾ ਵਸਤੂ (subject-matter) ਹੁੰਦੀ ਹੈ। ਇਵੇਂ ਹੀ ਇਕ ਵਿਆਕਰਨ ਸ਼ਾਸਤਰੀ ਆਪਣੀ ਸਮੱਗਰੀ ਦਾ ਨਾ ਹੀ ਕੇਵਲ ਟਕਸਾਲੀ ਰੂਪ ਸਥਾਪਿਤ ਕਰਦਾ ਹੈ ਸਗੋਂ ਉਸਨੂੰ ਪਰਸਥਿਤੀਹੀਣ (decontextualize) ਵੀ ਕਰ ਦਿੰਦਾ ਹੈ। ਇਸ ਦਾ ਭਾਵ ਇਹ ਹੈ ਕਿ ਉਸ ਦਾ ਸੰਬੰਧ ਭਾਸ਼ਾ ਦੇ ਵਾਕਾਂ ਨਾਲ ਅਤੇ ਉਹਨਾਂ ਦੇ ਨਿਯਮਿਤ ਗੁਣਾਂ ਨਾਲ ਤਾਂ ਹੁੰਦਾ ਹੈ ਪਰ ਉਹਨਾਂ ਦੀ ਵਰਤੋਂ-ਸਥਿਤੀ ਨਾਲ ਨਹੀਂ ਹੁੰਦਾ। ਉਹ ਇਹ ਨਹੀਂ ਜਾਣਨਾ ਚਾਹੁੰਦਾ ਕਿ ਕੌਣ, ਕਿਹੜੇ ਵਾਕ, ਕਿਸ ਸਮਾਜਕ ਸਥਿਤੀ ਵਿਚ ਅਤੇ ਕਿਸ ਉਦੇਸ਼ ਨਾਲ ਵਰਦਾ ਹੈ। ਜਿਥੇ ਇਕ ਵਿਆਕਰਨਕਾਰ ਆਪਣੀ ਸਮੱਗਰੀ ਨੂੰ ਪਰਸਿਥਤੀਹੀਣ ਕਰ ਦਿੰਦਾ ਹੈ ਉਥੇ ਸਮਾਜ ਭਾਸ਼ਾ ਵਿਗਿਆਨੀ ਭਾਸ਼ਾ ਦੀ ਪਰਸਥਿਤੀ ਅਨੁਸਾਰ ਵਰਤੋਂ ਤੇ ਆਪਣਾ ਦਿਆਨ ਕੇਂਦਰਿਤ ਕਰਦਾ ਹੈ। ਸਮਾਜ ਭਾਸ਼ਾ ਵਿਗਿਆਨ ਇਕ ਸਮਾਜਕ ਵਿਗਿਆਨ ਹੈ ਅਤੇ ਇਸ ਦੇ ਅਧਿਐਨ ਵਿਚ ਭਾਸ਼ਾ ਵਿਗਿਆਨ ਨੇ ਵਿਸ਼ੇਸ਼ ਹਿੱਸਾ ਪਾਇਆ ਹੈ।

8.1.2 ਉਪਰੋਕਤ ਦੀ ਰੋਸ਼ਨੀ ਵਿਚ ਵੇਖਦਿਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜ ਦੀ ਭਾਸ਼ਾ ਦੇ ਵਿਗਿਆਨਕ ਅਧਿਐਨ ਨੂੰ ਸਮਾਜ ਭਾਸ਼ਾ ਵਿਗਿਆਨ ਕਹਿੰਦੇ ਹਨ। ਸਮਾਜ ਭਾਸ਼ਾ ਵਿਗਿਆਨ ਭਾਸ਼ਾ ਅਤੇ ਸਮਾਜ ਦੇ ਆਪਸੀ ਸੰਬੰਧ ਦਰਸਾਉਂਦਾ ਹੈ। ਇਹ ਭਾਸ਼ਾ ਅਤੇ ਸਮਾਜ ਨੂੰ ਸੰਰਚਨਾਤਮਕ ਪੱਖੋਂ ਵੇਖਦਾ ਹੈ ਅਤੇ ਇਹਨਾਂ ਨੂੰ ਕੇਵਲ ਕੁਝ ਕੁ ਮੱਦਾਂ (items) ਦਾ ਜੋੜ ਨਹੀਂ ਮੰਨਦਾ। ਇਕ ਸਮਾਜ ਭਾਸ਼ਾ ਵਿਗਿਆਨੀ ਦਾ ਮੁੱਖ ਉਦੇਸ਼ ਭਾਸਾ ਵਿਗਿਆਨਕ ਸੰਰਚਨਾ ਅਤੇ ਸਮਾਜਕ ਸੰਰਚਨਾ ਦੇ ਨੇਮਬੱਧ ਸਹਿ-ਰੂਪਾਂਤਰਾਂ (co-variants) ਨੂੰ ਦਰਸਾਉਂਦਾ ਹੁੰਦਾ ਹੈ। ਸਮਾਜ ਭਾਸ਼ਾ ਵਿਗਿਆਨ ਦਾ ਸੰਬੰਧ ਭਾਸ਼ਾ ਦੀ ਜੁਗਤ ਅਤੇ ਸਮਾਜ ਦੀ ਜੁਗਤ ਨਾਲ ਹੁੰਦਾ ਹੈ। ਸਮਾਜ ਭਾਸ਼ਾ ਵਿਗਿਆਨ ਦਾ ਪ੍ਰਮੁੱਖ ਪ੍ਰਕਾਰਜ ਭਾਸ਼ਾ ਬਹੁਰੂਪਤਾ ਨੂੰ ਜਾਚਣਾ ਤੇ ਸਪੱਸ਼ਟ ਕਰਨਾ ਹੁੰਦਾ ਹੈ। ਇਸ ਤਰ੍ਹਾਂ ਇਹ ਸਪਸ਼ੱਟ ਹੁੰਦਾ ਹੈ ਕਿ ਵਿਅਕਤੀ ਭਾਸ਼ਾ ਜਾਂ ਵਿਅਕਤੀਗਤ ਉਚਾਰਨ ਤੋਂ ਲੈ ਕੇ ਸਮੁੱਚੀ ਮਨੁੱਖੀ ਭਾਸ਼ਾ ਦਾ ਅਧਿਐਨ ਕੀਤਿਆਂ ਵਿਭਿੰਨ ਪ੍ਰਕਾਰ ਦੇ ਭਾਸ਼ਾਈ ਵਖਰੇਵੇਂ ਅਤੇ ਭਾਸ਼ਾ ਵੰਨਗੀਆਂ ਦੇਖਣ ਵਿਚ ਮਿਲਦੀਆਂ ਹਨ। ਇਹਨਾਂ ਭਾਸ਼ਾਈ ਵਖਰੇਵਿਆਂ ਅਤੇ ਭਾਸ਼ਾ ਵੰਨਗੀਆਂ ਨੂੰ ਭਾਸ਼ਾਈ ਪੱਧਰਾਂ (Lingual Level) ਦੇ ਆਧਾਰ ਤੇ ਰੱਖ ਕੇ ਪਛਾਣਿਆ ਜਾ ਸਕਦਾ ਹੈ। ਇਹ ਭਾਸ਼ਾਈ ਪੱਧਰ ਧੁਨੀ ਪੱਧਰ (Phonetic Level), ਰੂਪ ਪੱਧਰ (Mor-

phological Level), ਵਾਕ ਪੱਧਰ (Syntactic Level), ਪ੍ਰਵਚਨ ਪੱਧਰ (Discourse Level), ਅਰਥ ਪੱਧਰ (Semantic Level) ਤਕ ਸਮਾਜ ਦੀਆਂ ਵਿਭਿੰਨ ਪੱਧਰਾਂ ਤੇ ਦ੍ਰਿਸ਼ਟਮਾਨ ਹੁੰਦੇ ਹਨ। ਇਹਨਾਂ ਭਾਸ਼ਾਈ ਪੱਧਰਾਂ ਨੂੰ ਕ੍ਰਮਵਾਰ ਅੱਗੇ ਪੇਸ਼ ਕੀਤਾ ਗਿਆ ਹੈ।

## ਹਵਾਲੇ ਤੇ ਟਿਪਣੀਆਂ


1. Bernstein, Basil, **Class Codes and Control** (Vol.I), 1971.
2. Bloomfield, L, **Language,** 1935.
3. Cohen, Marcel, **Language : Its Structure and Evolution,** 1970.
4. Clark, Wissler (Ph.D.) **Man and Culture**
5. Crystal, D., **Linguistics,** 1974.
6. Fishman, Joshua (ed.), **Advances in the Sociology of Languages** (Vol.I and II), 1971-1972
7. Guperz, J.J, **Language in Social Groups,** 1971.
8. Hudson, R.A., **Sociolinguistics,** 1980
9. Labov, W, **Sociolinguistic Patterns,** 1978.
10. Pandit, P.B., **India As a Sociolingustic Area,** 1972.
11. Pride J.B. and Janet Holmes (eds), **Sociolinguistics,** 1972.
12. Trudgill, P, **sociolinguistics** (An Introduction)
    ਆਤਮ ਸਿੰਘ (ਡਾ.), **ਸਮਾਜ ਭਾਸ਼ਾ ਵਿਗਿਆਨ**, 1988.

# ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਮਹੱਤਵ ਤੇ ਸ਼ਬਦ ਭੰਡਾਰ

## (Spelling Structure of Punjabi Language and its importance and treasure of words

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਹ ਸਮਾਜ ਵਿਚ ਰਹਿੰਦਿਆਂ ਕਈ ਅਦਭੁਤ ਚੀਜ਼ਾਂ ਨੂੰ ਵੇਖਦਾ ਤੇ ਸੁਣਦਾ ਹੈ ਜਿਸ ਨਾਲ ਇਸ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਤੇ ਖਿਆਲ ਪੈਦਾ ਹੁੰਦੇ ਹਨ। ਇਹਨਾਂ ਵਿਚਾਰਾਂ ਨੂੰ ਪਰਗਟ ਕਰਨ ਲਈ ਇਸ ਨੂੰ ਸ਼ਬਦਾਂ ਦੀ ਜ਼ਰੂਰਤ ਪੈਂਦੀ ਹੈ। ਜੇ ਸ਼ਬਦ ਅਲੰਕਾਰਿਕ ਹੋਣ ਤਾਂ ਉਹ ਸਾਹਿੱਤ ਦਾ ਰੂਪ ਧਾਰਨ ਕਰ ਲੈਂਦੇ ਹਨ। ਜਿਸ ਪਰਕਾਰ ਸੰਗੀਤ-ਕਲਾ ਦਾ ਮਾਧਿਅਮ ਆਵਾਜ਼ਾਂ ਤੇ ਤਾਰਾਂ ਅਤੇ ਮੂਰਤੀ-ਕਲਾ ਦਾ ਮਾਧਿਅਮ ਮਿੱਟੀ ਤੇ ਗਾਰਾ ਹਨ ਇਸੇ ਤਰ੍ਹਾਂ ਸਾਹਿੱਤ ਦਾ ਮਾਧਿਅਮ ਸ਼ਬਦ ਹਨ।

ਆਦਿ ਮਨੁੱਖ ਦੇ ਅਵਿਕਸਤ ਹੋਣ ਕਰਕੇ ਉਸਦੇ ਰਹਿਣ ਸਹਿਣ ਦਾ ਢੰਗ ਬਹੁਤ ਸਿੱਧਾ ਸਾਦਾ ਸੀ ਜਿਸ ਕਰਕੇ ਉਸਦੀਆਂ ਜ਼ਰੂਰਤਾਂ ਵੀ ਸੀਮਤ ਸਨ। ਜ਼ਰੂਰਤਾਂ ਘੱਟ ਹੋਣ ਕਰਕੇ ਉਸਨੂੰ ਜ਼ਿਆਦਾ ਚੀਜ਼ਾਂ ਦੀ ਲੋੜ ਨਹੀਂ ਸੀ ਪੈਂਦੀ। ਇਸ ਕਰਕੇ ਉਸ ਦਾ ਥੋੜ੍ਹੇ ਬਹੁਤ ਸ਼ਬਦਾਂ ਜਾਂ ਟੁੱਟੀ ਭੁੱਟੀ ਭਾਸ਼ਾ ਨਾਲ ਹੀ ਕੰਮ ਚੱਲ ਜਾਂਦਾ ਸੀ। ਗੁਜ਼ਾਰੇ ਲਈ ਇਹ ਸ਼ਬਦਾਵਲੀ ਮੂੰਹ ਜ਼ੁਬਾਨੀ ਯਾਦ ਕਰਕੇ ਆਪਣੀ ਗੱਲ ਇਕ ਦੂਜੇ ਸਮਝਾ ਦਿੰਦੇ ਸਨ। ਨੇੜੇ-ਨੇੜੇ ਰਹਿਣ ਕਰਕੇ ਕਿਸੇ ਨੂੰ ਸੁਨੇਹਾ ਭੇਜਣ ਦੀ ਵੀ ਜ਼ਰੂਰਤ ਨਹੀਂ ਸੀ ਪੈਂਦੀ ਜਿਸ ਕਰਕੇ ਉਨ੍ਹਾਂ ਦਾ ਸ਼ਬਦ-ਭੰਡਾਰ ਬਹੁਤ ਘੱਟ ਸੀ ਪਰ ਹੌਲੀ-ਹੌਲੀ ਮਨੁੱਖ ਨੇ ਤਰੱਕੀ ਕੀਤੀ। ਸਭਿਅਤਾ ਦੇ ਵਿਕਾਸ ਨਾਲ ਮਨੁੱਖ ਨੇ ਤਰੱਕੀ ਕੀਤੀ। ਸਭਿਅਤਾ ਦੇ ਵਿਕਾਸ ਨਾਲ ਮਨੁੱਖ ਦੀਆਂ ਲੋੜਾਂ ਵਿਚ ਵੀ ਵਾਧਾ ਹੋਣ ਲੱਗ ਪਿਆ, ਜਿਹਨਾਂ ਨੂੰ ਪੂਰਿਆਂ ਕਰਨ ਲਈ ਦੂਸਰੇ ਲੋਕਾਂ ਨਾਲ ਮੇਲ ਜੋਲ ਜਾਂ ਸਬੰਧ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੂੰ ਭਾਸ਼ਾ ਸਿਖਣੀ ਪਈ।

ਜਦੋਂ ਵੀ ਕਿਸੇ ਦੇਸ਼ ਦੇ ਆਪਣੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਦਾ ਯਤਨ ਕਰਦੇ ਹਨ ਤਾਂ ਸੁਭਾਵਿਕ ਹੀ ਉਹ ਉਨ੍ਹਾਂ ਆਵਾਜ਼ਾ (Sounds) ਨੂੰ ਪਰਗਟ ਕਰਨ ਦਾ ਉਪਰਲਾ ਕਰਦੇ ਹਨ। ਜੋ ਕਿ ਉਨ੍ਹਾਂ ਦੀ ਬੋਲ ਚਾਲ ਵਿੱਚ ਆਮ ਵਰਤੀਆਂ ਜਾਂਦੀਆ ਹਨ। ਅਜਿਹਾ ਕਰਨ ਲਈ ਉਨ੍ਹਾਂ ਨੂੰ ਧੁਨੀ ਸੁਰ ਵਿਗਿਆਨ ਨੂੰ ਮੁੱਖ ਰੱਖਣਾ ਪੈਂਦਾ ਹੈ। "ਜਦੋਂ ਅੰਗਰੇਜ਼ਾ ਜਾਂ ਸੈਕਸਨਜ਼ (Saxsons) ਨੇ 597 ਈਸਵੀ ਵਿੱਚ ਈਸਾਈ ਮਤ ਗਰਹਿਣ ਕਰ ਲਿਆ ਅਤੇ ਆਪਣੇ ਰੂਹਾਨੀ ਵਰਦਾਤਿਆਂ ਤੋਂ ਰੋਮਨ ਅੱਖਰ ਸਿਖੇ ਤਾਂ ਉਨ੍ਹਾਂ ਨੇ ਵੀ ਸੁਰ ਵਿਗਿਆਨ ਦੀ ਸਹਾਇਤਾ ਨਾਲ ਆਪਣੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਜੋੜ ਬਣਾਣੇ ਸ਼ੁਰੂ ਕੀਤੇ। ਇਸ ਸਮੇਂ ਦੀ ਅੰਗਰੇਜ਼ੀ, ਜਿਸ ਨੂੰ ਪੁਰਾਤਨ ਅੰਗਰੇਜ਼ੀ (Old English) ਕਿਹਾ ਜਾਂਦਾ ਹੈ, ਪੜ੍ਹਨ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸ਼ਬਦ ਜੋੜ ਇੰਨ ਬਿੰਨ ਲੋਕਾਂ ਦੇ ਬੋਲਣ ਦੇ ਢੰਗ ਅਤੇ ਸ਼ਬਦਾਂ ਦੇ ਸਵਰਾਂ ਦੇ ਨਿਰਭਰ ਸਨ"।

ਜਦੋਂ ਕਿਸੇ ਬੋਲੀ ਨੂੰ ਲਿਖਤੀ ਰੂਪ ਧਾਰਨ ਕੀਤਿਆਂ ਕੁਝ ਸਮਾਂ ਬੀਤ ਜਾਂਦਾ ਹੈ ਤਾਂ ਉਸ ਦੇ ਲਿਖਣ ਢੰਗ ਦੀ ਇਕ ਰਵਾਇਤ ਜਾਂ ਪਰੰਪਰਾ ਕਾਇਮ ਹੋ ਜਾਂਦੀ ਹੈ। ਉਸ ਤੋਂ ਬਾਅਦ ਆਮ ਤੌਰ ਤੇ ਲੋਕੀ ਉਸ ਬੋਲੀ ਨੂੰ ਉਸੇ ਪਰਕਾਰ ਲਿਖਦੇ ਹਨ ਜਿਸ ਤਰ੍ਹਾਂ ਉਨ੍ਹਾਂ ਦੇ ਦਾਦੇ ਪੜਦਾਦੇ ਲਿਖਦੇ ਹੁੰਦੇ ਸਨ। ਉਨ੍ਹਾਂ ਦੀ ਸਿਖਲਾਈ ਵੀ ਉਸੇ ਪਰਕਾਰ ਦੀ ਹੁੰਦੀ ਹੈ। ਇਸ ਤਰ੍ਹਾਂ ਬੋਲੀ ਦੇ ਲਿਖਣ ਦੇ ਢੰਗ ਵਿਚ ਆਮ ਤੌਰ ਤੇ ਕੋਈ ਤਬਦੀਲੀ ਨਹੀਂ ਆਉਂਦੀ। ਜੇ ਬੋਲਣ ਦੇ ਢੰਗ ਵਿੱਚ ਵੀ ਇਸੇ ਤਰ੍ਹਾਂ ਕੋਈ ਅਦਲਾ ਬਦਲੀ ਨਾ ਹੋਵੇ ਤਦ

ਬੋਲੀ ਨੂੰ ਲਿਖਣ ਜਾਂ ਸ਼ਬਦ ਜੋੜਾਂ ਦਾ ਮਸਲਾ ਸੌਖਾ ਹੋ ਜਾਵੇ। ਪਰੰਤੂ ਜਿਉਂ ਜਿਉਂ ਸਮਾਂ ਬੀਤਦਾ ਹੈ ਹਰ ਇਕ ਭਾਸ਼ਾ ਦੇ ਬੋਲਣ ਵਿੱਚ ਕੁਝ ਨਾ ਕੁਝ ਫਰਕ ਜ਼ਰੂਰ ਪੈਂਦਾ ਹੈ ਅਤੇ ਕਦੀ ਕਦੀ ਤਾਂ ਇਹ ਫਰਕ ਬਹੁਤ ਹੀ ਵੱਧ ਜਾਂਦਾ ਹੈ। ਕਈ ਸਵਰਾਂ ਦਾ ਉਚਾਰਣ ਹੀ ਬੰਦ ਹੋ ਜਾਂਦਾ ਹੈ, ਕਈ ਅੱਡ-ਅੱਡ ਸਵਰ ਇਕ ਮਿਕ ਹੋ ਜਾਂਦੇ ਹਨ। ਮਿਸਾਲ ਦੇ ਤੌਰ ਤੇ ਜਦੋਂ ਅਸੀਂ ਇਕੋ ਸਵਰ ਦੇ ਅੱਡ ਅੱਡ ਅਰਥਾਂ ਵਾਲੇ ਸ਼ਬਦਾਂ, ਸ਼ਬਦ-ਜੋੜ ਦੇਖੀਏ ਜਿਵੇਂ meet, Meat ਤਾਂ ਅਵੱਸ਼ ਹੀ ਇਹ ਪਰਤੀਤ ਹੁੰਦਾ ਹੈ ਕਿ ਕਿਸੇ ਵੇਲੇ ਇਨ੍ਹਾਂ ਸ਼ਬਦਾਂ ਦੇ ਸਵਰ ਜ਼ਰੂਰ ਅੱਡ-ਅੱਡ ਹੋਏ ਹੋਣਗੇ। ਇਸੇ ਤਰ੍ਹਾਂ ਜਦੋਂ ਵੱਖ-ਵੱਖ ਸਵਰਾਂ ਦੇ ਸ਼ਬਦਾਂ ਲਈ ਇਕੋ ਜਿਹੇ ਸ਼ਬਦ ਜੋੜ ਵਰਤੋਂ ਵਿੱਚ ਆਉਂਦੇ ਦਿਸਣ ਜਿਵੇਂ ਕਿ Mean, ਅਤੇ Meant ਤਾਂ ਜਾਪਦਾ ਹੈ ਕਿ ਕਿਸੇ ਸਮੇਂ ਇਹ ਅੱਡ-ਅੱਡ ਸਵਰ ਇਕੋ ਜਿਹੇ ਹੀ ਹੁੰਦੇ ਹੋਣਗੇ।

ਸ਼ੁਰੂ ਵਿੱਚ ਕੁਦਰਤੀ ਤੌਰ ਤੇ ਸ਼ਬਦ-ਜੋੜ ਬਣਾਉਣ ਵਿੱਚ ਲਿਖਾਰੀਆਂ ਨੂੰ ਕਾਫੀ ਆਜ਼ਾਦੀ ਸੀ। ਕਿਉਂਕਿ ਕੋਈ ਖਾਸ ਰਵਾਇਤ ਹਾਲਾਂ ਕਾਇਮ ਨਹੀਂ ਸੀ ਹੋਈ ਅਤੇ ਇਕ ਸਵਰ ਇਕ ਤੋਂ ਵਧੇਰੇ Symbols (ਚਿੰਨ੍ਹਾਂ) ਦੁਆਰਾ ਪਰਗਟ ਕੀਤਾ ਜਾ ਸਕਦਾ ਸੀ, ਲਿਖਾਰੀਆਂ ਛੇ ਛਾਪੇ ਵਾਲਿਆਂ ਨੇ ਇਸ ਦਾ ਪੂਰਾ-ਪੂਰਾ ਲਾਭ ਉਠਾਇਆ। ਲਿਖਾਰੀ ਭਾਵੇਂ freedom ਲਿਖੇ ਜਾਂ freedome ਲਿਖੇ ਪੜ੍ਹਨ ਵਾਲੇ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਚਿਹਨਾਂ (Symbols) ਦੀ ਅਦਲਾ ਬਦਲੀ ਪੁਰਾਤਨ ਸ਼ਬਦ-ਜੋੜਾਂ ਦਾ ਵਿਸ਼ੇਸ਼ ਲੱਛਣ (Characteristic) ਹੈ। ਕਈ ਵਾਰੀ ਸ਼ਬਦ ਉਚਾਰਣ (Pronunciation etymology) ਅਰਥਾਤ ਸ਼ਬਦਾਂ ਦਾ ਮੁੱਢ ਅਤੇ ਇਤਿਹਾਸ ਅਤੇ Analogy ਅਰਥਾਤ ਵਿਆਕਰਣਕ ਨਿਯਮ ਵੀ ਇਸ ਨਾਲ ਜੋੜੇ ਜਾਂਦੇ ਹਨ ਪਰ ਜੇ ਅਸੀਂ ਪੁਰਾਤਨ ਸ਼ਬਦ ਜੋੜਾਂ ਅਤੇ ਨਵੀਨ ਸ਼ਬਦ ਜੋੜਾਂ ਦਾ ਟਾਕਰਾ ਕਰੀਏ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਇਨ੍ਹਾਂ ਵਿੱਚ ਜੋ ਫਰਕ ਹੈ ਉਹ Phonetics (ਸਵੱਰ ਗਿਆਨ) ਜਾਂ ਇਤਿਹਾਸ ਦਾ ਨਹੀਂ ਸਗੋਂ alphabet ਜਾਂ ਅੱਖਰਾਂ ਦਾ ਹੈ। ਇਨ੍ਹਾਂ ਵਿਚਾਲੇ ਸਵਰ ਦੀ ਖਾਸ ਤਬਦੀਲੀ ਨਹੀਂ ਹੁੰਦੀ ਸਗੋਂ ਅੱਖਰਾਂ ਦੀ ਵਰਤੋਂ ਵਿੱਚ ਕਿਧਰੇ ਕਿਧਰੇ ਥੋੜ੍ਹੀ ਬਹੁਤ ਤਬਦੀਲੀ ਆਉਂਦੀ ਹੈ।

ਪੁਰਾਤਨ ਸ਼ਬਦ-ਜੋੜਾਂ ਦਾ ਇਕ ਹੋਰ ਵਿਸ਼ੇਸ਼ ਲੱਛਣ Characteristic Final mute e ਜਾਂ ਅਖੀਰ ਵਿਚ ਵਰਤੀ e ਹੈ ਜਿਸ ਦਾ ਕੋਈ ਸਵਰ ਨਹੀਂ ਨਿਕਲਦਾ। ਇਸ ਦੀ ਵਰਤੋਂ ਹੌਲੀ-ਹੌਲੀ ਘੱਟਦੀ ਗਈ ਤੇ ਹੁਣ ਤਕਰੀਬਨ ਬੰਦ ਹੋ ਗਈ ਹੈ। ਪਰ ਨਵੀਨ ਸ਼ਬਦ-ਜੋੜਾਂ ਵਿਚ ਇਸ ਦੀ ਇਕ ਉਲਟੀ ਵਰਤੋਂ ਸ਼ੁਰੂ ਹੋ ਗਈ ਹੈ। ਜਿਵੇਂ ਪੁਰਾਤਨ doctrin ਦੀ ਥਾਂ doctrine, Infinit ਦੀ ਥਾਂ Infinite ਅਤੇ resupus ਦੀ ਥਾਂ resopues ਸ਼ਬਦ-ਜੋੜਾਂ ਦੀ ਵਰਤੋਂ ਜਿਥੇ mutee ਹਟਾਈ ਜਾਂਦੀ ਸੀ ਉਥੇ ਆਮ ਤੌਰ ਤੇ double Consonant ਵਰਤਿਆ ਜਾਂਦਾ ਸੀ : Put, grub, led ਦੀ ਜਗ੍ਹਾ Putt, grubb, ledd

ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਬੜਾ ਦਰੁਸਤ ਵਿਰਸਾ ਗੌਰਵਮਈ ਹੈ। ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਜਿਵੇਂ ਕਿ ਮੂੜ੍ਹ, ਮੂਰਖ, ਪਾਗਲ, ਝੱਲਾ, ਉਜੱਡ, ਬੇਗ, ਬੁੱਧਮੰਤਰੀ, ਕਲੋਂਡਰ, ਡੰਗਰ, ਉੱਲੂ, ਖਰਦਿਮਾਗ, ਬਦਦਿਮਾਗ, ਬਦਅਕਲ, ਬੇਅਕਲ, ਕਬੁੱਧ, ਬੁੱਧੀਹੀਣ ਆਦਿ ਸ਼ਬਦਾਂ ਅਤੇ ਅਕਲ ਦਾ ਅੰਨ੍ਹਾ, ਪਤੀਲੇ ਦਾ ਜੱਕਣ, ਬਾਰਾਂ ਮੁੱਠੀਆਂ ਦਾ, ਚੰਦ ਭਾਨ ਦਾ ਟੇਸ਼ਨ, ਮਾਂਗੇ ਆਲੀਆ ਆਦਿ ਵਾਕੰਸ਼ ਸਮਾਨ-ਅਰਥਾਂ ਵਿਚ ਵਰਤੇ ਜਾਂਦੇ ਹਨ, ਇਸ ਤੋਂ ਛੁੱਟ ਸ਼ਬਦਾਂ ਦਾ ਵਿਆਪਕ ਭੰਡਾਰ ਪੰਜਾਬੀ ਭਾਸ਼ਾ ਦੀ ਅਮੀਰੀ ਅਤੇ ਵਿਰਾਸਤ ਦਾ ਪਰਮਾਣ ਹੈ। ਕਾਰਨ ਇਤਿਹਾਸਕ, ਧਾਰਮਿਕ ਅਤੇ ਸਭਿਆਚਾਰਕ ਹਨ। ਪਿਛਲੀਆਂ ਸਦੀਆਂ ਵਿਚ ਪੰਜਾਬ ਅਤੇ ਭਾਰਤ ਉੱਪਰ ਹਮਲਾਵਰਾਂ ਅਤੇ ਸ਼ਾਸਕਾਂ ਦੇ ਰੂਪ ਵਿਚ ਜਿੰਨੀਆਂ ਵਿਦੇਸ਼ੀ ਕੌਮਾਂ ਸਨ, ਹੂਨ, ਯੂਨਾਨੀ, ਈਰਾਨੀ ਅਤੇ ਯੂਰਪੀਨ ਆਦਿ ਆਉਂਦੀਆਂ ਜਾਂ ਸਥਾਪਿਤ ਹੁੰਦੀਆਂ ਰਹੀਆਂ, ਉਹਨਾਂ ਦੇ ਧਰਮ ਭਾਸ਼ਾ ਅਤੇ ਸਭਿਆਚਾਰਕ ਆਦਾਨ-ਪਰਦਾਨ ਹਮੇਸ਼ਾ ਹੁੰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਅਰਬੀ, ਫਾਰਸੀ ਅਤੇ ਅੰਗਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਦੇ ਸੈਂਕੜੇ ਸ਼ਬਦ, ਵਾਕੰਸ਼, ਮੁਹਾਵਰੇ, ਲੋਕ ਉਕਤੀਆਂ, ਟੋਟਮ ਤੇ ਟੱਬੂ ਆਦਿ ਪੰਜਾਬੀ ਭਾਸ਼ਾ ਦਾ ਸੁਭਾਵਿਕ ਅੰਗ ਬਣ ਚੁੱਕੇ ਹਨ। ਉਦਾਹਰਨ ਵਜੋਂ ਜਿੰਨੇ ਪਰਕਾਰ ਦੇ ਸਮਾਜਕ, ਪਰਿਵਾਰਕ ਅਤੇ ਮਨੁੱਖੀ ਰਿਸ਼ਤੇ ਉਨੇ ਪਰਕਾਰ ਦੇ ਸ਼ਬਦ ਪਰੰਪਰਾ ਤੋਂ ਪਰਚੱਲਿਤ ਹਨ। ਮਨੁੱਖ ਅਤੇ ਪਸ਼ੂ ਜਾਂ ਜਾਨਵਰਾਂ ਦੇ ਭਿੰਨ-ਭਿੰਨ ਪਰਕਾਰ ਦੇ ਖਾਧ ਪਦਾਰਥਾਂ ਲਈ ਅਨੇਕ ਸ਼ਬਦ ਵਰਤਦੇ ਹਨ। ਇਥੋਂ ਤੱਕ ਕਿ ਪਸ਼ੂ-ਪੰਛੀਆਂ ਦੇ ਮਲ। ਅਰਥਾਤ ਸਰੀਰ 'ਚ

ਨਿਕਾਸ ਕਰਦੇ ਵੱਕਟ ਪਦਾਰਥ ਲਈ ਵੀ ਵਿਵਧ ਸ਼ਬਦਾਂ ਦਾ ਪਰਯੋਗ ਹੁੰਦਾ ਹੈ ਜਿਵੇਂ ਕਿ- ਗੋਬਰ, ਗੋਹਾ, ਡਾਸਾ (ਨਵ-ਜੰਮੇ ਕੱਟਰੂ ਦਾ) ਮੇਕ, ਫੋਸ, ਲਿੱਦ (ਘੋੜੇ ਗਧੇ ਦੀ), ਲੇਡੇ (ਊਠ ਦੇ), ਮੀਂਗਣਾ (ਬੱਕਰਾਂ-ਚੂਹੇ ਦੀਆਂ), ਬਿੱਠ (ਪੰਛੀਆਂ- ਚਿੜੀ, ਤੋਤਾ, ਕਬੂਤਰ, ਕਾਂ ਆਦਿ ਦੀ) ਵਸਤਾਂ ਦੇ ਵਰਗ ਅਤੇ ਸਰੂਪ ਲਈ ਇਸ ਪਰਕਾਰ ਦੇ ਵਿਭਿੰਨ ਸ਼ਬਦਾਂ ਦੇ ਮਿਲਣ ਜਾਂ ਪਰਯੋਗ ਹੋਣ ਦਾ ਗੁਣ ਅੰਗਰੇਜ਼ੀ ਭਾਸ਼ਾ ਵਿਚ ਨਹੀਂ ਹੈ।

ਵੈਦਿਕ ਭਾਸ਼ਾ ਨਾਲ ਪਰੰਪਰਾਗਤ, ਇਤਿਹਾਸਕ-ਪਿਤਰੀ ਸਾਂਝ ਪੰਜਾਬੀ ਦਾ ਮੌਲਿਕ ਅਤੇ ਵੱਡਮੁੱਲਾ ਵਿਰਸਾ ਹੈ। ਭਾਸ਼ਾ ਵਿਗਿਆਨੀ ਭਾਸ਼ਾ ਦੇ ਸ਼ਬਦ-ਜੋੜਾਂ ਦੇ ਸਰੂਪ ਨੂੰ ਸ਼ੁੱਧ, ਤਰਤੀਬਵਾਰ, ਨਿਯਮਾਂ ਮੁਤਾਬਕ ਅਤੇ ਅਰਥਭਰਪੂਰ ਬਣਾਉਣ ਲਈ ਪਰਪੱਕ ਤੇ ਸਮਰੱਥ ਹੁੰਦੇ ਹਨ। ਇਹਨਾਂ ਦੀ ਖੋਜ, ਅਧਿਐਨ ਅਤੇ ਵਿਚਾਰ ਦਾ ਕਾਰਜ ਬੜਾ ਵਿਸ਼ਾਲ, ਸਾਧਨਾਂ ਭਰਪੂਰ ਅਤੇ ਗੰਭੀਰ ਵਾਦ-ਵਿਵਾਦ ਵਾਲਾ ਹੁੰਦਾ ਹੈ। ਇਸ ਪੱਖ ਤੋਂ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਹਰਕੀਰਤ ਸਿੰਘ, ਡਾ. ਕਾਲਾ ਸਿੰਘ ਬੇਦੀ, ਸ਼੍ਰੀ ਉਜਲ ਸਿੰਘ ਬਾਹਰੀ, ਸੁਰਿੰਦਰ ਸਿੰਘ ਖਹਿਰਾ, ਦੁਨੀ ਚੰਦਰ, ਅਮਰਜੀਤ ਸਿੰਘ, ਆਤਮ ਸਿੰਘ, ਗਿਆਨੀ ਲਾਲ ਸਿੰਘ, ਡਾ. ਰਛਪਾਲ ਕੌਰ, ਕਰਮਜੀਤ ਸਿੰਘ, ਜੋਗਿੰਦਰ ਸਿੰਘ ਪੁਆਰ ਅਤੇ ਉਹਨਾਂ ਦੇ ਸਹਿਯੋਗੀ ਵਿਦਵਾਨਾਂ ਦੇ ਕਾਰਜ ਅਤੇ ਕਿਰਤਾਂ ਪਰਸ਼ੰਸਾ ਤੇ ਸ਼ਲਾਘਾਯੋਗ ਹਨ।

ਦੇਸ਼ ਦੀ ਵੰਡ ਮਗਰੋਂ ਪੰਜਾਬੀ ਦੀ ਤਰੱਕੀ ਦੇ ਚਾਹਵਾਨਾਂ ਨੇ ਇਸ ਨੂੰ ਆਪੋ ਆਪਣੀ ਪਰਤਿਭਾ ਅਤੇ ਆਪਣੀ ਆਪਣੀ ਰੁਚੀ ਅਨੁਸਾਰ ਵਿਕਸਿਤ ਕਰਨ ਦਾ ਜਤਨ ਕੀਤਾ ਹੈ। ਇਸ ਦੇ ਫਲਸਰੂਪ ਵਾਪਰੇ ਰੋਲਘਰੋਲੇ ਨੇ ਪੰਜਾਬੀ ਦੇ ਸਾਹਿਤਿਕ ਰੂਪ ਨੂੰ ਬੰਨਣ ਦੀ ਲੋੜ ਵੱਲ ਵਿਦਵਾਨਾਂ ਦਾ ਧਿਆਨ ਖਿੱਚਿਆ ਹੈ। ਭਾਸ਼ਾ ਚੇਤਨਤਾ ਜਿਸ ਤੀਬਰਤਾ ਨਾਲ ਵਿਦਵਾਨਾਂ ਦੀ ਵਰਤਮਾਨ ਪੀੜ੍ਹੀ ਵਿਚ ਪੈਦਾ ਹੋਈ ਹੈ, ਉਹ ਇਸ ਤੋਂ ਪਹਿਲਾਂ ਵੇਖਣ ਵਿਚ ਨਹੀਂ ਆਈ। ਇਸ ਦਾ ਇਕ ਕਾਰਨ ਗਿਆਨ ਵਿਚ ਵਾਧਾ ਅਤੇ ਭਾਸ਼ਾ ਦੀ ਸ਼ੁੱਧਤਾ ਲਈ ਨਿੱਤ ਵੱਧ ਰਹੀ ਭਾਵਨਾ ਹੈ। ਪੰਜਾਬੀ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ, ਜਿਸ ਰੂਪ ਵਿਚ ਇਸ ਵੇਲੇ ਇਹ ਸਾਡੇ ਸਾਹਮਣੇ ਹਨ, ਦੋ ਪ੍ਰਸ਼ਨ ਛੇੜਦੀਆਂ ਹਨ (ੳ) ਪੰਜਾਬੀ ਵਿਚ ਵਰਤੀ ਜਾਂਦੀ ਭਾਸ਼ਾ ਦਾ ਸ਼ੁੱਧ ਅਥਵਾ ਪਰਮਾਣਿਕ ਰੂਪ ਕੀ ਮੰਨਿਆ ਜਾਵੇ, ਅਤੇ (ਅ) ਨਵੇਂ ਸ਼ਬਦ ਕਿਥੋਂ ਤੇ ਕਿਵੇਂ ਲਏ ਜਾਣ; ਅਥਵਾ ਇਨ੍ਹਾਂ ਦਾ ਨਿਰਮਾਣ ਕਿਵੇ ਕੀਤਾ ਜਾਵੇ।

ਇਨ੍ਹਾਂ ਦੋਹਾਂ ਪ੍ਰਸ਼ਨਾਂ ਬਾਰੇ ਭਿੰਨ ਭਿੰਨ ਮਤ ਅਤੇ ਪਹੁੰਚ ਵਿਧੀਆਂ ਹਨ। ਇਕ ਸੰਪਰਦਾਇ ਦੇ ਪਿਛਲੱਗ ਪੰਜਾਬੀ ਦੇ ਤਦਭਵ ਰੂਪ ਨੂੰ ਬਣਾਈ ਰੱਖਣਾ ਲੋਚਦੇ ਹਨ ਅਤੇ ਦੂਜੇ ਤਤਸਮਤਾ ਵੱਲ ਝੁਕਣ ਦੀ ਰੁਚੀ ਰੱਖਦੇ ਹਨ। ਪਹਿਲਿਆਂ ਦਾ ਮਤ ਹੈ ਕਿ ਪੰਜਾਬੀ ਮੂਲ ਰੂਪ ਵਿਚ ਜਨਸਾਧਾਰਣ ਦੀ ਭਾਸਾ ਹੈ ਅਤੇ ਇਸ ਲਈ ਇਸ ਨੂੰ ਜਨਸਾਧਾਰਣ ਦੇ ਅਤਿ ਨੇੜੇ ਰਹਿਣਾ ਚਾਹੀਦਾ ਹੈ ਇਸ ਗੱਲ ਲਈ ਉਨ੍ਹਾਂ ਨੂੰ ਬੀਮਜ਼ ਦੀ ਲਿਖੀ ਟੂਕ ਤੋਂ ਸਮਰਥਨ ਮਿਲ ਜਾਂਦਾ ਹੈ:

"There is a flavour of wheaten flour and a reek of cottage smoke about Punjabi, which is infinitely more natural and captivating than anything which the hide bound Pundit ridden language of the eastern parts of India can show us." Comparative Grammer of the Modern Aryan Languages of India ਬੀਮਜ਼ ਨੇ ਇਹ ਗੱਲ ਸੱਤਰ-ਅੱਸੀ ਸਾਲ ਪਹਿਲਾਂ ਆਖੀ ਸੀ, ਜਦੋਂ ਪੰਜਾਬੀ ਦਾ ਮੂਲ ਆਧਾਰ ਵਧੇਰੇ ਕਰਕੇ ਲੋਕ-ਭਾਸ਼ਾ ਹੀ ਸੀ। ਅੱਜ ਪੰਜਾਬੀ ਨੂੰ ਸਿਰਫ ਕਿੱਸੇ ਕਹਾਣੀਆਂ ਲਿਖਣ ਲਈ ਨਹੀਂ, ਸਗੋਂ ਗੰਭੀਰ ਕਿਸਮ ਦੀਆਂ ਰਚਨਾਵਾਂ ਕਰਨ ਲਈ ਵੀ ਵਰਤਿਆ ਜਾਂਦਾ ਹੈ। ਇਸੇ ਕਾਰਨ ਅੱਜ ਦੇ ਯੁੱਗ ਦੇ ਪਰਸੰਗ ਵਿਚ ਉਪਰੋਕਤ ਟਿੱਪਣੀ ਨੂੰ ਆਪਣਾ ਉਦੇਸ਼ ਬਣਾ ਲੈਣਾ ਸਮੇਂ ਦੀ ਲੋੜ ਅਤੇ ਭਾਵਨਾ ਦੇ ਅਨੁਕੂਲ ਨਹੀਂ। ਦੂਜੇ ਪਾਸੇ ਤਤਸਮਵਾਦੀਆਂ ਦੇ ਵਧੇਰੇ ਉਲਾਰ ਹੋਣ ਦਾ ਡਰ ਵੀ ਹੈ ਕਿ ਇਉਂ ਸ਼ਾਇਦ ਪੰਜਾਬੀ ਹੀ ਨਾ ਰਹੇ। ਲੋੜ ਦੋਹਾਂ ਰੁਚੀਆਂ ਦੇ ਵਿਚਕਾਰਲਾ ਰਾਹ ਇਖਤਿਆਰ ਕਰਨ ਦੀ ਹੈ, ਤਾਂ ਜੋ ਪੰਜਾਬੀ ਨੂੰ ਪੰਜਾਬੀ ਰੱਖਦਿਆਂ ਹੋਇਆਂ ਉਸ ਨੂੰ ਸਾਹਿਤਿਕ ਭਾਸ਼ਾਵਾਂ ਵਾਲਾ ਗੌਰਵ ਅਤੇ ਸਮਰੱਥਾ ਪਰਦਾਨ ਕੀਤੀ ਜਾ ਸਕੇ।

ਇਨ੍ਹਾਂ ਸਮੱਸਿਆਵਾਂ ਦਾ ਇਕ ਉੱਤਰ ਤਾਂ ਇਹ ਹੋ ਸਕਦਾ ਹੈ ਕਿ ਸ਼ਬਦ ਬਣਤਰ ਅਤੇ ਮੁਹਾਵਰੇ ਦੇ ਪੱਖ ਤੋਂ ਪੰਜਾਬੀ ਦਾ ਸ਼ੁੱਧ ਤੇ ਪ੍ਰਮਾਣਿਕ ਰੂਪ ਉਹ ਮੰਨ ਲਿਆ ਜਾਵੇ ਜੋ ਪੰਜਾਬੀ ਦੇ ਨਿਪੁੰਨ ਲੇਖਕ ਇਸ

ਨੂੰ ਦਿੰਦੇ ਆਏ ਹਨ। ਪਰ ਪ੍ਰਸ਼ਨ ਹੈ ਕਿ ਪੰਜਾਬੀ ਵਿਚ ਕਿੰਨ੍ਹਾਂ ਲੇਖਕਾਂ ਨੂੰ ਨਿਪੁੰਨ ਮੰਨ ਕੇ ਉਨ੍ਹਾਂ ਦੇ ਪੈਰ-ਚਿਨ੍ਹਾਂ ਉੱਤੇ ਚਲਿਆ ਜਾਵੇ ਜਦ ਕਿ ਪੰਜਾਬੀ ਵਿਚ ਬਿਹਾਰੀ ਲਾਲ ਪੁਰੀ, ਗੁਲਾਮ ਰਸੂਲ ਆਲਮਪੁਰੀ ਤੇ ਧਨੀ ਰਾਮ ਚਾਤ੍ਰਿਕ ਵਰਗੇ ਲੇਖਕਾਂ ਤੋਂ ਇਲਾਵਾ ਬਹੁਤ ਘੱਟ ਅਜਿਹੇ ਲੇਖਕ ਹਨ ਜਿਹੜੇ ਭਾਸ਼ਾਈ ਪੱਖ ਤੋਂ ਪੂਰੀ ਤਰ੍ਹਾਂ ਸੁਚੇਤ ਹਨ।

ਪੰਜਾਬੀ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਦੂਜਾ ਪ੍ਰਸ਼ਨ ਇਹ ਕਿ ਨਵੇਂ ਸ਼ਬਦ ਕਿਥੋਂ ਤੇ ਕਿਵੇਂ ਲਏ ਜਾਣ- ਕੁਝ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਕਿਸੇ ਵੀ ਭਾਸ਼ਾ ਵਿਚ ਸ਼ਬਦ ਦੋ ਮੰਤਵਾਂ ਦੀ ਸਿੱਧੀ ਲਈ ਵਰਤੇ ਜਾਂਦੇ ਹਨ : (ੳ) ਨਿਤ ਦੇ ਵਿਹਾਰ ਨੂੰ ਪਰਗਟ ਕਰਨ ਲਈ ਅਤੇ (ਅ) ਵਿਗਿਆਨਿਕ ਸਾਹਿਤ ਦੀਆਂ ਬਾਰੀਕੀਆਂ ਨੂੰ ਪਰਗਟਾਉਣ ਲਈ। ਜਿਥੋਂ ਤੱਕ ਪਹਿਲੇ ਮਨੋਰਥ ਦੀ ਪੂਰਤੀ ਦਾ ਸਵਾਲ ਹੈ, ਪੰਜਾਬੀ ਸਾਹਿਤ-ਭੰਡਾਰ ਮਨੁੱਖ ਦੀਆਂ ਨਿਤਾਪ੍ਰਤਿ ਦੀਆਂ ਲੋੜਾਂ, ਅਥਵਾ ਹਾਵਾਂ-ਭਾਵਾਂ, ਆਸ-ਅੰਦੇਸਿਆਂ, ਹਰਖ-ਸੋਗ ਨੂੰ ਪਰਗਟਾਉਣ ਅਤੇ ਸੂਖਮਭਾਵੀ ਸਾਹਿਤ ਰਚਣ ਦੀ ਕਾਫੀ ਸਮਰੱਥਾ ਰੱਖਦਾ ਹੈ। ਸਾਨੂੰ ਸਿਰਫ ਆਪਣੇ ਪਿਰਤੀ ਧਨ ਗੁਰੂ ਗਰੰਥ ਸਾਹਿਬ, ਸੂਫੀ-ਕਾਵਿ, ਕਿੱਸਾ-ਕਾਵਿ ਤੋਂ ਜਾਣੂ ਹੋਣ ਦੀ ਲੋੜ ਹੈ।

ਸ਼ਬਦ-ਜੋੜਾਂ ਦੀ ਪੰਜਾਬੀ ਦੇ ਪਰਸੰਗ ਵਿਚ ਅਸਲ ਸਮੱਸਿਆ ਨਿੱਤ ਵੱਧ ਰਹੇ ਗਿਆਨ (ਸਾਧਾਰਨ ਅਤੇ ਤਕਨੀਕੀ) ਨਾਲ ਸੰਬੰਧਿਤ ਰਚਨਾ ਕਰਨ ਸਮੇਂ ਪੇਸ਼ ਆਉਂਦੀ ਹੈ। ਅੱਜ ਦੇ ਵਿਕਸਿਤ ਵਿਗਿਆਨ ਅਤੇ ਭਾਂਤ-ਭਾਂਤ ਦੀਆਂ ਬਾਰੀਕੀਆਂ ਵਾਲੇ ਵਿਚਾਰਾਂ ਨੂੰ ਪਰਗਟਾਉਣ ਦਾ ਭਾਰ ਜਦੋਂ ਤਿੰਨ ਸੌ ਸਾਲਾਂ ਪੱਛੜੀ ਪੰਜਾਬੀ ਉੱਤੇ ਪੈਂਦਾ ਹੈ ਤਾਂ ਉਹ ਸੱਚਮੁੱਚ ਆਪਣੇ ਆਪ ਨੂੰ ਨਿਤਾਣੀ ਅਤੇ ਦੁਰਬਲ ਮਹਿਸੂਸ ਕਰਦੀ ਹੈ। ਸ਼ਬਦ ਨਹੀਂ ਮਿਲਦੇ, ਅਤੇ ਜੇ ਮਿਲਦੇ ਵੀ ਹਨ ਤਾਂ ਉਹ ਉਤਨੀਆਂ ਬਾਰੀਕੀਆਂ ਨੂੰ ਭੁਗਤਾਉਣ ਦੇ ਯੋਗ ਨਹੀਂ ਹੁੰਦੇ ਜੋ ਅੱਜ ਦਾ ਪੱਛਮੀ ਵਿੱਦਿਆ ਤੋਂ ਜਾਣੂੰ ਲੇਖਕ ਉਨ੍ਹਾਂ ਰਾਹੀਂ ਭੁਗਤਾਉਣਾ ਚਾਹੁੰਦਾ ਹੈ। ਗਿਆਨ-ਸਾਹਿਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੋ ਢੰਗ ਵਰਤੇ ਜਾ ਸਕਦੇ ਹਨ : (ੳ) ਅੰਗਰੇਜ਼ੀ ਆਦਿ ਹੋਰਨਾਂ ਵਿਕਸਿਤ ਭਾਸ਼ਾਵਾਂ ਤੋਂ ਸ਼ਬਦ ਉਧਾਰੇ ਲੈ ਕੇ ਜਾਂ ਤਤਸਮ ਤਦਭਵ ਪੂਰ (ਅ) ਨਵੇਂ ਸ਼ਬਦ ਘੜ ਕੇ। ਦੋਵੇਂ ਢੰਗ ਆਪਣੇ ਆਪ ਵਿਚ ਠੀਕ ਹਨ, ਪਰ ਇਨ੍ਹਾਂ ਦੀ ਵਰਤੋਂ ਉਦੋਂ ਕਰਨੀ ਉਚਿਤ ਹੈ ਜਦੋਂ ਪਿੜ੍ਹੀ ਧਨ ਦੀ ਭਾਲ ਕਰ ਲਈ ਗਈ ਹੋਵੇ। ਪਿਤਰੀ ਧਨ ਦੀ ਭਾਲ ਨਿਸ਼ਚਿਤ ਹੀ ਸਾਨੂੰ ਇਤਿਹਾਸ, ਦਰਸ਼ਨ, ਨਿਆਇ, ਨੀਤੀ ਸ਼ਾਸਤਰ, ਸਮਾਜ-ਸ਼ਾਸਤਰ ਆਦਿ ਵਿਗਿਆਨਾਂ ਲਈ ਅਨੇਕ ਸ਼ਬਦ ਦੇ ਸਕਦੀ ਹੈ ਜੋ ਸਾਡੇ ਲਈ ਅਸਲੋਂ ਨਵੇਂ ਹੋਣਗੇ। ਹੋਰ ਸੋਮੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਛਾਣਬੀਣ ਹੈ।

ਤਕਨੀਕੀ ਸ਼ਬਦ-ਭੰਡਾਰ ਲਈ ਵੱਖ-ਵੱਖ ਕਿੱਤਿਆਂ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਅਧਿਐਨ ਕਾਫੀ ਸਹਾਇਕ ਸਿੱਧ ਹੋ ਸਕਦਾ ਹੈ। ਨਿਰੋਲ ਕੋਸ਼ ਦੀ ਸਹਾਇਤਾ ਨਾਲ ਘਰ ਬੈਠ ਕੇ ਬਣਾਏ ਸ਼ਬਦ-ਜੋੜਾਂ ਦਾ ਵਾਸਤਵਿਕ ਜੀਵਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਥੇ ਇਹ ਵੀ ਜ਼ਿਕਰਯੋਗ ਵਿਚਾਰ ਹੈ ਕਿ ਹੋਰਨਾਂ ਭਾਸ਼ਾਵਾਂ ਵਿਚੋਂ ਸ਼ਬਦ ਲਏ ਬਿਨਾਂ ਵੀ ਗੁਜ਼ਾਰਾ ਨਹੀਂ। ਇਸ ਪੱਖ ਤੋਂ ਪੰਜਾਬੀ ਦਾ ਹਾਜ਼ਮਾ ਕਾਫੀ ਦਰੁਸਤ ਹੈ। ਸ਼ਬਦ-ਜੋੜਾਂ ਦੀ ਸ਼ੁੱਧਤਾ ਲਈ ਭਾਸ਼ਾ-ਵਿਗਿਆਨਕ ਨਿਯਮਾਂ ਦੀ ਸੋਝੀ, ਕਲਾਸੀਕਲ ਭਾਸ਼ਾਵਾਂ ਸੰਸਕ੍ਰਿਤ ਤੇ ਫਾਰਸੀ ਨਾਲ ਜਾਣ-ਪਛਾਣ ਅਤੇ ਪੰਜਾਬੀ ਭਾਸ਼ਾ ਦੇ ਆਪਣੇ ਸੁਭਾ ਬਾਰੇ ਬੋਧੂ ਹੋਣਾ ਲਾਜ਼ਮੀ ਹੈ।

## ਤਤਸਮ ਤੇ ਤਦਭਵ

ਭਾਸ਼ਾ-ਵਿਗਿਆਨ ਦੇ ਅਧਿਐਨ ਖੇਤਰ ਵਿਚ ਧੁਨੀ ਪਰਿਵਰਤਨ ਇਕ ਅਹਿਮ ਵਿਸ਼ਾ ਰਿਹਾ ਹੈ ਅਤੇ ਇਸਨੂੰ ਵਿਭਿੰਨ ਭਾਸ਼ਾ-ਵਿਗਿਆਨਕ ਵਿਧੀਆਂ ਰਾਹੀਂ ਨਿਰੂਪਤ ਕਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਸਮਾਜ ਭਾਸ਼ਾ ਵਿਗਿਆਨਕ ਵਿਧੀ ਰਾਹੀਂ ਧੁਨੀ ਪਰਿਵਰਤਨ ਨੂੰ ਬਿਆਨ ਕਰਨ ਵਾਲੇ ਭਾਸਾ-ਵਿਗਿਆਨੀ ਇਹ ਗੱਲ ਮੰਨ ਕੇ ਚਲਦੇ ਹਨ ਕਿ ਕੋਈ ਵੀ ਧੁਨੀ ਪਰਿਵਰਤਨ ਮੁਤ ਜਾਂ ਬੇਮੁਹਾਰਾ ਨਹੀਂ ਹੁੰਦਾ ਸਗੋਂ ਭਾਸ਼ਾਈ ਅਤੇ ਸਮਾਜਕ ਤੱਤਾਂ ਰਾਹੀਂ ਨਿਰਧਾਰਤ ਹੁੰਦਾ ਹੈ। ਧੁਨੀ ਪਰਿਵਰਤਨ ਦਾ ਆਰੰਭ ਅਤੇ ਇਸ ਦੀ ਗਤੀ ਵਿਧੀ ਭਾਸ਼ਾਈ ਜਾਂ ਗੈਰ ਭਾਸ਼ਾਈ ਤਨਾਉ ਜਾਂ ਅਸੰਤੁਲਨ ਕਾਰਨ ਹੁੰਦੀ ਹੈ ਅਤੇ ਇਨ੍ਹਾਂ ਸੰਬੰਧਾਂ ਨੂੰ

ਰੂਪਮਾਨ ਕਰਨਾ ਹੀ ਸਮਾਜ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਸਮਾਜਕ ਪੈਰਾਮੀਟਰਾਂ ਦਾ ਰਿਹਾ ਹੈ। ਤਦਭਵ ਰੂਪ ਧੁਨੀ ਵਿਚ ਪਰਿਵਰਤਨ ਆਵਣ ਕਰਕੇ ਪਰਗਟ ਹੋਏ ਹਨ। ਬੋਲਣ ਵਿਚ ਸੌਖ ਢੂੰਡਣਾ ਮਨੁੱਖ ਦਾ ਸੁਭਾਅ ਹੁੰਦਾ ਹੈ। ਚਾਰ ਸੌ ਵਰ੍ਹੇ ਪਹਿਲਾਂ ਜੋ ਪੰਜਾਬੀ ਬੋਲੀ ਜਾਂਦੀ ਸੀ ਉਸ ਵਿਚ ਕਈ ਅਦਲਾ-ਬਦਲੀਆਂ ਆ ਗਈਆਂਹਨ ਅਤੇ ਜਿਊਂਦੀ ਬੋਲੀ ਹਰ ਇਕ ਜਿਊਂਦੀ ਵਸਤੂ ਵਾਂਗ ਬਦਲਦੀ ਰਹਿੰਦੀ ਹੈ ਕਈ ਸ਼ਬਦ ਵਰਤੋਂ ਵਿਚ ਹਟ ਜਾਂਦੇ ਹਨ, ਕਈ ਨਵੇਂ ਆ ਸ਼ਾਮਲ ਹੁੰਦੇ ਹਨ ਅਤੇ ਕਈ ਰੂਪ ਵਟਾ ਲੈਂਦੇ ਹਨ। ਪੰਜਾਬੀ ਵਿਚ ਉਹ ਸ਼ਬਦ ਜੋ ਸਿੱਧੇ ਪਰਾਕਰਿਤ ਦੇ ਆਏ ਹਨ ਜਾਂ ਪਰਾਕਰਿਤ ਦੇ ਹੁੰਦੇ ਹੋਏ ਸੰਸਕਰਿਤ ਚੋਂ ਆਏ ਹਨ ਇਨ੍ਹਾਂ ਨੂੰ ਤਦਭਵ ਸ਼ਬਦ ਕਿਹਾ ਜਾਂਦਾ ਹੈ। ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੀ ਭਾਸ਼ਾ (ਪੰਜਾਬੀ) ਦੇ ਨੇਮਾਂ ਅਨੁਸਾਰ ਅਪਣਾ ਲਿਆ ਉਸ ਭਾਸ਼ਾਈ ਰੂਪ ਨੂੰ ਤਦਭਵ ਰੂਪ ਕਿਹਾ ਜਾਂਦਾ ਹੈ। ਡਾ. ਪਰਮਜੀਤ ਸਿੰਘ ਦੇ ਅਨੁਸਾਰ

| ਸੰਸਕ੍ਰਿਤ | ਪੰਜਾਬੀ |
|---|---|
| ਅਗਨ | ਅੱਗ |
| ਲਕਸ਼ | ਲੱਖ |
| ਪਕਸ਼ | ਪੱਖ |
| ਸਿਖਸ਼ਾ/ਸ਼ਿਕਸ਼ਾ | ਸਿੱਖਿਆ |
| ਰਕਸ਼ਾ | ਰੱਖਿਆ |
| ਰਾਂਤ੍ਰਿ | ਰਾਤ |
| ਕਾਰਯ | ਕਾਜ |
| ਅਕਸ਼ਰ | ਅੱਖਰ[3] |

ਜਿਹੜੇ ਸ਼ਬਦ ਕਿਸੇ ਦੂਸਰੀ ਭਾਸ਼ਾ ਤੋਂ ਉਸੇ ਹੀ ਰੂਪ ਵਿਚ ਆਪਣੀ ਭਾਸ਼ਾ ਵਿਚ ਲੈ ਲੈਂਦੇ ਹਾਂ ਤੇ ਪਰਚੱਲਿਤ ਹੋ ਜਾਂਦੇ ਹਨ ਉਹਨਾਂ ਨੂੰ ਭਾਸ਼ਾਈ ਰੂਪਾਂ ਨੂੰ ਤਤਸਮ ਕਿਹਾ ਜਾਂਦਾ ਹੈ। ਇਹ ਭਾਸ਼ਾਈ ਰੂਪਾਂ ਨੂੰ ਜਿਉਂਦਾ ਤਿਉਂ ਹੀ ਆਪਣੀ ਭਾਸ਼ਾ ਵਿਚ ਲੈ ਲਿਆ ਜਾਂਦਾ ਹੈ। ਉਹ ਜੋ ਸਿੱਧੇ ਸੰਸਕ੍ਰਿਤ, ਅੰਗਰੇਜ਼ੀ, ਉਰਦੂ, ਫਾਰਸੀ 'ਚ ਪੰਜਾਬੀ ਵਿਚ ਆਏ ਹਨ ਜਿਨ੍ਹਾਂ ਦਾ ਰੂਪ ਪੰਜਾਬੀ ਵਿਚ ਵੀ ਜਿਉਂ ਦਾ ਤਿਉਂ ਰਿਹਾ ਹੈ। ਅਜੇਹੇ ਸ਼ਬਦਾਂ ਨੂੰ ਤਤਸਮ ਰੂਪ ਕਿਹਾ ਜਾਂਦਾ ਹੈ। ਡਾਕਟਰ ਗ੍ਰੀਅਰਸਨ ਸਾਹਿਬ ਦਾ ਕਥਨ ਹੈ ਕਿ ਦਰਾਵੜ ਬੋਲੀਆਂ ਦੇ ਸ਼ਬਦ ਹੀ ਸਾਡੀਆਂ ਬੋਲੀਆਂ ਵਿਚ ਨਹੀਂ ਮਿਲ ਗਏ ਸਗੋਂ ਉਹਨਾਂ ਦੇ ਵਿਆਕਰਨ ਦੇ ਅਸਰ ਵੀ ਉਨ੍ਹਾਂ ਤੇ ਬਹੁਤ ਪਿਆ ਹੈ। ਪੰਜਾਬੀ ਦੇ ਸ਼ਬਦ-ਭੰਡਾਰ ਤੇ ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀਆਂ ਬੋਲੀਆਂ ਦਾ ਵੀ ਕੁਝ ਘੱਟ ਅਸਰ ਨਹੀਂ ਪਿਆ। ਮੁਸਲਮਾਨਾਂ ਦੀਆਂ ਬੋਲੀਆਂ ਦੇ ਤਿੰਨ ਰੂਪ ਮੰਨੇ ਗਏ ਹਨ ਅਰਬੀ, ਫਾਰਸੀ ਅਤੇ ਤੁਰਕੀ। ਇਹਨਾਂ ਤਿੰਨਾਂ ਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਮੁਸਲਮਾਨਾਂ ਦੇ ਰਾਜ ਦੇ ਸਮੇਂ ਵਿਚ ਬਹੁਤ ਹੋਣ ਦੇ ਕਾਰਨ ਇਹ ਸ਼ਬਦ ਸਾਡੀ ਬੋਲਚਾਲ ਦੀ ਭਾਸ਼ਾ ਵਿਚ ਇਕ ਭਾਰੀ ਸੰਖਿਆ ਵਿਚ ਮਿਲ ਗਏ ਹਨ ਅਤੇ ਇਸੇ ਕਰਕੇ ਸਾਹਿਤਕ ਭਾਸ਼ਾ ਵਿਚ ਵੀ ਇਨ੍ਹਾਂ ਦੀ ਵਰਤੋਂ ਬਹੁਤ ਚਲ ਪਈ ਹੈ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਸ਼ਬਦ ਅੰਗਰੇਜ਼ੀ, ਸੰਸਕ੍ਰਿਤ, ਹਿੰਦੀ, ਉਰਦੂ ਆਦਿ ਦੇ ਭਾਸ਼ਾਵਾਂ ਦੇ ਸ਼ਬਦ ਸਾਡੀ ਵਰਤਮਾਨ ਪੰਜਾਬੀ ਭਾਸ਼ਾ ਦੀ ਸਥਿੱਤੀ ਵਿਚ ਪਰਚਲਿਤ ਹਨ। ਮਿਸਾਲ ਵਜੋਂ ਪਾਰਟੀ, ਸਟੇਸ਼ਨ, ਫਰਲੋ, ਕੌਂਸਲ, ਇੰਜਨ, ਮਕੈਨਿਕ, ਮਸ਼ੀਨ, ਮੋਟਰ, ਬੱਸ, ਲਾਰੀ, ਟਰਾਲੀ, ਟਰੈਕਟਰ, ਕਾਰ, ਗੈਸ, ਗਲਾਸ, ਦੇਵ, ਰਾਜਾ, ਪਿਤਾ, ਦਾਤਾ, ਨਦੀ ਇੰਚ, ਫੁੱਟ, ਬੈਂਚ, ਬਿੱਲ, ਬੋਰਡ, ਬੂਟ, ਬਜਟ, ਅਮੋਨੀਆ ਬਟਨ, ਬੰਡਲ, ਅਦਬ, ਨਜ਼ਮ, ਖੁਦਾ, ਅੱਲਾ, ਗ਼ਜ਼ਲ ਆਦਿ ਇਹ ਸ਼ਬਦ ਘੱਟ ਪੜ੍ਹੀਆਂ ਲਿਖੀਆਂ ਜਾਂ ਪੜ੍ਹੀਆਂ ਲਿਖੀਆਂ ਸਿੱਖਿਅਤ ਸਮਾਜਕ ਸ਼ਰੇਣੀ ਦੇ ਉਚਾਰਨ ਦੇ ਪ੍ਰਤਿਮਾਨ ਸਾਹਿਤਕ ਪਰੰਪਰਾ ਅਤੇ ਸ਼ਬਦ ਉਚਾਰਨ ਨਾਲ ਜੁੜੇ ਹੋਏ ਹਨ। ਡਾ. ਚਰਨ ਦਾਸ ਸਿੱਧੂ ਨੇ ਨਾਟਕਾਂ ਦੀ ਟੈਕਸਟ ਵਿਚ ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਵਿਚ ਦਾਖਲ ਹੋ ਕੇ ਪੰਜਾਬੀ ਰੂਪ ਧਾਰਨ ਕਰ ਗਏ ਹਨ। ਹੁਣ ਇਨ੍ਹਾਂ ਨੂੰ ਪੰਜਾਬੀ ਸ਼ਬਦ ਹੀ ਮੰਨਿਆ ਜਾਂਦਾ ਹੈ। ਇਹ ਸ਼ਬਦ ਪੰਜਾਬੀ ਭਾਸ਼ਾ ਵਿਚ ਪ੍ਰਤਿਸ਼ਠਾ ਦੇ ਸੂਚਕ ਹਨ। ਮਿਸਾਲ ਵਜੋਂ-

ਵਾਰਡਨ : ਕਲ੍ਹ ਹੈ ਲਾਸਟ ਡੇਟ ਤੇ ਲੀਡਰਸ਼ਿਪ ਵਿੱਚ ਕੀ ਰੱਖਿਆ ? ਮੈਂ ਤੇ ਵਾਈਫ ਨੂੰ ਕਹਿ ਰਿਹਾ ਸੀ ਸੁਬਹ[4]

ਮਨੋਜ : ਪਰਮਿੰਦਰ ਤੁਮ ਇਸ ਕੋ ਛੋੜੋ ਅਪਨੀ ਔਰ ਸੇ ਸਤਯ ਬਤਾ ਦੋ[5]

ਸਟਾਫ ਸੇ : ਸ਼ਾਇਰੀ ਤੇ ਸਾਇੰਸ ਦਾ ਕਿਆ ਮੇਲ ?[6]

ਉਪਰੋਕਤ ਸ਼ਬਦਾਂ ਵਿਚ ਲਕੀਰੇ ਸ਼ਬਦ ਤਤਸਮ ਤਦਭਵ ਰੂਪਾਂ ਨੂੰ ਦਰਸਾਉਂਦੇ ਹਨ। ਪੰਜਾਬੀ ਮੂਲ ਰੂਪ ਵਿਚ ਜਨ ਸਾਧਾਰਨ ਦੀ ਭਾਸ਼ਾ ਹੈ। ਇਸ ਕਰਕੇ ਇਸ ਵਿਚ ਸਮੂਹ ਜਨ-ਸਾਧਾਰਨ ਦੀ ਸ਼ਬਦਾਵਲੀ ਆਮ ਦਿਖਾਈ ਦਿੰਦੀ ਹੈ। ਇਸ ਭਾਸ਼ਾ ਵਿਚ ਅਨੇਕ ਭਾਸ਼ਾ ਦੇ ਸ਼ਬਦ ਮਿਲਦੇ ਹਨ। ਇਸਦਾ ਕਾਰਨ ਹੈ ਕਿ ਇਸਦਾ ਹਾਜ਼ਮਾਂ ਬੜਾ ਦਰੁੱਸਤ ਹੈ। ਇਸ ਭਾਸ਼ਾ ਵਿਚ ਨਿਰੋਲ ਪੇਂਡੂ ਅਤੇ ਸ਼ਹਿਰੀ ਸਭਿਆ ਅੰਸ਼ਾ ਦੀ ਭਰਮਾਰ ਹੋਈ ਮਿਲਦੀ ਹੈ ਪੰਜਾਬੀ ਭਾਸ਼ਾ ਦੇ ਬਹੁਤੇ ਸ਼ਬਦਾਂ ਦਾ ਮੂਲ ਸਰੋਤ ਇਨ੍ਹਾਂ ਤਤਸਮ ਤੇ ਤਦਭਵ ਰੂਪਾਂ ਨਾਲ ਸੰਬੰਧਿਤ ਹੈ। ਪੰਜਾਬੀ ਸਾਹਿਤਕ ਖੇਤਰ ਵਿਚ ਅਜਿਹੇ ਭਾਸ਼ਾਈ ਰੂਪ ਆਮ ਪਰਚੱਲਿਤ ਹਨ। ਇਹ ਭਾਸ਼ਾਈ ਰੂਪ ਆਧੁਨਿਕ ਭਾਸ਼ਾ ਵਿਚ ਪ੍ਰਤਿਸ਼ਠਾ ਦੇ ਸੂਚਕ ਹਨ।

ਪੰਜਾਬੀ ਨੂੰ ਤਤਸਮ ਪ੍ਰਧਾਨ ਭਾਸ਼ਾ ਕਿਹਾ ਗਿਆ ਹੈ। ਇਸ ਵਿਚ ਵਰਤੇ ਜਾਂਦੇ ਬਹੁਤੇ ਸ਼ਬਦ ਵਿਗੜੇ ਰੂਪਾਂ ਵਾਲੇ ਹਨ ਅਤੇ ਇਹ ਵਿਗਾੜ ਖਾਸ ਨਿਯਮਾਂ ਅਧੀਨ ਹੁੰਦਾ ਹੈ। ਧੁਨੀ ਪਰਿਵਰਤਨ ਦੀ ਇਹ ਪਰਕਿਰਿਆ ਲੰਬੇ ਇਤਿਹਾਸਿਕ ਵਿਕਾਸ ਦਾ ਫਲ ਹੈ। ਇਹ ਕੁਝ ਨਿਯਮ ਇਸ ਪਰਕਾਰ ਹਨ:

1. ਸੰਸਕ੍ਰਿਤ ਵਿਚ ਮੂਲ ਸ਼ਬਦਾਂ ਦੇ ਅੰਤ ਵਿਚ ਆਈ ਇ ਤੇ ਉ ਨੂੰ ਡੇਗ ਦੇਣਾ; ਜਿਵੇਂ ਗੋਸ਼ਠਿ (ਗੋਸ਼ਟ), ਰਵਿ (ਰਗ), ਜਾਤਿ (ਜਾਤ)

2. ਸੰਪ੍ਰਧਾਰਣ ਦੀ ਰੁਚੀ ਅਧੀਨ ਸੰਸਕ੍ਰਿਤ ਮੂਲ ਸ਼ਬਦਾਂ ਦੀ 'ਵ' ਧੁਨੀ ਨੂੰ 'ਉ' ਵਿਚ ਅਤੇ 'ਯ' ਨੂੰ 'ਇ' ਵਿਚ ਬਦਲ ਲੈਣਾ; ਜਿਵੇਂ ਦੇਵਰ (ਦਿਉਰ)।

3. ਵਿਅੰਜਨ ਰੂਪ ਵਿਚ ਵਰਤੇ ਯ ਨੂੰ ਜ ਵਿਚ ਬਦਲ ਲੈਣਾ; ਜਿਵੇਂ ਯੁਗ (ਜੁਗ), ਯੋਗਯ (ਜੋਗ), ਯਤਨ (ਜਤਨ)।

4. ਸੰਸਕ੍ਰਿਤ ਮੂਲ ਸੰਯੁਕਤ ਵਰਣਾਂ ਨੂੰ ਦੁਤ ਕਰ ਲੈਣਾ ਜਾਂ ਫਿਰ ਸਰ ਵਿਕ੍ਰਿਤੀ ਦੀ ਰੁਚੀ ਅਧੀਨ ਦੋਹਾਂ ਧੁਨੀਆਂ ਨੂੰ ਸਸਰ ਬਣਾ ਦੇਣਾ; ਜਿਵੇਂ ਹਸਤ (ਹੱਥ), ਦੁਗਧ (ਦੁੱਧ), ਕਰਣ (ਕੰਨ), ਚਰਮ (ਚੰਮ), ਪੁੱਤ੍ਰ (ਪੁੱਛ)।

5. ਸੰਸਕ੍ਰਿਤ ਮੂਲ ਅਤੇ ਨੂੰ ਪੰਜਾਬੀ ਵਿਚ ਕ੍ਰਮਵਾਰ ਖ ਅਤੇ ਸ ਵਿਚ ਬਦਲ ਲੈਣਾ; ਜਿਵੇਂ ਸ਼ੋਭਾ (ਸੋਭਾ), ਰਿਸ਼ਿ (ਰਿਖੀ), ਅਕਸ਼ਰ (ਅੱਖਰ)।

6. ਇਸੇ ਤਰ੍ਹਾਂ ਕ ਨੂੰ ਗ ਵਿਚ ਚ ਨੂੰ ਜ ਵਿਚ ਅਤੇ ਤ ਨੂੰ ਦ ਵਿਚ ਬਦਲ ਲੈਣਾ; ਜਿਵੇਂ ਯੁਕਤਿ (ਜੁਗਤੀ), ਮੰਚ (ਮੰਜਾ), ਅੰਤਰ (ਅੰਦਰ)।

7. ਯਤਨ-ਸੰਜਮ ਦੇ ਨਿਯਮ ਅਧੀਨ ਸ਼ਬਦ ਦੇ ਸ਼ੁਰੂ ਵਿਚ ਆਏ ਦੀਰਘ ਸਰ ਨੂੰ ਹਸ ਵਿਚ ਬਦਲ ਲੈਣਾ; ਜਿਵੇਂ ਰਾਸਤਾ (ਰਸਤਾ), ਚੌਗਿਰਦਾ (ਚੁਗਿਰਦਾ)।

8. ਫਾਰਸੀ ਮੂਲ ਕਰਤਾਵਾਚੀ ਸ਼ਬਦਾਂ ਵਿਚ ਇ ਸਰ ਨੂੰ ਅ ਵਿਚ ਬਦਲ ਲੈਣਾ; ਜਿਵੇਂ ਹਾਕਿਮ (ਹਾਕਮ), ਹਾਜ਼ਿਰ (ਹਾਜ਼ਰ), ਆਲਿਮ (ਆਲਮ)।

ਸਾਹਿਤਿਕ ਭਾਸ਼ਾ ਬੋਲਚਾਲ ਦੀ ਭਾਸ਼ਾ ਤੋਂ ਕੁਝ ਨਾ ਕੁਝ ਭਿੰਨ ਹੁੰਦੀ ਹੈ। ਇਸ ਵਿਚ ਪੇਂਡੂ ਤੱਤ ਦਾ ਤਿਆਗ ਅਤੇ ਸਭਿਅ ਅੰਸ਼ ਦਾ ਗਰਹਿਣ ਕੀਤਾ ਜਾਂਦਾ ਹੈ। ਚੰਗੀ ਸਾਹਿਤਿਕ ਭਾਸ਼ਾ ਦਾ ਗੁਣ ਹੈ ਕਿ ਉਹ ਸਰਲ, ਸੁਭਾਵਿਕ ਤੇ ਗੌਰਵਮਈ ਹੋਵੇ ਪਰ ਸੌਖ ਭਾਲਦਿਆਂ ਸ਼ਬਦ-ਜੋੜਾਂ ਨਾਲ ਅਨਰਥ ਕਰਨਾ ਠੀਕ ਹਨੀਂ। ਸਾਹਿਤਿਕ ਪੰਜਾਬੀ ਭਾਸ਼ਾ ਵਿਚ ਸ਼ਬਦ-ਜੋੜਾਂ ਦਾ ਸ਼ੁੱਧ ਰੂਪ ਵਿਚ ਪਰਯੋਗ ਕਰਨਾ ਹੀ ਮੁਨਾਸਿਬ ਹੈ। ਸਵਰ-ਸੰਧੀ, ਉਪਸਰਗਾਂ, ਪ੍ਰਤਗਯ ਪ੍ਰਸਰਗਾਂ ਆਦਿ ਦੀ ਵਰਤੋਂ ਬਾਰੇ ਵੀ ਸੁਚੇਤ ਹੋਣ ਦੀ ਲੋੜ ਹੈ। ਪੰਜਾਬੀ ਸ਼ਬਦ-ਜੋੜਾਂ ਦੇ ਨਿਰਮਾਣ ਸਮੇਂ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਥਾਪਿਤ Board of Scientific Terminalogy ਦੇ ਵਿਹਾਰ ਨੂੰ ਮੁੱਖ ਰੱਖ ਲੈਣਾ ਵੀ ਯੋਗ ਹੈ। ਇਨ੍ਹਾਂ ਤੰਦਰੁਸਤ

ਤੇ ਉਸਾਰੂ ਉੱਤੇ ਤੁਰ ਕੇ ਪੰਜਾਬੀ ਸ਼ਬਦ ਭੰਡਾਰ ਵਿਚਲੀਆਂ ਸ਼ਬਦ ਜੋੜਾਂ ਦੀ ਸਪਸ਼ਟਤਾ ਨੂੰ ਸਰਲ ਤੇ ਸਹਿਜ ਬਣਾਇਆ ਜਾ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਡੂੰਘੀ ਤੇ ਅਣਥੱਕ ਮਿਹਨਤ ਸਦਕਾ ਅਨੇਕ ਵਿਦਵਾਨਾਂ ਦੇ ਸਹਿਯੋਗ ਨਾਲ ਪੰਜਾਬੀ ਸ਼ਬਦ ਭੰਡਾਰ 'ਚ ਹੋ ਰਹੇ ਵਾਧੇ ਨੂੰ ਵਿਕਸਤ ਕਰਨ ਲਈ ਕੋਸ਼ ਪੰਜਾਬੀ 'ਚ ਸ਼ਬਦ ਕੋਸ਼ ਤਿਆਰ ਕਰਕੇ ਸਲਾਹੁਣਯੋਗ ਯਤਨ ਕੀਤੇ ਹਨ। ਭਾਸ਼ਾ ਇਕ ਸਮੁੰਦਰ ਦੀ ਨਿਆਈ ਹੁੰਦੀ ਹੈ ਉਸ ਵਿੱਚ ਦਰਿਆ ਨਦੀਆਂ ਦੀਆਂ ਅਨੇਕ ਲਹਿਰਾਂ ਵਾਂਗ ਅਣਗਿਣਤ ਸ਼ਬਦ ਪਨਪਦੇ ਪਲਦੇ ਤੇ ਤਰਦੇ ਰਹਿੰਦੇ ਹਨ। ਕਿੰਨੇ ਸਮਾਂ ਪਾ ਕੇ ਇਸ ਨਿਰੰਤਰ ਵਹਿਣ ਨਾਲ ਰੁੜ੍ਹ ਤੇ ਡੁੱਬ (ਲੋਪ) ਵੀ ਹੋ ਜਾਂਦੇ ਹਨ। ਇਸਦਾ ਹਿਸਾਬ ਕਿਤਾਬ ਰੱਖਣਾ ਅਸੰਭਵ ਵੀ ਹੋ ਜਾਂਦਾ ਹੈ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ਼ਬਦ ਹੀ ਭਾਸ਼ਾ ਦੀ ਜਿੰਦ ਜਾਨ ਹੁੰਦੇ ਹਨ।

## ਹਵਾਲੇ ਤੇ ਟਿਪਣੀਆਂ


1. ਪੰਜਾਬੀ ਦੁਨੀਆਂ, ਅਗਸਤ ਤੋਂ ਸਤੰਬਰ 2001, ਪੰਜਾਬੀ ਕੋਸ਼ਕਾਰੀ ਵਿਸ਼ੇਸ਼ ਅੰਕ, ਸਫਾ 85.
2. Beams, Comparative Grammer of the modern Aryan Language of India, P-11.
3. ਡਾ. ਪਰਮਜੀਤ ਸਿੰਘ, ਅਣਪਰਕਾਸ਼ਿਤ ਸੋਧ ਪਰਬੰਧ ਡਾ. ਚਰਨ ਦਾਸ ਸਿੱਧੂ ਦੇ ਨਾਟਕਾਂ ਦੀ ਭਾਸ਼ਾ ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ, ਸਫਾ 46-49.

(4) ਡਾ. ਚਰਨਦਾਸ ਸਿੱਧੂ, ਕੱਲ੍ਹ ਕਾਲਜ ਬੰਦ ਰਵੇਗਾ, ਸਫਾ 61

(5) ............. ਉਹੀ .................... ਸਫਾ 67.

(6) ............. ਉਹੀ .................... ਸਫਾ 64.

# ਦੋ ਭਾਸ਼ਿਕਤਾ

## Diaglossia

ਦੋਭਾਸ਼ਿਕਤਾ ਦੇ ਸੰਕਲਪ ਨੂੰ ਸਮਾਜ-ਭਾਸ਼ਾ ਵਿਗਿਆਨਕ ਵਰਗੀਕਰਨ ਲਈ ਵਰਤਿਆ ਜਾਂਦਾ ਹੈ। ਇਸ ਆਧਾਰ ਤੇ 'ਸਮਾਜ' ਦਾ ਉਨਾਂ ਦੀਆਂ ਭਾਸ਼ਾਈ ਸਥਿੱਤੀਆਂ ਦੇ ਆਧਾਰ ਤੇ ਵਰਗੀਕਰਨ ਕੀਤਾ ਜਾਂਦਾ ਹੈ। ਇਸ ਨਾਲ ਵਿਕਸਿਤ ਵਿਕਾਸਸ਼ੀਲ ਅਤੇ ਪਛੜੇ ਹੋਏ ਦੇਸ਼ਾਂ ਦੀਆਂ ਭਾਸ਼ਾਈ ਸਥਿਤੀਆਂ ਦੀ ਤੁਲਨਾ ਕੀਤੀ ਜਾ ਸਕਦੀ ਹੈ।

**ਦੋਭਾਸ਼ਿਕਤਾ :-**

ਦੋ ਭਾਸ਼ਿਕਤਾ ਦੀ ਮਦ ਦਾ ਜਨਮ-ਦਾਤਾ ਚਾਰਲਸ ਫਰਗੂਸਨ ਹੈ। ਉਸਨੇ ਗਰੀਸ ਅਰਬ-ਦੇਸ਼ ਅਤੇ ਜਰਮਨ ਬੋਲਣ ਵਾਲੇ ਸਵਿਟਜ਼ਰਲੈਂਡ ਦੇ ਵਾਸੀਆਂ ਦੀਆਂ ਭਾਸ਼ਾਈ ਸਥਿਤੀਆਂ ਨੂੰ ਬਿਆਨ ਕਰਨ ਲਈ ਇਹ ਸੰਕਲਪ ਘੜਿਆ। ਇਨ੍ਹਾਂ ਸਾਰੇ ਭਾਸ਼ਾ ਸਮੂਹਾਂ ਵਿੱਚ ਦੋ ਤਰ੍ਹਾਂ ਦਾ ਭਾਸ਼ਾਈ ਵਖਰੇਵਾਂ ਮਿਲਦਾ ਹੈ। ਇਨ੍ਹਾਂ ਨੂੰ ਸਾਧਾਰਨ ਵਿਅਕਤੀ ਦੋ ਵੱਖਰੀਆਂ ਭਾਸ਼ਾਵਾਂ ਸਮਝ ਸਕਦਾ ਹੈ। ਇਹਨਾਂ ਵਿਚੋਂ ਇਕ ਕਿਸਮ ਆਮ ਸਾਧਾਰਨ ਨਿੱਤ-ਪ੍ਰਤਿ ਵਰਤੋਂ ਵਿਚ ਆਉਂਦੀ ਹੈ ਅਤੇ ਦੂਜੀ ਰਸਮੀ ਸਮਾਗਮਾਂ ਉੱਤੇ ਵਰਤੀ ਜਾਂਦੀ ਹੈ। ਜਿਵੇਂ ਅਰਬਾਂ ਵਿੱਚ ਦੋ ਤਰ੍ਹਾਂ ਦੀ ਅਰਬੀ ਬੋਲੀ ਜਾਂਦੀ ਹੈ। ਇੱਕ ਸਾਧਾਰਨ ਵਰਤੋਂ ਅਤੇ ਦੂਜੀ ਰਸਮੀ ਦਫਤਰੀ ਜਾਂ ਮਸਜਦ ਦੀ ਕਾਰਵਾਈ ਲਈ। ਅਰਬੀ ਭਾਸ਼ਾ ਦੀ ਇਸ ਸਥਿਤੀ ਦੋ ਭਾਸ਼ਿਕਤਾ ਕਿਹਾ ਜਾਂਦਾ ਹੈ। ਦੋਵਾਂ ਵਿੱਚ ਸਾਰੇ ਪੱਧਰਾਂ ਤੇ ਹੀ ਕਾਫੀ ਅੰਤਰ ਹੁੰਦਾ ਹੈ। ਪਹਿਲੀ ਕਿਸਮ ਨੂੰ ਬੱਚਾ ਘਰ ਵਿੱਚੋਂ ਸਿਖਦਾ ਹੈ। ਜਦ ਕਿ ਦੂਜੀ ਸਕੂਲ ਵਿੱਚ ਸਿਖਾਈ ਜਾਂਦੀ ਹੈ। ਫਰਗੂਸਨ ਦੋਭਾਸ਼ਿਕਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦਾ ਹੈ :-

ਇਹ ਇੱਕ ਤੁਲਨਾਮਤਮਕ ਸਥਿਰ ਭਾਸ਼ਾਈ ਸਥਿੱਤੀ ਹੁੰਦੀ ਹੈ। ਜਿਸ ਵਿੱਚ ਮੁੱਢਲੀਆਂ ਉਪ-ਭਾਸ਼ਾਵਾਂ ਤੋਂ ਬਿਨਾਂ ਇੱਕ ਹੋਰ ਵਿਅਕਰਨਿਕ ਤੌਰ ਤੇ ਵਧੇਰੇ ਜਟਿਲ ਤੇ ਥੋਪੀ ਹੋਈ ਕਿਸਮ ਹੁੰਦੀ ਹੈ। ਇਸ ਵਿੱਚ ਕਾਫੀ ਮਾਤਰਾ ਵਿੱਚ ਅਤੇ ਆਦਰਯੋਗ ਸਾਹਿਤ ਰਚਿਆ ਗਿਆ ਹੁੰਦਾ ਹੈ। ਇਹ ਸਾਹਿਤ ਉਸੇ ਹੀ ਸਮੂਹ ਦੇ ਪੁਰਾਤਨ ਸਾਹਿਤਕਾਰਾਂ ਦਾ ਜਾਂ ਕਿਸੇ ਹੋਰ ਭਾਸ਼ਾ ਸਮੂਹ ਦਾ ਹੋ ਸਕਦਾ ਹੈ।

ਇਸਨੂੰ ਵਿਦਿਅਕ ਅਦਾਰਿਆਂ ਵਿਚ ਰਸਮੀ ਤੌਰ ਤੇ ਉਚੇਚ ਨਾਲ ਸਿਖਾਇਆ ਜਾਂਦਾ ਹੈ। ਇਸਨੂੰ ਸਾਹਿਤ ਰਚਨਾ ਅਤੇ ਰਸਮੀ ਗੱਲਬਾਤ ਲਈ ਵਰਤਿਆ ਜਾਂਦਾ ਹੈ। ਉਸ ਸਮੂਹ ਵਿੱਚ ਕੋਈ ਵੀ ਬੁਲਾਰਾ ਉਸਨੂੰ ਸਾਧਾਰਨ ਗੱਲ-ਬਾਤ ਲਈ ਨਹੀਂ ਵਰਤਦਾ।

ਫ਼ਰਗੂਸਨ ਦੀ ਇਸ ਪਰਿਭਾਸ਼ਾ ਅਨੁਸਾਰ ਉੱਚੀ ਜਾਂ ਮਿਆਰੀ ਅਤੇ ਨੀਵੀਂ ਜਾਂ ਸਾਧਾਰਨ ਬੋਲ-ਚਾਲ ਦੀ ਭਾਸ਼ਾ ਇਕੋ ਭਾਸ਼ਾ ਦੀਆਂ ਦੋ ਕਿਸਮਾਂ ਹੋਣੀਆਂ ਚਾਹੀਦੀਆਂ ਹਨ। ਪਰ ਕੁਝ ਕੁ ਵਿਦਵਾਨ ਉਸਦੀ ਇਸ ਪਰਿਭਾਸ਼ਾ ਨੂੰ ਵਿਸ਼ੇਸ਼ ਅਰਥਾਂ ਵਿੱਚ ਗਰਹਿਣ ਕਰਦੇ ਹਨ ਅਤੇ ਅਜਿਹੀਆਂ ਭਾਸ਼ਾਈ ਸਥਿਤੀਆਂ ਉੱਤੇ ਲਾਗੂ ਕਰ ਦਿੰਦੇ ਹਨ। ਜਿਹੜੀਆਂ ਫਰਗੂਸਨ ਦੀ ਪਰਿਭਾਸ਼ਾ ਤੇ ਪੂਰੀਆਂ ਨਹੀਂ ਉੱਤਰਦੀਆਂ, ਜਿਵੇਂ ਫਿਸ਼ਮੈਨ ਇਹ ਭਾਸ਼ਾਈ ਸਮੂਹ ਦੀ ਉਦਾਹਰਨ ਦਿੰਦਾ ਹੈ। ਉਹ ਭਾਵੇਂ ਸਪੇਨਿਸ਼ ਅਤੇ ਨੂੰ ਕ੍ਰਮਵਾਰ ਉੱਚੀ ਅਤੇ ਨੀਵੀਂ ਕਿਸਮ ਮੰਨਦਾ ਹੈ ਇਹ ਦੋਵੇਂ ਕਿਸਮਾਂ ਇੱਕ ਭਾਸ਼ਾ ਦਾ ਹਿੱਸਾ ਨਹੀਂ ਸਗੋਂ ਦੋ ਵੱਖਰੀਆਂ ਭਾਸ਼ਾਵਾ ਨਾਲ ਸੰਬੰਧਿਤ ਹਨ। ਉਹ ਇਸ ਵਿਸ਼ੇਸ਼ ਸਥਿਤੀ ਅਧੀਨ ਹਰੇਕ ਸਮਾਜ ਦੀ ਭਾਸ਼ਾਈ ਸਥਿਤੀ ਨੂੰ ਬਿਆਨ ਕਰਦਾ ਹੈ। ਜਿਸ ਵਿਚ ਖਾਸ ਕਾਰਨਾਂ ਕਰਕੇ ਦੋ ਵੱਖਰੀਆਂ ਭਾਸ਼ਾਈ ਕਿਸਮਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਇਹ ਠੀਕ ਨਹੀਂ ਕਿਉਂਕਿ ਇਸ ਤਰ੍ਹਾਂ ਤਾਂ ਸਾਰੀਆਂ ਭਾਸ਼ਾਵਾਂ ਨੂੰ ਹੀ ਇਸ ਅਧੀਨ ਰੱਖਿਆ ਜਾ ਸਕਦਾ ਹੈ।

ਭਾਸ਼ਾ ਦੀ ਇਸ ਵਿਸ਼ੇਸ਼ ਸਥਿਤੀ ਦੇ ਸਮਾਜਿਕ ਕਾਰਨ ਹਨ ਜਿਹੜੇ ਦੇਸ਼ਾਂ ਵਿੱਚ ਇਹ ਸਥਿਤੀ ਮਿਲਦੀ ਹੈ। ਉੱਥੇ ਬਹੁਤ ਘੱਟ ਪਰਿਵਾਰ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਸਕਦੇ ਹਨ ਨਤੀਜੇ ਵਜੋਂ ਉਹ ਭਾਸ਼ਾ ਦਾ ਘਰੇਲੂ ਉਚਾਰਨ ਹੀ ਸਿੱਖ ਸਕਦੇ ਹਨ। ਉਨ੍ਹਾਂ ਦੇ ਮੁਕਾਬਲੇ ਉੱਚੇ ਵਰਗ ਦੇ ਪਰਿਵਾਰ ਦਾ ਬੱਚਾ ਪੜ੍ਹਨ-ਲਿਖਣ ਕਰਕੇ ਇੱਕ ਵੱਖਰੀ ਤਰ੍ਹਾਂ ਦੀ ਭਾਸ਼ਾਈ ਸਮਰੱਥਾ ਹਾਸਿਲ ਕਰ ਲੈਂਦਾ ਹੈ। ਇਸ ਸਥਿਤੀ ਵਾਲੇ ਦੇਸ਼ਾਂ ਵਿਚ ਸਮਾਜਿਕ ਅਤੇ ਆਰਥਿਕ ਦਰਜਾ-ਬੰਦੀ ਮਿਲਦੀ ਹੈ।

ਵਧੇਰੇ ਮਨੁੱਖ ਬਹੁਤ ਨੀਵੇਂ ਵਰਗਾਂ ਵਿਚ ਆਉਂਦੇ ਹਨ ਜਦ ਕਿ ਕੁਝ ਕੁ ਹੀ ਉੱਚੇ ਵਰਗ ਦੇ ਮੈਂਬਰ ਹੁੰਦੇ ਹਨ। ਇਸ ਲਈ ਦੋਵੇਂ ਵਰਗਾਂ ਵਿਚੋਂ ਸਮਾਜਿਕ ਅਤੇ ਆਰਥਿਕ ਪਾੜਾ ਹੋਣ ਕਰਕੇ ਇਸ ਤਰ੍ਹਾਂ ਦਾ ਭਾਸ਼ਾਈ ਵਖਰੇਵਾਂ ਵੀ ਬਣ ਜਾਂਦਾ ਹੈ।

ਹਰ ਭਾਸ਼ਾ ਵਿਚ ਇਕ ਉਪਭਾਸ਼ਾ ਦੀ ਵਰਤੋਂ ਕਰਦਿਆਂ ਵਕਤਾ ਦੂਜੀ ਉਪਭਾਸ਼ਾ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਇਉਂ ਉਪਭਾਸ਼ਾਵਾਂ ਦਾ ਪਰਿਵਰਤਨ ਕਿਸੇ ਨਾ ਕਿਸੇ ਰੂਪ ਵਿਚ ਹਰ ਸਮਾਜ ਵਿੱਚ ਹੁੰਦਾ ਰਹਿੰਦਾ ਹੈ। ਉਦਾਹਰਣ ਲਈ ਪੰਜਾਬੀ ਸਟੈਂਡਰਡ ਦੀ ਵਰਤੋਂ ਵਿਸ਼ੇਸ਼ ਸਥਿਤੀਆਂ ਵਿਚ ਕਰਦਾ ਹੈ ਉਹ ਆਪਣੇ ਪਰਿਵਾਰ ਵਿਚ ਆਪਣੀ ਪੇਂਡੂ ਉਪਭਾਸ਼ਾ ਬੋਲਦਾ ਹੋ ਸਕਦਾ ਹੈ, ਪਰ ਸ਼ਹਿਰ ਵਿਚ ਪੜ੍ਹੇ ਲਿਖੇ ਲੋਕਾਂ ਨਾਲ ਦਫਤਰ ਵਿਚ ਸਕੂਲ ਵਿਚ ਅਤੇ ਹੋਰ ਉਪਚਾਰਕ ਸਥਿੱਤੀਆਂ ਵਿਚ ਉਹ ਸਟੈਂਡਰਡ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦਾ ਹੈ। ਬੜੀ ਵਾਰੀ ਦੁਆਬੇ ਦਾ ਪੰਜਾਬੀ ਵਕਤਾ ਆਪਣੇ ਦੁਆਬੀ ਵਕਤਿਆਂ ਨਾਲ ਆਪਣੀ ਉਪਭਾਸ਼ਾ ਵਿਚ ਗੱਲ ਕਰਦਾ ਹੈ ਤਾਂ ਮਾਲਵੇ ਵਿਚ ਜਾ ਕੇ ਮਲਵਈ ਦੀ ਵਰਤੋਂ ਕਰਨ ਲੱਗ ਜਾਂਦਾ ਹੈ।

ਉਪਭਾਸ਼ਾ ਪਰਿਵਰਤਨ ਦਾ ਇਹ ਵਰਤਾਰਾ ਕੁਝ ਸਮੁਦਾਵਾਂ ਵਿਚ ਵਧੇਰੇ ਵਿਆਪਕ ਅਤੇ ਸੰਸਥਾਕ੍ਰਿਤ ਪੈਮਾਨੇ ਉੱਪਰ ਕੀਤਾ ਜਾਂਦਾ ਹੈ। ਅਜਿਹੀ ਸਮਾਜ-ਭਾਸ਼ਾ ਵਿਗਿਆਨਕ ਸਥਿਤੀ ਨੂੰ ਡਾਈਗਲੋਸੀਆ ਕਿਹਾ ਜਾਂਦਾ ਹੈ। ਡਾਈਗਲੋਸੀਆ ਇਕ ਵਿਸ਼ੇਸ਼ ਪਰਕਾਰ ਦਾ ਭਾਸ਼ਾ ਮਿਆਰੀਕਰਨ ਹੁੰਦਾ ਹੈ ਜਿਥੇ ਕਿਸੇ ਭਾਸ਼ਾ ਦੀਆਂ ਦੋ ਨਿਖੜਵੀਆਂ ਵੰਨਗੀਆਂ ਨਾਲੋਂ ਸਮੁੱਚੇ ਸਮੁਦਾਇ ਵਿਚ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਕੇਵਲ ਕਿਸੇ ਇਕ ਸਮੂਹ ਦੇ ਵਕਤੇ ਹੀ ਦੋਹਾਂ ਵੰਨਗੀਆਂ ਦੀ ਵਰਤੋਂ ਨਹੀਂ ਕਰਦੇ (ਜਿਵੇਂ ਨੀਗਰੋ ਜਾਂ ਸਕਾਟਸ) ਬਲਕਿ ਸਾਰੇ ਸਮਾਜ ਵਿਚ ਬੋਲਹਾਰੇ ਕਿਸੇ ਵੇਲੇ ਇਕ ਵੰਨਗੀ ਅਤੇ ਦੂਜੇ ਵੇਲੇ ਦੂਜੀ ਵੰਨਗੀ ਦੀ ਵਰਤੋਂ ਕਰਦੇ ਹਨ। ਅਜਿਹੀ ਸਥਿੱਤੀ ਵਿਚ ਦੋਹਾਂ ਵਿਚੋਂ ਹਰ ਭਾਸ਼ਾ ਵੰਨਗੀ ਨੂੰ ਨਿਸ਼ਚਿਤ ਸਮਾਜਕ ਨਿਭਾਉਣ ਦਾ ਰੋਲ ਪਰਦਾਨ ਕੀਤਾ ਜਾਂਦਾ ਹੈ।

ਡਾਇਗਲੋਸੀਆ ਦਾ ਸੰਕਲਪ ਸਭ ਤੋਂ ਪਹਿਲਾਂ ਚਾਰਲਸ ਫਰਗੂਸਨ ਦੁਆਰਾ ਪੇਸ਼ ਕੀਤਾ ਗਿਆ ਸੀ। ਪਿੱਛੋਂ ਇਹ ਸੰਕਲਪ ਹਰ ਅਜਿਹੀ ਸਥਿਤੀ ਲਈ ਪਰਯੋਗ ਕੀਤਾ ਜਾਣ ਲੱਗਾ ਜਿੱਥੇ ਕਿਸੇ ਭਾਸ਼ਾ ਦੀਆਂ ਇਕ ਤੋਂ ਵੱਧ ਵੰਨਗੀਆਂ ਵੱਖੋ ਵੱਖਰੇ ਸਮਾਜਕ ਰੋਲਾਂ ਨੂੰ ਅਦਾ ਕਰਨ ਲਈ ਵਰਤੀਆਂ ਜਾ ਰਹੀਆਂ ਹੋਣ। ਦੋ ਭਾਸ਼ਾ ਵੰਨਗੀਆਂ ਨੇ ਡਾਇਗਲੋਸਿਕ ਸਥਿਤੀ ਵਿੱਚ ਵਰਤੋਂ ਵਿਹਾਰ ਵਿਚ ਲਿਆਈਆਂ ਜਾਂਦੀਆਂ ਹਨ, ਉਸ ਸਮੂਹ ਦੇ ਵਕਤਿਆਂ ਵਿਚ ਵੰਨਗੀ ਉੱਚ ਮਿਆਰੀਕ੍ਰਿਤ (High Standard Variety ਦੀ ਹੁੰਦੀ ਹੈ ਅਤੇ ਦੂਜੀ ਨਿਮਨ ਵੰਨਗੀ (Low Variety ਹੁੰਦੀ ਹੈ ਉਹ ਮਿਆਰੀ ਕ੍ਰਿਤ ਹੈ, ਪਰ ਉਸ ਵਿਚ ਭੁਗੋਲਿਕ ਵਖਰੇਵੇਂ ਹੁੰਦੇ ਹਨ। ਦੋਹਾਂ ਵੰਨਗੀਆਂ ਨੂੰ ਅਸਿੱਧੇ ਤੌਰ ਤੇ ਸਮਾਜ ਵਿਚ ਪਰਵਾਨਗੀ ਮਿਲੀ ਹੁੰਦੀ ਹੈ ਅਤੇ ਦੋਹਾਂ ਦੇ ਆਮ ਜਾਣੇ ਪਛਾਣੇ ਪਰਸੰਗ ਵਿਚ ਲਿਆਂਦੇ ਜਾਣ ਵਾਲੇ ਨਾ ਹੁੰਦੇ ਹਨ। ਅਜਿਹੇ ਭਾਸ਼ਾ ਸਮੂਦਾਏ ਵਰਗਾਂ ਦੀਆਂ ਉਦਾਹਰਣਾਂ ਜਿਨ੍ਹਾਂ ਵਿਚ ਡਾਇਗਲੋਸਿਕ ਸਥਿਤੀਆਂ ਮਿਲਦੀਆਂ ਹਨ, ਹੇਠ ਲਿਖੇ ਅਨੁਸਾਰ ਹਨ।

| | | High (ਉੱਚਾ) | Low (ਨਿਮਨ) |
|---|---|---|---|
| Swiss : | German | Hochdentsech | Shweizerdentch |

| | | |
|---|---|---|
| ARabic : | Classical<br>(ਕਲਾਸਕੀ) | Colloquial<br>(ਬੋਲ ਚਾਲਦੀ) |
| Greek : | Katharevousa<br>ਕਥਾ ਰਿਵੇਊਸ਼ਾ | Dhiniotiki<br>ਧਿਨੀਉਟਕੀ |
| Tamil: | Literary<br>(ਸਾਹਿੱਤਕ) | Colloguial<br>(ਬੋਲਚਾਲ ਦੀ) |
| Bengali : | Sadhu Bhasha<br>(ਸਾਧੂ ਭਾਸ਼ਾ) | Charu Bhasha<br>(ਚਾਰੂ ਭਾਸ਼ਾ) |

ਡਾਈਗਲੋਸਿਕ ਸਥਿਤੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਗੱਲ ਵਿੱਚ ਸਮਝੀ ਜਾਂਦੀ ਹੈ ਕਿ ਇਸ ਵਿਚ ਦੋਹਰੇ ਵੰਨਗੀਆਂ ਵਿਸ਼ੇਸ਼ਕ੍ਰਿਤ ਪਰਕਾਰ ਤੱਤ ਹੁੰਦੇ ਹਨ। ਬਹੁਤਾ ਕਰਕੇ ਉੱਚ-ਵੰਨਗੀ ਦੀ ਵਰਤੋਂ ਆਮ ਤੌਰ ਤੇ **ਧਾਰਮਿਕ ਉਪਦੇਸ਼, ਰਸਮੀ ਚਿੱਠੀ ਪੱਤਰ, ਰਾਜਸੀ ਭਾਸ਼ਣ, ਯੂਨੀਵਰਸਿਟੀ ਲੈਕਚਰ, ਰੇਡੀਓ ਪ੍ਰਸਾਰਣ, ਅਖਬਾਰੀ ਲੇਖਾਂ ਅਤੇ 'ਉੱਚ' ਕਾਵਿ** ਲਈ ਹੁੰਦੀ ਹੈ। ਇਸਦੀ ਤੁਲਨਾ ਵਿਚ ਨਿਮਨ ਵੰਨਗੀ ਦੀ ਵਰਤੋਂ ਪਰਿਵਾਰ ਵਿਚ ਆਮ ਗੱਲਬਾਤ ਲਈ ਰੇਡੀਓ, ਰਾਜਸੀਆਂ ਤੇ ਇਲਮੀ ਬਹਿਸਾਂ, ਰਾਜਸੀ ਕਾਰੂਟਨਾਂ ਅਤੇ ਲੋਕ ਸਾਹਿੱਤ ਲਈ ਹੁੰਦੀ ਹੈ। ਕਈ ਵਾਰੀ ਭਾਸ਼ਾਈ ਸਮੁਦਾਇ ਦੀ ਵੀ ਵੱਖੋ ਵੱਖਰੇ ਗੁਣਾਂ ਵਾਲੇ ਹੁੰਦੇ ਹਨ। ਉਦਾਹਰਣ ਲਈ ਯੂਨਾਨ ਵਿੱਚ ਬਹੁਤੇ ਲੋਕੀ ਨਿੱਜੀ ਪੱਤਰ ਨਿਮਨ ਭਾਸ਼ਾ ਵੰਨਗੀ ਵਿਚ ਲਿਖਦੇ ਹਨ ਅਤੇ ਬਹੁਤੇ ਸਵਿਸ ਜਰਮਨ ਉੱਚ ਵੰਨਗੀ ਵਿਚ ਲਿਖਦੇ ਹਨ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਡਾਈਗਲੋਸਿਕ ਅਤੇ ਹੋਰ ਅਜਿਹੀਆਂ ਭਾਸ਼ਾਈ ਸਥਿਤੀਆਂ ਵਿਚ ਮੁੱਖ ਅੰਤਰ ਕੀ ਹੈ ? ਡਾਈਗਲੋਸਿਕ ਸਥਿਤੀ ਵਿਚ ਨਿਮਨ ਭਾਸ਼ਾ ਵੰਨਗੀ ਵੀ ਮਿਆਰੀਕ੍ਰਿਤ ਹੁੰਦੀ ਹੈ, ਚਾਹੇ ਇਸ ਮਿਆਰੀਕਰਨ ਦੀ ਸੀਮਾ ਵਿਚ ਫਰਕ ਹੋ ਸਕਦਾ ਹੈ। ਪਰ ਇੱਥੇ ਮਹੱਤਵਪੂਰਨ ਗੱਲ ਇਹ ਹੈ ਕਿ ਦੋਹਾਂ ਭਾਸ਼ਾ ਵੰਨਗੀਆਂ ਦੀ ਆਪਣੀ ਨਿਖੜਵੀਂ ਪਛਾਣ ਹੁੰਦੀ ਹੈ ਅਤੇ ਦੋਹਾਂ ਦੇ ਵੱਖੋ ਵੱਖਰੇ ਨਾਮ ਸਥਾਪਿਤ ਹੋ ਚੁੱਕੇ ਹੁੰਦੇ ਹਨ। ਸਮਾਜਕ ਤੌਰ ਤੇ ਇਹਨਾਂ ਦੀ ਵਰਤੋਂ ਕਿਹਨਾਂ ਸਥਿਤੀਆਂ ਵਿਚ ਹੁੰਦੀ ਹੈ ਇਸ ਬਾਰੇ ਵੀ ਨਿਸ਼ਚਿਤ ਧਾਰਣਾ ਬਣੀ ਹੋਈ ਹੁੰਦੀ ਹੈ ਇਹ ਗੱਲ ਵੀ ਲਗਭਗ ਪਰਵਾਨ ਹੈ ਕਿ ਉੱਚ ਵੰਨਗੀ ਦੀ ਵਰਤੋਂ ਆਮ ਵਿਹਾਰਕ ਬੋਲਚਾਲ ਲਈ ਨਹੀਂ ਹੁੰਦੀ ਅਤੇ ਇਸ ਨੂੰ ਸਕੂਲੀ ਭਾਸ਼ਾ ਦੇ ਤੌਰ ਤੇ ਸਿੱਖਣਾ ਪੈਂਦਾ ਹੈ।

ਆਮ ਤੌਰ ਤੇ ਉਚ ਵੰਨਗੀ ਦਾ ਨਿਮਨ ਵੰਨਗੀ ਦੇ ਮੁਕਾਬਲੇ ਵਿਚ ਵਧੇਰੇ ਵਕਾਰ ਹੁੰਦਾ ਹੈ ਅਤੇ ਇਸ ਨੂੰ ਵਧੇਰੇ ਸੋਹਣੀ ਮੰਨਿਆ ਜਾਂਦਾ ਹੈ, ਹਾਲਾਂਕਿ ਇਸਨੂੰ ਸਮਝਣ ਵਿਚ ਵਧੇਰੇ ਜ਼ੋਰ ਲਾਣਾ ਪੈਂਦਾ ਹੈ ਅਰਬੀ ਭਾਸ਼ਾ ਜਾਂ ਫੇਰ ਗਰੀਕ ਭਾਸ਼ਾ ਵਿਚ ਜਿੱਥੇ ਕਿ ਦੋਹਾਂ ਭਾਸ਼ਾਵਾਂ ਦੀ ਦੀਰਘ ਸਾਹਿੱਤਕ ਪੰਰਪਰਾ ਤੁਰੀ ਆਉਂਦੀ ਹੈ ਅਤੇ ਜਿਨ੍ਹਾਂ ਵਿਚ ਪਰਾਚੀਨ ਜਾਂ ਕਲਾਸਕੀ ਸਾਹਿੱਤ ਦਾ ਆਧੁਨਿਕ ਸਾਹਿੱਤ ਉੱਪਰ ਗ਼ਲਬਾ ਹੈ, ਵਿਚ ਬਹੁਤੀ ਵਾਰੀ ਕਿਸੇ ਅਖਬਾਰ ਦਾ ਸੰਪਾਦਕੀ ਲਿਖਣ ਲਈ ਜਾਂ ਫੇਰ ਕੋਈ ਨਜ਼ਮ ਲਿਖਣ ਲਈ ਅਜਿਹੀ ਸ਼ਬਦਾਵਲੀ, ਵਾਕੰਸ਼ਾ ਅਤੇ ਮੁਹਾਵਰਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਅਤਿਅੰਤ ਪੁਰਾਣੇ ਤੇ ਆਧੁਨਿਕ ਬੋਲਚਾਲ ਦੀ ਬੋਲੀ ਵਿਚੋਂ ਤਿਸਕਾਰੇ ਗਏ ਹੁੰਦੇ ਹਨ। ਇਨ੍ਹਾਂ ਨੂੰ ਸਮਝਣ ਲਈ ਕਈ ਵਾਰੀ ਡਿਕਸ਼ਨਰੀ ਦੀ ਵਰਤੋਂ ਕੀਤੀ ਜਾਂਦੀ ਹੈ, ਇਹਨਾਂ ਦੋਹਾਂ ਭਾਸ਼ਾ ਵੰਨਗੀਆਂ ਦੀ ਵਰਤੋਂ ਨੂੰ ਬੋਲਣਹਾਰਿਆਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਰੁੱਚੀਆਂ ਨਾਲ ਵੀ ਸੰਬੰਧਿਤ ਕੀਤਾ ਜਾ ਸਕਦਾ ਹੈ। ਇਸ ਦੀਆਂ ਉਦਾਹਰਣਾਂ ਸਾਨੂੰ ਕਈ ਭਾਸ਼ਾ ਵਿਚ ਪੈਦਾ ਹੋਈਆਂ ਅਜੀਬੋ ਗਰੀਬ ਸਥਿਤੀਆਂ ਵਿਚੋਂ ਮਿਲਦੀਆਂ ਹਨ। ਯੂਨਾਨ ਵਿਚ ਜਦੋਂ 1903 ਵਿਚ New Testanent ਦਾ ਅਨੁਵਾਦ ਨਿਮਨ ਭਾਸ਼ਾ ਵੰਨਗੀ Dlinotiki ਦਾ ਅਨੁਵਾਦ ਕੀਤਾ ਗਿਆ ਤਾਂ ਉਥੇ ਖ਼ੂਨ ਖ਼ਰਾਬਾ ਹੋ ਗਿਆ। ਇਸ ਤੋਂ ਬਿਨਾਂ ਯੂਨਾਨ ਵਿਚ ਰਾਜਸੀ ਭਾਸ਼ਾ ਕਰਕੇ ਵੀ ਕੱਚੀ ਉੱਚ ਵੰਨਗੀ ਦੀ ਅਤੇ ਕਦੀ ਨਿਮਨ ਵੰਨਗੀ ਦੀ ਵਰਤੋਂ ਹੁੰਦੀ ਹੈ।

ਭਾਸ਼ਾ ਵਿਗਿਆਨਕ ਦਰਿਸ਼ਟੀ ਤੋਂ ਵੇਖਿਆ ਡਾਇਗਲੋਸਿਕ ਸਥਿਤੀ ਵਿਚ ਉੱਚ ਭਾਸ਼ਾ ਵੰਨਗੀ ਅਤੇ ਨਿਮਨ ਭਾਸ਼ਾ ਵੰਨਗੀ ਵਿਚਕਾਰ ਅੰਤਰ ਕਾਫੀ ਵਿਆਪਕ ਹੋ ਸਕਦੇ ਹਨ। ਇਹ ਅੰਤਰ ਸ਼ਬਦਾਵਲੀ

ਦੇ ਹੋ ਸਕਦੇ ਹਨ। ਬਹੁਤ ਸਾਰੀਆਂ ਵਸਤਾਂ ਦੇ ਨਾਮ ਦੋ-ਦੋ ਹੁੰਦੇ ਹਨ ਅਤੇ ਇਕ ਉਚ ਵੰਨਗੀ ਦਾ ਅਤੇ ਦੂਜਾ ਨਿਮਨ ਵੰਨਗੀ ਦਾ। ਇਕ ਸ਼ਬਦ ਦੀ ਦੂਜੇ ਸ਼ਬਦ ਦੇ ਮੁਕਾਬਲੇ ਵਰਤੋਂ ਕਰਨ ਦੀ ਤਰਜੀਹ ਇਕ ਦਮ ਉਚ ਵੰਨਗੀ ਜਾਂ ਫੇਰ ਨਿਮਨ ਵੰਨਗੀ ਦੀ ਸੂਚਕ ਹੁੰਦੀ ਹੈ। ਭਾਰਤੀ ਭਾਸ਼ਾਵਾਂ ਦੇ ਸੰਦਰਭ ਵਿਚ ਉੱਚ ਵੰਨਗੀ ਅਤੇ ਨਿਮਨ ਵੰਨਗੀ ਦੇ ਸ਼ਬਦਾਂ ਦੀ ਸੂਚਨਾ ਮਿਲਦੀ ਹੈ ਪਰ ਇਨ੍ਹਾਂ ਵਿਚ ਡਾਈਗਲੋਸਿਕ ਸਥਿਤੀ ਏਨੀ ਸਪਸ਼ਟ ਨਹੀਂ। ਸ਼ਬਦਾਵਲੀ ਵਿਚ ਉੱਚ-ਵੰਨਗੀ ਅਤੇ ਨਿਮਨ ਵੰਨਗੀ ਦੇ ਜੋੜੇ ਸ਼ਬਦਾਂ ਦੀਆਂ ਉਦਾਹਰਣਾਂ ਅਰਬੀ ਬਾਸ਼ਾ ਵਿਚ ਮਿਲ ਸਕਦੀਆਂ ਜਿਵੇਂ : to see ਰਾਘ ਸ਼ਬਦ ਲਈ ਉਚ ਵੰਨਗੀ ਦਾ ਅਰਬੀ ਸਬਦ ਰਾਘ ਅਤੇ ਨਿਮਨ ਵੰਨਗੀ ਦਾ ਸੈਫ ਹੈ ਪੰਜਾਬੀ ਵਿਚ ਚਾਹੇ ਡਾਈਗਲੋਸੀਆ ਦੀ ਸਥਿਤੀ ਨਹੀਂ ਆਈ ਪਰ ਬਹੁਤ ਸਾਰੇ ਸ਼ਬਦ ਹਨ ਜੋ ਇਲੀਟ ਸ਼ਰੇਣੀਆਂ ਪਰ ਉਸਦੇ ਮੁਕਾਬਲੇ ਵਿਚ ਨਿਮਨ ਸ਼ਰੇਣੀਆਂ ਦੁਆਰਾ ਹੋਰ ਸ਼ਬਦ ਵਰਤੇ ਜਾਂਦੇ ਹਨ ਜਿਵੇਂ ਉੱਚ ਵੰਨਗੀ ਅਤੇ ਨਿਮਨ ਵੰਨਗੀ ਸ਼ਬਦਾਵਲੀ ਦੇ ਹੇਠ ਲਿਖੇ ਸ਼ਬਦ :

| ਉਚਵੰਨਗੀ | ਨਿਮਨਵਨਗੀ |
|---|---|
| ਬਰਤਨ | ਭਾਂਡੇ |
| ਪੋਸ਼ਾਕ | ਕੱਪੜੇ ਲੀੜੇ |
| ਖਾਣਾ | ਰੋਟੀ |
| ਬਾਜੂ | ਬਾਂਹ |

ਪਰ ਇਹ ਡਾਇਗਲੋਸੀਆ ਦੇ ਸੂਚਕ ਨਹੀਂ ਕਿਉਂਕਿ ਉੱਚ ਅਤੇ ਨਿਮਨ ਦੋਵੇਂ ਵਰਗ ਇਨ੍ਹਾਂ ਨੂੰ ਸਮਝਦੇ ਹਨ। ਯੂਨਾਨੀ ਭਾਸ਼ਾ ਵਿਚ ਉੱਚ ਵੰਨਗੀ ਅਤੇ ਨਿਮਨ ਵੰਨਗੀ ਦੀ ਭਾਸ਼ਾ ਵਿਚ ਵਿਆਕਰਨਕ ਭੇਦ ਵੀ ਵੇਖੇ ਜਾ ਸਕਦੇ ਹਨ, ਜਿਵੇਂ ਭਾਵੰਸ਼ੀ ਅੰਤਰ ਜੋ ਸ਼ਬਦਾਂ ਦੇ ਅੰਤ ਉੱਤੇ ਵਿਸ਼ੇਸ਼ ਕਰਕੇ ਆਵੇ ਅਤੇ ਕਿਰਿਆ ਨੂੰ ਪਰਭਾਵਿਤ ਕਰਦੇ ਹਨ।

ਜਿਥੋਂ ਤੱਕ ਅਰਬੀ ਦਾ ਸੰਬੰਧ ਹੈ ਇਸ ਵਿਚ ਉੱਚ ਵੰਨਗੀ ਅਤੇ ਨਿਮਨ ਵੰਨਗੀ ਦਾ ਅੰਤਰ ਵੱਖ ਵੱਖਰੇ ਮੁਲਕਾਂ ਵਿਚ ਵੱਖੋ ਵੱਖਰਾ ਹੈ। ਲਿਖਿਤ ਅਰਬ ਵਿਚ ਅਜੇ ਵੀ ਕਲਾਸਕੀ ਅਰਬੀ ਦਾ ਗਲਬਾ ਹੈ ਪਰ ਬੋਲਚਾਲ ਦੀ ਭਾਸ਼ਾ ਵੀ ਹੁਣ ਲਿਖੀ ਜਾਂਦੀ ਹੈ। ਨਿਮਨ ਭਾਸ਼ਾ ਦੀ ਵਰਤੋਂ ਨਾਵਲ ਲਿਖਣ ਅਤੇ ਚਿੱਠੀਆਂ ਲਿਖਣ ਵਿਚ ਵੱਧ ਰਹੀ ਹੈ, ਪਰ prestige ਭਾਸ਼ਾ ਅਜੇ ਵੀ ਕਲਾਸਕੀ ਅਰਬੀ ਹੈ। ਅਜੇ ਵੀ ਬੋਲਚਾਲ ਵਿਚ ਉੱਚ ਵੰਨਗੀ ਬੋਲੀ ਜਾ ਸਕਦੀ ਹੈ, ਪਰ ਇਹ ਦਿਨੋਂ ਦਿਨ ਵਰਤੋਂ ਵਿਚ ਘੱਟਦੀ ਜਾ ਰਹੀ ਹੈ। ਆਮ ਪੜ੍ਹੇ ਲਿਖਿਆਂ ਦੀ ਬੋਲਚਾਲ ਦੀ ਭਾਸ਼ਾ ਵਿਚ ਬਹੁਤੀ ਵਾਰੀ **ਕਲਾਸਕੀ ਅਰਬੀ** ਤੇ ਬੋਲਚਾਲ ਦੀ ਅਰਬੀ ਦਾ ਮਿਸ਼ਰਣ ਮਿਲਦਾ ਹੈ। ਆਧਾਰ ਭਾਸ਼ਾ ਬੋਲਚਾਲ ਦੀ ਹੁੰਦੀ ਹੈ ਪਰ ਉਸ ਵਿਚ ਕਲਾਸਕੀ ਭਾਸ਼ਾ ਦੇ ਤੱਤ ਰਲੇ ਹੋਏ ਹੁੰਦੇ ਹਨ। ਮਿਸਰ ਵਿਚ ਬੋਲੀ ਜਾਂਦੀ ਅਰਬੀ ਭਾਸ਼ਾ ਵਿਚ ਉੱਚ ਵੰਨਗੀ ਅਤੇ ਨਿਮਨ ਵੰਨਗੀ ਦੇ ਹੇਠ ਲਿਖੇ ਨਮੂਨੇ ਵੇਖੇ ਜਾ ਸਕਦੇ ਹਨ।

| | ਉੱਚ ਵੰਨਗੀ | ਨਿਮਨ ਵੰਨਗੀ |
|---|---|---|
| I say | [aqu: i | [a, u : l] |
| I cannot | [ la, asti] | [ma, dar s] |
| many | [kathairah] | [katir] |
| that | [fa : ur] | [da] |

ਉਪਰੋਕਤ ਡਾਈਗਲੋਸਿਕ ਵਖਰੇਵਿਆਂ ਨੂੰ ਵੇਖਦਿਆਂ ਸਾਨੂੰ ਪਤਾ ਲੱਗਦਾ ਹੈ ਕਿ ਅਰਬ ਭਾਸ਼ਾ ਦੀਆਂ ਦੋਹਾਂ ਵੰਨਗੀਆਂ ਵਿਚ ਕਿਤੇ ਤਾਂ ਸ਼ਬਦ ਹੀ ਵੱਖਰੇ-ਵੱਖਰੇ ਹਨ ਅਤੇ ਕਿਤੇ ਕੁਝ ਧੁਨੀਆਂ ਦੀ ਥਾਂ ਤੇ ਹੇਠ ਧੁਨੀਆਂ ਵਰਤੀਆਂ ਜਾਂਦੀਆਂ ਹਨ।

ਜਿਵੇਂ :-

(q) ਦਾ ਮੇਲ ਹੈ [ˈ] ਨਾਲ

(th) ਦਾ ਮੇਲ ਹੈ [t] ਨਾਲ

[r] ਦਾ ਮੇਲ ਹੈ [d] ਨਾਲ

ਪੰਜਾਬੀ ਭਾਸ਼ਾ ਵਿਚ ਅਜੇ ਡਾਈਗਲੋਸਿਕ ਦੀ ਸਥਿਤੀ ਪੈਦਾ ਨਹੀਂ ਹੋਈ ਕਿਉਂਕਿ ਇਸ ਭਾਸ਼ਾ ਦੀ ਵਰਤੋਂ ਭਿੰਨ-ਭਿੰਨ ਵਰਗਾਂ ਤੇ ਇਕ ਦੂਜੇ ਨਾਲੋਂ ਏਨੀ ਵੱਖਰੀ ਨਹੀਂ ਹੋਈ ਕਿ ਇਸ ਦੀਆਂ ਵੰਨਗੀਆਂ ਵੱਖਰੀਆਂ ਭਾਸ਼ਾਵਾਂ ਦੇ ਰੂਪ ਵਿਚ ਗਰਹਿਣ ਕਰੀਏ। ਪੰਜਾਬੀ ਵਿਚ ਹੋਰ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਵਾਂਗੂ ਵਖਰੀਆਂ ਸ਼ੈਲੀਆਂ ਮਿਲਦੀਆਂ ਹਨ। ਇਹ ਸ਼ੈਲੀਆਂ ਕਾਫੀ ਹਦ ਤੱਕ ਸਮਾਜ ਵਿਚਲੀ ਜਮਾਤਾਂ ਅਤੇ ਵਰਗਾਂ ਦੀ ਤਹਿਬੰਦੀ ਨਾਲ ਸੰਬੰਧਿਤ ਹੈ ਪਰ ਇਹ ਡਾਈਗਲੋਸੀਆ ਤੋਂ ਬਿਲਕੁਲ ਭਿੰਨ ਹੈ। ਪੰਜਾਬੀ ਆਲੋਚਨਾ ਵ੍ਵਿਚ ਜਾਂ ਵਿਦਵਾਨਾਂ ਦੀ ਭਾਸ਼ਾ ਵੀ ਵਰਤੀ ਜਾਂਦੀ ਵੰਨਗੀ ਉਪਰੋਂ-ਉਪਰੋਂ ਪੰਜਾਬੀ ਵਿਚ ਡਾਈਗਲੋਸੀਆ ਹੋਣ ਦਾ ਭੁਲੇਖਾ ਪੈਦਾ ਕਰਦੀ ਹੈ, ਪਰ ਇਸਨੂੰ ਵਧੇਰੇ ਗੁਹ ਨਾਲ ਵੇਖਿਆ ਸਥਿਤੀ ਸਪਸ਼ਟ ਹੋ ਜਾਂਦੀ ਹੈ। ਪੰਜਾਬੀ ਭਾਸ਼ਾ ਵਿਚ ਡਾਈਗਲੋਸਿਕ ਸਥਿਤੀ ਦੇ ਕੋਈ ਚਿਹਨ ਨਜ਼ਰ ਨਹੀਂ ਆਉਂਦੇ।

# ਨੌਮ ਚੌਮਸਕੀ : ਰੂਪਾਂਤਰੀ ਵਿਆਕਰਨ

## (Naum Chauesky : Transformational Grammar)

ਇਤਿਹਾਸਕ ਭਾਸ਼ਾ ਵਿਗਿਆਨ ਅਤੇ ਸੰਰਚਨਾਤਮਕ ਭਾਸ਼ਾ ਵਿਗਿਆਨ ਵਿੱਚ ਭਾਸ਼ਾ ਦੇ ਬੜੇ ਮੁੱਢਲੇ ਪ੍ਰਸ਼ਨ ਭਾਸ਼ਾ ਕੀ ਹੈ ? ਨੂੰ ਅਣਗੌਲਿਆ ਕੀਤਾ ਗਿਆ ਹੈ ਭਾਸ਼ਾ ਦੇ ਇਸ ਪੱਖ ਨੂੰ ਲੈ ਕੇ ਪਰਸਿੱਧ ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇ ਭਾਸ਼ਾ ਦੇ ਮਾਨਸਿਕ ਵਰਤਾਰੇ ਦੀ ਗੱਲ ਕਰਦਿਆਂ ਇਹ ਸਿੱਧਾਂਤ ਸਥਾਪਿਤ ਕੀਤਾ ਕਿ ਭਾਸ਼ਾ ਨੂੰ ਸਿੱਖਣ ਦੀ ਸਮਰੱਥਾ ਜਮਾਂਦਰੂ ਹੁੰਦੀ ਹੈ। ਇਸ ਵਿਚ ਬੜੇ ਸੀਮਤ ਸੀਹਰਤ ਨੇਮਾਂ ਦੀ ਵਰਤੋਂ ਨਾਲ ਅਸੀਮਤ ਵਾਕ ਬਣਤਰਾਂ ਸਿਰਜੀਆਂ ਜਾਂਦੀਆਂ ਹਨ। ਚੌਮਸਕੀ ਦੁਆਰਾ ਸਥਾਪਤ ਭਾਸ਼ਾ ਵਿਗਿਆਨ ਦੇ ਇਸ ਸਕੂਲ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਹਨ। ਪਹਿਲੀ ਇਹ ਕਿ ਭਾਸ਼ਾਈ ਨੇਮ ਗਿਣਤੀ ਵਿਚ ਸੀਮਤ ਹੁੰਦੇ ਹਨ ਅਤੇ ਇਹਨਾਂ ਨੇਮਾਂ ਦੀ ਮਦਦ ਨਾਲ ਅਨੇਕ ਅਸੀਮਤ ਵਾਕਾਂ ਦਾ ਸਿਰਜਨ ਹੁੰਦਾ ਹੈ। ਕਿਉਂਕਿ ਅਸੀਮਤ ਵਾਕਾਂ ਦੇ ਸਿਰਜਨ ਹਿੱਤ ਸੀਮਤ ਨੇਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸੀਮਤ ਨਿਯਮ ਜਾਂ ਸਿਰਜਨ ਹਿੱਤ ਸੀਮਤ ਨੇਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸੀਮਤ ਨਿਯਮ ਜਾਂ ਨੇਮ ਅਸੀਮਤ ਵਾਕਾਂ ਦੇ ਸਿਰਜਨ ਲਈ ਵਾਰ-ਵਾਰ ਲਾਗੂ ਹੁੰਦੇ ਹਨ। ਚੌਮਸਕੀ ਦੁਆਰਾ ਸਥਾਪਤ ਭਾਸ਼ਾ ਵਿਗਿਆਨ ਇਸ ਸਿੱਧਾਂਤ ਨੂੰ ਰੂਪਾਂਤਰੀ ਸਿਰਜਨਾਤਮਕ ਵਿਆਕਰਨ (Transfarmational Generative Grammar) ਦਾ ਨਾਂ ਦਿੱਤਾ ਜਾਂਦਾ ਹੈ। ਜਿਹੜਾ ਕਿ ਚੌਮਸਕੀ ਦੁਆਰਾ 1957 ਵਿੱਚ ਪਰਕਾਸ਼ਿਤ ਕਿਤਾਬ ਸਿੰਟੈਕਟਿਕ ਸਟਰਕਚਰਜ਼ ਦੁਆਰਾ ਸਾਡੇ ਸਾਹਮਣੇ ਆਇਆ।

ਨੌਮ ਚੌਮਸਕੀ ਅਮਰੀਕਨ ਗਣਿਤ ਵਿਗਿਆਨੀ ਹੈ। ਚੌਮਸਕੀ ਨੇ ਗਣਿਤ ਦੀਆਂ ਧਾਰਨਾਵਾਂ ਤੇ ਵਾਕ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। 1957 ਵਿੱਚ ਸਥਾਪਤ ਰੂਪਾਂਤਰੀ ਵਿਆਕਰਨ ਦੇ ਸਿੱਧਾਂਤ ਵਿੱਚ ਚੌਮਸਕੀ ਨੇ ਲਗਾਤਾਰ ਸੋਧਾਂ ਕੀਤੀਆਂ ਜੋ 1965 ਵਿੱਚ ਛਪੀ-ਉਹਦੀ ਕਿਤਾਬ Aspect of the theory of syntax ਵਿੱਚ ਸਾਹਮਣੇ ਆਈਆਂ। ਮੁੱਢਲੀਆਂ ਧਾਰਨਾਵਾਂ ਵਿੱਚ ਪਰਿਵਰਤਨ ਅਨੁਸਾਰ ਉਸਨੇ ਰੂਪਾਂਤਰੀ ਵਿਆਕਰਨ ਦੇ ਤਿੰਨ ਅੰਸ਼ ਸਵੀਕਾਰ ਕੀਤੇ ਹਨ।

(1) ਧੁਨੀ ਵਿਉਂਤ (Sound Method)

(2) ਅਰਥ ਵਿਉਂਤ (Semantis Method)

(3) ਵਾਕ ਵਿਉਂਤ (Syntaic Method)

ਚੌਮਸਕੀ ਦੁਆਰਾ ਦਿੱਤੇ ਇਸ ਸਿੱਧਾਂਤ ਨੂੰ ਹੇਠ ਲਿਖੇ ਚਿੱਤਰ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ-



ਭਾਸ਼ਾਈ ਯੋਗਤਾ ⟶ ਭਾਸ਼ਾਈ ਨਿਭਾਓ

↓

ਵਿਆਕਰਨਕ ਨੇਮ ⟶ ਗਰਹਿਣਸ਼ੀਲਤਾ

↓ ↓

ਵਾਕ ਉਚਾਰ

ਚੋਮਸਕੀ ਦੁਆਰਾ ਸਥਾਪਤ ਰੂਪਾਂਤਰੀ ਸਿਰਜਨਾਤਮਕ ਵਿਆਕਰਨ ਦੇ ਮੁੱਖ ਤੱਤਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ–

(1) ਭਾਸ਼ਾਈ ਯੋਗਤਾ ਤੇ ਨਿਭਾਓ (Competence and Performance)

(2) ਵਾਕੰਸ਼ ਉਸਾਰੀ ਨਿਯਮ (Phrase structure Rules)

(3) ਰੂਪਾਂਤਰੀ ਨਿਯਮ (Transformational Rules)

(4) ਧੁਨਾਤਮਕ ਨਿਯਮ (Morphs Phonemic Rules)

ਭਾਸ਼ਾਈ ਯੋਗਤਾ ਤੇ ਨਿਭਾਓ :–

ਸਾਸਿਊਰ ਨੇ ਭਾਸ਼ਾ ਦੀ ਸਮੁੱਚੀ ਬਣਤਰ ਨੂੰ ਲਾਂਗ ਦਾ ਨਾਮ ਦਿੱਤਾ ਸੀ ਜਿਸ ਨੂੰ ਅੱਗੇ ਦੋ ਰੂਪਾਂ ਲਾਂਗ ਅਤੇ ਪੈਰੋਲ ਰਾਹੀਂ ਸਾਕਾਰ ਕੀਤਾ। ਸਾਸਿਊਰ ਭਾਸ਼ਾਈ ਵਾਂਗ ਨੂੰ ਭਾਸ਼ਾ ਦਾ ਸਮਾਜਕ ਜਾਂ ਸਮੂਹਕ ਪੱਖ ਮੰਨਦਾ ਹੈ ਅਤੇ ਪੈਰੋਲ ਨੂੰ ਇਸ ਸਮਾਜਕ ਸਮੂਹਿਕ ਪੱਖ ਦਾ ਵਿਅਕਤੀਗਤ ਪਰਗਟਾ ਭਾਵ ਲਾਂਗ ਦੀ ਪਰਕਿਰਤੀ ਸਮਾਜਕ ਹੁੰਦੀ ਹੈ ਅਤੇ ਪੈਰੋਲ ਦੀ ਵਿਅਕਤੀਗਤ ਸਾਸਿਊਰ ਦੁਆਰਾ ਪਰਸਤੁਤ ਲਾਂਗ ਤੇ ਪੈਰੋਲ ਦੀ ਦੋ ਪੱਖੀ ਵੰਡ ਨੂੰ ਚੋਮਸਕੀ ਨੇ ਰੂਪਾਂਤਰੀ ਸਿਰਜਾਨਤਮਕ ਵਿਆਕਰਨ ਵਿੱਚ ਯੋਗਤਾ ਤੇ ਨਿਭਾਓ ਰਾਹੀਂ ਪੇਸ਼ ਕੀਤਾ ਗਿਆ ਹੈ। ਸਾਸਿਊਰ ਦੁਆਰਾ ਪੇਸ਼ ਭਾਸ਼ਾਈ ਵੰਡ ਦਾ ਆਧਾਰ ਸਮਾਜਕ ਹੈ ਜਦੋਂ ਕਿ ਭਾਸ਼ਾਈ ਯੋਗਤਾ ਤੇ ਨਿਭਾਓ ਨਿਰੋਲ ਮਨੋਵਿਗਿਆਨਕ ਸੰਕਲਪ ਹਨ।

ਚੌਮਿਸਕੀ ਦਾ ਵਿਚਾਰ ਹੈ ਕਿ ਬੱਚਾ ਭਾਸ਼ਾ ਨੂੰ ਸਿੱਖਣ ਵੇਲੇ ਆਪਣੇ ਵਡੇਰਿਆਂ ਦੇ ਉਚਾਰਾਂ ਵਿਚੋਂ ਜਾਂ ਆਲੇ-ਦੁਆਲੇ ਬੋਲੀ ਜਾਂਦੀ ਭਾਸ਼ਾ ਵਿਚੋਂ ਭਾਸ਼ਾਈ ਨੇਮਾਂ ਨੂੰ ਗਰਹਿਣ ਕਰਕੇ ਆਪਣੀ ਭਾਸ਼ਾਈ ਯੋਗਤਾ ਨੂੰ ਵਿਕਸਿਤ ਕਰਦਾ ਹੈ। ਇਸੇ ਯੋਗਤਾ ਦੇ ਅਧਾਰ ਤੇ ਹੀ ਉਹ ਅਜਿਹੀਆਂ ਭਾਸ਼ਾਈ ਬਣਤਰਾਂ ਦੀ ਸਿਰਜਨਾ ਕਰਦਾਹੈ ਜੋ ਪਹਿਲਾਂ ਉਸਨੇ ਕਦੇ ਨਹੀਂ ਸੁਣੀਆਂ ਹੁੰਦੀਆਂ। ਇਸੇ ਨਾਲ ਚੌਮਿਸਕੀ ਇਸ ਗੱਲ ਦੀ ਵੀ ਪਰੋੜ੍ਹਤਾ ਕਰਦਾ ਹੈ ਕਿ ਮਨੁੱਖ ਦੀ ਭਾਸ਼ਾਈ ਯੋਗਤਾ ਜਨਮ ਜਾਤ ਹੁੰਦੀ ਹੈ ਤੇ ਸਰੀਰਕ ਤੌਰ ਤੇ ਵਿਕਸਿਤ ਹੁੰਦੀ ਹੈ ਅਤੇ ਇਸ ਵਿਕਸਿਤ ਯੋਗਤਾ ਦਾ ਰੂਪਾਂਤ੍ਰਣ ਪੀੜ੍ਹੀ ਦਰ ਪੀੜ੍ਹੀ ਨਿਰੰਤਰ ਚਲਦਾ ਰਹਿੰਦਾ ਹੈ। ਚੌਮਿਸਕੀ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਉਸਨੇ ਭਾਸ਼ਾ ਦਾ ਸਪਾਟ ਵਿਵਰਣ ਦੇਣ ਦੀ ਨਿਸਬਤ ਭਾਸ਼ਾ ਦੀ ਅੰਦਰੂਨੀ ਅਰਥਾਤ ਮਾਨਸਿਕ ਸੰਰਚਨਾਤਮਕ ਭਾਸ਼ਾ ਵਿਗਿਆਨ ਕ੍ਰਮਵਾਰ ਭਾਸ਼ਾਈ ਵਿਕਾਸ ਅਤੇ ਭਾਸ਼ਾਈ ਵਿਵਰਣ ਤੱਕ ਹੀ ਸੀਮਤ ਰਿਹਾ ਹੈ ਜਦੋਂ ਕਿ ਚੌਮਿਸਕੀ ਨੇ ਭਾਸ਼ਾ ਦੀ ਵਿਆਖਿਆ ਕਰਨ ਦੀ ਨਵੀਂ ਪਿਰਤ ਪਾਈ ਹੈ।

ਵਿਵਹਾਰਕ ਰੂਪ ਵਿਚ ਚੌਮਿਸਕੀ ਮਨੋਵਿਗਿਆਨ ਦਾ ਕੱਟੜ ਵਿਰੋਧੀ ਰਿਹਾ ਹੈ। ਜਿਸ ਅਨੁਸਾਰ ਸਮੁੱਚੀ ਚੇਤਨਾ ਅਤੇ ਵਿਚਾਰਆਤਮਕ ਪੈਟਰਨ ਨੂੰ ਨਿਰੋਲ ਮਨੁੱਖੀ ਵਰਤਾਰੇ ਜਾਂ ਆਦਤਾਂ ਦੇ ਪਰਸੰਗ ਵਿਚ ਹੀ ਬਿਆਨ ਕੀਤਾ ਜਾਂਦਾ ਹੈ। ਚੌਮਿਸਕੀ ਦਾ ਵਿਚਾਰ ਹੈ ਕਿ ਭਾਸ਼ਾ ਮਨੁੱਖੀ ਵਰਤਾਰੇ ਦਾ ਸਮੁੱਚ ਨਹੀਂ ਹੈ ਸਗੋਂ ਮਨੁੱਖੀ ਦਿਮਾਗ ਦੀ ਯੋਗਤਾ ਹੈ। ਇਸ ਵਿਚਾਰ ਦੀ ਸਿੱਧਾਂਤਕ ਤੇ ਵਿਵਹਾਰਕ ਪੁਸ਼ਟੀ ਚੌਮਿਸਕੀ ਭਾਸ਼ਾ ਦੇ ਸਰਵ ਵਿਆਪਕ ਲੱਛਣਾਂ ਦੁਆਰਾ ਕਰਦਾ ਹੈ। ਮਨੁੱਖੀ ਭਾਸ਼ਾ ਵਿਚ ਜਾਤ-ਜਮਾਤ ਤੇ ਬਾਹਰੀ ਪਰਸਥਿੱਤੀਆਂ ਦੀ ਵੱਖਰਤਾ ਦੇ ਬਾਵਜੂਦ ਕੁਝ ਭਾਸ਼ਾਈ ਵਿਸ਼ੇਸ਼ਤਾਵਾਂ ਅਜਿਹੀਆਂ ਹੁੰਦੀਆਂ ਹਨ। ਜਿਹਨਾਂ ਨੂੰ ਮਨੁੱਖੀ ਵਰਤਾਰੇ ਦੇ ਪਰਸੰਗ ਵਿਚ ਸਥਾਪਤ ਕਰਨਾ ਨਹੀਂ ਹੁੰਦਾ।

ਚਾਮਸਕੀ ਦਾ ਵਿਚਾਰ ਹੈ ਕਿ ਭਾਸ਼ਾਈ ਯੋਗਤਾ ਸੀਮਤ ਹੁੰਦੀ ਹੈ ਜੋ ਅੱਗੇ ਅਸੀਮਤ ਭਾਸ਼ਾਈ ਸੰਰਚਨਾਵਾਂ ਦੀ ਸਿਰਜਨਾ ਕਰਦੀ ਹੈ। ਪਰ ਇਸ ਦੇ ਨਾਲ ਉਹ ਇਹ ਗੱਲ ਵੀ ਮੰਨਦਾ ਹੈ ਕਿ ਬਹੁਤੀ ਵਾਰ ਭਾਸ਼ਾਈ ਪਰਗਟਾ ਦੇ ਪਰਤੀਬੰਧ ਭਾਸ਼ਾਈ ਯੋਗਤਾ ਨੂੰ ਪ੍ਰਭਾਵਿਤ ਕਰਦੇ ਹਨ। ਉਦਾਹਰਣ ਵਜੋਂ ਜਿਵੇਂ ਲਿਖਤੀ ਭਾਸ਼ਾ ਵਿੱਚ ਲੰਬੇ ਤੇ ਗੁੰਝਲਦਾਰ ਵਾਕਾਂ ਦੀ ਸਿਰਜਣਾ। ਜਦ ਕਿ ਇਸ ਦੇ ਮੁਕਾਬਲੇ ਬੋਲਚਾਲ ਦੀ ਭਾਸ਼ਾ ਵਿਚ ਛੋਟੇ ਸਰਲ ਤੇ ਸਾਧਾਰਨ ਵਾਕ ਵਰਤੇ ਜਾਂਦੇ ਹਨ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਭਾਸ਼ਾਈ ਸਰੋਤੇ ਜਾਂ ਬੁਲਾਰੇ ਦੀ ਭਾਸ਼ਾਈ ਯੋਗਤਾ ਨੂੰ ਵਿਭਿੰਨ ਪਰਸਥਿਤੀਆਂ ਦੇ ਅੰਤਰਗਤ ਵੱਖੋ-ਵੱਖ ਵਿਚਾਰਿਆਂ ਜਾਵੇ।

ਚੌਮਸਕੀ ਦੁਆਰਾ ਸਥਾਪਤ ਰੂਪਾਂਤਰੀ ਸਿਰਜਨਾਤਮਕ ਵਿਆਕਰਨ ਵਿੱਚ ਮੁੱਖ ਜ਼ੋਰ ਸਿਰਜੇ ਵਾਕਾਂ ਤੇ ਨਹੀਂ ਸਿਰਜੇ ਵਾਕਾਂ ਦੇ ਅਧਿਐਨ ਤੇ ਨਹੀਂ ਸਗੋਂ ਸਿਰਜਨ ਦੀ ਸੰਭਾਵਨਾਂ ਉੱਤੇ ਦਿੱਤਾ ਜਾਂਦਾ ਹੈ। ਚਾਮਸਕੀ ਅਨੁਸਾਰ ਮਾਤ ਭਾਸ਼ਾਈ ਬੁਲਾਰੇ ਜਾਂ ਸਰੋਤੇ ਕੋਲ ਇੱਕ ਆਂਤਰਿਕ ਨਿਯਮ ਸਿਸਟਮ ਹੁੰਦਾ ਹੈ ਜਿਸਦੇ ਆਧਾਰ ਤੇ ਉਹ ਅਸੀਮਤ ਵਾਕਾਂ ਨੂੰ ਸਿਰਜ ਸਕਦਾ ਹੈ। ਸਮਝ ਸਕਦਾ ਹੈ। ਇਸ ਕਰਕੇ ਚਾਮਸਕੀ ਅਨੁਸਾਰ ਭਾਸ਼ਾ ਵਿਗਿਆਨਕ ਅਧਿਐਨ ਸਮੇਂ ਅਧਿਐਨ ਬਿੰਦੂ ਆਂਤਰਿਕ ਨੇਮ ਰੂਪਾਂਤਰਣ ਹੋਣਾ ਚਾਹੀਦਾ ਹੈ ਨਾ ਕਿ ਭਾਸ਼ਾਈ ਬੁਲਾਰੇ ਦੁਆਰਾ ਸਿਰਜੀ ਗਈ ਵਾਕ ਸੰਰਚਨਾ। ਅਜਿਹਾ ਕਰਕੇ ਚਾਮਸਕੀ ਨੇ ਭਾਸ਼ਾ ਵਿਗਿਆਨ ਨੂੰ ਮਨੋਵਿਗਿਆਨ ਦੀ ਇੱਕ ਸ਼ਾਖ ਵਜੋਂ ਹੀ ਸਵੀਕਾਰ ਕੀਤਾ ਹੈ।

ਭਾਸ਼ਾਈ ਯੋਗਤਾ ਤੇ ਨਿਭਾ ਦੀ ਵੰਡ ਦੀ ਸਾਰਥਕਤਾ ਵਾਕ ਸਿਰਜਨ ਦੀ ਵਿਆਕਰਨਿਕਤਾ ਨੂੰ ਜਾਂਚਣ ਵਾਸਤੇ ਵੀ ਲਾਜ਼ਮੀ ਹੈ। ਭਾਸ਼ਾ ਵਿਗਿਆਨਕ ਅਧਿਐਨ ਭਾਸ਼ਾਈ ਵਿਚਲਨ ਭਾਸ਼ਾਈ ਵਿਗਾੜ ਜਾਂ ਭਾਸ਼ਾ ਦੇ ਸ਼ੈਲੀਗਤ ਵਿਚਲਨ ਨਾਲ ਸੰਬੰਧਿਤ ਨਹੀਂ ਸਗੋਂ ਉਸ ਆਦਰਸ਼ਕ ਇਕਾਈ ਨਾਲ ਹੈ ਜੋ ਭਾਸ਼ਾਈ ਬੁਲਾਰੇ ਜਾਂ ਸਰੋਤੇ ਦੇ ਮਨ ਵਿੱਚ ਹੈ। ਜਬਾਨੀ ਜਾਂ ਮੌਖਿਕ ਪਰਗਟਾ ਵੇਲੇ ਇਸ ਆਦਰਸ਼ਕ ਇਕਾਈ ਦਾ ਨਿਭਾ ਬਹੁਤੀ ਵਾਰ ਭਲੀ ਭਾਂਤ ਨਹੀਂ ਹੁੰਦਾ।

ਵਾਕੰਸ਼ ਉਸਾਰੀ ਨੇਮ :-

ਵਾਕੰਸ਼ ਉਸਾਰੀ ਨਿਯਮਾਂ ਵਿੱਚ ਵਾਕ ਦੇ ਉਹਨਾਂ ਰਚਨਾਤਮਕ ਅੰਗਾਂ ਦਾ ਵਿਵਰਣ ਦਿੱਤਾ ਜਾਂਦਾ ਹੈ ਜੋ ਆਪਣੇ ਤੋਂ ਵਡੇਰੀ ਵਾਕਾਤਮਕ ਇਕਾਈ ਨੂੰ ਸਿਰਜਨ ਵਿੱਚ ਸਹਾਈ ਹੁੰਦੇ ਹਨ। ਚਾਮਸਕੀ ਦੁਆਰਾ ਸਥਾਪਤ ਵਾਕੰਸ਼ ਉਸਾਰੀ ਦੇ ਨੇਮ ਸੰਰਚਨਾਤਮਕ ਭਾਸ਼ਾ ਵਿਗਿਆਨ ਵਿੱਚ ਉਪਲੱਬਧ ਨਿਕਟ ਅੰਗ ਵਿਸ਼ਲੇਸ਼ਣ ਵਿਧੀ ਦੇ ਬਰਾਬਰ ਵਿਚਰਦੇ ਹਨ। ਇਹਨਾਂ ਨੇਮਾਂ ਵਿੱਚ ਉਹਨਾਂ ਸੰਭਾਵਨਾਵਾਂ ਨੂੰ ਲਿਆ ਜਾਂਦਾ ਹੈ ਜੋ ਕੜੀਦਾਰ ਸੰਬੰਧਾਂ ਰਾਹੀਂ ਆਪਣੇ ਤੋਂ ਵਡੇਰੀ ਇਕਾਈ ਦਾ ਸਿਰਜਨ ਕਰਦੇ ਹਨ।

ਵਾਕੰਸ਼ ਉਸਾਰੀ ਨੇਮ :-

(1) ਵਾਕ = ਨਾਂਵ ਵਾਕੰਸ਼ + ਕਿਰਿਆ ਵਾਕੰਸ਼

(2) ਨਾਂਵ ਵਾਕੰਸ਼ = ਵਿਸ਼ੇਸ਼ਣ + ਨਾਂਵ + ਸੰਬੰਧਕ

(3) ਵਿਸ਼ੇਸ਼ਣ = ਵਿਸ਼ੇਸ਼ਣ + ਵਿਸ਼ੇਸ਼ਣ + ਵਿਸ਼ੇਸ਼ਣ + ਵਿਸ਼ੇਸ਼ਣ ਜਾਂ
ਨਿਸ਼ਚੈਵਾਚਕ ਪੜਨਾਂਵ + ਗਿਣਤੀ ਵਾਚਕ + ਕਿਰਦੰਤ + ਵਿਸ਼ੇਸ਼ਣ

(4) ਨਾਂਵ

(5) ਸੰਬੰਧਕ (ਨੇ/ਨੂੰ)

(6) ਕਿਰਿਆ ਵਾਕੰਸ਼ = ਨਾਂਵ ਵਾਕੰਸ਼ + ਕਿਰਿਆ ਵਾਕੰਸ਼

(7) ਨਾਂਵ ਵਾਕੰਸ਼ = ਨਾਂਵ + ਸੰਬੰਧਕ (ਤੋਂ/ਲਈ/ਵੱਲ/ਨੂੰ)

(8) ਕਿਰਿਆ ਵਾਕੰਸ਼ = ਮੁੱਖ ਕਿਰਿਆ + ਸੰਚਾਲਕ ਕਿਰਿਆ + ਸਹਾਇਕ ਕਿਰਿਆ।




ਰੂਪਾਂਤ੍ਰੀ ਨਿਯਮ (Transfarmational Rules)

ਰੂਪਾਂਤਰੀ ਨੇਮਾਂ ਵਿੱਚ ਉਹਨਾਂ ਨਿਯਮਾਂ ਨੂੰ ਲਿਆ ਜਾਂਦਾ ਹੈ ਜੋ ਅੰਦਰੂਨੀ ਅਤੇ ਬਾਹਰੀ ਸੰਰਚਨਾ ਨੂੰ ਜੋੜਨ ਦਾ ਕੰਮ ਕਰਦੇ ਹਨ। ਰੂਪਾਂਤਰੀ ਨਿਯਮ ਵਾਕੰਸ਼ ਉਸਾਰੀ ਪੱਖ ਅਤੇ ਬਾਹਰੀ ਸੰਰਚਨਾ ਵਿਚਕਾਰ ਇਕ ਕੜੀ ਵਜੋਂ ਕਾਰਜ ਕਰਦੇ ਹਨ। ਰੂਪਾਂਤਰੀ ਨਿਯਮਾਂ ਨੂੰ ਅੱਗੋਂ ਇੱਕ ਧਰਤਲੀ ਰੂਪਾਂਤਰ ਅਤੇ ਦੋ ਧਰਾਤਲੀ ਰੂਪਾਂਤਰ ਵਿੱਚ ਵੰਡਿਆ ਜਾਂਦਾ ਹੈ-

(1) ਇੱਕ ਧਰਾਤਲੀ ਰੂਪਾਂਤਰ (Single Base Transfarmation)

(i) ਅੰਦਰੂਨੀ ਸੰਰਚਨਾ ———— ਬਾਹਰੀ ਸੰਰਚਨਾ

(ii) ਅੰਦਰੂਨੀ ਸੰਰਚਨਾ ———— ਬਾਹਰੀ ਸੰਰਚਨਾ (1)
ਬਾਹਰੀ ਸੰਰਚਨਾ (2)

ਅੰਦਰੂਨੀ ਸੰ. (1) ———— ਬਾਹਰੀ ਸੰਰਚਨਾ (1)
ਅੰਦਰੂਨੀ ਸੰ. (2)

ਰੂਪਾਂਤਰੀ ਨੇਮਾਂ ਨੂੰ ਅੱਗੋਂ ਦੋ ਵਰਗਾਂ ਵਿੱਚ ਰੱਖਿਆ ਜਾਂਦਾ ਹੈ ਲਾਜ਼ਮੀ ਨੇਮ ਤੇ ਇਖਤਿਆਰੀ ਨੇਮ। ਇਖਤਿਆਰੀ ਰੂਪਾਂਤਰ ਵਿੱਚ ਦੋ ਉਚਰਿਤ ਵਾਕਾਂ ਨੂੰ ਆਪਸ ਵਿੱਚ ਜੋੜਿਆ ਜਾਂਦਾ ਹੈ। ਜਦਕਿ ਲਾਜ਼ਮੀ ਰੂਪਾਂਤਰ ਵਿੱਚ ਅੰਦਰੂਨੀ ਸੰਰਚਨਾ ਨੂੰ ਬਾਹਰੀ ਸੰਰਚਨਾ ਨਾਲ ਜੋੜਿਆ ਜਾਂਦਾ ਹੈ




ਧੁਨੀਆਤਮਕ ਨੇਮ :-

ਰੂਪਾਂਤਰੀ ਭਾਸ਼ਾ ਵਿਗਿਆਨ ਵਿੱਚ ਉਨ੍ਹਾਂ ਨੇਮਾਂ ਨੂੰ ਧੁਨੀਆਤਮਕ ਨੇਮ ਕਿਹਾ ਜਾਂਦਾ ਹੈ ਜੋ ਵਾਕੰਸ਼ ਉਸਾਰੀ ਨੇਮਾਂ ਦੁਆਰਾ ਸਿਰਜਨ ਤੱਤ ਵਾਕ ਨੂੰ ਜਾਂ ਰੂਪਾਂਤਰੀ ਨੇਮਾਂ ਦੁਆਰਾ ਸਿਰਜੇ ਗਏ ਵਿਉਤਪਤ ਵਾਕ ਦੀ ਉਚਾਰਨ ਦੇ ਪੱਧਰ ਤੇ ਸਾਕਾਰ ਕਰਦੇ ਹਨ। ਧੁਨੀਆਤਮਕ ਪੱਧਰ ਤੋਂ ਪਹਿਲਾਂ ਸਿਰਜੇ ਗਏ ਵਾਕ ਨਿਰੋਲ ਵਿਆਕਰਨ ਦੀ ਪੱਧਰ ਤੇ ਮੂਰਤੀਮਾਨ ਹੁੰਦੇ ਹਨ। ਰੂਪਾਂਤਰੀ ਭਾਸ਼ਾ ਵਿਗਿਆਨ ਵਿੱਚ ਧੁਨੀਆਤਮਕ ਨੇਮਾਂ ਦੇ ਵਾਪਰਨ ਕ੍ਰਮ ਵੀ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ-




**ਡੂੰਘ ਸੰਰਚਨਾ ਤੇ ਸਤਹੀ ਸੰਰਚਨਾ**

(Deep structure and Surface structure)

ਵਾਕ ਦੀ ਉਸਾਰੀ ਵਾਕ ਉਸਾਰੀ ਨਿਯਮਾਂ ਨਾਲ ਹੁੰਦੀ ਹੈ ਵਾਕ ਉਸਾਰੀ ਨਿਯਮਾਂ ਕਾਲ ਵਾਕ ਬਣਾਏ ਜਾਂਦੇ ਹਨ। ਫਿਰ ਰੂਪਾਂਤਰੀ ਨਿਯਮਾਂ ਦੁਆਰਾ ਉਹਨਾਂ ਵਿੱਚ ਸੋਧ ਕੀਤੀ ਜਾਂਦੀ ਹੈ। ਤਾਂਕਿ ਭਾਸ਼ਾਈ ਪੱਖ ਤੋਂ ਵਾਕ ਸ਼ੁੱਧ ਹੋਣ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਾਕਾਂ ਦਾ ਪੈਦਾ ਹੋਣਾ ਦੋ ਪੱਧਰਾਂ ਤੇ ਹੈ। ਇੱਕ ਤਾਂ ਵਾਕ ਉਸਾਰੀ ਨਿਯਮਾਂ ਦੁਆਰਾ ਪੈਦਾ ਕੀਤੀਆਂ ਲੜੀਆਂ ਵਿੱਚ ਸ਼ਬਦ ਜੁੜਨ ਦੀ ਪਰਕਿਰਿਆ ਹੈ ਜਿਸਨੂੰ ਡੂੰਘ ਸੰਰਚਨਾ ਆਖਿਆ ਜਾਂਦਾ ਹੈ। ਇਹ ਸੰਰਚਨਾ ਵਾਕਾਂ ਦੀ ਵਿਆਖਿਆ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਦੂਜੇ ਪੱਧਰ ਤੇ ਰੂਪਾਂਤਰੀ ਨਿਯਮਾਂ ਦੀ ਮਦਦ ਨਾਲ ਵਾਕਾਂ ਨੂੰ ਸ਼ੁੱਧ ਬਣਾਇਆ ਜਾਂਦਾ ਹੈ। ਇਸ ਨੂੰ ਸਤਹੀ ਸੰਰਚਨਾ ਦਾ ਨਾਂ ਦਿੱਤਾ ਜਾਂਦਾ ਹੈ। ਵਾਕ ਉਸਾਰੀ ਦੇ ਨਿਯਮਾਂ ਤੋਂ ਬਾਅਦ ਵੀ ਵਾਕ ਦੀ ਗਹਿਨ ਸੰਰਚਨਾ ਹੋਂਦ ਵਿੱਚ ਆਉਂਦੀ ਹੈ। ਰੂਪਾਂਤਰੀ ਨਿਯਮਾਂ ਦੀ ਵਰਤੋਂ ਤੋਂ ਬਾਅਦ ਵੀ ਵਾਕ ਦੀ ਸਤਹੀ ਸੰਰਚਨਾ ਹੋਂਦ ਵਿੱਚ ਆਉਂਦੀ ਹੈ। ਇਹ ਸੰਬੰਧ ਜੋ ਗਹਿਨ ਸੰਰਚਨਾ ਅਤੇ ਸਤਹੀ ਸੰਰਚਨਾ ਦਾ ਹੈ ਹੇਠ ਲਿਖੇ ਅਨੁਸਾਰ ਦਿਖਾਇਆ ਜਾ ਸਕਦਾ ਹੈ–

ਵਾਕ ਉਸਾਰੀ ਨਿਯਮ

ਕੋਸ਼ਗਤ ਇਕਾਈਆਂ ਦੀ ਜੜ੍ਹਤ

ਗਹਿਨ ਸੰਰਚਨਾ

ਰੂਪਾਂਤਰੀ ਨਿਯਮ

ਸਤਹੀ ਸੰਰਚਨਾ

ਇਸ ਤਰ੍ਹਾਂ ਡੂੰਘ ਤੇ ਸਤਹੀ ਸੰਰਚਨਾ ਵਾਕ ਦੇ ਦੋ ਪੱਧਰ ਹਨ Phrase Structure Rules ਦੀ ਵਰਤੋਂ ਕਾਲ ਵਾਕਾਤਮਕ ਇਕਾਈਆਂ ਦੀਆਂ ਲੜੀਆਂ ਲੱਭੀਆਂ ਜਾਂਦੀਆਂ ਹਨ ਇਹਨਾਂ ਲੜੀਆਂ ਵਿੱਚ ਕੋਸ਼ਗਤ ਇਕਾਈਆਂ ਭਰੀਆਂ ਜਾਂਦੀਆਂ ਹਨ। ਇਸ ਤਰ੍ਹਾਂ ਵਾਕ ਗਹਿਨ ਜਾਂ ਡੂੰਘ ਸੰਰਚਨਾ ਤੱਕ ਪਹੁੰਚਾਇਆ ਜਾਂਦਾ ਹੈ। ਫਿਰ ਰੂਪਾਂਤਰੀ ਨਿਯਮਾਂ ਦੁਆਰਾ ਸਤਹੀ ਸੰਰਚਨਾ ਪਰਾਪਤ ਕੀਤੀ ਜਾਂਦੀ ਹੈ।

# ਕੋਸ਼ਕਾਰੀ ਤੇ ਪੰਜਾਬੀ ਕੋਸ਼ਕਾਰੀ
## (Dictionary making and Punjabi Dictionary making)

ਕੋਸ਼ ਕਿਸੇ ਭਾਸ਼ਾ ਤੇ ਸਾਹਿੱਤ ਦਾ ਵਡਮੁੱਲਾ ਖਜਾਨਾ ਹੁੰਦੇ ਹਨ। ਕਿਸੇ ਵਿਕਸਿਤ ਅਤੇ ਪਰਮਾਣਿਕ ਭਾਸ਼ਾ ਵਿਚ ਕੋਸ਼ਾਂ ਦਾ ਹੋਣਾ ਅਨਿਵਾਰੀ ਹੈ। ਕੋਸ਼ਾਂ ਵਿਚ ਸ਼ਬਦ ਦੇ ਧਾਤੂ ਤੋਂ ਲੈ ਕੇ, ਸ਼ਬਦ-ਜੋੜ, ਵਿਆਕਰਨ, ਅਰਥ ਵਿਸਥਾਰ ਅਤੇ ਅਖਾਣ ਮੁਹਾਵਰਿਆਂ ਤੱਕ ਅਨੇਕਾਂ ਧਰਾਤਲਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਲਈ ਬੁਨਿਆਦੀ ਸਮੱਗਰੀ ਦੇ ਤੌਰ ਤੇ ਇਹ ਭਾਸ਼ਾ ਦੇ ਵਿਕਾਸ ਦਾ ਆਧਾਰ ਬਣਦੇ ਹਨ ਅਤੇ ਪਾਠਕਾਂ ਤੇ ਲੇਖਕਾਂ ਦੀ ਥਾਂ-ਥਾਂ ਅਗਵਾਈ ਕਰਦੇ ਹਨ। ਅਖਬਾਰ ਪੜ੍ਹਨ ਤੋਂ ਲੈ ਕੇ ਅਨੁਵਾਦ ਅਤੇ ਮੌਲਿਕ ਸਾਹਿੱਤ ਰਚਨਾ ਦੇ ਖੇਤਰ ਵਿਚ ਕੋਸ਼ਾਂ ਦੀ ਹਰ ਵੇਲੇ ਹੀ ਲੋੜ ਰਹਿੰਦੀ ਹੈ ਇਸ ਤਰ੍ਹਾਂ ਭਾਸ਼ਾ ਦੇ ਪਰਸਾਰ ਲਈ ਠੀਕ ਤਰ੍ਹਾਂ ਸਮਝਣ ਲਈ, ਇਸ ਦੀ ਸਹੀ ਵਰਤੋਂ ਕਰਨ ਲਈ ਕੋਸ਼ਾਂ ਦਾ ਬਹੁਤ ਮਹੱਤਵ ਹੈ।

ਪੰਜਾਬੀ ਕੋਸ਼ ਪੁਸਤਕ ਅਨੁਸਾਰ, "ਕੋਸ਼ ਉਹ ਅਰਥ ਹੈ, ਜਿਸ ਵਿਚ ਸ਼ਬਦਾਂ ਦੇ ਅਰਥ ਲਿਖੇ ਹੋਣ, ਕੋਸ਼ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਭਾਂਡਾ, ਭੰਡਾਰ, ਖਜਾਨਾ, ਸੰਗਰਹਿ ਆਦਿ। ਅੱਜ ਕੱਲ੍ਹ ਕੋਸ਼ ਤੋਂ ਭਾਵ ਸ਼ਬਦ ਕੋਸ਼ ਹੀ ਲਿਆ ਜਾਂਦਾ ਹੈ। ਸ਼ਬਦ ਕੋਸ਼ ਇੱਕ ਅਜਿਹਾ ਸ਼ਬਦ ਭੰਡਾਰ ਹੁੰਦਾ ਹੈ ਜਿਸ ਵਿੱਚ ਕਿਸੇ ਭਾਸ਼ਾ ਦੀ ਮੂਲ ਸਮੱਗਰੀ ਅੱਖਰ ਕ੍ਰਮ ਅਨੁਸਾਰ ਤਰਤੀਬੀ ਗਈ ਹੁੰਦੀ ਹੈ। ਅੰਗਰੇਜ਼ੀ ਵਿੱਚ ਕੋਸ਼ ਦਾ ਸਮਾਨਅਰਥਕ ਸ਼ਬਦ ਡਿਕਸ਼ਨਰੀ ਹੈ ਜਿਹੜਾ ਲਾਤੀਨੀ ਭਾਸ਼ਾ ਦੇ ਸ਼ਬਦ ਡਿਕਸ਼ਨ (Diction) ਤੋਂ ਬਣਿਆ ਹੈ। ਜਿਸਦਾ ਅਰਥ ਹੈ ਸ਼ਬਦ ਜਾਂ ਉਚਾਰਣ। ਇਸ ਪਰਕਾਰ ਡਿਕਸ਼ਨਰੀ ਦਾ ਅਰਥ ਵੀ ਸ਼ਬਦਾਂ ਦਾ ਭੰਡਾਰ ਜਾਂ ਖਜਾਨਾ ਹੀ ਹੈ। ਕੋਸ਼ ਵਿੱਚ ਹਰ ਸ਼ਬਦ ਦੇ ਸ਼ਾਬਦਿਕ ਅਰਥ ਤੋਂ ਇਲਾਵਾ ਉਸ ਸ਼ਬਦ ਦਾ ਵਿਆਕਰਣਕ ਰੂਪ, ਉਸ ਦੀ ਨਿਰੁਕਤੀ, ਉਸਦਾ ਉਚਾਰਨ, ਉਸਦੇ ਸਮਾਨਅਰਥਕ ਸ਼ਬਦ ਅਤੇ ਉਸਦੇ ਵਿਰੋਧੀ ਸ਼ਬਦ ਵੀ ਦਿੱਤੇ ਗਏ ਹੁੰਦੇ ਹਨ।

ਕੋਸ਼ਕਾਰੀ ਜਾਂ ਕੋਸ਼ ਤਿਆਰ ਕਰਨ ਦਾ ਕੰਮ ਕਿਸੇ ਭਾਸ਼ਾ ਦੀ ਉੱਨਤੀ ਜਾਂ ਪਰਪੱਕਤਾ ਦੀ ਨਿਸ਼ਾਨੀ ਹੁੰਦੀ ਹੈ। ਸੰਸਾਰ ਸਾਹਿੱਤ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਭ ਤੋਂ ਪਹਿਲਾਂ ਹਰ ਭਾਸ਼ਾ ਵਿੱਚ ਕਵਿਤਾ ਉਪਜੀ ਤੇ ਵਾਰਤਕ ਬਾਅਦ ਵਿੱਚ ਇਸ ਗੱਲ ਦਾ ਪਰਮਾਣ ਮੰਤਰਾਂ ਵਿੱਚ ਲਿਖੇ ਵੇਦ ਅੇਤ ਪਰਸਿੱਧ ਮਹਾਂ ਕਾਵਿ ਰਮਾਇਣ ਤੇ ਮਹਾਂਭਾਰਤ ਆਦਿ ਹਨ। ਸੰਸਕ੍ਰਿਤ ਤੇ ਅਰਬੀ ਭਾਸ਼ਾ ਪਰਿਵਾਰਾਂ ਦੀਆਂ ਸਭ ਤੋਂ ਪੁਰਾਣੀਆਂ ਭਾਸ਼ਾਵਾਂ ਹਨ। ਇਹਨਾਂ ਭਾਸ਼ਾਵਾਂ ਵਿੱਚ ਹੀ ਸਭ ਤੋਂ ਪੁਰਾਣੇ ਕੋਸ਼ ਲਿਖੇ ਮਿਲਦੇ ਹਨ। ਜਿਵੇਂ-ਜਿਵੇਂ ਕੋਈ ਭਾਸ਼ਾ ਤਰੱਕੀ ਕਰਦੀ ਹੈ ਤਾਂ ਉਸ ਵਿੱਚ ਬੌਧਿਕਤਾ ਆਉਂਦੀ ਹੈ। ਸਮਾਂ ਪਾ ਕੇ ਉਹ ਭਾਸ਼ਾ ਇੰਨਾ ਗੂੜ੍ਹਾ ਰੂਪ ਧਾਰਨ ਕਰ ਜਾਂਦੀ ਹੈ ਤੇ ਉਹ ਆਮ ਜਨ-ਜੀਵਨ ਦੀ ਸਮਝ ਤੋਂ ਦੂਰ ਹੋ ਜਾਂਦੀ ਹੈ। ਭਾਵ ਉਸ ਵਿੱਚ ਬੌਧਿਕ ਸ਼ਬਦਾਂ ਦੀ ਗਿਣਤੀ ਵੱਧ ਜਾਂਦੀ ਹੈ। ਅਜਿਹੀ ਸਥਿਤੀ ਵਿਚ ਉਸ ਭਾਸ਼ਾ ਨੂੰ ਆਮ ਲੋਕਾਂ ਦੀ ਸਮਝ ਵਿਚ ਲਿਆਉਣ ਲਈ ਉਸਦੇ ਮੁਸ਼ਕਿਲ ਸ਼ਬਦਾਂ ਦੇ ਅਰਥਾਂ ਨੂੰ ਵੱਖਰੇ ਰੂਪ ਵਿੱਚ ਇਕੱਤਰ ਕਰਕੇ ਉਹਨਾਂ ਦੇ ਸਰਲ ਅਰਥ ਦਿੱਤੇ ਜਾਂਦੇ ਹਨ। ਇਹ ਹੀ ਕੋਸ਼ਕਾਰੀ ਦੀ ਵਿਧਾ ਹੈ ਜੋ ਅੱਜ ਵੀ ਪਰਚੱਲਿਤ ਹੈ। ਸੱਭਿਅਤਾ ਅਤੇ ਭਾਸ਼ਾਵਾਂ ਦੇ ਵਿਕਾਸ ਨਾਲ ਮਨੁੱਖੀ ਲੋੜਾਂ ਵਿਚ ਵਾਧਾ ਹੁੰਦਾ ਗਿਆ। ਨਤੀਜੇ ਵਜੋਂ ਹਰ ਭਾਸ਼ਾ ਦਾ ਸ਼ਬਦ ਭੰਡਾਰ ਵੀ ਵੱਧਦਾ ਗਿਆ ਅਜਿਹੀ ਸਥਿਤੀ ਵਿਚ ਕੋਸ਼ ਹੀ ਇਕ ਵਿਦਿਆਰਥੀ ਤੇ ਇਕ ਅਧਿਆਪਕ ਤੇ ਇਕ ਵਿਦਵਾਨ ਦੀ ਭਾਸ਼ਾ ਸਿੱਖਣ ਵਿਚ ਵਧੇਰੇ ਮਦਦ ਕਰ ਸਕਦਾ ਹੈ।

ਕੋਸ਼ਕਾਰੀ ਦੇ ਖੇਤਰ ਵਿੱਚ ਪਹਿਲਾਂ ਕਦਮ ਯੂਰਪੀ ਵਿਦਵਾਨਾਂ ਨੇ ਪੁੱਟਿਆ। ਇਹਨਾਂ ਨੇ ਹੀ ਕੋਸ਼ਕਾਰੀ ਦੇ ਨਿਯਮਾਂ ਨੂੰ ਸਭ ਤੋਂ ਪਹਿਲਾਂ ਅਧਾਰਿਤ ਕੀਤਾ ਤੇ ਨਵੇਂ ਨੇਮ ਸਥਾਪਤ ਕੀਤੇ। ਪੁਰਾਣੇ ਤਿਆਰ ਕੀਤੇ ਕੋਸ਼ਾਂ ਵਿਚ ਇਸ ਗੱਲ ਦੀ ਕਮੀ ਸੀ। ਉਹਨਾਂ ਵਿਚ ਸ਼ਬਦ ਲੱਭਣ ਲੱਗਿਆਂ ਬੜੀ ਮੁਸ਼ਕਿਲ ਆਉਂਦੀ ਸੀ। ਉਹਨਾਂ ਵਿਚ ਵਿਆਕਰਣਕ ਨਿਯਮਾਂ ਨੂੰ ਬਹੁਤ ਘੱਟ ਅਪਣਾਇਆ ਗਿਆ ਸੀ। ਪਰੰਤੂ ਬਾਅਦ ਵਿੱਚ ਵਿਦਵਾਨਾਂ ਵੱਲੋਂ ਕੋਸ਼ ਤਿਆਰ ਕਰਦੇ ਸਮੇਂ ਉਹਨਾਂ ਦੀ ਅੱਖਰ ਤਰਤੀਬ ਵਿਆਕਰਣਕ ਯੁਕਤੀਆਂ ਅਤੇ ਸ਼ਬਦਾਂ ਦੀ ਉਤਪਤੀ ਆਦਿ ਸੰਬੰਧੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਹਨਾਂ ਕੋਸ਼ਾਂ ਵਿਚ ਸ਼ਬਦ ਲੱਭਣ ਸਮੇਂ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਅੰਗਰੇਜ਼ੀ ਕੋਸ਼ਕਾਰੀ ਦਾ ਸੰਬੰਧ ਲਾਤੀਨੀ ਸ਼ਬਦਾਂ ਦੇ ਨਿਘੰਟੂਆਂ ਤੋਂ ਹੋਇਆ ਮੰਨਿਆ ਜਾਂਦਾ ਹੈ। ਜਿਨਾਂ ਵਿਚ ਲਾਤੀਨੀ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿਚ ਦਿੱਤੇ ਜਾਂਦੇ ਸਨ। ਅਜਿਹਾ ਪਹਿਲਾ ਕੋਸ਼ ਇਕ ਪਾਦਰੀ ਵੱਲੋਂ 1440 ਵਿਚ ਤਿਆਰ ਕੀਤਾ ਗਿਆ। ਇਸੇ ਤਰ੍ਹਾਂ ਦੂਜੀਆਂ ਭਾਸ਼ਾਵਾਂ ਦੇ ਵਿਦਵਾਨਾਂ ਨੇ ਵੀ ਆਪਣੀ-ਆਪਣੀ ਭਾਸ਼ਾ ਦੇ ਕੋਸ਼ ਤਿਆਰ ਕੀਤੇ।

ਕੋਸ਼ਕਾਰੀ ਦੇ ਦੋ ਪੱਖ ਹਨ। ਇਕ ਤਕਨੀਕੀ ਤੇ ਦੂਜਾ ਅਰਥਗਤ ਇਨਾਂ ਵਿਚੋਂ ਪਹਿਲੇ ਦਾ ਸੰਬੰਧ ਇੰਦਰਾਜਾਂ ਦੀ ਚੋਣ ਤੇ ਤਰਤੀਬ ਮੁੱਖ ਦੇ ਅਧੀਨ ਇੰਦਰਾਜ ਦਾ ਨਿਬੇੜਾ, ਲੇਬਲਿੰਗ, ਵਿਆਕਰਣਕ ਜਾਣਕਾਰੀ, ਉਚਾਰਨ ਆਦਿ ਨਾਲ ਹੈ ਜਦੋਂ ਕਿ ਦੂਜੇ ਪੱਖ ਦਾ ਸਰੋਕਾਰ ਅਰਥਾਂ ਦੀ ਵਿਆਖਿਆ ਜਾਂ ਪੇਸ਼ਕਾਰੀ ਨਾਲ ਹੈ। ਇੰਜ ਕਿਹਾ ਜਾ ਸਕਦਾ ਹੈ ਕਿ ਤਕਨੀਕੀ ਪੱਖ ਦੀ ਉਕਾਈ ਨੂੰ ਕਿਸੇ ਹੱਦ ਤੱਕ ਨਜ਼ਰ ਅੰਦਾਜ਼ ਵੀ ਕੀਤਾ ਜਾ ਸਕਦਾ ਹੈ ਪਰ ਅਰਥਾਂ ਦੀ ਅਸ਼ੁੱਧਤਾ ਇਕ ਨਾਖਿਮਾ ਯੋਗ ਦੋਸ਼ ਹੈ। ਅਸਲ ਵਿੱਚ ਜੇ ਕੋਈ ਕੋਸ਼ਕਾਰੀ ਕਿਸੇ ਦੇ ਗਿਆਨ ਵਿਚ ਵਾਧਾ ਨਹੀਂ ਕਰਦੀ ਤਾਂ ਇਸ ਊਣਤਾਈ ਨੂੰ ਹੋਊ ਪਰੇ ਕੀਤਾ ਜਾ ਸਕਦਾ ਹੈ। ਪਰ ਨਿਰੋਲ ਝੂਠੀ ਸਮੱਗਰੀ ਜੋ ਪਾਠਕਾਂ ਨੂੰ ਕੁਰਾਹੇ ਪਾਉਂਦੀ ਅਤੇ ਉਹਨਾਂ ਦੇ ਵਿਸ਼ਵਾਸ ਨੂੰ ਘਾਤ ਲਾਉਂਦੀ ਹੈ ਅਤੇ ਜਾਂਚੇ ਕਿਸੇ ਕਾਨੂੰਨੀ ਕਾਰਵਾਈ ਦੀ ਮੰਗ ਕਰਦੀ ਹੈ।

ਸਾਹਿੱਤ ਦੀ ਰਚਨਾ ਕਰਨ ਲਈ ਸ਼ਾਇਦ ਜਨਮਜਾਤ ਗੁਣਾਂ ਦੀ ਗੁੰਜਾਇਸ਼ ਹੋ ਸਕਦੀ ਹੈ। ਪਰ ਕੋਸ਼ਕਾਰੀ ਦੇ ਖੇਤਰ ਵਿਚ ਕੋਈ ਅਕਾਸ਼ਵਾਣੀ ਸੰਭਵ ਨਹੀਂ। ਇਸ ਲਈ ਲੋੜੀਂਦਾ ਗਿਆਨ, ਵਿਗਿਆਨ ਪਰਾਪਤ ਕਰਨ ਲਈ ਸਮੇਂ ਸਮੇਂ ਦੀ ਮਿਹਨਤ ਦੀ ਲੋੜ ਹੈ। ਸਪਸ਼ਟ ਹੈ ਕਿ ਕਿਸੇ ਕੰਮ ਪ੍ਰਤੀ ਰੁਚੀ ਤੋਂ ਬਗੈਰ ਮਿਹਨਤ ਤੇ ਲਗਨ ਦਾ ਹੋਣਾ ਮੁਹਾਲ ਹੈ।

ਕੋਸ਼ਕਾਰੀ ਜੋ ਇਕ ਖੋਜ ਕਾਰਜ ਹੈ, ਅਧਿਆਪਨ ਤੋਂ ਭਿੰਨ ਹੈ। ਅਧਿਆਪਨ ਸਿਖਾਂਦਰੂਆਂ ਦੀ ਇਕ ਸੀਮਤ ਗਿਣਤੀ ਨੂੰ ਜਬਾਨੀ ਕੁਲਾਮੀ ਗਿਆਨ ਪਰਦਾਨ ਕਰਦਾ ਹੈ। ਇਸਦੇ ਉਲਟ ਖੋਜਕਾਰ ਪਾਠਕਾਂ ਦੀ ਇਕ ਵਿਸ਼ਾਲ ਗਿਣਤੀ ਨੂੰ ਜਿਸ ਵਿਚ ਸਭ ਤਰ੍ਹਾਂ ਦੇ ਲੇਖਕ ਤੇ ਵਿਦਵਾਨ ਆਦਿ ਸ਼ਾਮਲ ਹੁੰਦੇ ਹਨ। ਲਿਖਤੀ ਰੂਪ ਵਿਚ ਅਜਿਹੀ ਸਮੱਗਰੀ ਪੇਸ਼ ਕਰਦਾ ਹੈ ਜੋ ਉਹਨਾਂ ਦੇ ਗਿਆਨ ਵਿਚ ਵਾਧਾ ਕਰਨ ਦੀ ਹੈਸੀਅਤ ਰੱਖਦੀ ਹੈ। ਇਸਤੋਂ ਸਿੱਧ ਹੁੰਦਾ ਹੈ ਕਿ ਕੋਈ ਦੂਜਿਆਂ ਨੂੰ ਰਾਹ ਦਿਖਾਉਣ ਦਾ ਕਰਤੱਵ ਨਿਭਾਉਂਦਾ ਹੈ ਤਾਂ ਉਹ ਖੁਦ ਅਣ ਮਾਪੇ ਪੰਧਾਂ ਦਾ ਦਰਿਸ਼ਟਾ ਹੋਣਾ ਚਾਹੀਦਾ ਹੈ। ਜੇ ਉਹ ਉੱਚ ਕੋਟੀ ਦਾ ਵਿਦਵਾਨ ਤੇ ਆਪਣੇ ਵਿਸ਼ੇ ਦਾ ਵਿਸ਼ੇਸ਼ਤਾ ਨਹੀਂ ਤਾਂ ਘੱਟੋ ਘੱਟ ਉਸਦਾ ਕੱਦ ਔਸਤ ਦਰਜੇ ਦੇ ਪਾਠਕ ਤੋਂ ਉੱਚਾ ਹੋਣਾ ਚਾਹੀਦਾ ਹੈ। ਜੇ ਉਹ ਉੱਚ ਕੋਟੀ ਦਾ ਵਿਦਵਾਨ ਤੇ ਆਪਣੇ ਵਿਸ਼ੇ ਦਾ ਵਿਸੇਸ਼ਤਾ ਨਹੀਂ ਤਾਂ ਘੱਟੋ ਘੱਟ ਉਸਦਾ ਕੱਦ ਔਸਤ ਦਰਜੇ ਦੇ ਪਾਠਕ ਤੋਂ ਉੱਚਾ ਹੋਣਾ ਚਾਹੀਦਾ ਹੈ।

ਕੋਸ਼ਕਾਰੀ ਦਾ ਸਿੱਧਾ ਸੰਬੰਧ ਭਾਸ਼ਾ ਵਿਗਿਆਨ ਦੀ ਇਕ ਸ਼ਾਖਾ, ਸ਼ਬਦ ਵਿਗਿਆਨ ਨਾਲ ਹੈ। ਇਸ ਵਿਸ਼ੇ ਦਾ ਮੂਲ ਆਧਾਰ ਸ਼ਬਦਾਂ ਦਾ ਰੂਪ ਅਤੇ ਅਰਥਗਤ ਅਧਿਅਨ ਹੈ। ਅਸਲ ਵਿੱਚ ਇਹ ਸ਼ਬਦਾਂ ਦੇ ਇਤਿਹਾਸਕ ਅਧਿਅਨ ਜਾਂ ਨਿਰੁਕਤ ਆਧੁਨਿਕ ਨਾਂ ਹੈ।

ਕੋਸ਼ਕਾਰੀ ਨੂੰ ਉਂਜ ਤੇ ਭਾਸ਼ਾ ਵਿਗਿਆਨ ਨਾਲ ਜੋੜਿਆ ਜਾਂਦਾ ਹੈ। ਪਰ ਇਹ ਤੱਥ ਆਂਸ਼ਕ ਤੌਰ ਤੇ ਠੀਕ ਹੈ। ਕੋਸ਼ਕਾਰੀ ਦਾ ਤਕਨੀਕੀ ਪੱਖ ਜਿਸ ਵਿਚ ਭਾਸ਼ਾ ਦਾ ਧੁਨੀ ਅਤੇ ਰੂਪਆਤਮਕ ਅਧਿਅਨ ਸ਼ਾਮਲ ਹੈ।

ਭਾਸ਼ਾ ਵਿਗਿਆਨ ਦਾ ਇੱਕ ਭਾਗ ਹੈ। ਪਰ ਅਰਥਗਤ ਅਧਿਐਨ ਜੋ ਕੋਸ਼ਕਾਰੀ ਦੀ ਜਿੰਦ ਜਾਨ

ਹੈ ਪੂਰੀ ਤਰ੍ਹਾਂ ਭਾਸ਼ਾ ਵਿਗਿਆਨ ਦੀ ਪਕੜ ਵਿੱਚ ਨਹੀਂ ਆਉਂਦਾ। ਇਸਦੀ ਪਰਾਪਤੀ ਲਈ ਸੰਬੰਧਤ ਭਾਸ਼ਾ ਦੇ ਸਾਹਿੱਤ ਦੀ ਸੋਝੀ ਅਤੇ ਇਸਦੇ ਨਾਲ ਹੀ ਭਾਸ਼ਾ ਵਿਸ਼ੇਸ਼ ਨਾਲ ਜੁੜੇ ਇਤਿਹਾਸ ਮਿਥਿਹਾਸ, ਸਭਿਆਚਾਰਕ ਤੇ ਸਮਾਜਿਕ ਪਰਿਸਥਿਤੀਆਂ ਆਦਿ ਦੀ ਜਾਣਕਾਰੀ ਵੀ ਜ਼ਰੂਰੀ ਹੈ। ਇਸ ਹਾਲਤ ਵਿਚ ਕੋਸ਼ਕਾਰੀ ਲਈ ਭਾਸ਼ਾਈ ਵਿਗਿਆਨ ਦੇ ਨਾਲ ਸਾਹਿੱਤਕ ਗਿਆਨ ਦੀ ਵੀ ਬਰਾਬਰ ਲੋੜ ਹੈ। ਇਸ ਸਿਲਸਿਲੇ ਵਿੱਚ ਮੁੱਖ ਲੋੜ ਵਿਗਿਆਨਕ ਦਰਿਸ਼ਟੀ ਦੀ ਹੈ।

## ਕੋਸ਼ਾਂ ਦੇ ਪਰਕਾਰ

ਵਿਦਵਾਨਾਂ ਨੇ ਆਪਣੇ-ਆਪਣੇ ਦਰਿਸ਼ਟੀਕੋਣ ਅਨੁਸਾਰ ਕੋਸ਼ਾਂ ਦੀ ਵੰਡ ਕੀਤੀ ਹੈ। ਪਰ ਇਨ੍ਹਾਂ ਵਿਚੋਂ ਕਈ ਤਾਂ ਅੰਗਰੇਜ਼ੀ ਸ਼ਬਦ 'ਡਿਕਸ਼ਨਰੀ' ਦੇ ਵੱਖ-ਵੱਖ ਪਰਿਆਇ ਹੀ ਹਨ। ਜਿਨਾਂ ਦੇ ਸਹੀ ਸਰੂਪ ਦੀ ਚਰਚਾ ਅਸੀਂ ਉੱਪਰ ਕਰ ਚੁੱਕੇ ਹਾਂ ਫੇਰ ਵੀ ਭਾਰਤੀ ਵਿਦਵਾਨਾਂ ਦੀ ਸੋਚਣੀ ਬਾਰੇ ਜਾਣ-ਪਛਾਣ ਕਰਵਾਉਣੀ ਜ਼ਰੂਰੀ ਜਾਪਦੀ ਹੈ।

### (ੳ) 'ਕੋਸ਼' ਸ਼ਬਦ ਦੇ ਵਿਆਪਕ ਅਰਥ ਅਧੀਨ ਕੀਤੀ ਵੰਡ :-

ਇਸ ਸੰਬੰਧ ਵਿੱਚ ਇਕ ਕੋਸ਼ਕਾਰ ਦਾ ਕਥਨ ਹੈ "ਸਰਸਰੀ ਤੌਰ ਤੇ ਵੇਖਣ ਵਿੱਚ ਆਉਂਦਾ ਹੈ ਕਿ ਕੋਸ਼ ਦੀਆਂ ਦੋ ਵਿਸ਼ੇਸ਼ਤਾਈਆਂ ਹੁੰਦੀਆਂ ਹਨ- (i) ਉਸ ਵਿੱਚ ਭਾਸ਼ਾ ਦੇ ਆਮ ਸ਼ਬਦਾਂ ਦੀ ਬਾਰੀ ਗਿਣਤੀ (ii) ਸ਼ਬਦ ਦਾ ਅੱਖਰ ਕ੍ਰਮ ਨਾਲ ਰੱਖਿਆ ਹੋਣਾ। ਇੱਛਾ ਦੇ ਵਿਸ਼ੇਸ਼ ਕਾਰਨ ਕਿਸੇ ਹੋਰ ਪਰਕਾਰ ਦੇ ਸ਼ਬਦਾਂ ਦੇ ਗ੍ਰਹਿ ਨੂੰ ਵੀ ਕੋਸ਼ ਆਖ ਦਿੱਤਾ ਜਾਂਦਾ ਹੈ। ਜਦ ਕਿ ਇਹ ਅੱਖਰ ਕ੍ਰਮ ਨਾਲ ਰੱਖੇ ਗਏ ਹੋਣ ਜਿਵੇਂ :-

(i) ਜੀਵਨੀ ਕੋਸ਼- ਪਰਸਿੱਧ ਵਿਅਕਤੀਆਂ ਦੀਆਂ ਜੀਵਨੀਆਂ ਅੱਖਰ ਕ੍ਰਮ ਨਾਲ।

(ii) ਮੁਹਾਵਰਾ ਕੋਸ਼

(iii) ਕਲਾ ਤੇ ਵਿੱਦਿਆ ਦੇ ਪਰਭਾਸ਼ਕ ਸ਼ਬਦਾਂ ਦੇ ਕੋਸ਼

(iv) ਕਾਨੂੰਨੀ ਸ਼ਬਦਾਂ ਦੇ ਕੋਸ਼

(v) ਬਿਉਪਾਰ ਕੰਪਨੀਆਂ, ਪੇਸ਼ਾਵਰ ਦੁਕਾਨਦਾਰਾਂ ਕਾਰਖਾਨਿਆਂ ਆਦਿ ਦੇ ਨਾਵਾਂ ਦੇ ਕੋਸ਼ ਨੂੰ 'ਡਾਇਰੈਕਟਰੀ' ਆਖਿਆ ਜਾਂਦਾ ਹੈ।

(vi) ਇਸੇ ਤਰ੍ਹਾਂ ਨਗਰ, ਪਿੰਡ, ਦੇਸ਼, ਪਰਾਂਤ, ਪਹਾੜ, ਦਰਿਆ ਦੇ ਨਾਵਾਂ ਦੇ ਕੋਸ਼ ਨੂੰ ਗਜ਼ਟੀਅਰ ਆਖਦੇ ਹਨ।

## ਕੋਸ਼ ਦੀ ਜ਼ਰੂਰਤ ਕਿਉਂ ਹੈ ?

ਕੋਈ ਭਾਸ਼ਾ ਪੜ੍ਹਦਿਆਂ ਜਾਂ ਲਿਖਦਿਆਂ ਜੇਕਰ ਸਾਨੂੰ ਕਿਸੇ ਸ਼ਬਦਾਂ ਦੇ ਅਰਥਾਂ ਬਾਰੇ ਸ਼ੱਕ ਪੈ ਜਾਵੇ ਤਾਂ ਅਸੀਂ ਝੱਟ ਕੋਸ਼ (ਡਿਕਸ਼ਨਰੀ) ਦੀ ਮਦਦ ਨਾਲ ਸ਼ੰਕਾ ਨਵਿਰਤ ਕਰ ਲੈਂਦੇ ਹਾਂ। ਇਸ ਤਰ੍ਹਾਂ ਅਸੀਂ ਸ਼ਬਦਾਂ ਦੇ ਢੁੱਕਵੇਂ ਅਰਥਾਂ ਤੋਂ ਜਾਣੂ ਹੋ ਜਾਂਦੇ ਹਾਂ। ਸਮੇਂ ਦੇ ਪਰਿਵਰਤਨ ਨਾਲ ਭਾਸ਼ਾ 'ਚ ਵੀ ਪਰਿਵਰਤਨ ਆਉਂਦਾ ਹੈ ਉਹਨਾਂ ਦੀ ਜਗ੍ਹਾ ਢੁੱਕਵੇਂ ਸ਼ਬਦ ਆ ਜਾਂਦੇ ਹਨ। ਜਿਹੜੇ ਢੁੱਕਵੇਂ ਨਹੀਂ, ਉਹਨਾਂ ਨੂੰ ਕੱਢਿਆ ਜਾਂ ਛਾਂਟਿਆ ਜਾਂਦਾ ਹੈ। ਜਿਵੇਂ 'ਕੱਠਾ' ਸ਼ਬਦਾਂ ਦੀ ਥਾਂ 'ਇਕੱਠਾ' 'ਅਕੱਲ੍ਹਾ' ਸ਼ਬਦ ਦੀ ਥਾਂ 'ਇਕੱਲ੍ਹਾ', ਕਾਲ ਤਖ਼ਤ ਦੀ ਜਗ੍ਹਾ ਅਕਾਲ ਤਖਤ, (ਅਲੋਪਾ ਜੀ ਜਗ੍ਹਾ 'ਲੋਪਾ' ਆਦਿ ਸ਼ਬਦ ਪਰਚਲੱਤ ਹੋ ਗਏ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੁਰਾਣੇ ਸਮਿਆਂ ਵਿੱਚ 'ਮ੍ਰਿਗ' ਸ਼ਬਦ ਦੇ ਅਰਥ ਹਰ ਚਮਕਣ ਵਾਲੀ ਸ਼ੈਅ ਵਜੋਂ ਲਏ ਜਾਂਦੇ ਰਹੇ ਹਨ ਪਰ ਆਧੁਨਿਕ ਸਮੇਂ ਵਿਚ ਇਹਦੇ ਅਰਥਾਂ ਨੂੰ ਸੰਕੁਚਿਤ ਕਰ ਦਿੱਤਾ ਗਿਆ ਹੈ। 'ਮ੍ਰਿਗ' ਤੋਂ ਭਾਵ ਹਿਰਨ ਜਿਹੜੇ ਸ਼ਬਦ ਢੁਕਵੇਂ ਨਹੀਂ ਉਹਨਾਂ 'ਚ ਸੁਧਾਰ ਕਰ ਲਿਆ ਜਾਂਦਾ ਹੈ ਸਹੀ ਤੇ ਯੋਗ ਸ਼ਬਦਾਂ ਨੂੰ ਗਰਹਿਣ ਕਰ ਲਿਆ ਜਾਂਦਾ ਹੈ। ਇਹ ਸਭ ਕੁਝ ਸੰਭਵ ਕੋਸ਼ ਦੁਆਰਾ ਹੀ ਹੋ ਸਕਦਾ ਹੈ।

### ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਕੀਤੇ ਉਪਰਾਲੇ

ਸ਼ਬਦ ਜੋੜਾਂ ਦੀ ਇਕਸਾਰਤਾ ਕਾਇਮ ਕਰਨ ਲਈ ਪੰਜਾਬੀ ਮਹਿਕਮੇ ਨੇ ਸਮੇਂ - ਸਮੇਂ ਸਿਰ ਪੰਜਾਬੀ ਵਿਦਵਾਨਾਂ ਤੇ ਖੋਜੀਆਂ ਤੋਂ ਪੰਜਾਬੀ ਸ਼ਬਦ ਜੋੜਾਂ ਦੀ ਸਮੱਸਿਆ ਨੂੰ ਦੂਰ ਕਰਨ ਲਈ ਕਈ ਉਪਰਾਲੇ

ਕੀਤੇ ਸਨ। 1951 ਵਿੱਚ ਉੱਘੇ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਗਈ ਜਿਸਨੇ ਸ਼ਬਦ ਜੋੜਾਂ ਦੇ ਮੋਟੇ-ਮੋਟੇ ਨੇਮ ਮਿਥੇ। ਪੰਜਾਬੀ ਭਾਸ਼ਾ ਦਾ ਸ਼ਬਦ ਭੰਡਾਰ ਬਹੁਤ ਅਮੀਰ ਹੈ। ਇਸਦੇ ਮੂਲ ਸ਼ਬਦਾਂ ਤੇ ਉਹਨਾਂ ਦੇ ਅਰਥ ਪਾਸਾਰਾਂ ਨੂੰ ਜਾਂਚਣ ਦੀ ਚੇਸ਼ਟਾ ਮਨੁੱਖ ਅੰਦਰ ਮੁੱਢ ਕਦੀਮੀਂ ਤੋਂ ਰਹੀ ਹੈ। ਮਨੁੱਖ ਦਾ ਧਰਤੀ ਤੇ ਆਗਮਨ ਨਾਲ, ਉਸਨੇ ਕੁਦਰਤ ਦੀਆਂ ਡੂੰਘੀਆਂ ਰਮਜ਼ਾਂ ਤੇ ਭੇਦ ਭਰੀਆਂ ਗੱਲਾਂ ਨੂੰ ਸਮਝਣ ਤੇ ਬੁੱਝਣ ਦਾ ਉਪਰਾਲਾ ਸ਼ੁਰੂ ਕਰ ਦਿੱਤਾ ਸੀ ਜਦੋਂ ਤੱਕ ਭਾਸ਼ਾ ਪੂਰਨ ਰੂਪ ਵਿਚ ਵਿਕਸਿਤ ਨਹੀਂ ਹੋ ਸਕੀ, ਤਾਂ ਉਹ ਸੈਨਤਾਂ, ਇਸ਼ਾਰਿਆਂ ਨਾਲ ਕੰਮ ਸਾਰ ਲੈਂਦਾ ਸੀ। ਪਰ ਇਹ ਸ਼ੈਨਤਾਂ ਤੇ ਇਸ਼ਾਰੇ ਵੀ ਸਾਰਥਕ ਸਨ ਜੋ ਮਨੁੱਖੀ ਗਰੁੱਪਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਾਉਂਦੇ ਸਨ। ਮਨੁੱਖ ਦਾ ਜੀਵਨ ਜੰਗਲ ਤੋਂ ਸ਼ੁਰੂ ਹੋਣ ਕਰੇਕ ਉਹ ਪਸ਼ੂ ਪੰਛੀਆਂ ਦੇ ਬਹੁਤ ਨੇੜੇ ਸੀ। ਜਿਵੇਂ ਪਸ਼ੂ ਪੰਛੀ ਆਵਾਜ਼ਾਂ ਦੇਂਦੇ ਸਨ ਉਵੇਂ ਹੀ ਮਨੁੱਖ ਆਵਾਜ਼ਾਂ ਕੱਢਦਾ ਸੀ। ਹੌਲੀ-ਹੌਲੀ ਮਨੁੱਖ ਨੇ ਧੁਨੀਆਂ ਬੋਲਣੀਆਂ ਸ਼ੁਰੂ ਕੀਤੀਆਂ। ਧੁਨੀਆਂ ਤੋਂ ਸ਼ਬਦਾਂ, ਵਾਕੰਸ਼ਾਂ, ਉਪਵਾਕਾਂ ਤੇ ਵਾਕਾਂ ਦਾ ਨਿਰਮਾਣ ਹੋ ਗਿਆ। ਜਿਵੇਂ 'ਪਾਣੀ' ਸ਼ਬਦ ਹੈ, ਜਿਸ ਵਿਚ 'ਪ+ਅ+ਣ+ਈ' ਚਾਰ ਧੁਨੀਆਂ ਹਨ। ਦੋ ਸਵਰ ਅ+ਈ ਤੇ ਦੋ ਵਿਅੰਜਨ ਪ+ਣ ਹਨ। ਵਰਤਮਾਨ ਯੁੱਗ ਅੰਦਰ ਸ਼ਬਦਾਂ ਦੇ ਵਿਭਿੰਨ ਅਰਥ ਪਾਸਾਰਾਂ ਨੂੰ ਇਕੱਤਰ ਕਰਕੇ ਜਾਂ ਸੰਕਲਿਤ ਕਰਕੇ ਕੋਸ਼ਾਂ ਦੁਆਰਾ ਪਾਠਕਾਂ ਦੇ ਰੂ-ਬ-ਰੂ ਕੀਤਾ ਗਿਆ।

## ਕੋਸ਼ਕਾਰੀ ਦੇ ਨੇਮ ਜਾਂ ਅਮਲ

ਜਿਸ ਤਰ੍ਹਾਂ ਵਿਸ਼ਵ ਦੀਆਂ ਹਰ ਭਾਸ਼ਾਵਾਂ ਨੂੰ ਵਿਆਕਰਨਕ ਨੇਮਾਂ ਵਿੱਚ ਨਿਯਮਿਤ ਕੀਤਾ ਗਿਆ ਹੁੰਦਾ ਹੈ ਠੀਕ ਇਸੇ ਪਰਕਾਰ ਕੋਸ਼ਾਂ ਨੂੰ ਵੀ ਨੇਮਾਂ ਅਧੀਨ ਵਿਚਾਰਿਆ ਜਾਂਦਾ ਹੈ ਜੋ ਕਿ ਹੇਠ ਲਿਖੇ ਗਏ ਹਨ।

1. ਸ਼ਬਦ ਜੋੜ
2. ਸ਼ਬਦ ਚੋਣ
3. ਵਿਆਕਰਨਕ ਸੰਕੇਤ
4. ਤਰਤੀਬ
5. ਅਸ਼ਲੀਲਤਾ ਰਹਿਤ ਸ਼ਬਦ
6. ਉਚਾਰਨ
7. ਕੁੰਜੀ ਸ਼ਬਦ
8. ਅਖਾਣ ਤੇ ਮੁਹਾਵਰੇ

ਉਪਰੋਕਤ ਕੋਸ਼ ਦੇ ਨੇਮਾਂ ਵਿੱਚੋਂ ਮੈਂ ਅਖਾਣ ਤੇ ਮੁਹਾਵਰੇ ਸੰਬੰਧੀ ਕੁਝ ਕੁ ਚਾਨਣਾ ਪਾਉਣ ਦੀ ਕੋਸ਼ਿਸ ਕਰਾਂਗੇ।

**ਸੌ ਸਾਲ ਦੀ ਕਸੌਟੀ ਤੇ ਪੂਰਾ ਉਤਰਨ ਪਿੱਛੋਂ ਅਖਾਣ ਦਾ ਜਨਮ ਹੁੰਦਾ ਹੈ।** ਅਖਾਣਾਂ ਦੇ ਸੰਖੇਪ ਪਰ ਸਪਸ਼ਟ ਅਤੇ ਭਾਵ-ਪੂਰਤ ਅਰਥ ਹੁੰਦੇ ਹਨ। ਛੋਟੇ-ਛੋਟੇ ਵਾਕਾਂ ਵਿੱਚ ਜੀਵਨ ਦੀਆਂ ਅਟੱਲ ਸਚਾਈਆਂ ਪਰੋਈਆਂ ਹੁੰਦੀਆਂ ਹਨ। ਜੋ ਜੀਵਨ ਜਾਂਚ ਜਾਂ ਜਿਊਣ ਲਈ ਪਰੇਰਣਾ ਸਰੋਤ ਬਣਦੀਆਂ ਹਨ। ਇਹਨਾਂ ਨੂੰ ਸੰਭਵ ਬਣਾਉਣ ਲਈ ਭਾਸ਼ਾ ਵਿਭਾਗ, ਪੰਜਾਬ ਨੇ ਇਕ ਸੰਪੂਰਣ ਅਖਾਣ ਕੋਸ਼ ਦਾ ਸੰਕਲਣ ਕੀਤਾ। ਜਿਸ ਦਾ ਨਾਂ (ਪੰਜਾਬੀ ਅਖਾਣ ਕੋਸ਼) ਵਿਭਾਗ ਰੱਖਿਆ ਗਿਆ ਹੈ।

'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਜੋ ਕਿ ਵਿਦਵਾਨਾਂ ਤੇ ਖੋਜੀਆਂ ਲਈ ਰਚਿਆ ਗਿਆ ਵਰਤਮਾਨ ਯੁੱਗ ਦਾ ਪੰਜਾਬੀ ਵਿੱਚ ਰਚਿਆ ਗਿਆ ਅਦੁੱਤੀ ਹਵਾਲਾ ਗਰੰਥ ਹੈ। ਇਹ ਮਹਾਨ ਕੋਸ਼ ਮੁੱਖ ਰੂਪ ਵਿੱਚ ਸਿੱਖ ਧਾਰਮਿਕ ਸਾਹਿੱਤ ਗੁਰੂ ਇਤਿਹਾਸ ਤੇ ਨਾਵਾਂ-ਥਾਵਾਂ ਦੀ ਵਿਗਿਆਨਕ ਵਿਆਖਿਆ ਤੇ ਵੇਰਵੇ ਸਾਹਿੱਤ ਰਚੀ ਗਈ ਪੁਸਤਕ ਹੈ। ਇਸ ਤਰ੍ਹਾਂ ਇਹ ਇਕ ਵਿਸ਼ਾਲ ਵਿਸ਼ਵ ਕੋਸ਼ ਹੋ ਨਿਬੜਿਆ ਹੈ ਇਸ ਮਹਾਨ ਗਰੰਥ ਵਿਚ ਗੁਰੂ ਗਰੰਥ ਸਾਹਿਬ, ਦਸਮ ਗਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਬਿਨਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਵਿਚੋਂ ਸ਼ਬਦ ਤੇ ਹਵਾਲੇ ਲੈ ਕੇ ਉਨਾਂ ਦੀ ਅਤਿਅੰਤ

ਢੁਕਵੀਂ ਤੇ ਸੰਪੂਰਨ ਵਿਆਖਿਆ ਕੀਤੀ ਗਈ ਮਿਲਦੀ ਹੈ ਅਤੇ ਨਾਲ ਹੀ ਪੂਰਬੀ ਤੇ ਪੱਛਮੀ ਦਰਸ਼ਨ, ਵਿਗਿਆਨਕ ਪਦਾ, ਭਾ..· ਤੇ ਪਿੰਗਲ ਆਦਿ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਜਾਣਕਾਰੀ ਵੀ ਿੱਤੀ ਗਈ ਹੈ।

ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਸਾਹਿੱਤ ਤੇ ਪੰਜਾਬੀ ਬੋਲੀ ਦੇ ਵਿਕਾਸ ਲਈ ਕਈ ਯੋਜਨਾਵਾਂ ਨੂੰ ਛੋਹਿਆ ਹੈ, ਜਿਹਨਾਂ ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਸਾਹਿੱਤ ਕੋਸ਼ ਵੀ ਸ਼ਾਮਿਲ ਹੈ। ਇਸ ਕੋਸ਼ ਦੇ ਪਹਿਲੇ ਭਾਗ ਵਿੱਚ ਪਰਿਭਾਸ਼ਕ ਸ਼ਬਦਾਵਲੀ ਲਈ ਗਈ ਹੈ ਭਾਵ ਪਰਾਚੀਨ ਭਾਰਤੀ ਸਾਹਿੱਤ ਸ਼ਾਸਤਰ, ਪੱਛਮੀ ਸਾਹਿੱਤ ਸਾਸ਼ਤਰ, ਸਾਹਿੱਤ ਵਿੱਚ ਪਰਚੱਲਿਤ ਅਨੇਕ ਸ਼ਬਦ ਅਨੇਕ ਵਾਦ-ਪ੍ਰਤਿਵਾਦ, ਧਰਮ ਦਰਸ਼ਨ ਅਤੇ ਵਿਗਿਆਨ ਰਾਜਨੀਤੀ ਅਤੇ ਲੋਕ ਸਾਹਿੱਤ ਸੰਸਕ੍ਰਿਤ, ਫਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਆਦਿ ਵੀ ਉਸ ਤਰਨੀਕੀ ਸ਼ਬਦਾਵਲੀ ਨੂੰ ਲਿਆ ਗਿਆ ਹੈ। ਜਿਸਦੇ ਸਿਧੇ ਤੌਰ ਤੇ ਪੰਜਾਬੀ ਸਾਹਿੱਤ ਤੇ ਪੰਜਾਬੀ ਬੋਲੀ ਨਾਲ ਸੰਬੰਧ ਹੈ। ਹਰ ਪਰਿਭਾਸ਼ਕ ਸ਼ਬਦ ਦੀ ਯਥਾਯੋਗ ਵਿਆਖਿਆ ਕੀਤੀ ਗਈ ਹੈ ਅਤੇ ਇਸ ਉਪਰੰਤ ਪੰਜਾਬੀ ਸਾਹਿੱਤ ਵਿੱਚ ਇਸ ਦੀ ਮਹੱਤਤਾ ਨੂੰ ਜਾਂਚਿਆ ਗਿਆ ਹੈ।

**ਕੋਸ਼ਾਂ ਦੁਆਰਾ ਗਿਆਨ ਕਿਵੇਂ ?**

ਸਾਹਿੱਤ ਕੋਸ਼ਾਂ ਵਿੱਚ ਵਰਤੇ ਸੰਕੇਤਾਂ ਦੀ ਸੂਚੀ ਦੁਆਰਾ ਅਸੀਂ ਸ਼ਬਦਾਂ ਦੇ ਬਾਰੇ ਦਰਸਾਏ ਸੰਕੇਤਾਂ ਤੋਂ ਸ਼ਬਦਾਂ ਬਾਰੇ ਗਿਆਨ ਪਰਾਪਤ ਕਰ ਸਕਦੇ ਹਾਂ ਜਿਵੇਂ-

ਉ-ਉਰਦੂ

ਅ-ਅਰਬੀ

ਈ-ਈਸਵੀ

ਸਾ ਦ-ਸਾਹਿੱਤ ਦਰਪਣ

ਸੰ-ਸੰਸਕ੍ਰਿਤ

ਹਿੰ-ਹਿੰਦੀ

ਉਪਰੋਕਤ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਵੱਖੋ-ਵੱਖਰੀਆਂ ਭਾਸ਼ਾਵਾਂ ਦਾ ਗਿਆਨ ਇਹਨਾਂ ਸਾਹਿੱਤਕ ਸੰਕੇਤਾਂ ਦੁਆਰਾ ਪਰਾਪਤ ਕਰ ਸਕਦੇ ਹਾਂ।

**ਪੰਜਾਬੀ ਭਾਸ਼ਾ ਵਿੱਚ ਉਪਲਬੱਧ ਕੁਝ ਕੁ ਕੋਸ਼ਾਂ ਦਾ ਵੇਰਵਾ ਇਸ ਪਰਕਾਰ ਹੈ-**

ਕਿਸੇ ਭਾਸ਼ਾ ਦੀ ਅਮੀਰੀ ਸਿਰਜਨਾਤਮਕ ਸਾਹਿੱਤ ਤੋਂ ਇਲਾਵਾ ਉਸ ਵਿੱਚ ਤਿਆਰ ਹੋਏ ਸੰਦਰਭ ਗਰੰਥਾਂ ਤੋਂ ਪਰਾਪਤ ਕੀਤੀ ਜਾ ਸਕਦੀ ਹੈ। ਭਾਸ਼ਾ ਵਿਭਾਗ ਦੁਆਰਾ 'ਪੰਜਾਬੀ ਕੋਸ਼' ਅਤੇ 'ਵਿਸ਼ਵ ਕੋਸ਼' ਪੰਜਾਬੀ-ਹਿੰਦੀ ਕੋਸ਼ ਅਤੇ ਉਰਦੂ ਪੰਜਾਬੀ ਹਿੰਦੀ ਕੋਸ਼ ਅਤੇ ਹੋਰ ਕਈ ਉਪਭਾਸ਼ਾਈ ਕੋਸ਼ ਪਰਕਾਸ਼ਿਤ ਕੀਤੇ ਗਏ ਹਨ। ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੱਲੋਂ ਤਿਆਰ ਅੰਗਰੇਜ਼ੀ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪਰਕਾਸ਼ਿਤ 'ਪੰਜਾਬੀ ਸ਼ਬਦ ਰੂਪ ਤੇ ਸ਼ਬਦ ਜੋੜ ਕੋਸ਼ ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ 'ਗੁਰੂ ਗਰੰਥ ਸੰਕੇਤ ਕੋਸ਼, ਪੰਜਾਬੀ ਸੂਫੀ ਸਾਹਿੱਤ ਕੋਸ਼, ਭਾਈ ਕਾਨ੍ਹ ਸਿੰਘ ਦੁਆਰਾ ਤਿਆਰ ਕੀਤਾ 'ਗੁਰ ਸ਼ਬਦ ਰਤਨਾਕਰ ਮਾਹਨ ਕੋਸ਼ ਭਾਈ ਬਿਸ਼ਨਦਾਸ ਪੂਰੀ ਦੀ ਪੰਜਾਬੀ ਡਿਕਸ਼ਨਰੀ (ਪੰਜਾਬੀ, ਪੰਜਾਬੀ) ਵਣਜਾਰਾ ਬੇਦੀ ਦਾ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਅੱਠ ਜਿਲਦਾਂ ਵਿੱਚ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਪਰਕਾਸ਼ਿਤ (ਪੰਜਾਬੀ ਸਾਹਿੱਤ ਕੋਸ਼) ਆਦਿ ਪੰਜਾਬੀ ਸਾਹਿੱਤ ਦੀ ਅਹਿਮ ਪਰਾਪਤੀ ਹਨ। ਖਾਲਸਾ ਟੈਕਸਸਟ ਸੁਸਾਇਟੀ ਵੱਲੋਂ ਪਰਕਾਸ਼ਿਤ 'ਸ੍ਰੀ ਗੁਰੂ ਗਰੰਥ ਕੋਸ਼' ਅਤੇ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵੱਲੋਂ 'ਭਾਈ ਵੀਰ ਸਿੰਘ ਦਾ ਤਿਆਰ ਕੀਤਾ (ਸ੍ਰੀ ਗੁਰੂ ਗਰੰਥ ਸਾਹਿੱਤ ਕੋਸ਼) ਪੰਜਾਬੀ ਸਾਹਿੱਤ ਦੀ ਅਹਿਮ ਪਰਾਪਤੀ ਹਨ। ਨੈਸ਼ਨਲ ਬੁਕ ਸ਼ਾਪ ਦਿੱਲੀ ਵੱਲੋਂ ਭਾਈ ਮਈਆ ਸਿੰਘ ਵੱਲੋਂ ਲਿਖੀ ਲਿਪੀ 'ਦੀ ਪੰਜਾਬੀ ਡਿਕਸ਼ਨਰੀ' (ਦੁਬਾਰਾ ਪਰਕਾਸ਼ਿਤ) ਅਤੇ ਹਿੰਦੀ ਪੰਜਾਬੀ ਕੋਸ਼ ਵਿਦਵਾਨਾਂ ਦਾ ਧਿਆਨ ਆਪਣੀ ਵੱਲ ਖਿੱਚਦੇ ਹਨ।

ਪੰਜਾਬੀ ਸਾਹਿੱਤ ਜਾਂ ਭਾਸ਼ਾ ਸੰਬੰਧੀ ਹੋਏ ਤਿਆਰ ਕੋਸ਼ ਵਿਚ ਸ਼ਬਦ ਭੰਡਾਰ, ਸ਼ਬਦ ਵਿਸਤਾਰ

ਤੇ ਸ਼ਬਦ ਪਰਸੰਗ ਦਾ ਬਹੁਮੁੱਲਾ ਸੰਗ੍ਰਹਿ ਹਨ। ਇਹਨਾਂ ਕੋਸ਼ ਦਾ ਆਕਾਰ ਚਾਹੇ ਵੱਡਾ ਹੈ ਜਾਂ ਛੋਟਾ ਇਹਨਾਂ ਨੂੰ ਸਰਬ ਉਪਯੋਗੀ ਬਣਾਉਣ ਲਈ ਵੱਧ ਤੋਂ ਵੱਧ ਸ਼ਬਦਾਂ ਦੇ ਅਰਥ ਨੂੰ ਸੰਪੂਰਨ ਬਣਾਉਣ ਦਾ ਯਤਨ ਕੀਤਾ ਗਿਆ।

ਪੰਜਾਬੀ ਦੇ ਇਹ ਕੋਸ਼ ਪੰਜਾਬੀ ਦੇ ਖੋਜ ਵਿਦਿਆਰਥੀਆਂ, ਅਧਿਆਪਕਾਂ ਅਤੇ ਪੰਜਾਬੀ ਸਾਹਿੱਤ ਵਿਚ ਦਿਲਚਸਪੀ ਲੈਣ ਵਾਲੇ ਹਰ ਵਿਦਵਾਨਾਂ ਲਈ ਇਕ ਮੀਲ ਪੱਥਰ ਸਾਬਿਤ ਹੋਣਗੇ।

ਮਨੁੱਖ ਨੂੰ ਆਪਣੇ ਵਿਚਾਰਾਂ ਤੇ ਮਨੋਭਾਵਾਂ ਨੂੰ ਪਰਗਟ ਕਰਨ ਅਤੇ ਇਕ ਦੂਜੇ ਨਾਲ ਸਾਂਝਿਆ ਕਰਨ ਲਈ ਭਾਸ਼ਾ ਦਾ ਆਸਰਾ ਲੈਣਾ ਪੈਂਦਾ ਹੈ। ਇਸ ਲਈ ਭਾਸ਼ਾ ਦਾ ਪਰਮੁੱਖ ਉਦੇਸ਼ ਗਿਆਨ ਸੂਝ-ਬੂਝ ਦਾ ਸੰਚਾਰ ਕਰਨਾ ਹੁੰਦਾ ਹੈ। ਸਮੁੱਚੀ ਮਨੁੱਖੀ ਜਾਤੀ ਦੀ ਮਨੋਰਥ ਦੀ ਪੂਰਤੀ ਭਾਸ਼ਾ ਦੁਆਰਾ ਹੀ ਸੰਭਵ ਹੈ। ਮਨੁੱਖ ਲਈ ਗਿਆਨ ਤੇ ਅਨੁਭਵ ਦੋਵੇਂ ਬੋਲ ਤੇ ਅਬੋਲ ਭਾਸ਼ਾਗਤ ਰੂਪਾਂ ਦੁਆਰਾ ਦਰਿਸ਼ਟਮਾਨ ਤੇ ਅਨੁਭਾਵੀ ਹੁੰਦੇ ਹਨ। ਜਿਸਨੂੰ ਆਧਾਰ ਬਣਾਕੇ ਮਨੁੱਖ ਸਮਾਜ ਲਈ ਯੋਗ ਤੇ ਠੋਸ ਅਗਵਾਈ ਦੇਣ ਲਈ ਵਚਨਬੱਧ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਵਿਸ਼ੇਸ਼ ਕਰਕੇ ਵਿਗਿਆਨ, ਕਲਾ ਤੇ ਤਕਨੀਕੀ ਖੇਤਰ ਵਿਚ ਹੋ ਰਹੇ ਨਵੀਨ ਤੇ ਅਰਥ ਭਰਪੂਰ ਖੋਜਾਂ ਨੂੰ ਭਾਸ਼ਾ ਦੁਆਰਾ ਸਹਿਜੇ ਹੀ ਸਮਝ ਤੇ ਅਮਲ ਵਿਚ ਲੈ ਆਉਂਦਾ ਹੈ। ਅੰਤ ਵਿਚ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਭਾਸ਼ਾ ਦੇ ਸ਼ਬਦਾਂ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਤੇ ਉਹਨਾਂ ਦੀ ਡੂੰਘ ਸਰੰਚਨਾ ਤੀਕ ਪਹੁੰਚਣ ਲਈ ਸਾਨੂੰ ਕੋਸ਼ ਦੀ ਜ਼ਰੂਰਤ ਪੈਂਦੀ ਹੈ। ਕੋਸ਼ ਭਾਸ਼ਾ ਦੀ ਅਮੀਰੀ ਦੇ ਮਾਪਦੰਡ ਹੁੰਦੇ ਹਨ। ਭਾਸ਼ਾ ਦੇ ਨਿਰੰਤਰ ਵਹਿਆ ਤੇ ਵਿਕਾਸ ਨੂੰ ਸੰਚਾਰਿਤ ਰੱਖਣ ਵਿਚ ਇਸ ਦਾ ਅਹਿਮ ਤੇ ਵਿਸ਼ੇਸ਼ ਰੋਲ ਹੁੰਦਾ ਹੈ। ਸਮੇਂ ਦੀ ਬਦਲਣ ਨਾਲ ਸ਼ਬਦਾਂ ਵਿਚ ਬਦਲਾਅ ਦੀ ਪਰਕਿਰਿਆ ਦਾ ਅਮਲ ਸਹਿਜ ਤੇ ਸੁਭਾਵਿਕ ਹੁੰਦਾ ਹੈ। ਆਦਿਕਾਲੀਨ ਤੋਂ ਹੁਣ ਤੀਕ ਮਨੁੱਖੀ ਜ਼ੁਬਾਨ ਤੇ ਲਿਖੇ ਚੜ੍ਹੇ ਬੋਲੇ ਤੇ ਲਿਖੇ ਸ਼ਬਦਾਂ ਨੂੰ ਕੋਸ਼ ਹੀ ਸਪਸ਼ਟ ਕਰਨ ਦੇ ਸਮਰੱਥ ਹਨ। ਸ਼ਬਦਾਂ ਦੇ ਅਰਥਾਂ ਦਾ ਪੂਰਨ ਇਤਿਹਾਸ ਕੋਸ਼ਾਂ ਨੇ ਹੀ ਸੰਭਾਲਿਆ ਹੈ। ਸਿੱਟੇ ਵਜੋਂ ਸ਼ਬਦਾਂ ਦੇ ਪੁਰਾਣੇ ਤੇ ਨਵੀਨ ਨਵੇਂ ਅਰਥ ਕੋਸ਼ ਹੀ ਦੱਸ ਸਕਦੇ ਹਨ।

# ਪੁਸਤਕ-ਸੂਚੀ


**ਪੰਜਾਬੀ**

ਅਮਰਜੀਤ ਸਿੰਘ (ਸੰਪਾ.), ਪੰਜਾਬੀ ਦਾ ਭਾਸ਼ਾ ਸੰਸਾਰ, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1979

ਆਤਮ ਸਿੰਘ (ਡਾ.), ਸਮਾਜ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਆਤਮਜੀਤ ਸਿੰਘ (ਡਾ.), ਸਾਹਿੱਤਕੀ, ਰਾਵੀਆਂ ਪ੍ਰਕਾਸ਼ਨ, ਅੰਮ੍ਰਿਤਸਰ, 1980

ਸਕਸੈਨਾ, ਬਾਬੂ ਰਾਮ, ਭਾਸ਼ਾ ਵਿਗਿਆਨ, ਭਾਸ਼ਾ ਵਿਗਿਆਨ ਪੰਜਾਬ, ਪਟਿਆਲਾ, 1970

ਸਿੱਧੂ, ਪਰਮਜੀਤ ਸਿੰਘ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

........., ਪੰਜਾਬੀ ਵਾਕੰਸ਼-ਜੁਗਤ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ-ਜਲੰਧਰ, 1991

ਸੁਰਜੀਤ, ਖ਼ਰਸ਼ੀਦੀ, ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ, ਪ੍ਰਾਗਰੈਸਿਵ ਬੁਕ ਸੈਂਟਰ, ਜਲੰਧਰ, 1973

ਸੂਰੀ, ਕਰਤਾਰ ਸਿੰਘ (ਡਾ.), ਪੰਜਾਬੀ ਭਾਸ਼ਾ ਵਿਗਿਆਨ, ਲਾਹੌਰ ਬੁਕ ਸ਼ਾਪ, ਘੰਟਾ ਘਰ, ਲੁਧਿਆਣਾ, 1964

ਸੇਖੋਂ, ਰਾਜਿੰਦਰ ਸਿੰਘ (ਪ੍ਰੋ.), ਭਾਸ਼ਾ ਪ੍ਰਾਪਤੀ ਦੇ ਵਿਭਿੰਨ ਪਹਿਲੂ, ਦੀਪ ਪ੍ਰਕਾਸ਼ਨ, ਪਟਿਆਲਾ, 1987

ਸੰਧੂ, ਗੁਰਪਾਲ ਸਿੰਘ, ਭਾਸ਼ਾ ਵਿਗਿਆਨ ਅਤੇ ਸਾਹਿਤ ਸ਼ਾਸਤਰ, ਸਰਹਿੰਦ, ਲੋਕ ਗੀਤ ਪ੍ਰਕਾਸ਼ਨ, 1989

......., (ਅਨੁ. ਤੇ ਵਿਆਖਿਆ), ਰੋਲਾਂ ਬਾਰਤ ਚਿਹਨ-ਵਿਗਿਆਨ ਦੇ ਤੱਤ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991

ਕੋਮਲ, ਜਗਜੀਤ ਸਿੰਘ (ਡਾ.), ਅਰਥ ਵਿਗਿਆਨਕ ਇਕ ਜਾਣ-ਪਛਾਣ, ਦੀਪ ਪ੍ਰਕਾਸ਼ਨ, ਪਟਿਆਲਾ, 1987

ਕੰਵਰ, ਸੰਚਾਰ ਸਭਿਆਚਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1986

ਖਹਿਰਾ, ਸੁਰਿੰਦਰ ਸਿੰਘ, ਪੰਜਾਬੀ ਭਾਸ਼ਾ : ਵਿਆਕਰਨ ਅਤੇ ਬਣਤਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

ਗੁਪਤਾ, ਬਲਦੇਵ ਰਾਜ (ਡਾ.), ਭਾਸ਼ਾ ਵਿਗਿਆਨ, ਪੰਜਾਬੀ ਉਪਭਾਸ਼ਾ ਵਿਗਿਆਨ ਦੇ ਪੱਖੋਂ ਸਰਵੇਖਣ, ਪੈਪਸੂ ਬੁਕ ਡਿਪੋ, 1980

ਗੁਰਚਰਨ, ਚਿਹਨ ਸੰਰਚਨਾ ਤੇ ਮਾਰਕਸਵਾਦ, ਰਘਬੀਰ ਪ੍ਰਕਾਸ਼ਨ, ਚੰਡੀਗੜ੍ਹ, 1985

ਜਗਜੀਤ ਸਿੰਘ, ਪਾਠ ਉੱਤਰ-ਪਾਠ (ਪੰਜਾਬੀ ਆਲੋਚਨਾ ਅਤੇ ਕਾਵਿ ਦੇ ਚਿਹਨ ਵਿਗਿਆਨ ਵਲ), ਸ਼ਬਦ ਲੋਕ ਪ੍ਰਕਾਸ਼ਨ, ਲੁਧਿਆਣਾ, 2001.

ਜਸਵਿੰਦਰ ਸੈਣੀ (ਡਾ.), ਬਲਵੰਤ ਗਾਰਗੀ ਦੇ ਨਾਟਕਾਂ ਦਾ ਚਿਹਨ ਵਿਗਿਆਨ ਅਧਿਐਨ, ਯੂਨੀ ਸਟਾਰ ਬੁਕਸ, ਪ੍ਰਾਈਵੇਟ ਲਿਮਟਿਡ, ਚੰਡੀਗੜ੍ਹ

ਪੁਆਰ, ਜੋਗਿੰਦਰ ਸਿੰਘ (ਸੰਪਾ.), ਭਾਸ਼ਾ-ਵਿਗਿਆਨ-ਸੰਕਲਪ ਅਤੇ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕਾਦਮੀ, ਮਾਰਚ 1988.

ਪੁਆਰ, ਜੋਗਿੰਦਰ ਸਿੰਘ, ਬਲਦੇਵ ਸਿੰਘ ਚੀਮਾ, ਸੁਖਵਿੰਦਰ ਸਿੰਘ ਸੰਘਾ, ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ-9), ਪੰਜਾਬੀ ਭਾਸ਼ਾ ਅਕਾਦਮੀ, ਜੁਲਾਈ 1991.

ਪ੍ਰੇਮ ਪ੍ਰਕਾਸ਼ ਸਿੰਘ (ਡਾ.), ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1955.

........, ਪੰਜਾਬੀ ਭਾਸ਼ਾ ਦਾ ਪਿਛੋਕੜ, ਪੈਪਸੂ ਬੁਕ ਡਿਪੂ, ਪਟਿਆਲਾ, 1976

ਬੇਦੀ, ਕਾਲਾ ਸਿੰਘ (ਡਾ.), ਭਾਸ਼ਾ ਵਿਗਿਆਨ-ਜਾਣ ਪਛਾਣ, ਪੰਜਾਬੀ ਬੁਕ ਸਟੋਰ, ਮੰਨ ਬਾਜ਼ਾਰ, ਪਹਾੜ ਗੰਜ, ਨਵੀਂ ਦਿੱਲੀ-1.

ਨਵਰਤਨ ਕਪੂਰ (ਡਾ.), ਪੰਜਾਬੀ ਕੋਸ਼ਕਾਰੀ (ਤੁਲਨਾਤਮਕ ਵਿਸ਼ਲੇਸ਼ਣ), ਪੰਜਾਬੀ ਪਬਲੀਕੇਸ਼ਨ, ਪਟਿਆ · ', 2004

ਰਿਆਲ, ਜੀ. ਐੱਸ., ਸ਼ਬਦਾਂ ਦੀਆਂ ਲਿਖਤਾਂ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2004

ਲਖਵੀਰ ਸਿੰਘ, ਪੰਜਾਬੀ ਦੀ ਭਾਵ ਬਣਤਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1989.

**ਅਣਪ੍ਰਕਾਸ਼ਿਤ ਸੋਧ ਪ੍ਰਬੰਧ :**

ਆਤਮਜੀਤ ਸਿੰਘ, "ਪੰਜਾਬੀ ਨਾਟਕ ਵਿਚ ਨਾਇਕ ਦੇ ਬਦਲਦੇ ਰੂਪ", (ਪੀ. ਐਚ. ਡੀ.) ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982.

ਅਣ ਪ੍ਰਕਾਸ਼ਿਤ ਖੋਜ ਨਿਬੰਧ, ਪਰਮਜੀਤ ਸਿੰਘ (ਪੰਮੀ), ਡਾ. ਚਰਨਦਾਸ ਸਿੱਧੂ ਦੇ ਨਾਟਕ 'ਅੰਬੀਆਂ ਨੂੰ ਤਰਸੇਂਗੀ' ਦਾ ਸ਼ੈਲੀ ਵਿਗਿਆਨਕ ਅਧਿਐਨ, ਐੱਮ. ਫਿਲ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ, 1989-90

ਅਣ ਪ੍ਰਕਾਸ਼ਿਤ ਸੋਧ ਪਰਬੰਧ, ਪਰਮਜੀਤ ਸਿੰਘ, "ਡਾ. ਚਰਨਦਾਸ ਸਿੱਧੂ ਦੇ ਨਾਟਕਾਂ ਦੀ ਭਾਸ਼ਾ ਦਾ ਸਮਾਜ-ਭਾਸ਼ਾ ਵਿਗਿਨਕ ਅਧਿਐਨ (ਪੀਐਚ. ਡੀ.)", ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ, 1996

**ਹਿੰਦੀ**

ਅਗਰਵਾਲ, ਵਿਪਨ ਕੁਮਰਾ, ਆਧੁਨਿਕਤਾ ਦੇ ਪਹਿਲੂ, ਇਲਾਹਾਬਾਦ, ਲੋਕ ਭਾਰਤੀ, 1972.

**ENGLISH BOOKS**

Anderson, James M., Structural ASspects of Language Change, Longman, 1973.

Ardener, E., Social Anthropology and Language, Tavistock Publication, London, 1971.

Bell, Roger T., Socio–linguistics (Goals, approaches and Problems), B.T. Bastsord, Ltd., London, 1976.

Bernstein, B., Class Codes and Control (Vol. I), Theoretical studies Towards a Sociology of Language, London, Routledge and Kegan Paul, 1971.

...... (ed.), Class Code and Control (Vo. 2), Applied Studies towards a sociology of language, Routledge and Kegan Paul, London and Boston.

Bloomfield, L., Language, Motilal Banarsidass, Delhi Varanasi, Patna, 1935.

Brandis, W. and D., Henderson, Social Class Language and Communication, London, Routledge and Kegan Paul, 1970.

Bright, W. (Ed.), Socio–linguistics, The Hague, Mouton, 1966.

Brown, Roger, Social Psychology, New York, Free Press, 1965.

Burton, Deirdre, Dialogue and Discourse, Routledge and Kegan Paul, 1984.

Bynon, Theodora, Historical Linguistics, Cambridge University Press, Cambridge London, New York, Melbourne, 1977.

Chatman, Seymour (ed.), Literary Style, A Symposium, New York, Oxford University Press, 1971.

Chomsky, N., Language and Mind, New York, Harcourt Brace Jovenovich, 1972.

Cicourel, Aaron V., Cognitive Sociology (Language and Meaning in Social Interaction), Penguin Education, 1973.

Cohen, Marcel, Language : its Structure and Evolution (translated by Leonard Muller, A conder book, Souvenir Press (Educational and Academic) Ltd., 1970.

Clark, Wissler Ph.D.), Man and Culture, New York, Thomas Y. Crowell Company Publishers.

Crystal, D., Linguistics, Penguin Books Ltd., Middle Sex, 1974.

Darbyshire, A.E., Exercises in Linguistics, London, Edward Arnold, Publ. 1948.

......, A Gramar of Style, Clarion Books, 1980.

David, Birch (Ed.), Style, Structure and Criticism : Literary and Linguistics Stylistics, Bahri Publications Private Ltd., New Delhi, India, 1985.

Dittmar, N., Sociolinguistics : A Critical Survey of Theory and Application, London, Arnold, 1976.

Durkheim, E., Sociology and Philosophy, Cohen and West, London, 1951.

Edwards, A.D., Language in Culture and Class, (The Sociology and Language and Education) Heine Mann Educational Books, Ltd., London, 1979.

Eliot, T.S., Selected Essays, Faber and Faber, London, 1972 (Reprint).

Enkvist, N.E., Linguistics Stylistics, Mouton, 1973.

Ferguson, Charles, A., Language Structure and Language Use, Standford Uni. Press, 1971.

Fishman, J.A. (Ed.), Reading in the Sociology of Language, Paris Mouton, 1970.

........, Language in socio-Cultural Change, Standford America, 1972.

Fowel, R. (Ed.), Style and Structure in Literature, London Blackwell, 1975.

Frank, Palmer, Grammar, Penguin Books, 1971.

Geoffrey, Sampson, The Form of Language, Weidenforld and Nicolson, London, 1975.

George Yule, The Study of Language (An Introduction), New York, Cambridge Uni. Press, 1985.

Giglioli, p. p. (Ed.), Language and Social Contest, Harmondsworth, Penguin, 1972.

Grayshon, Mathew C., Towards a Social Grammar of Language Mouton, The Hague, Paris, New York, 1977.

Greenberg, N.H., Language Culture and Communication, Selected and Introduced by Anwar S. Dil Stanford Uni. Press, Standford California.

Gumperz, J.J., Language in Social Groups, Selected and Introduced by Anwar S. Dil stanford Uni. Press Stanford California, 1971.

Hall, E.T., The Silent Language, Doubledy, 1959.

Halliday, M. A. K., Language as Social Semiotic Arnold, London, 1978.

......... The Linguistic Sciences and Language Teaching, Longman Gree and Co., London, 1966.

......., Explorations in the functions of language, Longon, Arnold, 1973.

Halliday, T.R. and Slater, P. J. B. (Ed.), Communication, Oxford Blackwell. 1983.

Hammond, Peter B., Introduction to Cultural and Social Anthropology, The Macmillan Company, New York, Collier Macmillan Ltd., London.

Hawkins, P. R., Social Class, The Nominal group and verbal Strategies, Routledge and Kegan Paul, London, henley and Boston, 1977.

Hayakawa, S. I., Language in thought and action, London, Geroge Allen and Unwin ltd., 1974.

Hill, Archibold, A., Linguistics, Higginbothams (P) Ltd., 165, Mount Road Madras--2, 1970.

Hockett, C. F., A Course in modern Linguistics, oxford and I. B. H., Pub Co., New Delhi, 1973.

Hudson, R.A., Socio--linguistics, Cambridge Uni. Press, Cambridge, 1980.

Ivana Markova (ed.), The Social Context of Language, Ivana Markova (ed.), The Social Context of Language, John Wiley and Sons Chickester, New York, Brisbane, Tornoto, 1978.

Jakobson, Roman, Sound and Meaning, The Harvester Press, 1978.

Jonathan, Culler, Saussure, Fontana, Paper Backs, 1976.

......., Semiology, Fontana Glassgow, 1976.

Katz, J. J. and Postal, P. M., An Integrated theory of Linguistic Descriptions, MIT Press, 1964.

Kress, G. R. (Ed.), Holliday : System and Function in Language, London, Oxford University Press, 1976.

Kuhn, T.S., The Structure of Scientific Revolutions, Univrsity of Chicago Press, 1962.

L. Finkelstein, H. Hoagland and R. M. Macpuer (Eds.), Symbols and Society, Harper, PP 135–203.

Labov, W., The Social Setting of Linguistics Change Sociolinguistics Patterns, Philadelpnia, Uni. of Pennsylvania Press, 1972.

....., SociolinguisticPatterns, Basie Black Well Oxford, 1978.

Langacker, Ronald, W., Language and its Structure (Sec. Ed.), Harcourt Brace Jovanovich, Inc., New York, Chicago, Sanfrancisco Atlanta, 1973.

Langer, Susanne K., Feeling and Form, Routledge and Kegan Paul, London, 1976 (6th ed.).

Lillie, W., An Introcution of Ethics, London, Methuen, 1957.

Lyons, John, Language and mind in Language and Linguistics, London, Cambridge Uni. Press, 1981.

Mead, G. H., Mind, Self and Society, Uni. of Chicago Press, 1934.

......., The Philosophy of the Act, Uni. of Chicago Press, 1938.

Menyuk, P., Sentences Children Use, MIT Press, 1969.

Miller, G.A., Language and Communication, Mcgraw Hill Book company

Inc., New York, Toronto, London, 1963.

O. Connor. J. D., Phonetics, Penguin Books, 1973 Ist edition.

Otto. Jesperson. Language its nature development and origin. London, George Allen and Unwin Ltd., Ruskin House Museum Street.

Palmer, F. R., Semantic (a new outline), cambridge Uni. Press. 1976.

Pandit, P. B., India as a Sociolinguistic Area, Uni. of Poona, 1972.

Parret, H., Language and Discourse, Mouton, Paris, 1971.

Pattanayak, D. P., Papers in Indian Sociolinguistics (ed.), Central Institute of Indian Lanugages, Mysore, 1977.

Pride, J. B. and janet Holmas (eds), Sociolinguistics, penguin Edcuation, 1972.

Quirk, Randolph, Sidney Green Baum, A University Grammar of English, Longman Group Limited London, 1973.

Robins, R. H., General Linguistics An Introductory Survey, Longman's Green London, 1964.

Robins, W.P., Language and Social Behaviour, Penguin Education.

Roland Barther, Elements of Semiology, Beacon Press, 1967.

Ronald Wrdhaugh, Introdcutions to Linguistics, Mabrow Hill Brook Company, 1977.

Rousseau, Herber, On the origin of Language, Fredrick Ungar Publishing Co., Inc., 1966.

Sapir. Edward, Language (An Introduction to the study of speech), Hart-Davis, Mac Gibbon Granada Publishing London Tornoto Sydney, New York. 1921.

Schlesinger, I. M. (n.d.), The Grammar of sign Language some implications for the Theory of Language, Duplicated.

Stageberg, Norman C., An introductory English Grammar, Rinehart on Winston Inc., New York.

Startevant, E., Intoroduction to Linguistics Sciences, Yale University Press. 1947.

Syyney, A.C., Studies in Sociolinguistics, Mouton, Paris, 1966.

Trudgill, P., Sociolinguistics (An Introduction), Penguin Books.

Vygotsky, L. S., Thoguht and Language (translated by E. Hanlaman and G. Vakar) Combridge Mass, The M. I. T. Press, 1962.

Walkworf, J. F., Language and Linguistics, An Introduction to the study of Language, 1971.

Wellek. Rene and Austin Warren, Theory of Literature, Penguin Books, 1973 (reprint).

Whorf, B. L., Language, thought and reality, The M. I. T. Press, Massachusetts Institute of Technology Cambridge Massachusett. 1971.

Wittgenstein, L.., Philosophical investigations, Blackwell. Oxford and trans. by G. E. M. Anscombe, Macmillan, New York. 1973.

ISBN: 81-902267-5-4

# ਭਾਸ਼ਾ ਵਿਗਿਆਨ:

## ਭਾਸ਼ਾਈ ਪੱਧਰ ਤੇ ਸੰਚਾਰ ਮਾਡਲ

## Linguistics : Lingual Levels and Communicative Models

ਸੁੰਦਰ ਬੁੱਕ ਡਿਪੋ

ਮਾਈ ਹੀਰਾਂ ਗੇਟ, ਜਲੰਧਰ